
**Thinking Real Estate?**

BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage



**BIG BAZAAR**
Grocery, Sweets & Catering
5425 E. Thompson Rd. Indianapolis IN 46237
*Fresh Vegetables Every Thursday
Buffet
Mon to Sat. 11am to 3pm
Sunday 2pm to 7pm
*Book your catering now.
Ask for, Baljinder S. Ben Ph: 317-640-2400
Like our Facebook page: BigBazaarIndianGrocery



**Buying/Selling in Michigan**
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.

Landmark Realty
40600 Ann Arbor Rd., Suite# 150, Plymouth, MI 48170
Call: 734-751-4455
Raj Shergill
rajsshergill@yahoo.com
Associate Broker



Twenty-Second Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 05, January 30, 2021
20451 N. Plum Grove Rd., Palatine, IL 60074
Ph:847-359-0746, Fax:847-705-9388


# ਕਿਸਾਨਾਂ ਨੇ 26 ਜਨਵਰੀ ਦਾ ਨਵਾਂ ਇਤਿਹਾਸ ਰਚਿਆ

## ਮੋਦੀ ਸਰਕਾਰ ਦੇ ਨਾਸੀਂ ਧੂੰਆਂ ਲਿਆਂਦਾ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਖੇਤੀ ਕਾਨੂੰਨਾਂ ਖਿਲਾਫ ਪਿਛਲੇ ਦੋ ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ ਉਤੇ ਲਾਏ ਮੋਰਚਿਆਂ ਦੌਰਾਨ 26 ਜਨਵਰੀ ਦਾ ਦਿਨ ਇਤਿਹਾਸਕ ਹੋ ਨਿੱਬੜਿਆ ਹੈ। ਇਕ ਪਾਸੇ ਕਿਸਾਨ ਜਥੇਬੰਦੀਆਂ ਨੇ ਇਸ ਦਿਨ ਐਲਾਨੀ 'ਟਰੈਕਟਰ ਪਰੇਡ' ਨੂੰ ਸਫਲ ਬਣਾਉਣ ਲਈ ਪੂਰੀ ਤਾਕਤ ਝੋਕ ਦਿੱਤੀ ਤੇ ਦੂਜੇ ਪਾਸੇ ਸਰਕਾਰੀ ਤੰਤਰ ਨੇ ਇਸ ਨੂੰ ਅਸਫਲ ਬਣਾਉਣ ਲਈ ਪੂਰਾ ਟਿੱਲ ਲਾਇਆ ਹੋਇਆ ਸੀ।

ਜਥੇਬੰਦੀਆਂ ਦੇ ਸੱਦੇ ਉਤੇ ਪੂਰੇ ਮੁਲਕ ਦੇ ਕਿਸਾਨ ਟਰੈਕਟਰ ਲੈ ਕੇ ਦਿੱਲੀ ਪੁੱਜੇ ਤੇ ਇਹ ਗਿਣਤੀ ਸਰਕਾਰ ਦੀਆਂ ਅੱਖਾਂ ਖੋਲ੍ਹ ਗਈ। ਦਿੱਲੀ ਦੇ ਲੋਕਾਂ ਨੇ ਦਿਲ ਖੋਲ੍ਹ ਕੇ ਟਰੈਕਟਰ ਪਰੇਡ ਦਾ ਫੁੱਲਾਂ ਨਾਲ ਸਵਾਗਤ ਕੀਤਾ। ਸੰਯੁਕਤ ਕਿਸਾਨ ਮੋਰਚੇ ਨੇ ਇਸ ਟਰੈਕਟਰ ਪਰੇਡ ਦੀ ਦਿੱਲੀ ਪੁਲਿਸ ਤੋਂ ਬਕਾਇਦਾ ਇਜਾਜ਼ਤ ਲਈ ਸੀ ਤੇ ਇਸ ਲਈ ਰੂਟ ਵੀ ਤੈਅ ਕੀਤੇ ਹੋਏ ਸਨ ਪਰ ਦੇ ਬਾਵਜੂਦ ਕੁਝ ਸ਼ਰਾਰਤੀ ਤੱਤਾਂ ਨੇ ਇਸ ਪਰੇਡ ਨੂੰ ਸਾਬੋਤਾਜ਼ ਕਰਨ ਦੀ ਕੋਸ਼ਿਸ਼ ਕੀਤੀ ਤੇ ਕੁਝ ਹੱਦ ਤੱਕ ਇਸ ਵਿਚ ਸਫਲ ਵੀ ਹੋ ਗਏ।

ਇਸ ਦੌਰਾਨ ਪੁਲਿਸ ਤੇ ਕਿਸਾਨਾਂ ਵਿਚ ਝੜਪਾਂ ਤੇ ਤੋੜ ਭੰਨ ਵੀ ਹੋਈ। ਕਿਸਾਨਾਂ ਦਾ ਇਕ ਧੜਾ ਦਿੱਲੀ ਦੇ ਲਾਲ ਕਿਲ੍ਹੇ ਵਿਚ ਜਾ ਵੜਿਆ ਤੇ ਉਥੇ ਕੇਸਰੀ ਝੰਡਾ ਲਹਿਰਾ ਦਿੱਤਾ ਹੈ। ਹਾਲਾਤ ਇਹ ਬਣ ਗਏ ਕਿ ਜਥੇਬੰਦੀਆਂ ਵੱਲੋਂ ਸ਼ਾਮ ਤੱਕ ਇਹ ਪਰੇਡ ਰੱਦ ਕਰਨੀ ਪਈ ਤੇ ਵੱਡੀ ਗਿਣਤੀ ਕਿਸਾਨਾਂ ਨੂੰ ਦਿੱਲੀ ਵਿਚ ਦਾਖਲ ਹੋਣ ਤੋਂ ਪਹਿਲਾਂ ਹੀ ਟਰੈਕਟਰ ਲੈ ਕੇ ਵਾਪਸ ਮੁੜਨ ਪਿਆ। ਕੁਝ ਜਣਿਆਂ ਨੇ ਭਾਵੇਂ ਲਾਲ ਕਿਲ੍ਹੇ ਉਤੇ ਝੰਡਾ ਲਹਿਰਾਉਣ ਦੀ ਕਾਰਵਾਈ ਨੂੰ ਵੱਡੀ ਪ੍ਰਾਪਤੀ ਵਜੋਂ ਪ੍ਰਚਾਰਨ ਦੀ ਕੋਸ਼ਿਸ਼ ਕੀਤੀ ਪਰ ਸੰਯੁਕਤ ਕਿਸਾਨ ਮੋਰਚੇ ਦਾ ਕਹਿਣਾ ਹੈ ਕਿ ਇਹ ਉਨ੍ਹਾਂ ਦੀ ਰਣਨੀਤੀ ਦਾ ਹਿੱਸਾ ਨਹੀਂ ਸੀ ਤੇ ਕੁਝ ਸ਼ਰਾਰਤੀ ਲੋਕਾਂ ਦੀ ਇਹ ਕੋਸ਼ਿਸ਼ ਸਰਕਾਰ ਦੇ ਪੱਖ ਵਿਚ ਹੀ ਭੁਗਤ ਗਈ।

ਕੌਮੀ ਮੀਡੀਆ ਨੇ ਕਿਸਾਨਾਂ ਦੀ 'ਅਸਲ ਪਰੇਡ' ਦੀ ਥਾਂ ਹੁੱਲੜਬਾਜ਼ਾਂ ਨੂੰ ਵੱਧ ਤਰਜੀਹ ਦਿੱਤੀ ਅਤੇ ਸਾਰਾ ਜ਼ੋਰ ਇਹ ਸਾਬਤ ਕਰਨ ਉਤੇ ਲਾ ਦਿੱਤਾ ਕਿ ਕਿਸਾਨ ਕੁਝ ਸ਼ਰਾਰਤੀ ਲੋਕਾਂ ਦੇ ਆਖੇ ਲੱਗ ਦੇਸ਼ ਦਾ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦੂਜੇ ਪਾਸੇ ਸਰਕਾਰ ਵੀ ਇਸ ਹੁੱਲੜਬਾਜ਼ੀ ਨੂੰ ਵੱਡੀ ਰਾਹਤ ਵਜੋਂ ਵੇਖ ਰਹੀ ਹੈ। 29 ਜਨਵਰੀ ਨੂੰ ਸੰਸਦ ਦਾ ਬਜਟ ਇਜਲਾਸ ਸ਼ੁਰੂ ਹੋ ਰਿਹਾ ਹੈ ਅਤੇ ਇਸ ਦਿਨ ਵਿਰੋਧੀ ਧਿਰਾਂ ਸਮੇਤ ਸੰਯੁਕਤ ਕਿਸਾਨ ਮੋਰਚੇ ਨੇ ਸੰਸਦ ਨੂੰ ਘੇਰਨ ਦਾ ਐਲਾਨ ਕੀਤਾ ਹੋਇਆ ਹੈ। ਤੈਅ ਹੈ ਕਿ ਸਰਕਾਰ ਇਸ ਹੁੱਲੜਬਾਜ਼ੀ ਨੂੰ ਅੱਗੇ ਰੱਖ ਕੇ ਕਿਸਾਨਾਂ ਦੇ ਸ਼ਾਂਤਮਈ ਸੰਘਰਸ਼ ਉਤੇ ਸਵਾਲ ਚੁੱਕੇਗੀ।

(ਬਾਕੀ ਸਫਾ 6 ਉਤੇ)



## ਟਰੈਕਟਰ ਕਾਫਲਿਆਂ ਨੇ ਸਰਕਾਰ ਦੀ ਗਿਣਤੀ-ਮਿਣਤੀ ਹਿਲਾਈ



**ਨਵੀਂ ਦਿੱਲੀ:** ਕਿਸਾਨਾਂ ਦੇ ਟਰੈਕਟਰ ਮਾਰਚ ਨੂੰ ਮਿਲੇ ਹੁੰਗਾਰੇ ਨੇ ਸਰਕਾਰ ਦੀਆਂ ਗਿਣਤੀਆਂ-ਮਿਣਤੀਆਂ ਹਿਲਾ ਕੇ ਰੱਖ ਦਿੱਤੀਆਂ ਹਨ। ਇਥੋਂ ਤੱਕ ਕਿ ਕਿਸਾਨ ਜਥੇਬੰਦੀਆਂ ਦੀ ਉਮੀਦ ਤੋਂ ਕਈ ਗੁਣਾਂ ਵੱਧ ਕਿਸਾਨ ਆਪਣੇ ਟਰੈਕਟਰ ਲੈ ਕੇ ਦਿੱਲੀ ਪਹੁੰਚ ਗਏ। ਟਰੈਕਟਰਾਂ ਦੀ ਗਿਣਤੀ ਇੰਨੀ ਸੀ ਦਿੱਲੀ ਤੋਂ ਇਲਾਵਾ ਹਰਿਆਣਾ ਵਿਚ ਵੀ ਕਈ ਕਿਲੋਮੀਟਰ ਜਾਮ ਲੱਗ ਗਿਆ। ਇਹ ਗਿਣਤੀ ਲੱਖਾਂ ਵਿਚ ਦੱਸੀ ਜਾ ਰਹੀ ਹੈ। ਜਥੇਬੰਦੀਆਂ ਦੇ ਸੱਦੇ ਉਤੇ ਪਿੰਡਾਂ ਦੇ ਪਿੰਡ ਖਾਲੀ ਹੋ ਗਏ ਤੇ ਦਿੱਲੀ ਦੀਆਂ ਹੱਦਾਂ ਉਤੇ ਜਾ ਡੇਰੇ ਲਾਏ। ਕਿਸਾਨਾਂ ਨੇ ਇਕ ਟਰਾਲੀ 'ਤੇ ਦੋ-ਦੋ ਟਰੈਕਟਰ ਚੜ੍ਹਾ ਕੇ ਮੋਰਚਿਆਂ 'ਤੇ ਲਿਆਂਦੇ ਹਨ। ਪ੍ਰਸ਼ਾਸਨ ਦਾ ਦਾਅਵਾ ਹੈ ਕਿ ਸੜਕਾਂ ਖਾਲੀ ਹੋਣ ਤੇ ਆਵਾਜਾਈ ਬਹਾਲ ਹੋਣ ਵਿਚ ਕਈ ਦਿਨ ਦਾ ਸਮਾਂ ਲੱਗ ਸਕਦਾ ਹੈ।


**India Palace Restaurant**
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
Restaurant-Fine Indian Cuisine

12510 N. Meridian St.,
Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com



**MOVING To INDIANA?**
ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ
*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ
*ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ
*ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
Contact me today to BUY/SELL/INVEST in Indiana.
Ph: (317) 670-1055

Beenu.sikand@gmail.com
www.LegacyHomesInternational.com
Successfully Selling Real Estate for 17 Years!
Beenu Sikand
Legacy Homes Intl.
Broker Owner,
Realtor, CRS, MBA



**FRONTIER FUEL CARD**
No obligation or contracts
(cancel anytime)
No minimum amount of fuel to buy
Minimal up front to put down
Receive detailed fuel reports
Jagdeep Bains
Jbains@frontierfundinginc.com
Ph: 417-818-1054



Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds

Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਖੇਤੀ ਕਾਨੂੰਨ: ਮੋਦੀ ਸਰਕਾਰ ਹੁਣ 'ਸਭ ਤੋਂ ਵਧੀਆ ਪੇਸ਼ਕਸ਼' ਉਤੇ ਅੜੀ



**ਨਵੀਂ ਦਿੱਲੀ:** ਕੇਂਦਰ ਸਰਕਾਰ ਅਤੇ ਕਿਸਾਨ ਆਗੂਆਂ ਦਰਮਿਆਨ ਹੋਈ 11ਵੇਂ ਗੇੜ ਦੀ ਗੱਲਬਾਤ ਕਿਸੇ ਤਣ ਪੱਤਣ ਨਾ ਲੱਗਣ ਤੋਂ ਬਾਅਦ ਇਹ ਸਿਲਸਲਾ ਇਥੇ ਹੀ ਰੁਕ ਗਿਆ ਹੈ। ਸਰਕਾਰ ਨੇ ਗੱਲਬਾਤ ਕੋਈ ਅਗਲੀ ਤਰੀਕ ਨਹੀਂ ਦਿੱਤੀ।

ਪਤਾ ਲੱਗਾ ਹੈ ਕਿ ਜਥੇਬੰਦੀਆਂ ਨਾਲ ਆਖਰੀ ਵਾਰਤਾ ਤੋਂ ਪਹਿਲਾਂ ਹੀ ਕੇਂਦਰ ਸਰਕਾਰ ਬੈਠਕ ਦੀ ਰਣਨੀਤੀ ਮਿੱਥ ਚੁੱਕੀ ਸੀ। ਜਥੇਬੰਦੀਆਂ ਨੂੰ ਖੇਤੀ ਕਾਨੂੰਨਾਂ ਬਾਰੇ 'ਸਭ ਤੋਂ ਵਧੀਆ ਪੇਸ਼ਕਸ਼' ਉਤੇ ਮੁੜ ਵਿਚਾਰ ਕਰਨ ਲਈ ਕਹਿਣ ਦੇ ਨਾਲ ਹੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਦੀ ਇਕ ਵੀਡੀਓ ਜਨਤਕ ਕੀਤੀ ਹੈ।

ਇਸ ਵਿਚ ਤੋਮਰ ਕਿਸਾਨ ਜਥੇਬੰਦੀਆਂ ਨੂੰ ਸਖਤ ਲਹਿਜੇ ਵਿਚ ਵਾਰਤਾ ਲਈ ਨੈਤਿਕਤਾ ਦੀ ਰੂਪ-ਰੇਖਾ ਤੈਅ ਕਰਨ ਬਾਰੇ ਕਹਿ ਕਰ ਰਹੇ ਹਨ। ਬੈਠਕ ਖਤਮ ਕਰਦਿਆਂ ਤੋਮਰ ਨੇ ਕੇਂਦਰ ਸਰਕਾਰ ਤੇ ਕਿਸਾਨ ਜਥੇਬੰਦੀਆਂ ਦਰਮਿਆਨ ਹੋਈ ਵਾਰਤਾ ਵਿਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਦੀ ਭੂਮਿਕਾ ਬਾਰੇ ਵੀ ਮੰਨਿਆ। ਜਿਕਰਯੋਗ ਹੈ ਕਿ ਚਾਰ ਘੰਟੇ ਤੋਂ ਵੱਧ ਦੀ ਬੈਠਕ ਵਿਚ ਗੱਲਬਾਤ ਸਿਰਫ 30 ਮਿੰਟ ਹੀ ਹੋਈ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇ ਜਥੇਬੰਦੀਆਂ ਨੂੰ ਲੱਗਦਾ ਹੈ ਕਿ ਵਾਰਤਾ ਵਿਚਾਲੇ ਤਿੰਨ ਘੰਟੇ ਦੀ ਬਰੇਕ ਦੌਰਾਨ ਸਰਕਾਰ ਕਿਸਾਨਾਂ ਨੂੰ ਕੋਈ ਹੋਰ ਪੇਸ਼ਕਸ਼ ਕਰਨ ਬਾਰੇ ਵਿਚਾਰ ਕਰ ਰਹੀ ਸਾਂ ਤਾਂ ਇਹ ਗਲਤਫਹਿਮੀ ਹੈ। ਸਰਕਾਰ ਉਨ੍ਹਾਂ ਨੂੰ ਆਪਣਾ ਫੈਸਲਾ ਵਿਚਾਰਨ ਬਾਰੇ ਕੁਝ ਹੋਰ ਸਮਾਂ ਹੀ ਦੇਣਾ ਚਾਹੁੰਦੀ ਸੀ। ਸੂਤਰਾਂ ਦਾ ਕਹਿਣਾ ਹੈ ਕਿ ਕਿਸਾਨ ਜਥੇਬੰਦੀਆਂ ਨੇ ਕਾਨੂੰਨ 18 ਮਹੀਨੇ ਮੁਲਤਵੀ ਕਰਨ ਦੀ ਤਜਵੀਜ਼ ਨਾ ਮੰਨਣ ਬਾਰੇ ਜਦ ਜਨਤਕ ਤੌਰ 'ਤੇ ਐਲਾਨ ਕੀਤਾ ਸੀ, ਉਦੋਂ ਹੀ ਸਰਕਾਰ ਨੇ ਆਪਣੀ ਰਣਨੀਤੀ ਵਾਰਤਾ ਦੇ ਅਗਲੇ ਗੇੜ ਲਈ ਤੈਅ ਕਰ ਲਈ ਸੀ।

ਉਧਰ, ਸਰਕਾਰ ਨੇ ਵੀ ਸਖਤ ਸਟੈਂਡ ਲੈਂਦਿਆਂ ਕਿਸਾਨ ਆਗੂਆਂ ਨੂੰ ਸਾਫ ਆਖ ਦਿੱਤਾ ਕਿ ਉਹ ਸਾਰੇ ਸੰਭਾਵੀ ਬਦਲ ਦੇ ਚੁੱਕੇ ਹਨ ਅਤੇ ਕਿਸਾਨ ਖੇਤੀ ਕਾਨੂੰਨਾਂ ਨੂੰ ਮੁਅੱਤਲ ਕਰਨ ਤੇ ਸਾਂਝੀ ਕਮੇਟੀ ਬਣਾਉਣ ਦੀ ਸਰਕਾਰ ਦੀ ਤਜਵੀਜ਼ ਉਪਰ ਮੁੜ ਗੌਰ ਕਰਨ। ਦੋਵਾਂ ਧਿਰਾਂ 'ਚ ਅਗਲੇ ਗੇੜ ਦੀ ਗੱਲਬਾਤ ਲਈ ਵੀ ਕੋਈ ਤਰੀਕ ਨਹੀਂ ਮਿਥੀ ਗਈ ਹੈ। ਸਰਕਾਰ ਨੇ ਕਿਹਾ ਕਿ ਜਦੋਂ ਕਿਸਾਨ ਜਥੇਬੰਦੀਆਂ ਖੇਤੀ ਕਾਨੂੰਨ ਮੁਅੱਤਲ ਕਰਨ ਦੀ ਤਜਵੀਜ਼ 'ਤੇ ਵਿਚਾਰ ਕਰਨ ਲਈ ਸਹਿਮਤ ਹੋ ਜਾਣਗੀਆਂ ਤਾਂ ਹੀ ਅਗਲੀ ਬੈਠਕ ਕੀਤੀ ਜਾਵੇਗੀ। ਸਰਕਾਰ ਦੇ ਰੁਖ ਨੂੰ ਦੇਖਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਉਹ ਹੁਣ ਆਪਣਾ ਪ੍ਰਦਰਸ਼ਨ ਹੋਰ ਤਿੱਖਾ ਕਰਨਗੇ ਅਤੇ ਦੋਸ਼ ਲਾਇਆ ਕਿ ਬੈਠਕ ਦੌਰਾਨ ਸਰਕਾਰ ਦਾ ਰਵੱਈਆ ਸਹੀ ਨਹੀਂ ਸੀ। ਵਿਗਿਆਨ ਭਵਨ 'ਚ ਕਰੀਬ ਪੰਜ ਘੰਟੇ ਤੱਕ ਮੀਟਿੰਗ ਚੱਲੀ ਪਰ ਦੋਵੇਂ ਧਿਰਾਂ ਅੱਧੇ ਘੰਟੇ ਤੱਕ ਹੀ ਇਕ-ਦੂਜੇ ਦੇ ਆਹਮੋ ਸਾਹਮਣੇ ਹੋਈਆਂ। ਮੀਟਿੰਗ ਦੇ ਸ਼ੁਰੂ 'ਚ ਹੀ ਕਿਸਾਨ ਆਗੂਆਂ ਨੇ ਸਰਕਾਰੀ ਤਜਵੀਜ਼ ਰੱਦ ਕਰਨ ਦੇ ਫੈਸਲੇ ਦੀ ਜਾਣਕਾਰੀ ਦਿੱਤੀ। ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਇਸ 'ਤੇ ਇਤਰਾਜ ਜਤਾਇਆ ਕਿ ਕਿਸਾਨਾਂ ਨੇ ਸਰਕਾਰ ਦੀ ਪੇਸ਼ਕਸ਼ ਰੱਦ ਕਰਨ ਦੇ ਫੈਸਲੇ ਦੀ ਜਾਣਕਾਰੀ ਪਹਿਲਾਂ ਮੀਡੀਆ ਨੂੰ ਕਿਉਂ ਦਿੱਤੀ ਗਈ। ਕਿਸਾਨ ਆਗੂਆਂ ਨੇ ਦਿੱਲੀ ਪੁਲਿਸ ਵੱਲੋਂ ਰੁਲਦੂ ਸਿੰਘ ਮਾਨਸਾ ਨਾਲ ਬਦਸਲੂਕੀ ਕਰਨ ਅਤੇ ਕਾਰ ਦੇ ਸ਼ੀਸ਼ੇ ਭੰਨੇ ਜਾਣ ਦੀ ਸ਼ਿਕਾਇਤ ਕੀਤੀ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਕਿਸਾਨ ਆਗੂਆਂ ਨੂੰ ਦਿੱਲੀ ਪੁਲਿਸ ਤੰਗ ਪਰੇਸ਼ਾਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੁਝ ਆਗੂਆਂ ਨੂੰ ਧਮਕੀਆਂ ਭਰੇ ਫੋਨ ਵੀ ਆ ਰਹੇ ਹਨ। ਖੇਤੀ ਮੰਤਰੀ ਨਰੇਂਦਰ ਸਿੰਘ ਸਮੇਤ ਤਿੰਨ ਕੇਂਦਰੀ ਮੰਤਰੀਆਂ ਨੇ ਕਿਸਾਨ ਆਗੂਆਂ ਨੂੰ ਆਪਣੇ ਸਟੈਂਡ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਜਿਸ ਮਗਰੋਂ ਦੋਵੇਂ ਧਿਰਾਂ ਦੁਪਹਿਰ ਦੇ ਖਾਣੇ ਲਈ ਚਲੀਆਂ ਗਈਆਂ।

ਇਸ ਬ੍ਰੇਕ ਦੌਰਾਨ ਕਿਸਾਨ ਆਗੂਆਂ ਨੇ ਆਪਣੇ ਨਾਲ ਲਿਆਂਦਾ ਲੰਗਰ ਛਕਿਆ ਅਤੇ ਕਰੀਬ ਤਿੰਨ ਘੰਟੇ ਤੱਕ ਇਕ-ਦੂਜੇ ਨਾਲ ਵਿਚਾਰ ਵਟਾਂਦਰਾ ਕਰਦੇ ਰਹੇ। ਉਧਰ, ਕੇਂਦਰੀ ਮੰਤਰੀ ਵੱਖਰੇ ਕਮਰੇ 'ਚ ਕਿਸਾਨਾਂ ਵੱਲੋਂ ਠੁਕਰਾਈ ਪੇਸ਼ਕਸ਼ ਮਗਰੋਂ ਪੈਦਾ ਹੋਣ ਵਾਲੇ ਹਾਲਾਤ ਬਾਰੇ ਚਰਚਾ ਕਰਦੇ ਰਹੇ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਜਥੇਬੰਦੀਆਂ ਵੱਲੋਂ ਸਰਕਾਰ ਦੀ ਪੇਸ਼ਕਸ਼ ਰੱਦ ਕਰਨ ਮਗਰੋਂ ਵਾਰਤਾ ਟੁੱਟ ਗਈ ਹੈ। ਇਕ ਹੋਰ ਆਗੂ ਰਾਕੇਸ਼ ਟਿਕੈਤ ਨੇ ਕਿਹਾ ਕਿ ਮੰਤਰੀਆਂ ਨੇ ਖੇਤੀ ਕਾਨੂੰਨਾਂ ਦਾ ਮੁਅੱਤਲੀ ਸਮਾਂ ਦੋ ਸਾਲ ਵਧਾਉਣ ਦੀ ਪੇਸ਼ਕਸ਼ ਕੀਤੀ ਪਰ ਕਿਸਾਨਾਂ ਨੇ ਕਾਨੂੰਨ ਪੂਰੀ ਤਰ੍ਹਾਂ ਰੱਦ ਕਰਨ ਅਤੇ ਘੱਟੋ ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਮੰਗੀ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਆਗੂ ਦਰਸ਼ਨ ਪਾਲ ਨੇ ਦੱਸਿਆ,"ਅਸੀਂ ਸਰਕਾਰ ਨੂੰ ਦੋ ਟੁੱਕ ਸ਼ਬਦਾਂ 'ਚ ਸਾਫ ਕਰ ਦਿੱਤਾ ਹੈ ਕਿ ਅਸੀਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਤੋਂ ਛੁੱਟ ਕਿਸੇ ਚੀਜ 'ਤੇ ਸਹਿਮਤ ਨਹੀਂ ਹੋਵਾਂਗੇ, ਪਰ ਮੰਤਰੀ ਨੇ ਸਾਨੂੰ ਸਰਕਾਰ ਦੀ ਪੁਰਾਣੀ ਤਜਵੀਜ਼ 'ਤੇ ਮੁੜ ਗੌਰ ਕਰਕੇ ਆਪਣਾ ਫੈਸਲਾ ਦੱਸਣ ਬਾਰੇ ਕਿਹਾ ਹੈ।"

## ਕਿਸਾਨ ਕਾਨੂੰਨ ਰੱਦ ਕਰਵਾਉਣ ਦੀ ਮੰਗ 'ਤੇ ਦ੍ਰਿੜ੍ਹ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਨੇ ਤਿੰਨ ਖੇਤੀ ਕਾਨੂੰਨਾਂ ਨੂੰ ਡੇਢ ਤੋਂ 2 ਸਾਲ ਲਈ ਮੁਅੱਤਲ ਕਰਨ ਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਕਾਨੂੰਨੀ ਗਾਰੰਟੀ ਲਈ ਸਾਂਝੀ ਕਮੇਟੀ ਬਣਾਉਣ ਬਾਰੇ ਸਰਕਾਰ ਦੀ ਤਜਵੀਜ਼ ਨੂੰ ਸਰਬਸੰਮਤੀ ਨਾਲ ਰੱਦ ਕਰ ਦਿੱਤਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਉਹ ਇਨ੍ਹਾਂ ਕਾਨੂੰਨਾਂ ਨੂੰ ਮੁੱਢੋਂ ਰੱਦ ਕਰਨ ਦੀ ਆਪਣੀ ਮੰਗ ਉਪਰ ਪਹਿਲਾਂ ਵਾਂਗ ਕਾਇਮ ਹਨ। ਕਿਸਾਨ ਆਗੂ ਡਾ. ਦਰਸ਼ਨ ਪਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੀ ਬੈਠਕ ਵਿਚ ਸਾਰੇ ਆਗੂ ਇਸ ਗੱਲੋਂ ਇਕਮਤ ਸਨ ਕਿ ਕੇਂਦਰ ਸਰਕਾਰ ਦੀ ਤਜਵੀਜ਼ ਰੱਦ ਕਰ ਦਿੱਤੀ ਜਾਵੇ ਤੇ ਕਿਸਾਨਾਂ ਦੀ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਮੰਨੀ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ, ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ, ਪਰਾਲੀ ਐਕਟ ਵਿਚੋਂ ਕਿਸਾਨਾਂ ਨੂੰ ਬਾਹਰ ਕੱਢਣ ਤੇ ਜੁਰਮਾਨੇ ਦੀ ਮੱਦ ਕਿਸਾਨਾਂ ਖਿਲਾਫ ਨਾ ਵਰਤੇ ਜਾਣ ਦੀਆਂ ਆਪਣੀਆਂ ਮੰਗਾਂ 'ਤੇ ਡਟੇ ਹੋਏ ਹਨ।

# ਕੈਪਟਨ ਵੱਲੋਂ ਕੇਂਦਰ ਦਾ ਇਨਕਾਰ 'ਅਣਮਨੁੱਖੀ' ਕਰਾਰ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੇ ਇਨਕਾਰ ਨੂੰ 'ਅਣਮਨੁੱਖੀ' ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੇ ਸਵਾਲ ਕੀਤਾ ਕਿ ਕੇਂਦਰ ਸਰਕਾਰ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਮਨਸੂਖ ਕਰਨ ਤੋਂ ਭੱਜ ਕਿਉਂ ਰਹੀ ਹੈ?

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਖੇਤੀ ਕਾਨੂੰਨਾਂ ਨੂੰ ਰੱਦ ਕਰ ਕੇ ਕਿਸਾਨਾਂ ਨਾਲ ਗੱਲਬਾਤ ਕਰੇ ਅਤੇ ਸਭ ਸਬੰਧਤ ਧਿਰਾਂ ਨਾਲ ਸਲਾਹ-ਮਸ਼ਵਰੇ ਮਗਰੋਂ ਨਵੇਂ ਕਾਨੂੰਨ ਬਣਾਉਣੇ ਚਾਹੀਦੇ ਹਨ। ਸੰਵਿਧਾਨ ਵਿਚ ਕਈ ਵਾਰ ਸੋਧਾਂ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਪਤਾ ਨਹੀਂ ਕਿਉਂ ਭਾਰਤ ਸਰਕਾਰ ਇਹ ਕਾਨੂੰਨ ਵਾਪਸ ਨਾ ਲੈਣ 'ਤੇ ਅੜੀ ਹੋਈ ਹੈ। ਮੁੱਖ ਮੰਤਰੀ ਨੇ ਫੇਸਬੁੱਕ ਲਾਈਵ ਪ੍ਰੋਗਰਾਮ ਦੌਰਾਨ ਕਿਹਾ ਕਿ ਸੰਸਦ ਵਿਚ ਬਿਨਾ ਚਰਚਾ ਤੋਂ ਬਹੁਮਤ ਦੇ ਜ਼ੋਰ 'ਤੇ ਕਾਨੂੰਨ ਪਾਸ ਕਰਾਉਣ ਦੀ ਕੀਮਤ ਸਾਰਾ ਦੇਸ਼ ਅਦਾ ਕਰ ਰਿਹਾ ਹੈ। ਹਾਲਾਂਕਿ ਖੇਤੀਬਾੜੀ ਅਨੁਸੂਚੀ-7 ਤਹਿਤ ਸੂਬਿਆਂ ਦਾ ਵਿਸ਼ਾ ਹੈ ਤਾਂ ਕੇਂਦਰ ਨੇ ਸੂਬਾਈ ਮਾਮਲੇ ਵਿਚ ਦਖਲਅੰਦਾਜ਼ੀ ਕਿਉਂ ਕੀਤੀ।

ਉਨ੍ਹਾਂ ਕਿਹਾ ਕਿ ਕੇਂਦਰ ਨੇ ਬਿਨਾਂ ਕਿਸੇ ਨੂੰ ਪੁੱਛੇ ਇਨ੍ਹਾਂ ਕਾਨੂੰਨਾਂ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਜਿਸ ਕਰ ਕੇ ਸਭ ਨੂੰ ਇਸ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਦੇ ਹਰੇਕ ਉਸ ਕਿਸਾਨ ਦੇ ਪਰਿਵਾਰਕ ਮੈਂਬਰ ਲਈ ਨੌਕਰੀ ਦਾ ਐਲਾਨ ਵੀ ਕੀਤਾ ਹੈ ਜੋ ਇਨ੍ਹਾਂ ਕਾਲੇ ਕਾਨੂੰਨਾਂ ਖਿਲਾਫ ਚੱਲ ਰਹੇ ਸੰਘਰਸ਼ ਦੌਰਾਨ ਫੌਤ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਲੌਕਡਾਊਨ ਮਗਰੋਂ ਹਾਲਾਤ ਆਮ ਵਾਂਗ ਹੋ ਰਹੇ ਸਨ ਤਾਂ ਇਸੇ ਦੌਰਾਨ ਖੇਤੀ ਕਾਨੂੰਨ ਥੋਪ ਦਿੱਤੇ ਗਏ। ਉਨ੍ਹਾਂ ਦੁਹਰਾਇਆ ਕਿ ਉਹ ਕਿਸਾਨਾਂ ਦੇ ਨਾਲ ਹਨ ਤੇ ਕਿਸਾਨਾਂ ਦੀ ਪਿੱਠ 'ਤੇ ਖੜ੍ਹੇ ਰਹਿਣਗੇ। ਮੁੱਖ ਮੰਤਰੀ ਨੇ ਦੱਸਿਆ ਕਿ ਠੰਢ ਕਾਰਨ ਹੁਣ ਤੱਕ ਕਰੀਬ 76 ਕਿਸਾਨਾਂ ਦੀ ਮੌਤ ਹੋ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਹਰੇਕ ਮ੍ਰਿਤਕ ਕਿਸਾਨ ਦੇ ਪਰਿਵਾਰ ਨੂੰ ਪੰਜ-ਪੰਜ ਲੱਖ ਰੁਪਏ ਤੱਕ ਦਾ ਮੁਆਵਜ਼ਾ ਦੇਣ ਤੋਂ ਇਲਾਵਾ ਇਨ੍ਹਾਂ ਕਿਸਾਨਾਂ ਦੇ ਪਰਿਵਾਰਾਂ ਵਿੱਚੋਂ ਇੱਕ ਮੈਂਬਰ ਨੂੰ ਨੌਕਰੀ ਵੀ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਫਿਰੋਜ਼ਪੁਰ ਵਾਸੀ ਵੱਲੋਂ ਕੀਤੇ ਗਏ ਸਵਾਲ ਦੇ ਜਵਾਬ ਵਿਚ ਕਿਹਾ ਕਿ ਅਕਾਲੀ ਦਲ ਤੇ 'ਆਪ' ਖੇਤੀਬਾੜੀ ਸੁਧਾਰਾਂ ਵਾਲੀ ਉਚ ਤਾਕਤੀ ਕਮੇਟੀ ਦੇ ਮੁੱਦੇ 'ਤੇ ਝੂਠ ਫੈਲਾ ਰਹੀਆਂ ਹਨ। ਤਰਨ ਤਾਰਨ ਵਾਸੀ ਦੇ ਸਵਾਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਹੰਕਾਰੀ ਹੈ ਅਤੇ ਖੇਤੀ ਕਾਨੂੰਨਾਂ ਦੇ ਕਿਸਾਨਾਂ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਸੋਚ ਰਹੀ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਮਨੁੱਖਤਾ ਵਿਰੁੱਧ ਹਨ।

## ਮੰਡਲ ਪ੍ਰਧਾਨ ਸਣੇ 20 ਅਹੁਦੇਦਾਰਾਂ ਨੇ ਭਾਜਪਾ ਛੱਡੀ

**ਰਾਜਪੁਰਾ:** ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਖੇਤੀ ਕਾਨੂੰਨਾਂ ਕਰਕੇ ਭਾਜਪਾ ਦੀ ਹਾਈਕਮਾਂਡ ਤੋਂ ਖਫਾ ਰਾਜਪੁਰਾ ਮੰਡਲ ਦੇ ਪ੍ਰਧਾਨ ਸਮੇਤ 20 ਅਹੁਦੇਦਾਰਾਂ ਨੇ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਸਬੰਧੀ ਭਾਜਪਾ ਮੰਡਲ ਰਾਜਪੁਰਾ ਦੇ ਪ੍ਰਧਾਨ ਐਡਵੋਕੇਟ ਸੰਜੈ ਬੱਗਾ, ਸਾਬਕਾ ਕੌਂਸਲਰ ਸੁਖਚੈਨ ਸਿੰਘ ਬੇਦੀ, ਸੁਖਵਿੰਦਰ ਸਿੰਘ ਸੁੱਖੀ ਅਤੇ ਦਿਨੇਸ਼ ਪੁਰੀ ਸਮੇਤ ਹੋਰਨਾਂ ਨੇ ਆਖਿਆ ਕਿ ਦੇਸ਼ ਦਾ ਅੰਨਦਾਤਾ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਲਗਭਗ ਚਾਰ ਮਹੀਨੇ ਤੋਂ ਸੜਕਾਂ 'ਤੇ ਰੁਲ ਰਿਹਾ ਹੈ ਪਰ ਕੇਂਦਰ ਸਰਕਾਰ ਜਮੀਨੀ ਹਕੀਕਤ ਨਹੀਂ ਸਮਝ ਰਹੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਇਹ ਸਾਰਾ ਮਾਮਲਾ ਪਾਰਟੀ ਦੀ ਸੂਬਾਈ ਲੀਡਰਸ਼ਿਪ ਦੇ ਧਿਆਨ ਵਿਚ ਲਿਆ ਕੇ ਇਹ ਖੇਤੀ ਕਾਨੂੰਨ ਰੱਦ ਕਰਨ ਦੀ ਮੰਗ ਕੀਤੀ ਸੀ ਪਰ ਕਿਸੇ ਪਾਸੇ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ। ਇਸੇ ਦੇ ਰੋਸ ਵਜੋਂ ਉਨ੍ਹਾਂ ਨੇ ਭਾਜਪਾ ਦੇ ਸੂਬਾਈ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਆਪਣੇ ਅਸਤੀਫੇ ਭੇਜ ਦਿੱਤੇ ਹਨ ਅਤੇ ਕਿਸਾਨੀ ਸੰਘਰਸ਼ ਦੀ ਹਮਾਇਤ ਕੀਤੀ ਹੈ।

ਭਾਜਪਾ ਦੇ ਬੁੱਧੀਜੀਵੀ ਸੈੱਲ ਦੇ ਜ਼ਿਲ੍ਹਾ ਜਨਰਲ ਸਕੱਤਰ ਤੇ ਸਥਾਨਕ ਵਾਰਡ ਨੰਬਰ 10 ਤੋਂ ਭਾਜਪਾ ਨੂੰ ਜਿਤਾਉਣ ਤੇ ਉਮੀਦਵਾਰ ਲੱਭਣ 'ਚ ਪਾਰਟੀ ਵੱਲੋਂ ਲਗਾਏ ਬੂਥ ਇੰਚਾਰਜ ਐਡਵੋਕੇਟ ਕਮਲਪ੍ਰੀਤ ਸਿੰਘ ਮੱਕੜ ਨੇ ਭਾਜਪਾ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ।


LAW OFFICES OF VIVEK MALIK

Follow us on :

ACCOMPLISHED IMMIGRATION Attorneys help FAMILIES REUNITE in the UNITED STATES



Our Global & Nationwide Services in the field of U.S. Immigration & Nationality Law

Come talk to an experienced immigration attorney

Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance — ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration — ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
- Naturalization & Citizenship — ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers — ਰੀਮੂਵਲ ਡਿਫੈਂਸੀ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English





"Serving All Your Real Estate Needs"

Columbus, Ohio is one of the fastest growing city in USA and With Best Schools.

Rajwinder Gill
(Your Real Estate Pro.)
MBA (Finance)
Red 1 Realty

ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:

ਰਾਜਵਿੰਦਰ ਗਿੱਲ, ਫੋਨ: 740-621-4455

Email: Realtorgill1@gmail.com

Website: www.gill-realty.com

# ਜੋਅ ਬਾਇਡਨ ਨੇ ਆਉਣ ਸਾਰ ਟਰੰਪ ਦੇ ਕਈ ਫੈਸਲੇ ਉਲਟਾਏ

**ਵਾਸ਼ਿੰਗਟਨ:** ਅਮਰੀਕਾ ਦੇ ਨਵੇਂ ਰਾਸ਼ਟਰਪਤੀ ਜੋਅ ਬਾਇਡਨ ਨੇ ਅਹੁਦੇ ਦਾ ਹਲਫ ਲੈਣ ਤੋਂ ਫੌਰੀ ਮਗਰੋਂ 15 ਕਾਰਜਕਾਰੀ ਹੁਕਮਾਂ 'ਤੇ ਸਹੀ ਪਾਉਂਦਿਆਂ ਸਾਬਕਾ ਅਮਰੀਕੀ ਸਦਰ ਡੋਨਲਡ ਟਰੰਪ ਵੱਲੋਂ ਲਏ ਵਿਦੇਸ਼ ਨੀਤੀ ਤੇ ਕੌਮੀ ਸੁਰੱਖਿਆ ਨਾਲ ਜੁੜੇ ਕਈ ਅਹਿਮ ਫੈਸਲਿਆਂ ਨੂੰ ਪਲਟਾ ਦਿੱਤਾ ਹੈ। ਇਨ੍ਹਾਂ ਕਾਰਜਕਾਰੀ ਹੁਕਮਾਂ ਵਿਚ ਵਾਤਾਵਰਨ ਤਬਦੀਲੀ ਬਾਰੇ ਪੈਰਿਸ ਕਰਾਰ 'ਚ ਮੁੜ ਸ਼ਾਮਲ ਹੋਣਾ, ਵਿਸ਼ਵ ਸਿਹਤ ਸੰਸਥਾ 'ਚੋਂ ਅਮਰੀਕਾ ਦੇ ਲਾਂਭੇ ਹੋਣ ਦੇ ਅਮਲ ਨੂੰ ਰੋਕਣਾ, ਮੁਸਲਿਮ ਦੇਸਾਂ 'ਤੇ ਲੱਗੀਆਂ ਯਾਤਰਾ ਪਾਬੰਦੀਆਂ ਨੂੰ ਹਟਾਉਣਾ ਅਤੇ ਮੈਕਸਿਕੋ ਸਰਹੱਦ 'ਤੇ ਕੰਧ ਉਸਾਰੀ ਨੂੰ ਤੁਰੰਤ ਬੰਦ ਕਰਨਾ ਸ਼ਾਮਲ ਹਨ।



ਇਸ ਦੌਰਾਨ ਬਾਇਡਨ ਨੇ ਵਿਆਪਕ ਇਮੀਗ੍ਰੇਸ਼ਨ ਸੁਧਾਰ ਬਿੱਲ ਨੂੰ ਵੀ ਸਦਨ ਵਿੱਚ ਭੇਜ ਦਿੱਤਾ ਹੈ। ਬਾਇਡਨ ਪ੍ਰਸ਼ਾਸਨ ਦੀ ਇਸ ਪੇਸ਼ਕਦਮੀ ਦਾ ਉਨ੍ਹਾਂ ਹਜ਼ਾਰਾਂ ਭਾਰਤੀ ਆਈ.ਟੀ. ਪੇਸ਼ੇਵਰਾਂ ਨੂੰ ਲਾਹਾ ਮਿਲੇਗਾ, ਜੋ ਪਿਛਲੇ ਕਈ ਦਹਾਕਿਆਂ ਤੋਂ ਸਥਾਈ ਨਾਗਰਿਕਤਾ ਦੀ ਉਡੀਕ ਵਿਚ ਹਨ। ਬਾਇਡਨ ਦਾ ਪਹਿਲਾ ਕਾਰਜਕਾਰੀ ਹੁਕਮ 100 ਦਿਨਾਂ ਲਈ ਮਾਸਕ ਲਾਉਣ ਦੀ ਅਪੀਲ ਵਾਲਾ ਸੀ। ਅਮਰੀਕੀ ਸਦਰ ਨੇ ਕਿਹਾ ਕਿ ਉਹ ਅਗਲੇ ਕੁਝ ਦਿਨਾਂ 'ਚ ਹੋਰ ਕਈ ਕਾਰਜਕਾਰੀ ਹੁਕਮਾਂ 'ਤੇ ਸਹੀ ਪਾਉਣਗੇ। ਬਾਇਡਨ ਨੇ ਟਰੰਪ ਪ੍ਰਸ਼ਾਸਨ ਦੀ ਉਸ ਹਾਲੀਆ ਰਿਪੋਰਟ ਨੂੰ ਵੀ ਮਨਸੂਖ ਕਰ ਦਿੱਤਾ, ਜਿਸ ਵਿਚ ਸਕੂਲਾਂ 'ਚ 'ਦੇਸ਼ ਭਗਤੀ ਨਾਲ ਜੁੜੀ ਸਿੱਖਿਆ' ਦੇ ਪ੍ਰਚਾਰ ਪਾਸਾਰ ਦੀ ਵਕਾਲਤ ਕੀਤੀ ਗਈ ਸੀ।

ਇਸ ਤੋਂ ਪਹਿਲਾਂ ਟਰੰਪ ਨੇ ਦੁਨੀਆਂ ਪੱਧਰ ਉਤੇ ਅਮਰੀਕਾ ਦੀ ਸਰਕਾਰ ਵੱਲੋਂ ਲਈਆਂ ਜ਼ਿੰਮੇਵਾਰੀਆਂ ਤੋਂ ਹੱਥ ਖਿੱਚ ਲੈਣ ਅਤੇ ਸੰਸਥਾਵਾਂ ਤੋਂ ਬਾਹਰ ਆਉਣ ਦਾ ਰਾਹ ਚੁਣ ਲਿਆ ਸੀ। ਪਰਵਾਸੀਆਂ ਲਈ ਵੀ ਅਜਿਹੇ ਫੈਸਲੇ ਕੀਤੇ ਸਨ ਜਿਨ੍ਹਾਂ ਕਰ ਕੇ ਕਰੋੜਾਂ ਲੋਕਾਂ ਦਾ ਜੀਵਨ ਸੰਕਟ ਵਿਚ ਫਸਣ ਦੇ ਖ਼ਦਸ਼ੇ ਪੈਦਾ ਹੋ ਗਏ ਸਨ। ਬਾਇਡਨ ਨੇ ਅਮਰੀਕਾ ਦੇ ਵਾਤਾਵਰਨ ਤਬਦੀਲੀ ਬਾਰੇ ਪੈਰਿਸ ਸਮਝੌਤੇ ਵਿਚੋਂ ਬਾਹਰ ਹੋ ਜਾਣ, ਵਿਸ਼ਵ ਸਿਹਤ ਸੰਸਥਾ ਤੋਂ ਬਾਹਰ ਹੋਣ, ਸੱਤ ਮੁਸਲਿਮ ਦੇਸ਼ਾਂ ਦੇ ਪਾਸਪੋਰਟ ਪ੍ਰਾਪਤ ਵਿਅਕਤੀਆਂ ਦੇ ਵੀ ਅਮਰੀਕਾ ਵਿਚ ਦਾਖਲਾ ਬੰਦ ਕਰ ਦੇਣ, ਮੈਕਸੀਕੋ ਰਾਹੀਂ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਦਾ ਰਾਹ ਰੋਕਣ ਲਈ ਮੈਕਸੀਕੋ ਦੀ ਸਰਹੱਦ ਉੱਤੇ ਦੋ ਹਜ਼ਾਰ ਕਿਲੋਮੀਟਰ ਲੰਮੀ ਕੰਧ ਬਣਾਉਣ ਆਦਿ ਫੈਸਲੇ ਬਦਲ ਦਿੱਤੇ ਹਨ।

ਬਾਇਡਨ ਨੇ ਇਮੀਗ੍ਰੇਸ਼ਨ ਸੁਧਾਰ ਬਿਲ ਨੂੰ ਮੁੜ ਸਦਨ ਵਿਚ ਭੇਜ ਦਿੱਤਾ ਹੈ। ਵਾਤਾਵਰਨਿਕ ਤਬਦੀਲੀ ਦੁਨੀਆਂ ਪੱਧਰ ਉਤੇ ਚਿੰਤਾ ਦਾ ਵਿਸ਼ਾ ਹੈ। ਕਾਰਪੋਰੇਟ ਵਿਕਾਸ ਮਾਡਲ ਕਾਰਨ ਆਲਮੀ ਤਪਸ਼ ਦਾ ਮੁੱਦਾ 1992 ਦੀ ਪਹਿਲੀ ਰੀਓ ਡੀ ਜਨੇਰੀਓ ਵਿਖੇ ਹੋਈ ਆਲਮੀ ਕਾਨਫਰੰਸ ਤੋਂ ਲੈ ਕੇ ਦੁਨੀਆ ਭਰ ਦਾ ਸਾਂਝਾ ਮੁੱਦਾ ਬਣਿਆ ਹੋਇਆ ਹੈ। ਇਸੇ ਲਈ ਕੋਇਟੋ ਪ੍ਰੋਟੋਕੋਲ ਤੋਂ ਪਿੱਛੋਂ ਦਸੰਬਰ 2015 ਵਿਚ ਪੈਰਿਸ ਵਿਖੇ 196 ਮੁਲਕਾਂ ਦੇ ਨੁਮਾਇੰਦਿਆਂ ਨੇ ਸਮਝੌਤੇ ਉੱਤੇ ਦਸਤਖਤ ਕਰ ਕੇ ਜ਼ਹਿਰੀਲੀਆਂ (ਗ੍ਰੀਨ ਹਾਊਸ) ਗੈਸਾਂ ਘਟਾਉਣ ਦਾ ਅਹਿਦ ਲਿਆ ਸੀ। ਇਸ ਸਮਝੌਤੇ ਤਹਿਤ ਵਿਕਸਤ ਦੇਸ਼ਾਂ ਨੇ ਵਿਕਾਸਸ਼ੀਲ ਅਤੇ ਘੱਟ ਵਿਕਸਤ ਦੇਸ਼ਾਂ ਦੀ ਪ੍ਰਦੂਸ਼ਣ ਮੁਕਤ ਤਕਨੀਕ ਅਤੇ ਹੋਰਾਂ ਖੇਤਰਾਂ ਵਿਚ ਵਿੱਤੀ ਸਹਾਇਤਾ ਕਰਨੀ ਸੀ। ਹੁਣ ਭਾਰਤ ਵਰਗੇ ਦੇਸ਼ ਨੂੰ ਵੀ ਇਸ ਤੋਂ ਸਹਾਇਤਾ ਮਿਲਣ ਦੀ ਉਮੀਦ ਬਣ ਗਈ ਹੈ। ਇਸੇ ਤਰ੍ਹਾਂ ਪਰਵਾਸੀਆਂ ਖਾਸ ਤੌਰ ਉਤੇ ਕੰਪਿਊਟਰ ਦੇ ਕਿੱਤੇ ਨਾਲ ਸਬੰਧਤ ਤੇ ਲੰਮੇ ਸਮੇਂ ਤੋਂ ਸਥਾਈ ਨਾਗਰਿਕਤਾ ਦੀ ਉਡੀਕ ਕਰ ਰਹੇ ਹਜ਼ਾਰਾਂ ਭਾਰਤੀਆਂ ਅਤੇ ਹੋਰ ਮੁਲਕਾਂ ਦੇ ਮਾਹਿਰਾਂ ਨੂੰ ਲਾਭ ਮਿਲਣ ਦੀ ਸੰਭਾਵਨਾ ਹੈ।

ਬਾਇਡਨ ਨੇ ਵਿਸ਼ਵ ਸਿਹਤ ਸੰਸਥਾ ਵਿਚ ਮੁੜ ਦਾਖਲੇ ਦਾ ਫੈਸਲਾ ਕੀਤਾ ਹੈ ਅਤੇ ਇਸ ਸੰਸਥਾ ਵਿਚ ਵੀ ਸੰਤੁਲਨ ਬਣਾਉਣ 'ਤੇ ਜੋਰ ਦਿੱਤਾ ਹੈ। ਅਜਿਹੇ ਹੋਰ ਕਈ ਮਹੱਤਵਪੂਰਨ ਫੈਸਲੇ ਕਰਦਿਆਂ ਬਾਇਡਨ ਨੇ ਇਹ ਸੰਕੇਤ ਦਿੱਤਾ ਹੈ ਕਿ ਅਮਰੀਕਾ ਅੰਦਰ ਪਿਛਲੇ ਚਾਰ ਸਾਲਾਂ ਦੌਰਾਨ ਜੋ ਹੁੰਦਾ ਰਿਹਾ ਉਸ ਨੂੰ ਇਕ ਹੱਦ ਤੱਕ ਮੋੜਾ ਜ਼ਰੂਰ ਪਵੇਗਾ। ਰਾਸ਼ਟਰਪਤੀ ਨੇ ਖੁਦ ਕਿਹਾ ਹੈ ਕਿ ਇਹ ਕੇਵਲ ਕਾਰਜਕਾਰੀ ਹੁਕਮ ਹਨ, ਅਜੇ ਬਹੁਤ ਸਾਰੇ ਕਾਨੂੰਨੀ ਕਦਮ ਉਠਾਉਣ ਦੀ ਲੋੜ ਹੈ।

## ਵਿੱਤੀ ਰਾਹਤ ਲਈ ਕਾਰਜਕਾਰੀ ਹੁਕਮਾਂ 'ਤੇ ਸਹੀ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਦੇਸ਼ ਦੀ ਅਰਥਵਿਵਸਥਾ ਨੂੰ ਸੁਧਾਰਨ ਲਈ ਕਾਰਜਕਾਰੀ ਹੁਕਮਾਂ ਦੇ ਸਮੂਹ 'ਤੇ ਦਸਤਖਤ ਕੀਤੇ ਹਨ, ਜਿਸ ਸਦਕਾ ਜਨਤਕ ਸਿਹਤ ਸੰਕਟ ਤੋਂ ਇਲਾਵਾ ਲਗਭਗ 1.80 ਕਰੋੜ ਬੇਰੁਜ਼ਗਾਰ ਅਮਰੀਕੀ ਲੋਕਾਂ ਨੂੰ ਵਿੱਤੀ ਰਾਹਤ ਮਿਲੇਗੀ। ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕਣ ਮੌਕੇ ਜੋਅ ਬਾਇਡਨ ਨੇ 'ਅਮਰੀਕੀ ਬਚਾਓ ਯੋਜਨਾ' ਦਾ ਐਲਾਨ ਕੀਤਾ ਸੀ ਜਿਸ ਵਿਚ ਬਹੁਤੇ ਅਮਰੀਕੀ ਲੋਕਾਂ, ਜੋ ਕਰੋਨਾ ਮਹਾਮਾਰੀ ਨਾਲ ਜੂਝ ਰਹੇ ਹਨ, ਲਈ ਵਿੱਤੀ ਰਾਹਤ ਵੀ ਸ਼ਾਮਲ ਹੈ। ਉਨ੍ਹਾਂ ਕਿਹਾ, 'ਅਸੀਂ ਲੋਕਾਂ ਨੂੰ 2 ਹਜਾਰ ਡਾਲਰ ਦੀ ਸਿੱਧੀ ਅਦਾਇਗੀ ਕਰਨ ਜਾ ਰਹੇ ਹਾਂ ਕਿਉਂਕਿ ਉਨ੍ਹਾਂ ਵਾਸਤੇ ਕਿਰਾਏ ਦੀ ਅਦਾਇਗੀ ਅਤੇ ਖਾਣੇ ਲਈ ਪਹਿਲਾਂ ਪਾਸ ਕੀਤੇ ਗਏ 600 ਡਾਲਰ ਕਾਫੀ ਨਹੀਂ ਹਨ।'

# ਭਾਰਤ-ਅਮਰੀਕਾ ਸਬੰਧ ਹੁਣ ਹੋਰ ਗੂੜ੍ਹੇ ਹੋਣਗੇ: ਮਾਹਿਰ

**ਨਵੀਂ ਦਿੱਲੀ:** ਜੋਅ ਬਾਇਡਨ ਦੇ ਅਮਰੀਕਾ ਦਾ ਰਾਸ਼ਟਰਪਤੀ ਬਣਨ ਨਾਲ ਹੁਣ ਚੀਨ ਵੱਲੋਂ ਦਿੱਤੀਆਂ ਜਾ ਰਹੀਆਂ ਚੁਣੌਤੀਆਂ ਦਾ ਸਾਹਮਣਾ ਸਾਂਝੇ ਤੌਰ 'ਤੇ ਕਰਨ ਲਈ ਭਾਰਤ ਅਤੇ ਅਮਰੀਕਾ ਵਿਚਕਾਰ ਸਬੰਧ ਹੋਰ ਗੂੜ੍ਹੇ ਹੋਣ ਦੀ ਸੰਭਾਵਨਾ ਹੈ। ਸਾਬਕਾ ਕੂਟਨੀਤਕਾਂ ਅਤੇ ਸੁਰੱਖਿਆ ਮਾਹਿਰਾਂ ਨੇ ਆਸ ਜਤਾਈ ਕਿ ਦੋਵੇਂ ਮੁਲਕਾਂ ਵਿਚਕਾਰ ਰਣਨੀਤਕ ਅਤੇ ਰੱਖਿਆ ਸਹਿਯੋਗ ਹੋਰ ਵਧੇਗਾ।

ਅਮਰੀਕਾ ਦੇ ਨਵੇਂ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਵੀ ਏਸ਼ੀਆ ਬਾਰੇ ਸਪੱਸ਼ਟ ਸੰਕੇਤ ਦਿੰਦਿਆਂ ਕਿਹਾ ਹੈ ਕਿ ਉਹ ਚੀਨ ਨਾਲ ਸਖਤੀ ਵਰਤਣਗੇ। ਸਾਬਕਾ ਕੂਟਨੀਤਕ ਅਰੁਣ ਸਿੰਘ ਨੇ ਕਿਹਾ ਕਿ ਭਾਰਤ ਨੂੰ ਚੀਨ ਤੋਂ ਮਿਲ ਰਹੀ ਚੁਣੌਤੀ ਅਤੇ ਅਮਰੀਕਾ ਨੂੰ ਕਮਿਊਨਿਸਟ ਮੁਲਕ ਤੋਂ ਆਰਥਿਕ, ਤਕਨਾਲੋਜੀ ਅਤੇ ਫੌਜੀ ਉਭਾਰ ਦੇ ਖਤਰੇ ਕਾਰਨ ਉਹ ਇਕੱਠਿਆਂ ਰਲ ਕੇ ਕਦਮ ਅਗਾਂਹ ਵਧਾ ਸਕਦੇ ਹਨ। ਉਨ੍ਹਾਂ ਕਿਹਾ ਕਿ ਹਿੰਦ-ਪ੍ਰਸ਼ਾਂਤ ਸਾਗਰ ਖਿੱਤੇ 'ਚ ਸਹਿਯੋਗ ਹੋਰ ਮਜਬੂਤ ਹੋਣ ਦੀ ਆਸ ਹੈ। ਸਫੀਰ ਰਾਜੀਵ ਭਾਟੀਆ ਨੇ ਕਿਹਾ ਕਿ ਪਿਛਲੇ 20 ਸਾਲਾਂ ਦੌਰਾਨ ਦੋਵੇਂ ਮੁਲਕਾਂ ਵਿਚਕਾਰ ਬਣੇ ਚੌਤਰਫਾ ਸਬੰਧ ਅੱਗੇ ਵੀ ਜਾਰੀ ਰਹਿਣ ਦੀ ਸੰਭਾਵਨਾ ਹੈ। ਰਣਨੀਤਕ ਮਾਮਲਿਆਂ ਦੇ ਉੱਘੇ ਮਾਹਿਰ ਜੀ ਪਾਰਥਾਸਾਰਥੀ ਨੇ ਕਿਹਾ ਕਿ ਚੀਨ ਦੇ ਏਸ਼ਿਆਈ ਮੁਲਕਾਂ ਖਲਾਫ ਹਮਲਾਵਰ ਰੁਖ ਨਾਲ ਟਾਕਰੇ ਲਈ ਬਾਇਡਨ ਦੀਆਂ ਨੀਤੀਆਂ 'ਚ ਝਲਕ ਮਿਲਦੀ ਹੈ। ਉਨ੍ਹਾਂ ਕਿਹਾ ਕਿ ਭਾਰਤ ਅਤੇ ਅਮਰੀਕਾ ਨੂੰ ਆਪਣੇ ਹਿੱਤਾਂ ਲਈ ਕੰਮ ਕਰਨਾ ਪਵੇਗਾ। ਸਾਬਕਾ ਡਿਪਟੀ ਚੀਫ ਆਫ ਆਰਮੀ ਸਟਾਫ ਲੈਫਟੀਨੈਂਟ ਜਨਰਲ ਸਬ੍ਰਤਾ ਸਾਹਾ ਨੇ ਕਿਹਾ ਕਿ ਦੋਵੇਂ ਮੁਲਕਾਂ ਵਿਚਕਾਰ ਰਣਨੀਤਕ ਸਬੰਧ ਪਹਿਲਾਂ ਵਾਂਗ ਕਾਇਮ ਰਹਿਣਗੇ ਅਤੇ ਆਪਸੀ ਸਹਿਯੋਗ ਹੋਰ ਵਧੇਗਾ।

## 1100 ਕਰੋੜ ਦੇ ਖਰਚੇ ਨਾਲ ਤਿੰਨ ਸਾਲਾਂ 'ਚ ਬਣੇਗਾ ਰਾਮ ਮੰਦਰ

**ਮੁੰਬਈ:** ਅਯੁੱਧਿਆ ਵਿਚ ਰਾਮ ਮੰਦਰ ਲਗਭਗ ਤਿੰਨ ਸਾਲਾਂ 'ਚ ਬਣ ਜਾਵੇਗਾ ਅਤੇ ਇਸ ਦੇ ਨਿਰਮਾਣ 'ਤੇ 1100 ਕਰੋੜ ਤੋਂ ਜਿਆਦਾ ਖਰਚਾ ਆਵੇਗਾ। ਇਹ ਜਾਣਕਾਰੀ ਮੰਦਰ ਟਰੱਸਟ ਦੇ ਮੁੱਖ ਕਾਰਜਕਰਤਾ ਨੇ ਦਿੱਤੀ। ਉਨ੍ਹਾਂ ਕਿਹਾ ਕਿ ਮੁੱਖ ਮੰਦਰ ਤਿੰਨ ਤੋਂ ਸਾਢੇ ਤਿੰਨ ਸਾਲ ਦਰਮਿਆਨ ਬਣ ਕੇ ਤਿਆਰ ਹੋ ਜਾਵੇਗਾ ਅਤੇ ਇਸ 'ਤੇ 300-400 ਕਰੋੜ ਦਾ ਖਰਚ ਆਵੇਗਾ। ਰਾਮ ਜਨਮ ਭੂਮੀ ਤੀਰਥ ਕਸੇਤਰਾ ਨਿਆਸ ਦੇ ਖਜਾਨਚੀ ਸਵਾਮੀ ਗੋਵਿੰਦ ਦੇਵ ਗਿਰੀ ਨੇ ਕਿਹਾ ਕਿ ਪੂਰੀ 70 ਏਕੜ ਭੂਮੀ ਦੇ ਵਿਕਾਸ ਉਤੇ 1100 ਕਰੋੜ ਤੋਂ ਵੱਧ ਖਰਚਾ ਆਵੇਗਾ। ਰਾਮ ਮੰਦਰ ਨਿਰਮਾਣ ਪ੍ਰੋਜੈਕਟ 'ਚ ਸ਼ਾਮਲ ਮਾਹਿਰਾਂ ਨਾਲ ਸਲਾਹ ਮਸ਼ਵਰਾ ਕਰਨ ਦੇ ਬਾਅਦ ਹੀ ਉਹ ਇਸ ਅੰਕੜੇ 'ਤੇ ਪਹੁੰਚੇ ਹਨ।

ਉਨ੍ਹਾਂ ਇਕ ਟੀ.ਵੀ. ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਨਿਆਸ (ਟਰੱਸਟ) ਦਾ ਪ੍ਰੋਜੈਕਟ 'ਚ ਸ਼ਾਮਲ ਖਰਚਿਆਂ ਬਾਰੇ ਹਾਲੇ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੰਦਰ ਨਿਰਮਾਣ ਕੁਝ ਕਾਰਪੋਰੇਟ ਲੋਕਾਂ ਤੋਂ ਵੱਡੇ ਫੰਡ ਮਿਲਣ ਨਾਲ ਹੀ ਸੰਭਵ ਹੈ।

# ਅਰਨਬ ਨੂੰ ਬਾਲਾਕੋਟ ਹਮਲੇ ਦੀ ਅਗਾਊਂ ਜਾਣਕਾਰੀ ਮੋਦੀ ਤੋਂ ਮਿਲੀ: ਰਾਹੁਲ

**ਕਰੂਰ (ਤਾਮਿਲ ਨਾਡੂ):** ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੀ ਕਥਿਤ ਉਹ ਸਖਸ ਹਨ, ਜਿਨ੍ਹਾਂ ਬਾਲਾਕੋਟ ਹਵਾਈ ਹਮਲਿਆਂ ਬਾਰੇ ਅਗਾਊਂ ਜਾਣਕਾਰੀ ਰਿਪਬਲਿਕ ਟੀਵੀ ਦੇ ਮੁੱਖ ਸੰਪਾਦਕ ਅਰਨਬ ਗੋਸਵਾਮੀ ਤੱਕ ਪੁੱਜਦੀ ਕੀਤੀ ਸੀ। ਸਾਬਕਾ ਕਾਂਗਰਸ ਪ੍ਰਧਾਨ ਨੇ ਹਾਲਾਂਕਿ ਕਿਹਾ ਕਿ ਉਹ ਆਪਣੇ ਇਸ ਦਾਅਵੇ ਦੀ ਪੁਸ਼ਟੀ ਲਈ ਕੋਈ ਸਬੂਤ ਨਹੀਂ ਦੇ ਸਕਦੇ। ਉਧਰ, ਪ੍ਰਧਾਨ ਮੰਤਰੀ ਦਫਤਰ (ਪੀ.ਐਮ.ਓ.) ਨੇ ਵੀ ਰਾਹੁਲ ਦੇ ਇਨ੍ਹਾਂ ਦਾਅਵਿਆਂ ਦਾ ਫੌਰੀ ਕੋਈ ਜਵਾਬ ਨਹੀਂ ਦਿੱਤਾ ਹੈ।

ਭਾਰਤੀ ਹਵਾਈ ਸੈਨਾ ਨੇ ਸਾਲ 2019 ਵਿਚ ਬੇਹਦ ਗੁਪਤ ਅਪਰੇਸ਼ਨ ਤਹਿਤ ਪਾਕਿਸਤਾਨ ਦੇ ਬਾਲਾਕੋਟ ਵਿਚ ਹਵਾਈ ਹਮਲੇ ਕੀਤੇ ਸਨ। ਤਾਮਿਲ ਨਾਡੂ ਵਿਚ ਚੋਣ ਕੰਪੇਨ ਦੌਰਾਨ ਇਕ ਰੋਡ ਸ਼ੋਅ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਿਹਾ ਕਿ ਬਾਲਾਕੋਟ ਹਵਾਈ ਹਮਲਿਆਂ ਬਾਰੇ ਸਿਰਫ ਪੰਜ ਲੋਕਾਂ ਨੂੰ ਅਗਾਊਂ ਪਤਾ ਸੀ, ਜਿਨ੍ਹਾਂ 'ਚ ਪ੍ਰਧਾਨ ਮੰਤਰੀ ਤੇ ਰੱਖਿਆ ਮੰਤਰੀ ਵੀ ਸ਼ੁਮਾਰ ਸਨ।

ਰਾਹੁਲ ਗਾਂਧੀ ਨੇ ਦਾਅਵਾ ਕੀਤਾ, 'ਜੇ ਪ੍ਰਧਾਨ ਮੰਤਰੀ ਨੇ ਇਹ ਸਭ ਕੁਝ ਨਹੀਂ ਕੀਤਾ, ਤਾਂ ਉਹ ਇਸ ਦੀ ਜਾਂਚ ਦੇ ਹੁਕਮ ਕਿਉਂ ਨਹੀਂ ਦਿੰਦੇ। ਇਸ ਬਾਰੇ ਸੋਚਿਆ ਜਾਵੇ। ਇਸ ਦਾ ਇਕੋ ਇਕ ਕਾਰਨ ਹੈ ਕਿ ਪ੍ਰਧਾਨ ਮੰਤਰੀ ਹੀ ਉਹ ਸਖਸ ਹਨ, ਜਿਨ੍ਹਾਂ ਰਾਹੀਂ ਇਹ ਜਾਣਕਾਰੀ ਪੱਤਰਕਾਰ ਤੱਕ ਪੁੱਜੀ ਸੀ।



KULJEET (KJ) SINGH
Managing Broker Realtor
GAYA Realty
Interested in:
■Buying ■Selling
■Investing ■Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ



Kuljeet Singh
Over 20 Years of Experience
Contact Information:
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs
Looking for new agents.



Low Interest Rates in History
No Cost Refinancing Available!



Madan Khatri
NMLS # 1980752
Call Madan Khatri
Ph: 847-530-1550
Madan@MoonstarMortgage.com
An Illinois Mortgage Loan Licensee
Who Can Work With You From Beginning to End!
Call Now For Quote.
Moonstar Mortgage Inc.
NMLS # 217352
Ph: 1-847-278-7220
MOONSTAR Mortgage
Licensed in IL, CA, NJ, IN, and MA
953 Plum Grove Road, Unit B, Schaumburg, IL 60173



ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568



Gurdip Singh Sandhu
Email: Homeomedicine@yahoo.com

# ਕੇਂਦਰ ਵੱਲੋਂ ਪੰਜਾਬ ਨੂੰ ਝਟਕਾ, ਦਿਹਾਤੀ ਵਿਕਾਸ ਫੰਡ 'ਤੇ ਕੱਟ ਲਾਇਆ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਦਿਹਾਤੀ ਵਿਕਾਸ ਫੰਡ ਵਿਚ ਦੋ ਫੀਸਦ ਦੀ ਕਟੌਤੀ ਕਰ ਦਿੱਤੀ ਹੈ ਜਿਸ ਖਿਲਾਫ ਪੰਜਾਬ ਸਰਕਾਰ ਮੈਦਾਨ ਵਿਚ ਉਤਰੇਗੀ। ਕੇਂਦਰ ਸਰਕਾਰ ਨੇ ਪਹਿਲਾਂ ਤਾਂ ਪੰਜਾਬ ਦੇ ਦਿਹਾਤੀ ਵਿਕਾਸ ਫੰਡ ਦੇ 1200 ਕਰੋੜ ਰੁਪਏ ਰੋਕ ਕੇ ਰੱਖੇ ਹੋਏ ਸਨ ਪਰ ਹੁਣ ਕੇਂਦਰੀ ਖੁਰਾਕ ਮੰਤਰਾਲੇ ਨੇ ਪੱਤਰ ਜਾਰੀ ਕਰਕੇ ਦਿਹਾਤੀ ਵਿਕਾਸ ਫੰਡ ਤਿੰਨ ਫੀਸਦ ਤੋਂ ਘਟਾ ਕੇ ਇਕ ਫੀਸਦ ਕਰ ਦਿੱਤਾ ਹੈ। ਪੰਜਾਬ ਦੇ ਪੇਂਡੂ ਵਿਕਾਸ ਲਈ ਇਹ ਵੱਡਾ ਝਟਕਾ ਹੈ ਅਤੇ ਸੰਘੀ ਢਾਂਚੇ 'ਤੇ ਵੀ ਹੱਲਾ ਹੈ।



ਦੱਸਣਯੋਗ ਹੈ ਕਿ ਦਿਹਾਤੀ ਵਿਕਾਸ ਬੋਰਡ ਨੇ ਪੰਜਾਬ ਸਰਕਾਰ ਦੀ ਗਾਰੰਟੀ 'ਤੇ 4500 ਕਰੋੜ ਦਾ ਕਰਜ਼ਾ ਚੁੱਕਿਆ ਹੋਇਆ ਹੈ ਅਤੇ ਦਿਹਾਤੀ ਵਿਕਾਸ ਫੰਡਾਂ 'ਚੋਂ ਹੀ ਕਰਜ਼ ਦੀਆਂ ਕਿਸ਼ਤਾਂ ਵਾਪਸ ਕਰਨੀਆਂ ਹਨ ਜਿਸ 'ਚ ਹੁਣ ਮੁਸ਼ਕਲ ਬਣੇਗੀ। ਕਿਸਾਨ ਅੰਦੋਲਨ ਦੌਰਾਨ ਕੇਂਦਰ ਸਰਕਾਰ ਵੱਲੋਂ ਇਹ ਫੈਸਲਾ ਲਿਆ ਜਾਣਾ ਪੰਜਾਬ ਨਾਲ ਵਿਤਕਰਾ ਜਾਪਦਾ ਹੈ। ਪੰਜਾਬ ਸਰਕਾਰ ਹੁਣ ਆਪਣਾ ਵਿਰੋਧ ਦਰਜ ਕਰਾਏਗੀ। ਕੇਂਦਰ ਸਰਕਾਰ ਨੇ ਦਿਹਾਤੀ ਵਿਕਾਸ ਫੰਡ ਦੇ ਕਰੀਬ 400 ਕਰੋੜ ਰੁਪਏ ਹੀ ਜਾਰੀ ਕੀਤੇ ਹਨ।

ਕੇਂਦਰ ਸਰਕਾਰ ਨੇ ਪੱਤਰ ਜ਼ਰੀਏ ਪੰਜਾਬ ਸਰਕਾਰ ਤੋਂ ਦਿਹਾਤੀ ਵਿਕਾਸ ਫੰਡ ਦੀ ਵਰਤੋਂ ਬਾਰੇ ਸੂਚਨਾ ਵੀ ਮੰਗੀ ਹੈ ਕਿ 24 ਫਰਵਰੀ 2020 ਦੇ ਸੋਧੇ ਨਿਯਮਾਂ ਮਗਰੋਂ ਦਿਹਾਤੀ ਵਿਕਾਸ ਫੰਡ ਦਾ ਕਿੰਨੇ ਫੀਸਦ ਪੈਸਾ ਅਤੇ ਕਿਵੇਂ ਖਰੀਦ ਕੇਂਦਰਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਵਰਤਿਆ ਗਿਆ ਹੈ। ਕੇਂਦਰੀ ਮੰਤਰਾਲੇ ਨੇ ਕਿਹਾ ਕਿ ਇਸ ਹਿਸਾਬ-ਕਿਤਾਬ ਮਗਰੋਂ ਹੀ ਦਿਹਾਤੀ ਵਿਕਾਸ ਫੰਡ ਦੀ ਬਕਾਇਆ ਰਾਸ਼ੀ ਬਾਰੇ ਫੈਸਲਾ ਲਿਆ ਜਾਵੇਗਾ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਜਿਣਸ 'ਤੇ ਤਿੰਨ ਫੀਸਦੀ ਮਾਰਕੀਟ ਫੀਸ ਅਤੇ ਤਿੰਨ ਫੀਸਦੀ ਹੀ ਦਿਹਾਤੀ ਵਿਕਾਸ ਫੰਡ ਵਸੂਲ ਕੀਤਾ ਜਾਂਦਾ ਹੈ।

ਵੇਰਵਿਆਂ ਅਨੁਸਾਰ ਸੂਬੇ ਵਿਚ ਹਰ ਵਰ੍ਹੇ ਝੋਨੇ ਦੀ ਫਸਲ ਤੋਂ 1000 ਕਰੋੜ ਰੁਪਏ ਅਤੇ ਕਣਕ ਤੋਂ 750 ਕਰੋੜ ਰੁਪਏ ਦਿਹਾਤੀ ਵਿਕਾਸ ਫੰਡ ਵਜੋਂ ਪ੍ਰਾਪਤ ਹੁੰਦੇ ਹਨ। ਪੰਜਾਬ ਦਿਹਾਤੀ ਵਿਕਾਸ ਐਕਟ 1987 ਅਨੁਸਾਰ ਦਿਹਾਤੀ ਵਿਕਾਸ ਫੰਡ ਪੈਦਾਵਾਰ ਵਿਚ ਵਾਧੇ, ਕੁਦਰਤੀ ਆਫਤਾਂ ਨਾਲ ਹੋਈ ਫਸਲੀ ਨੁਕਸਾਨ ਦੇ ਮੁਆਵਜ਼ੇ, ਜਿਣਸਾਂ ਦੇ ਭੰਡਾਰਨ, ਕਿਸਾਨਾਂ ਅਤੇ ਡੀਲਰਾਂ ਲਈ ਰੈਸਟ ਹਾਊਸ ਬਣਾਉਣ, ਦਿਹਾਤੀ ਸੜਕਾਂ ਦੀ ਉਸਾਰੀ, ਪੇਂਡੂ ਮੈਡੀਕਲ ਅਤੇ ਵੈਟਰਨਰੀ ਡਿਸਪੈਂਸਰੀਆਂ, ਸਫਾਈ ਤੇ ਪੀਣ ਵਾਲੇ ਪਾਣੀ, ਖੇਤੀ ਮਜ਼ਦੂਰਾਂ ਦੀ ਭਲਾਈ ਅਤੇ ਦਿਹਾਤੀ ਬਿਜਲੀਕਰਨ ਲਈ ਵਰਤਿਆ ਜਾ ਸਕਦਾ ਹੈ।

ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਇਹ ਪੈਂਤੜਾ ਪੰਜਾਬ ਨੂੰ ਜਾਣਬੁਝ ਕੇ ਖਰਾਬ ਕਰਨਾ ਵਾਲਾ ਹੈ। ਉਹ ਪਹਿਲਾਂ ਹੀ ਪੁਰਾਣੇ ਦਿਹਾਤੀ ਵਿਕਾਸ ਫੰਡ ਦਾ ਹਿਸਾਬ-ਕਿਤਾਬ ਦੇ ਚੁੱਕੇ ਹਨ। ਕੇਂਦਰ ਨੇ 1200 ਕਰੋੜ ਦੀ ਥਾਂ ਸਿਰਫ 400 ਕਰੋੜ ਰੁਪਏ ਰਿਲੀਜ਼ ਕੀਤੇ ਹਨ। ਉਨ੍ਹਾਂ ਕਿਹਾ ਕਿ ਉਹ ਕੇਂਦਰ ਸਰਕਾਰ ਖਿਲਾਫ ਇਸ ਮਸਲੇ 'ਤੇ ਲੜਾਈ ਲੜਨਗੇ।

## ਬਜਟ ਸੈਸ਼ਨ 'ਚ ਮਾਮਲਾ ਉਠਾਵਾਂਗੇ: ਬਾਜਵਾ

**ਚੰਡੀਗੜ੍ਹ:** ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦਿਹਾਤੀ ਵਿਕਾਸ ਫੰਡ 'ਤੇ ਕੱਟ ਲਾ ਕੇ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰੇ ਦੇ ਮਾਮਲੇ ਨੂੰ ਉਹ ਬਜਟ ਸੈਸ਼ਨ ਵਿਚ ਉਠਾਉਣਗੇ। ਉਨ੍ਹਾਂ ਕਿਹਾ ਕਿ ਕਿਸਾਨ ਘੋਲ ਦਾ ਬਦਲਾ ਪੰਜਾਬ ਤੋਂ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਅਨਾਜ ਪੈਦਾਵਾਰ ਵਿਚ ਵੱਡਾ ਯੋਗਦਾਨ ਪਾਉਣ ਦੇ ਨਾਲ ਨਾਲ ਪਹਿਲਾਂ ਆਜ਼ਾਦੀ ਦੀ ਲੜਾਈ ਵਿਚ ਵੀ ਕੁਰਬਾਨੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਹੱਲਾਸ਼ੇਰੀ ਦੇਣ ਦੀ ਥਾਂ ਸੂਬੇ ਨੂੰ ਲਗਾਤਾਰ ਨਿਸ਼ਾਨਾ ਬਣਾ ਰਿਹਾ ਹੈ।

## ਕਾਨੂੰਨੀ ਚਾਰਾਜੋਈ ਤੋਂ ਬਿਨਾਂ ਕੋਈ ਚਾਰਾ ਨਹੀਂ: ਮਨਪ੍ਰੀਤ




**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰੀ ਵਿਤਕਰੇ ਦੀ ਗੱਲ ਕਰਦਿਆਂ ਕਿਹਾ ਕਿ ਸੂਬੇ ਨੂੰ ਕਿਸਾਨ ਅੰਦੋਲਨ ਦੀ ਕੀਮਤ ਤਾਰਨੀ ਪੈ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਤਰਫੋਂ ਪੰਜਾਬ ਨੂੰ ਜਾਣ ਬੁੱਝ ਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਖਜ਼ਾਨਾ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਦੇ ਹਿੱਤਾਂ ਦੇ ਉਲਟ ਜਾ ਕੇ ਤਿੰਨ ਖੇਤੀ ਕਾਨੂੰਨ ਬਣਾਏ ਹਨ ਜਿਨ੍ਹਾਂ ਦੀ ਵਾਪਸੀ ਲਈ ਕਿਸਾਨ ਹੁਣ ਅੰਦੋਲਨ ਵਿਚ ਕੁੱਦੇ ਹੋਏ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਇਸੇ ਕਰਕੇ ਪੰਜਾਬ ਦਾ ਦਿਹਾਤੀ ਵਿਕਾਸ ਫੰਡ ਰੋਕ ਲਿਆ ਹੈ ਅਤੇ ਦੋ ਫੀਸਦੀ ਕੱਟ ਲਗਾਏ ਜਾਣ ਨਾਲ ਸੂਬੇ ਨੂੰ ਕਰੀਬ 800 ਕਰੋੜ ਰੁਪਏ ਦੀ ਮਾਰ ਝੱਲਣੀ ਪਵੇਗੀ।

## ਕਿਸਾਨ ਅੰਦੋਲਨ ਦਾ ਬਦਲਾ ਲੈ ਰਿਹਾ ਹੈ ਕੇਂਦਰ: ਮਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ, ਪੰਜਾਬ ਸਰਕਾਰ ਦੇ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਵਿਚ ਜਾਣਬੁਝ ਕੇ 2 ਫੀਸਦ ਕਟੌਤੀ ਕਰਕੇ ਪੰਜਾਬ ਦੇ ਲੋਕਾਂ ਤੋਂ ਕਿਸਾਨ ਅੰਦੋਲਨ ਦਾ ਬਦਲਾ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਇਸ ਫੈਸਲੇ ਨਾਲ ਪੰਜਾਬ ਸਰਕਾਰ ਦੇ ਮਾਲੀਆ ਵਿਚ ਲਗਭਗ 800 ਕਰੋੜ ਰੁਪਏ ਦੀ ਕਮੀ ਆਵੇਗੀ ਅਤੇ ਪੇਂਡੂ ਖੇਤਰ ਵਿਚ ਹੋਣ ਵਾਲੇ ਵਿਕਾਸ ਦੇ ਕੰਮਾਂ ਵਿਚ ਰੁਕਾਵਟਾਂ ਪੈਦਾ ਹੋਣਗੀਆਂ।

# 'ਆਪ' ਵੱਲੋਂ ਕਾਨੂੰਨੀ ਸੈੱਲ ਤੇ ਐਸ.ਸੀ. ਵਿੰਗ ਦੇ ਅਹੁਦੇਦਾਰਾਂ ਦਾ ਐਲਾਨ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਵੱਲੋਂ ਪੰਜਾਬ ਦੇ ਕਾਨੂੰਨੀ ਸੈਲ ਅਤੇ ਐਸ.ਸੀ. ਵਿੰਗ ਦੇ ਅਹੁਦੇਦਾਰਾਂ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਦੇ ਇੰਚਾਰਜ ਤੇ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਅਤੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਦੱਸਿਆ ਕਿ ਜਸਟਿਸ ਜੋਰਾ ਸਿੰਘ (ਰਿਟਾ.) ਨੂੰ ਸੂਬੇ ਦੇ ਲੀਗਲ ਸੈੱਲ ਦਾ ਪ੍ਰਧਾਨ ਅਤੇ ਐਡਵੋਕੇਟ ਕਸ਼ਮੀਰ ਸਿੰਘ ਮੱਲ੍ਹੀ ਨੂੰ ਸੂਬਾ ਸਕੱਤਰ ਨਿਯੁਕਤ ਕੀਤਾ ਗਿਆ ਹੈ।




ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਐਸ.ਸੀ. ਵਿੰਗ ਦੇ ਪ੍ਰਧਾਨ ਅਤੇ ਮੀਤ ਪ੍ਰਧਾਨ ਵੀ ਨਿਯੁਕਤ ਕੀਤੇ ਗਏ ਹਨ। ਇਨ੍ਹਾਂ 'ਚ ਲਾਲ ਚੰਦ ਕਟਾਰੂਚੱਕ ਨੂੰ ਪ੍ਰਧਾਨ ਅਤੇ ਜੀਵਨ ਸਿੰਘ ਸੰਗੋਵਾਲ ਨੂੰ ਮੀਤ ਪ੍ਰਧਾਨ ਲਗਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਕਾਨੂੰਨੀ ਸੈਲ ਅਤੇ ਐਸ.ਸੀ. ਵਿੰਗ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਪਾਰਟੀ ਵਲੋਂ ਇਹ ਨਿਯੁਕਤੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਦਲਿਤ ਭਾਈਚਾਰੇ ਨੂੰ ਲਾਮਬੰਦ ਕਰਨ ਲਈ ਲਾਲ ਚੰਦ ਕਟਾਰੂਚੱਕ ਨੂੰ ਪ੍ਰਧਾਨ ਅਤੇ ਜੀਵਨ ਸਿੰਘ ਸੰਘੋਵਾਲ ਨੂੰ ਮੀਤ ਪ੍ਰਧਾਨ ਲਗਾਇਆ ਗਿਆ ਹੈ। ਇਸ ਤੋਂ ਇਲਾਵਾ ਪਾਰਟੀ ਵਲੋਂ ਲੰਬੇ ਸਮੇਂ ਤੋਂ ਪਾਰਟੀ ਲਈ ਕਾਰਜ ਕਰ ਰਹੇ ਬਰਿੰਦਰ ਸ਼ਰਮਾ ਨੂੰ ਸੂਬਾ ਈਵੈਂਟ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਪਾਰਟੀ ਵਲੋਂ ਸਾਰੇ ਵਿਧਾਨ ਸਭਾ ਖੇਤਰਾਂ ਵਿਚ 450 ਬਲਾਕ ਦੇ ਕਮਿਊਨੀਕੇਸ਼ਨ ਇੰਚਾਰਜ ਵੀ ਨਿਯੁਕਤ ਕੀਤੇ ਗਏ ਹਨ।

# ਹਰਿਆਣਾ-ਪੰਜਾਬ ਨਿਵੇਕਲੇ ਕਦਮ ਚੁੱਕਣ ਵਾਲੇ ਸੂਬੇ ਬਣੇ

**ਨਵੀਂ ਦਿੱਲੀ:** ਹਰਿਆਣਾ ਤੇ ਪੰਜਾਬ ਨੂੰ ਨਿਵੇਕਲੇ ਕਦਮ ਚੁੱਕਣ ਵਾਲੇ ਪਹਿਲੇ 10 ਸੂਬਿਆਂ 'ਚ ਸਥਾਨ ਮਿਲਿਆ ਹੈ। ਨੀਤੀ ਆਯੋਗ ਦੇ 'ਇੰਡੀਆ ਇਨੋਵੇਸ਼ਨ ਇੰਡੈਕਸ 2020' 'ਚ ਪਹਿਲਾ ਸਥਾਨ ਕਰਨਾਟਕ ਨੂੰ ਮਿਲਿਆ ਹੈ। ਨੀਤੀ ਆਯੋਗ ਦੇ ਉਪ ਚੇਅਰਮੈਨ ਰਾਜੀਵ ਕੁਮਾਰ, ਮੈਂਬਰਾਂ ਵੀ ਕੇ ਪੌਲ (ਸਿਹਤ), ਰਮੇਸ਼ ਚੰਦ (ਖੇਤੀ) ਅਤੇ ਸੀ.ਈ.ਓ. ਅਮਿਤਾਭ ਕਾਂਤ ਦੀ ਹਾਜ਼ਰੀ 'ਚ ਇੰਡੈਕਸ ਰਿਲੀਜ਼ ਕੀਤਾ ਗਿਆ। ਇੰਡੈਕਸ 'ਚ ਹਰਿਆਣਾ 6ਵੇਂ ਅਤੇ ਪੰਜਾਬ 10ਵੇਂ ਨੰਬਰ 'ਤੇ ਰਿਹਾ ਹੈ।




ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚੋਂ ਦਿੱਲੀ ਤੋਂ ਬਾਅਦ ਦੂਜੇ ਨੰਬਰ 'ਤੇ ਚੰਡੀਗੜ੍ਹ ਆਇਆ ਹੈ। ਪਹਾੜੀ ਅਤੇ ਉਤਰ-ਪੂਰਬੀ ਸੂਬਿਆਂ 'ਚੋਂ ਹਿਮਾਚਲ ਪ੍ਰਦੇਸ਼ ਮੋਹਰੀ ਰਿਹਾ ਹੈ। ਇਹ ਇੰਡੈਕਸ ਪਿਛਲੇ ਸਾਲ ਸ਼ੁਰੂ ਕੀਤਾ ਗਿਆ ਸੀ ਅਤੇ ਨਵੇਂ ਕਾਰੋਬਾਰਾਂ ਨੂੰ ਰਜਿਸਟਰ ਕਰਨ ਲਈ ਸੁਖਾਵਾਂ ਮਾਹੌਲ ਦੇਣ, ਪੇਟੈਂਟਾਂ ਲਈ ਅਰਜ਼ੀਆਂ ਦੇਣ, ਮਨੁੱਖੀ ਯੋਗਦਾਨ ਅਤੇ ਨਿਵੇਸ਼ ਆਦਿ ਜਿਹੇ ਕਦਮਾਂ ਰਾਹੀਂ ਸੂਬਿਆਂ ਦੀ ਰੈਂਕਿੰਗ ਤੈਅ ਕੀਤੀ ਜਾਂਦੀ ਹੈ। ਇੰਡੈਕਸ 'ਚ ਮਹਾਰਾਸ਼ਟਰ ਨੇ ਤਾਮਿਲਨਾਡੂ ਨੂੰ ਪਿੱਛੇ ਛੱਡ ਕੇ ਦੂਜੀ ਥਾਂ ਮੱਲ ਲਈ ਹੈ। ਤਿਲੰਗਾਨਾ ਨੂੰ ਚੌਥਾ ਅਤੇ ਕੇਰਲਾ ਨੂੰ ਪੰਜਵਾਂ ਸਥਾਨ ਮਿਲਿਆ ਹੈ ਜਦਕਿ 17 ਵੱਡੇ ਸੂਬਿਆਂ ਦੀ ਸੂਚੀ 'ਚੋਂ ਬਿਹਾਰ ਫਾਡੀ ਰਿਹਾ ਹੈ। ਪਹਾੜੀ ਅਤੇ ਉਤਰ-ਪੂਰਬੀ ਸੂਬਿਆਂ 'ਚੋਂ ਉਤਰਾਖੰਡ ਨੂੰ ਦੂਜਾ, ਮਨੀਪੁਰ ਨੂੰ ਤੀਜਾ ਅਤੇ ਸਿੱਕਿਮ ਨੂੰ ਚੌਥਾ ਸਥਾਨ ਮਿਲਿਆ ਹੈ।

ਮੁਕਾਬਲੇਬਾਜ਼ੀ ਬਾਰੇ ਇੰਸਟੀਚਿਊਟ ਦੇ ਚੇਅਰਮੈਨ ਅਮਿਤ ਕਪੂਰ ਨੇ ਕਿਹਾ ਕਿ ਇਨੋਵੇਸ਼ਨ ਅਤੇ ਵਿਕਾਸ 'ਚ ਨੇੜਲਾ ਸਬੰਧ ਹੈ। 'ਜਿਵੇਂ ਹੀ ਸੂਬੇ ਨਿਵੇਕਲੇ ਕਦਮ ਉਠਾਉਂਦੇ ਹਨ, ਉਨ੍ਹਾਂ ਦੀ ਪ੍ਰਤੀ ਵਿਅਕਤੀ ਜੀ.ਡੀ.ਪੀ. ਵੱਧ ਜਾਂਦੀ ਹੈ।' ਨੀਤੀ ਆਯੋਗ ਦੇ ਸੀ.ਈ.ਓ. ਅਮਿਤਾਭ ਕਾਂਤ ਨੇ ਕਿਹਾ ਕਿ ਇਨੋਵੇਸ਼ਨ 'ਤੇ ਜ਼ੋਰ ਦੇਣ ਨਾਲ ਮੁਲਕ ਮੈਨੂਫੈਕਚਰਿੰਗ ਅਤੇ ਬਰਾਮਦ ਮੁਕਾਬਲੇਬਾਜ਼ੀ 'ਚ ਵਾਧਾ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਸਾਰੇ ਸੂਬਿਆਂ ਦੀਆਂ ਵਿਗਿਆਨ ਅਤੇ ਤਕਨਾਲੋਜੀ ਟੀਮਾਂ ਦੇ ਨਾਲ ਨਾਲ ਸਨਅਤੀ ਤੇ ਮੈਨੂਫੈਕਚਰਿੰਗ ਟੀਮਾਂ ਨਾਲ ਰਲ ਕੇ ਕੰਮ ਕਰਨਾ ਜਾਰੀ ਰੱਖਣਗੇ।

# ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਭਲਾਈ ਸਕੀਮਾਂ ਦੀ ਲਿਆਂਦੀ 'ਹਨੇਰੀ'

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਕਿਰਤੀ ਕਾਮਿਆਂ ਦੀਆਂ ਲੜਕੀਆਂ ਦੇ ਵਿਆਹ ਮੌਕੇ ਦਿੱਤੀ ਜਾਂਦੀ ਸ਼ਗਨ ਦੀ ਰਾਸ਼ੀ ਇਸ ਸਾਲ ਪਹਿਲੀ ਅਪਰੈਲ ਤੋਂ 31 ਹਜ਼ਾਰ ਰੁਪਏ ਤੋਂ ਵਧਾ ਕੇ 51 ਹਜ਼ਾਰ ਰੁਪਏ ਕਰਨ ਦਾ ਐਲਾਨ ਕੀਤਾ ਹੈ। ਇਸ ਦੇ ਨਾਲ ਹੀ ਕਰੋਨਾ ਪਾਜ਼ੀਟਿਵ ਪਾਏ ਜਾਂਦੇ ਕਿਰਤੀਆਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ 1,500 ਰੁਪਏ ਦੀ ਵਿੱਤੀ ਸਹਾਇਤਾ ਦੇਣ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ।



ਇਹ ਫੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਇਮਾਰਤ ਅਤੇ ਹੋਰ ਉਸਾਰੀ ਕਾਮੇ ਭਲਾਈ ਬੋਰਡ (ਬੀ.ਓ.ਸੀ.ਡਬਲਿਊ.) ਦੀ ਵੀਡਿਓ ਕਾਨਫਰੰਸ ਰਾਹੀਂ ਹੋਈ ਮੀਟਿੰਗ ਵਿਚ ਲਿਆ ਗਿਆ। ਮੁੱਖ ਮੰਤਰੀ ਨੇ ਮੌਜੂਦਾ ਸ਼ਰਤਾਂ ਵਿਚ ਕਿਸੇ ਵੀ ਧਾਰਮਿਕ ਸੰਸਥਾ ਗੁਰਦੁਆਰਾ, ਮੰਦਿਰ ਤੇ ਚਰਚ ਵੱਲੋਂ ਜਾਰੀ ਕੀਤੇ ਮੈਰਿਜ ਸਰਟੀਫਿਕੇਟ ਨੂੰ ਇਸ ਮੰਤਵ ਕਰਨ ਲਈ ਸਵੀਕਾਰ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਸਕੀਮ ਤਹਿਤ 50 ਫੀਸਦੀ ਰਾਸ਼ੀ ਐਡਵਾਂਸ 'ਚ ਲਈ ਜਾ ਸਕਦੀ ਹੈ ਜਦਕਿ ਬਾਕੀ ਰਾਸ਼ੀ ਸੋਧੇ ਨਿਯਮਾਂ ਤਹਿਤ ਸਬੰਧਤ ਅਥਾਰਟੀ ਵੱਲੋਂ ਜਾਰੀ 'ਮੈਰਿਜ ਸਰਟੀਫਿਕੇਟ' ਜਮ੍ਹਾਂ ਕਰਵਾਉਣ ਮਗਰੋਂ ਜਾਰੀ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਉਸਾਰੀ ਗਤੀਵਿਧੀਆਂ ਦੌਰਾਨ ਕੰਮ ਕਰਦਿਆਂ ਹਾਦਸੇ 'ਚ ਕਿਰਤੀ ਦੀ ਮੌਤ ਹੋਣ ਦੀ ਸੂਰਤ 'ਚ 2 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਜਾਵੇਗਾ, ਭਾਵੇਂ ਉਹ ਉਸਾਰੀ ਬੋਰਡ ਨਾਲ ਰਜਿਸਟਰਡ ਹੋਵੇ ਜਾਂ ਨਾ, ਪਰ ਉਹ ਉਸਾਰੀ ਕਿਰਤੀ ਵਜੋਂ ਰਜਿਸਟਰਡ ਹੋਣ ਦੇ ਯੋਗ ਹੋਵੇ। ਉਨ੍ਹਾਂ ਨੇ ਵੱਖ-ਵੱਖ ਭਲਾਈ ਸਕੀਮਾਂ ਤਹਿਤ ਲਾਭ ਲੈਣ ਲਈ ਬਿਨੈ ਪੱਤਰ ਜਮ੍ਹਾਂ ਕਰਵਾਉਣ ਦੀ ਸਮਾਂ ਸੀਮਾ ਵਧਾਉਣ ਦਾ ਵੀ ਫੈਸਲਾ ਕੀਤਾ। ਮੌਜੂਦਾ ਸਮੇਂ ਇਹ ਸੀਮਾ ਛੇ ਮਹੀਨੇ ਦੀ ਸੀ ਜਿਸ ਨੂੰ ਵਧਾ ਕੇ ਇਕ ਸਾਲ ਕਰਨ ਦਾ ਫੈਸਲਾ ਕੀਤਾ ਗਿਆ ਕਿਉਂਕਿ ਕਈ ਕਾਮੇ ਕੋਵਿਡ-19 ਮਹਾਮਾਰੀ ਕਾਰਨ ਬਿਨੈ ਪੱਤਰ ਨਹੀਂ ਦੇ ਸਕੇ। ਇਸ ਤੋਂ ਇਲਾਵਾ ਸਕਰੀਨਿੰਗ ਕਮੇਟੀ ਵੱਲੋਂ ਪੈਨਸ਼ਨ ਬਿਨੈ ਪੱਤਰ ਰੱਦ ਕਰਨ ਦੀ ਸੂਰਤ ਵਿਚ ਉਸਾਰੀ ਕਿਰਤੀਆਂ ਵੱਲੋਂ ਸਕੱਤਰ ਬੋਰਡ ਕੋਲ ਅਪੀਲ ਕਰਨ ਦਾ ਸਮਾਂ ਵੀ 90 ਦਿਨ ਤੋਂ ਵਧਾ ਕੇ 120 ਦਿਨ ਕਰ ਦਿੱਤਾ ਗਿਆ। ਬਾਲੜੀ (ਲੜਕੀ) ਜਨਮ ਤੋਹਫਾ ਸਕੀਮ ਤਹਿਤ ਬੋਰਡ ਨੇ ਬਿਨੈ ਪੱਤਰ ਜਮ੍ਹਾਂ ਕਰਵਾਉਣ ਦੀ ਸਮਾਂ ਸੀਮਾ (ਲੜਕੀ ਦੇ ਜਨਮ ਦੀ ਤਰੀਕ ਤੋਂ) ਛੇ ਮਹੀਨੇ ਤੋਂ ਵਧਾ ਕੇ ਇੱਕ ਸਾਲ ਕਰਨ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਦੀ ਪ੍ਰਧਾਨਗੀ ਵਿਚ ਹੋਈ ਮੀਟਿੰਗ ਵਿਚ ਬੋਰਡ ਨੇ ਫਰਮਾਸਿਊਟੀਕਲ/ਪੈਰਾ ਮੈਡੀਕਲ ਦੀ ਪੜ੍ਹਾਈ ਵਿਚ ਡਿਗਰੀ/ਪੋਸਟ ਗ੍ਰੈਜੂਏਟ ਡਿਗਰੀ ਕੋਰਸ ਕਰਨ ਵਾਲੇ ਲੜਕਿਆਂ ਦਾ ਸਾਲਾਨਾ ਵਜ਼ੀਫਾ 25,000 ਤੋਂ ਵਧਾ ਕੇ 35,000 ਰੁਪਏ ਅਤੇ ਲੜਕੀਆਂ ਦਾ ਵਜ਼ੀਫਾ 30,000 ਤੋਂ ਵਧਾ ਕੇ 40,000 ਰੁਪਏ ਕਰਨ ਦਾ ਐਲਾਨ ਕੀਤਾ। ਇਸੇ ਤਰ੍ਹਾਂ ਫਰਮਾਸਿਊਟੀਕਲ/ਪੈਰਾ ਮੈਡੀਕਲ ਦੀ ਪੜ੍ਹਾਈ 'ਚ ਡਿਗਰੀ/ਪੋਸਟਗਰੈਜੂਏਟ ਡਿਗਰੀ ਕੋਰਸ ਕਰਨ ਵਾਲੇ ਲੜਕਿਆਂ ਦੇ ਹੋਸਟਲ ਦਾ ਵਜ਼ੀਫਾ 40,000 ਤੋਂ ਵਧਾ ਕੇ 50,000 ਰੁਪਏ ਅਤੇ ਲੜਕੀਆਂ ਦਾ ਵਜ਼ੀਫਾ 45,000 ਤੋਂ ਵਧਾ ਕੇ 55,000 ਰੁਪਏ ਕਰ ਦਿੱਤਾ ਗਿਆ ਹੈ। ਮੈਡੀਕਲ ਅਤੇ ਇੰਜੀਨੀਅਰਿੰਗ ਕਰਦੇ ਵਿਦਿਆਰਥੀਆਂ (ਲੜਕਿਆਂ) ਦਾ ਸਾਲਾਨਾ ਵਜ਼ੀਫਾ 40,000 ਤੋਂ 50,000 ਰੁਪਏ ਅਤੇ ਲੜਕੀਆਂ ਦਾ ਵਜ਼ੀਫਾ 50,000 ਤੋਂ 60,000 ਰੁਪਏ ਜਦਕਿ ਹੋਸਟਲ ਵਜ਼ੀਫਾ ਕ੍ਰਮਵਾਰ 70,000 ਅਤੇ 80,000 ਰੁਪਏ ਕਰ ਦਿੱਤਾ ਗਿਆ ਹੈ।

## ਪ੍ਰੋਜੈਕਟਾਂ ਨੂੰ ਜਨਤਕ ਨਿੱਜੀ ਭਾਈਵਾਲੀ ਲਈ ਹਰੀ ਝੰਡੀ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜਨਤਕ ਨਿੱਜੀ ਭਾਈਵਾਲੀ (ਪੀ.ਪੀ.ਪੀ.) ਦੇ ਆਧਾਰ 'ਤੇ ਚਲਾਏ ਜਾਣ ਵਾਲੇ ਵਿਰਾਸਤੀ ਪ੍ਰੋਜੈਕਟਾਂ ਅਤੇ ਯਾਦਗਾਰਾਂ ਦੀ ਸਾਂਭ-ਸੰਭਾਲ ਲਈ ਹਰੀ ਝੰਡੀ ਦੇ ਦਿੱਤੀ ਹੈ। ਇਸ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ, ਚੱਪੜ ਚਿੜੀ ਨੂੰ ਕਾਰਜਸ਼ੀਲ ਬਣਾਉਣ ਅਤੇ ਸਾਂਭ-ਸੰਭਾਲ ਦੇ ਪੀ.ਪੀ.ਪੀ. ਪ੍ਰੋਜੈਕਟ ਮੁੱਖ ਮੰਤਰੀ ਵੱਲੋਂ ਸ਼ੁਰੂ ਕੀਤੇ ਜਾਣਗੇ, ਜਿਨ੍ਹਾਂ 'ਤੇ 15 ਸਾਲ ਦੇ ਰਿਆਇਤੀ ਸਮੇਂ ਦੇ ਨਾਲ 2.54 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਆਵੇਗੀ। ਮੁੱਖ ਮੰਤਰੀ ਨੇ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ (ਪੀ.ਆਈ.ਡੀ.ਬੀ.) ਦੀ ਮੀਟਿੰਗ ਵਿਚ ਬੋਰਡ ਨੂੰ ਸੂਬੇ ਦੇ ਸਾਰੇ ਵਿਕਾਸ ਕੰਮਾਂ 'ਚ ਤੇਜ਼ੀ ਲਿਆਉਣ ਦੇ ਆਦੇਸ਼ ਦਿੱਤੇ ਹਨ। ਮੀਟਿੰਗ ਵਿਚ 27.16 ਕਰੋੜ ਰੁਪਏ ਦੇ ਸ਼ਹਿਰੀ ਵਾਤਾਵਰਨ ਸੁਧਾਰ ਪ੍ਰਾਜੈਕਟਾਂ (ਯੂ.ਈ.ਆਈ.ਪੀ.) ਨੂੰ ਕਾਰਜ-ਬਾਅਦ ਪ੍ਰਵਾਨਗੀ ਦੇਣ ਦੇ ਨਾਲ ਪਟਿਆਲਾ ਕਿਲਾ ਮੁਬਾਰਕ ਸਮੇਤ ਵੱਖ-ਵੱਖ ਇਤਿਹਾਸਕ ਸਥਾਨਾਂ ਦੇ ਵਿਕਾਸ, ਨਵੀਨੀਕਰਨ ਅਤੇ ਸਾਂਭ-ਸੰਭਾਲ ਲਈ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ।

# ਗੁਰਦੁਆਰਾ ਸਿੱਖ ਸਟੱਡੀ ਸਰਕਲ ਦੀ ਪ੍ਰਬੰਧਕ ਕਮੇਟੀ ਦੀ ਮੁੜ ਸਰਬਸੰਮਤੀ ਨਾਲ ਚੋਣ



**ਅਟਲਾਂਟਾ, ਜਾਰਜੀਆ (ਬਿਊਰੋ):** ਸਥਾਨਕ ਗੁਰਦੁਆਰਾ ਸਿੱਖ ਸਟੱਡੀ ਸਰਕਲ ਦੀ ਇਸ ਵਾਰ ਫਿਰ ਸਰਬਸੰਮਤੀ ਨਾਲ ਕਮੇਟੀ ਦੀ ਚੋਣ ਕੀਤੀ ਗਈ। ਐਤਵਾਰ, 17 ਜਨਵਰੀ ਨੂੰ ਗੁਰੂ ਘਰ ਦੀ ਜਨਰਲ ਬਾਡੀ ਦੀ ਮੀਟਿੰਗ ਗਿਆਨੀ ਮਨਿੰਦਰ ਸਿੰਘ ਵਲੋਂ ਕੀਤੀ ਗਈ ਅਰਦਾਸ ਉਪਰੰਤ ਅਰੰਭ ਹੋਈ। ਸ. ਗੁਰਸ਼ਰਨ ਸਿੰਘ ਪੰਨੂ ਐਗਜ਼ੈਕਟਿਵ ਕਮੇਟੀ ਪ੍ਰਧਾਨ ਨੇ ਕਮੇਟੀ ਦੀ ਸਾਲਾਨਾ ਕਾਰਗੁਜ਼ਾਰੀ ਅਤੇ ਗੁਰੂ ਘਰ ਦੀ ਸਾਲਾਨਾ ਮਾਇਕ ਰਿਪੋਰਟ ਪੇਸ਼ ਕੀਤੀ। ਸ. ਜਸਵੀਰ ਸਿੰਘ ਬੈਂਸ ਚੇਅਰਮੈਨ ਬੋਰਡ ਆਫ ਡਾਇਰੈਕਟਰ ਨੇ ਬੋਰਡ ਦੀ ਸਾਲਾਨਾ ਕਾਰਗੁਜ਼ਾਰੀ ਪੇਸ਼ ਕੀਤੀ। ਇਸ ਉਪਰੰਤ ਸ. ਸੁਰਿੰਦਰ ਸਿੰਘ ਝਾਂਗੜਾ ਚੇਅਰਮੈਨ ਨਾਮੀਨੇਸ਼ਨ ਕਮੇਟੀ ਨੇ ਇਲੈਕਸ਼ਨ ਪ੍ਰਕ੍ਰਿਆ ਸ਼ੁਰੂ ਕੀਤੀ।

ਪਿਛਲੇ ਕਰੀਬ 13-14 ਸਾਲਾਂ ਵਾਂਗ ਸੰਗਤ ਨੇ ਸਰਬਸੰਮਤੀ ਨਾਲ ਅਹੁਦੇਦਾਰਾਂ ਦੀ ਚੋਣ ਕੀਤੀ: ਕਾਰਜਕਾਰੀ ਕਮੇਟੀ ਵਿਚ ਪ੍ਰਧਾਨ ਸ. ਗੁਰਸ਼ਰਨ ਸਿੰਘ ਪੰਨੂ, ਮੀਤ ਪ੍ਰਧਾਨ ਸ. ਕੁਲਦੀਪ ਸਿੰਘ ਰੱਕੜ, ਸੈਕਟਰੀ ਸ. ਮਨਵੀਰ ਸਿੰਘ, ਖਜਾਨਚੀ ਸ. ਦਲਬੀਰ ਸਿੰਘ ਅਤੇ ਸੋਸ਼ਲ ਕੋਆਰਡੀਨੇਟਰ ਬੀਬੀ ਸਰਬਜੀਤ ਕੌਰ ਗਰੇਵਾਲ ਨੂੰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਬੋਰਡ ਮੈਂਬਰਾਂ ਵਿਚ ਸ. ਸ਼ਿੰਗਾਰਾ ਸਿੰਘ ਕੰਗ, ਸ. ਗੁਰਿੰਦਰ ਸਿੰਘ ਚੀਮਾ, ਸ. ਜਸਵਿੰਦਰ ਸਿੰਘ ਬੈਂਸ ਤੇ ਸ. ਕਰਮਜੀਤ ਸਿੰਘ ਲਾਲੀ ਲਏ ਗਏ ਹਨ। ਬੋਰਡ ਦੇ ਚਾਰ ਸਿਟਿੰਗ ਮੈਂਬਰਾਂ ਵਿਚ ਸ. ਪਰਮਿੰਦਰ ਸਿੰਘ ਗਰੇਵਾਲ, ਸ. ਜੋਗਾ ਸਿੰਘ, ਸ. ਦਾਰਾ ਸਿੰਘ ਮਾਨ ਤੇ ਸ. ਕਰਨੈਲ ਸਿੰਘ ਅਤੇ ਬੋਰਡ ਦੇ ਚਾਰ ਮੈਂਬਰ, ਜਿਨ੍ਹਾਂ ਦੋ ਸਾਲ ਬੋਰਡ ਵਿਚ ਸੇਵਾ ਕੀਤੀ, ਸ. ਜਸਵੀਰ ਸਿੰਘ ਬੈਂਸ, ਸ. ਬਲਜੀਤ ਸਿੰਘ, ਸ. ਦਿਲਬਾਗ ਸਿੰਘ ਖਹਿਰਾ ਤੇ ਸ. ਅਮਨਦੀਪ ਸਿੰਘ ਲਾਡੀ ਸ਼ਾਮਲ ਹਨ।

ਪ੍ਰਧਾਨ ਸ. ਗੁਰਸ਼ਰਨ ਸਿੰਘ ਪੰਨੂ ਨੇ ਸਭ ਸੰਗਤਾਂ ਦਾ ਧੰਨਵਾਦ ਕੀਤਾ।

# ਕੈਪਟਨ ਨੂੰ ਖੇਤੀ ਕਾਨੂੰਨਾਂ ਬਾਰੇ ਅਗਾਊਂ ਜਾਣਕਾਰੀ ਹੋਣ ਦਾ ਦਾਅਵਾ

**ਜਲੰਧਰ:** ਆਮ ਆਦਮੀ ਪਾਰਟੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਝੂਠ ਬੋਲਣ ਦਾ ਦੋਸ਼ ਲਗਾਉਂਦਿਆਂ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਖੇਤੀ ਕਾਨੂੰਨ ਬਣਾਏ ਜਾਣ ਬਾਰੇ ਪਹਿਲਾਂ ਹੀ ਪਤਾ ਸੀ। ਪਾਰਟੀ ਦੇ ਪੰਜਾਬ ਸਹਿ-ਇੰਚਾਰਜ ਰਾਘਵ ਚੱਢਾ ਨੇ ਦਾਅਵਾ ਕੀਤਾ ਕਿ ਕੈਪਟਨ ਅਮਰਿੰਦਰ ਸਿੰਘ ਦਾ ਝੂਠ ਆਰ.ਟੀ.ਆਈ. ਦੇ ਮਾਧਿਅਮ ਰਾਹੀਂ ਫੜਿਆ ਗਿਆ ਹੈ। ਇਸ ਆਰ.ਟੀ.ਆਈ. ਤੋਂ ਖੁਲਾਸਾ ਹੋਇਆ ਹੈ ਕਿ ਤਿੰਨੇ ਖੇਤੀ ਕਾਨੂੰਨਾਂ ਨੂੰ ਪਾਸ ਕੀਤੇ ਜਾਣ ਬਾਰੇ ਕੈਪਟਨ ਅਮਰਿੰਦਰ ਸਿੰਘ ਨੂੰ ਪਹਿਲਾਂ ਹੀ ਜਾਣਕਾਰੀ ਸੀ।

ਉਨ੍ਹਾਂ ਨੇ ਆਰ.ਟੀ.ਆਈ. ਦੇ ਦਸਤਾਵੇਜ਼ ਵੀ ਦਿਖਾਏ ਅਤੇ ਕੈਪਟਨ ਅਮਰਿੰਦਰ ਸਿੰਘ ਦੀਆਂ ਵੀਡੀਓਜ਼ ਵੀ ਦਿਖਾਈਆਂ। ਇਸੇ ਦੌਰਾਨ ਦਾਅਵਾ ਕੀਤਾ ਗਿਆ ਕਿ 7 ਅਗਸਤ 2019 ਤੋਂ ਕੈਪਟਨ ਅਮਰਿੰਦਰ ਸਿੰਘ ਨੂੰ ਪਤਾ ਸੀ ਕਿ ਕਿਸਾਨ ਵਪਾਰ ਅਤੇ ਵਣਜ (ਪ੍ਰੋਤਸਾਹਨ ਅਤੇ ਸਹੂਲਤ) ਕਾਨੂੰਨ, ਮੁੱਲ ਭਰੋਸਗੀ ਅਤੇ ਜ਼ਰੂਰੀ ਵਸਤਾਂ (ਸੰਸੋਧਨ) ਕਾਨੂੰਨ ਲਿਆਂਦਾ ਜਾ ਰਿਹਾ ਹੈ। ਸ੍ਰੀ ਚੱਢਾ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਚੁਣੌਤੀ ਦਿੱਤੀ ਕਿ ਕੋਈ ਇਕ ਸਬੂਤ ਪੇਸ਼ ਕਰਨ ਜਿਸ ਤੋਂ ਇਹ ਸਾਬਤ ਹੋ ਸਕੇ ਕਿ ਖੇਤੀ ਕਾਨੂੰਨਾਂ ਨੂੰ ਲੈ ਕੇ ਗਠਿਤ ਹਾਈ ਪਾਵਰ ਕਮੇਟੀ ਵਿਚ ਉਨ੍ਹਾਂ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਇਕ ਵਾਰ ਵੀ ਅਸਹਿਮਤੀ ਪ੍ਰਗਟ ਕੀਤੀ ਹੋਵੇ। ਉਨ੍ਹਾਂ ਇਹ ਦੋਸ਼ ਵੀ ਲਾਇਆ ਕਿ ਕੈਪਟਨ ਅਮਰਿੰਦਰ ਸਿੰਘ ਭਾਰਤੀ ਜਨਤਾ ਪਾਰਟੀ ਦੇ ਏਜੰਟ ਹਨ। ਉਧਰ, ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਕੇਂਦਰ ਦੀ ਉਚ ਤਾਕਤੀ ਕਮੇਟੀ ਦੀ ਮੀਟਿੰਗ ਦੀ ਕਾਰਵਾਈ ਸਪੱਸ਼ਟ ਕਰਦੀ ਹੈ ਕਿ ਤਿੰਨੋਂ ਵਿਵਾਦਤ ਖੇਤੀ ਬਿੱਲਾਂ ਨੂੰ ਕਦੇ ਵੀ ਪੰਜਾਬ ਸਰਕਾਰ ਜਾਂ ਕਿਸੇ ਵੀ ਮੰਤਰੀ ਨਾਲ ਕਿਸੇ ਵੀ ਮੀਟਿੰਗ ਵਿਚ ਵਿਚਾਰਿਆ ਨਹੀਂ ਗਿਆ।

ਕੇਂਦਰ ਸਰਕਾਰ ਨਾਲ ਹੋਈ ਮੀਟਿੰਗ ਦੀ ਕਾਰਵਾਈ ਪਹਿਲਾਂ ਹੀ ਜਨਤਕ ਕੀਤੀ ਜਾ ਚੁੱਕੀ। ਇਸ ਤੋਂ ਸਾਫ ਹੈ ਕਿ ਖੇਤੀ ਬਿੱਲਾਂ ਨੂੰ ਨਾ ਤਾਂ ਉਭਾਰਿਆ ਗਿਆ ਅਤੇ ਨਾ ਹੀ ਵਿਚਾਰਿਆ ਗਿਆ ਅਤੇ ਨਾ ਹੀ ਉਹ (ਖੇਤੀ ਬਿੱਲ) ਮੀਟਿੰਗ ਦੇ ਏਜੰਡੇ ਵਿਚ ਸ਼ਾਮਲ ਸਨ। ਵਿੱਤ ਮੰਤਰੀ ਨੇ ਦੱਸਿਆ ਕਿ ਉਹ 18 ਸਤੰਬਰ 2020 ਨੂੰ ਮੀਟਿੰਗ ਦੀ ਕਾਰਵਾਈ ਸਬੰਧੀ ਅੱਠ ਪੰਨਿਆਂ ਦੀ ਜਾਣਕਾਰੀ ਪਹਿਲਾਂ ਹੀ ਜਨਤਕ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕਿਸਾਨੀ ਸੰਘਰਸ਼ ਦੀ ਹਮਾਇਤ ਕਰਨ ਦੀ ਥਾਂ ਆਮ ਆਦਮੀ ਪਾਰਟੀ ਵੀ ਭਾਜਪਾ ਤੇ ਅਕਾਲੀ ਦਲ ਵਾਂਗ ਕਿਸਾਨੀ ਸੰਘਰਸ਼ ਨੂੰ ਢਾਹ ਲਾਉਣ ਅਤੇ ਬਦਨਾਮ ਕਰਨ ਲਈ ਉਸੇ ਲੀਹ 'ਤੇ ਤੁਰ ਪਈ ਹੈ।

## Matrimonials

### ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055

47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892

46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com

44-

### ਲੜਕੇ ਦੀ ਲੋੜ ਹੈ

PhD, Beautiful Sikh Ahluwalia girl likely to settle abroad 1986, 5'-5" looking for a well educated and NRI match working in MNC or reputed place. Holds the US visitor visa. Brother works in the US. +91-97798-08043, +1-650-417-8804

3-6

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102

40-41

ਪੰਜਾਬ ਟਾਈਮਜ਼
Punjabtimes1@gmail.com
www.punjabtimesusa.com



Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ



SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
Etihad, Air India, KLM, Lufthansa, Delta, Qatar Airlines.

For Emergency Call anytime at 847-673-3825
EARLY BIRD SALE!!!!
Domestic fares available



Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.



ਕਿਚਨ ਹੈਲਪਰ ਦੀ ਲੋੜ ਹੈ
ਲਿਟਲ ਰਾਕ, ਅਰਕਨਸਾਸ ਵਿਖੇ ਇੰਡੀਆਨ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਲੋੜ ਹੈ
ਤਨਖਾਹ ਚੰਗੀ, ਰਿਹਾਇਸ਼ ਅਤੇ ਖਾਣਾ ਮੁਫਤ
ਛੇ ਦਿਨ ਕੰਮ, ਇਕ ਦਿਨ ਛੁੱਟੀ
ਸੰਪਰਕ ਕਰੋ
ਫੋਨ: 501-309-4140
sami_lal@yahoo.com

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਰਾਜੋਆਣਾ ਦੀ ਸਜ਼ਾ ਮੁਆਫੀ ਬਾਰੇ ਫੈਸਲਾ ਦੋ ਹਫਤਿਆਂ 'ਚ ਲੈਣ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਮੁਆਫੀ ਬਾਰੇ ਕੇਂਦਰ ਸਰਕਾਰ ਨੂੰ ਦੋ ਹਫਤਿਆਂ 'ਚ ਫੈਸਲਾ ਲੈਣ ਦਾ 'ਆਖਰੀ ਮੌਕਾ' ਦਿੱਤਾ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਦੋਸ਼ 'ਚ ਭਾਈ ਰਾਜੋਆਣਾ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ।

ਕੇਂਦਰ ਨੇ ਅਰਜ਼ੀ 'ਤੇ ਸੁਣਵਾਈ ਦੌਰਾਨ ਮੰਗ ਕੀਤੀ ਸੀ ਕਿ ਉਸ ਨੂੰ ਤਿੰਨ ਹਫਤਿਆਂ ਦਾ ਸਮਾਂ ਦਿੱਤਾ ਜਾਵੇ ਕਿਉਂਕਿ ਸਰਕਾਰ ਮੁੱਦੇ ਦੀ ਘੋਖ ਕਰ ਰਹੀ ਹੈ ਅਤੇ ਉਸ ਨੂੰ ਮੌਜੂਦਾ ਹਾਲਾਤ ਦੌਰਾਨ ਹੋਰ ਸਮੇਂ ਦੀ ਲੋੜ ਹੈ। ਚੀਫ ਜਸਟਿਸ ਐਸ.ਏ. ਬੋਬੜੇ, ਜਸਟਿਸ ਏ.ਐਸ. ਬੋਪੰਨਾ ਅਤੇ ਵੀ ਰਾਮਾਸੁਬਰਾਮਣੀਅਨ ਦੇ ਬੈਂਚ ਨੇ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਅੱਗਿਓਂ ਸਵਾਲ ਕੀਤਾ ਕਿ ਸਰਕਾਰ ਨੂੰ ਤਿੰਨ ਹੋਰ ਹਫਤਿਆਂ ਦੀ ਲੋੜ ਕਿਉਂ ਹੈ? ਬੈਂਚ ਨੇ ਕਿਹਾ ਕਿ ਤਿੰਨ ਹਫਤਿਆਂ ਦਾ ਸਮਾਂ ਉਨ੍ਹਾਂ ਨੂੰ ਢੁਕਵਾਂ ਨਹੀਂ ਜਾਪਦਾ ਹੈ। ਬੈਂਚ ਨੇ ਕਿਹਾ, "ਅਸੀਂ ਤੁਹਾਨੂੰ ਆਖਰੀ ਮੌਕਾ ਦੇ ਰਹੇ ਹਾਂ ਅਤੇ ਦੋ ਹਫਤਿਆਂ 'ਚ ਜਵਾਬ ਦਾਖਲ ਕਰੋ।" ਸੁਣਵਾਈ ਦੌਰਾਨ ਭਾਈ ਰਾਜੋਆਣਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਕਿਹਾ ਕਿ ਉਨ੍ਹਾਂ ਦਾ ਮੁਵੱਕਿਲ ਪਿਛਲੇ 25 ਸਾਲਾਂ ਤੋਂ ਜੇਲ੍ਹ 'ਚ ਹੈ ਅਤੇ ਉਸ ਦੀ ਰਹਿਮ ਦੀ ਅਰਜ਼ੀ 9 ਸਾਲਾਂ ਤੋਂ ਬਕਾਇਆ ਪਈ ਹੈ।

## ਵੈਕਸੀਨ ਬਾਰੇ ਅਫਵਾਹਾਂ ਫੈਲਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਦੇ ਹੁਕਮ

**ਨਵੀਂ ਦਿੱਲੀ:** ਕੋਵਿਡ-19 ਵੈਕਸੀਨ ਦੇ ਘੱਟ ਅਸਰਦਾਰ ਹੋਣ ਬਾਰੇ ਫੈਲਾਈਆਂ ਜਾ ਰਹੀਆਂ ਅਫਵਾਹਾਂ ਦੇ ਟਾਕਰੇ ਲਈ ਕੇਂਦਰ ਨੇ ਸੂਬਿਆਂ ਨੂੰ ਕਿਹਾ ਹੈ ਕਿ ਉਹ ਅਜਿਹੇ ਕੂੜ ਪ੍ਰਚਾਰ ਨੂੰ ਫੈਲਣ ਤੋਂ ਰੋਕਣ। ਕੇਂਦਰੀ ਗ੍ਰਹਿ ਮੰਤਰਾਲੇ ਨੇ ਸੂਬਿਆਂ ਨੂੰ ਸਲਾਹ ਦਿੱਤੀ ਹੈ ਕਿ ਗੁੰਮਰਾਹਕੁਨ ਪ੍ਰਚਾਰ ਕਰਨ ਵਾਲਿਆਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਭੇਜੇ ਸੁਨੇਹੇ 'ਚ ਕੇਂਦਰੀ ਗ੍ਰਹਿ ਸਕੱਤਰ ਅਜੈ ਭੱਲਾ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਕੌਮੀ ਰੈਗੂਲੇਟਰੀ ਅਥਾਰਿਟੀ ਨੇ ਕੋਵੀਸ਼ੀਲਡ ਅਤੇ ਕੋਵੈਕਸੀਨ ਨੂੰ ਸੁਰੱਖਿਅਤ ਕਰਾਰ ਦਿੱਤਾ ਹੈ।

ਸੁਨੇਹੇ 'ਚ ਕਿਹਾ ਗਿਆ ਹੈ ਕਿ ਸੌੜੇ ਹਿੱਤਾਂ ਖਾਤਰ ਕੁਝ ਲੋਕ ਵੈਕਸੀਨਾਂ ਖਿਲਾਫ ਸ਼ੰਕੇ ਖੜ੍ਹੇ ਕਰ ਰਹੇ ਹਨ ਅਤੇ ਅਜਿਹੇ ਵਿਅਕਤੀਆਂ 'ਤੇ ਨੱਥ ਪਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਹਿਲੇ ਗੇੜ 'ਚ ਕਰੋਨਾ ਯੋਧਿਆਂ ਨੂੰ ਟੀਕੇ ਲਗਾਏ ਜਾ ਰਹੇ ਹਨ। ਸ੍ਰੀ ਭੱਲਾ ਨੇ ਸੂਬਿਆਂ ਨੂੰ ਅਪੀਲ ਕੀਤੀ ਕਿ ਉਹ ਅਫਵਾਹਾਂ ਨੂੰ ਫੈਲਣ ਤੋਂ ਰੋਕਣ ਲਈ ਢੁਕਵਾਂ ਪ੍ਰਬੰਧ ਕਰਨ। ਉਨ੍ਹਾਂ ਸਾਰੇ ਮੁੱਖ ਸਕੱਤਰਾਂ ਨੂੰ ਕਿਹਾ ਹੈ ਕਿ ਉਹ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦੇਣ ਕਿ ਕੋਵਿਡ-19 ਵੈਕਸੀਨ ਬਾਰੇ ਅਸਲ ਸੁਨੇਹਿਆਂ ਦਾ ਪਾਸਾਰ ਕੀਤਾ ਜਾਵੇ। ਉਨ੍ਹਾਂ ਅਫਵਾਹਾਂ ਫੈਲਾਉਣ ਵਾਲਿਆਂ ਖਿਲਾਫ ਆਫਤ ਪ੍ਰਬੰਧਨ ਐਕਟ, 2005 ਅਤੇ ਆਈ.ਪੀ.ਸੀ., 1860 ਤਹਿਤ ਕਾਰਵਾਈ ਦੇ ਨਿਰਦੇਸ਼ ਵੀ ਦਿੱਤੇ ਹਨ।

## ਅਰਜਨਟੀਨਾ 'ਚ ਗਰਭਪਾਤ ਕਾਨੂੰਨ ਲਾਗੂ

**ਬਿਊਨਸ ਆਇਰਸ:** ਅਰਜਨਟੀਨਾ 'ਚ ਗਰਭਪਾਤ ਕਾਨੂੰਨ ਲਾਗੂ ਹੋ ਗਿਆ। ਇਸ 'ਤੇ ਮਹਿਲਾ ਸੰਗਠਨਾਂ ਅਤੇ ਸਰਕਾਰੀ ਅਧਿਕਾਰੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਸਨ, ਜਿਨ੍ਹਾਂ ਨੂੰ ਉਮੀਦ ਹੈ ਕਿ ਕੁਝ ਰੂੜੀਵਾਦੀਆਂ ਅਤੇ ਚਰਚ ਸਮੂਹਾਂ ਦੇ ਵਿਰੋਧ ਦੇ ਬਾਵਜੂਦ ਇਹ ਯਕੀਨੀ ਤੌਰ 'ਤੇ ਪੂਰੀ ਤਰ੍ਹਾਂ ਲਾਗੂ ਹੋਵੇਗਾ। ਸੈਨੇਟ ਨੇ ਲੰਘੇ ਵਰ੍ਹੇ 30 ਦਸੰਬਰ ਨੂੰ ਇਕ ਕਾਨੂੰਨ ਪਾਸ ਕੀਤਾ ਸੀ ਜਿਸ ਤਹਿਤ ਗਰਭਕਾਲ ਜਾਂ ਜਬਰ-ਜਨਾਹ ਦੇ ਮਾਮਲਿਆਂ, ਜਿਨ੍ਹਾਂ ਵਿਚ 14ਵੇਂ ਹਫਤੇ ਜਾਂ ਉਸ ਤੋਂ ਬਾਅਦ ਜਦੋਂ ਮਹਿਲਾ ਦੀ ਸਿਹਤ ਨੂੰ ਕੋਈ ਖਤਰਾ ਹੋਵੇ, ਵਿਚ ਗਰਭਪਾਤ ਪ੍ਰਕਿਰਿਆ ਦੀ ਕਾਨੂੰਨੀ ਗਾਰੰਟੀ ਨੂੰ ਮਾਨਤਾ ਦਿੱਤੀ ਗਈ ਸੀ। ਅਰਜਨਟੀਨਾ ਲੈਟਿਨ ਅਮਰੀਕਾ 'ਚ ਇਹ ਕਾਨੂੰਨ ਲਾਗੂ ਕਰਨ ਵਾਲਾ ਸਭ ਤੋਂ ਵੱਡਾ ਮੁਲਕ ਬਣ ਗਿਆ ਹੈ। ਅਰਜਨਟੀਨਾ ਦੀ ਮਹਿਲਾ, ਲਿੰਗ ਅਤੇ ਭਿੰਨਤਾ ਮੰਤਰੀ ਐਲਿਜ਼ਾਬੈੱਥ ਗੋਮਜ਼ ਅਲਕੋਰਟਾ ਨੇ ਮੰਨਿਆ, 'ਸਾਡੇ ਸਾਹਮਣੇ ਇਕ ਹੋਰ ਵੱਡਾ ਕੰਮ ਹੈ। ਇਸ ਕਾਨੂੰਨ ਨੂੰ ਦੇਸ਼ 'ਚ ਪੂਰੀ ਤਰ੍ਹਾਂ ਲਾਗੂ ਕਰਨ 'ਚ ਕਈ ਅੜਿੱਕੇ ਆਉਣਗੇ।'

## ਬਾਇਡਨ ਪ੍ਰਸ਼ਾਸਨ ਵੱਲੋਂ ਭਾਰਤੀ-ਅਮਰੀਕੀਆਂ ਦੀਆਂ ਅਹਿਮ ਅਹੁਦਿਆਂ 'ਤੇ ਨਿਯੁਕਤੀਆਂ

**ਵਾਸ਼ਿੰਗਟਨ:** ਬਾਇਡਨ ਪ੍ਰਸ਼ਾਸਨ ਵੱਲੋਂ ਚਾਰ ਭਾਰਤੀ-ਅਮਰੀਕੀਆਂ ਨੂੰ ਊਰਜਾ ਵਿਭਾਗ ਵਿਚ ਸੀਨੀਅਰ ਅਹੁਦਿਆਂ 'ਤੇ ਨਿਯੁਕਤ ਕੀਤਾ ਗਿਆ ਹੈ। ਪ੍ਰਸ਼ਾਸਨ ਵੱਲੋਂ ਤਾਰਕ ਸ਼ਾਹ ਨੂੰ ਸਟਾਫ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਇਸ ਅਹੁਦੇ 'ਤੇ ਸੇਵਾ ਨਿਭਾਉਣ ਵਾਲੇ ਉਹ ਪਹਿਲੇ ਭਾਰਤੀ-ਅਮਰੀਕੀ ਬਣ ਗਏ ਹਨ। ਤਾਨਿਆ ਦਾਸ ਨੂੰ ਵਿਗਿਆਨ ਦਫਤਰ ਵਿਚ ਸਟਾਫ ਦਾ ਮੁਖੀ ਲਗਾਇਆ ਹੈ।

ਨਾਰਾਇਣ ਸੁਬਰਾਮਨੀਅਨ ਜਨਰਲ ਕੌਂਸਲ ਦੇ ਦਫਤਰ ਵਿਚ ਕਾਨੂੰਨੀ ਸਲਾਹਕਾਰ ਦੇ ਅਹੁਦੇ 'ਤੇ ਨਿਯੁਕਤ ਕੀਤੇ ਗਏ ਹਨ ਅਤੇ ਸ਼ੁਚੀ ਤਲਾਤੀ ਨੂੰ ਜੈਵਿਕ ਊਰਜਾ ਦੇ ਦਫਤਰ ਵਿਚ ਸਟਾਫ ਦਾ ਮੁਖੀ ਨਿਯੁਕਤ ਕੀਤਾ ਗਿਆ ਹੈ। ਊਰਜਾ ਵਿਭਾਗ ਵਿਚ 19 ਸੀਨੀਅਰ ਅਹੁਦਿਆਂ 'ਤੇ ਨਿਯੁਕਤੀਆਂ ਦਾ ਐਲਾਨ ਕਰਨ ਤੋਂ ਬਾਅਦ ਸ੍ਰੀ ਸ਼ਾਹ ਨੇ ਕਿਹਾ, "ਇਹ ਪ੍ਰਤਿਭਾਵਾਨ ਤੇ ਕੁਸ਼ਲ ਜਨ ਸੇਵਕ ਰਾਸ਼ਟਰਪਤੀ ਜੋਅ ਬਾਇਡਨ ਦੇ ਜਲਵਾਯੂ ਬਦਲਾਅ ਦੇ ਸੰਕਟ ਤੋਂ ਨਜਿੱਠਣ ਅਤੇ ਭਵਿੱਖ ਵਿਚ ਇਕ ਬਿਹਤਰ ਸਵੱਛ ਊਰਜਾ ਦੇ ਨਿਰਮਾਣ ਦੇ ਟੀਚੇ ਨੂੰ ਪੂਰਾ ਕਰਨਗੇ।"

## ਕਿਸਾਨਾਂ ਨੇ 26 ਜਨਵਰੀ ਦਾ ਨਵਾਂ ਇਤਿਹਾਸ ਰਚਿਆ

*(ਸਫਾ ਇਕ ਦੀ ਬਾਕੀ)*

ਹਾਲਾਂਕਿ ਸੰਯੁਕਤ ਕਿਸਾਨ ਮੋਰਚੇ ਨੇ ਇਸ ਹੁੱਲੜਬਾਜ਼ੀ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਹੈ ਤੇ ਇਸ ਪਿੱਛੇ ਕੁਝ ਸ਼ਰਾਰਤੀ ਲੋਕਾਂ ਦੇ ਨਾਂਵਾਂ ਦਾ ਵੀ ਖੁਲਾਸਾ ਕੀਤਾ ਹੈ।

ਜਥੇਬੰਦੀਆਂ ਨੇ ਅਦਾਕਾਰ ਦੀਪ ਸਿੱਧੂ ਨੂੰ ਸਿੱਧੇ ਤੌਰ ਉਤੇ ਇਸ ਲਈ ਜ਼ਿੰਮੇਵਾਰ ਠਹਿਰਾਇਆ ਹੈ ਜਿਸ ਨੇ ਲਾਲ ਕਿਲ੍ਹੇ ਤੱਕ ਪਹੁੰਚ ਲਈ ਕਿਸਾਨਾਂ ਦੀ ਅਗਵਾਈ ਕੀਤੀ। ਦੀਪ ਸਿੱਧੂ ਨੂੰ ਭਾਜਪਾ ਦੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸਨੀ ਦਿਓਲ ਦਾ ਕਾਫੀ ਨੇੜਲਾ ਮੰਨਿਆ ਜਾਂਦਾ ਹੈ। ਸੋਸ਼ਲ ਮੀਡੀਆ ਉਤੇ ਉਸ ਦੀਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਨੀ ਦਿਓਲ ਨਾਲ ਫੋਟੋਆਂ ਵੀ ਵੱਡੇ ਪੱਧਰ ਉਤੇ ਵਾਇਰਲ ਹੋ ਰਹੀਆਂ ਹਨ। ਉਂਜ ਇਨ੍ਹਾਂ ਲੋਕਾਂ ਵੱਲੋਂ ਵੱਡੀ ਗਿਣਤੀ ਕਿਸਾਨਾਂ ਨੂੰ ਲੈ ਕੇ ਅਤਿ ਸੁਰੱਖਿਆ ਵਾਲੇ ਲਾਲ ਕਿਲ੍ਹੇ ਤੱਕ ਪਹੁੰਚ ਉਤੇ ਵੀ ਸਵਾਲ ਉਠ ਰਹੇ ਹਨ। ਇਸ ਦੀਆਂ ਵੀਡੀਓ ਵੀ ਸਾਹਮਣੇ ਆਈਆਂ ਹਨ ਜਿਸ ਵਿਚ ਪੁਲਿਸ ਇਕ ਪਾਸੇ ਮੂਕ ਦਰਸ਼ਕ ਬਣੀ ਖੜ੍ਹੀ ਹੈ ਤੇ ਇਹ ਲੋਕ ਉਤੇ ਬੜੇ ਆਰਾਮ ਨਾਲ ਝੰਡਾ ਲਹਿਰਾ ਰਹੇ ਹਨ। ਸਿਆਸੀ ਮਾਹਰ ਇਸ਼ਾਰਾ ਕਰ ਰਹੇ ਹਨ ਕਿ ਇਹ ਸਰਕਾਰ ਦੀ ਤੈਅ ਰਣਨੀਤੀ ਦਾ ਹਿੱਸਾ ਸੀ ਕਿਉਂਕਿ ਜੇਕਰ ਇਹ ਪਰੇਡ ਪੂਰੀ ਤਰ੍ਹਾਂ ਸ਼ਾਂਤਮਈ ਢੰਗ ਨਾਲ ਨੇਪਰੇ ਚੜ੍ਹ ਜਾਂਦੀ ਤਾਂ ਸਰਕਾਰ ਲਈ ਵੱਡੀਆਂ ਮੁਸ਼ਕਿਲਾਂ ਖੜ੍ਹੀ ਹੋਣੀਆਂ ਤੈਅ ਸਨ। ਹਾਲਾਂਕਿ ਵੱਡੀ ਗਿਣਤੀ ਕਿਸਾਨਾਂ ਨੇ ਸੰਯੁਕਤ ਮੋਰਚੇ ਦੀ ਅਗਵਾਈ ਵਿਚ ਸ਼ਾਂਤਮਈ ਢੰਗ ਨਾਲ ਇਹ ਪਰੇਡ ਨੇਪਰੇ ਚਾੜ੍ਹੀ ਤੇ ਦਿੱਲੀ ਵਾਸੀਆਂ ਵੱਲੋਂ ਇਸ ਦਾ ਜ਼ੋਰਦਾਰ ਸਵਾਗਤ ਵੀ ਕੀਤਾ ਗਿਆ।

ਸਰਕਾਰ ਤਾਜ਼ਾ ਘਟਨਾਕ੍ਰਮ ਨੂੰ ਰਾਹਤ ਵਜੋਂ ਵੇਖ ਰਹੀ ਹੈ ਪਰ ਜਥੇਬੰਦੀਆਂ ਨੇ ਸਾਫ ਕਰ ਦਿੱਤਾ ਹੈ ਕਿ ਭਾਵੇਂ ਇਸ ਅੰਦੋਲਨ ਨੂੰ ਖਦੇੜਨ ਲਈ ਸਰਕਾਰੀ ਤੰਤਰ ਦਾ ਟਿੱਲ ਲੱਗਾ ਹੋਇਆ ਹੈ ਪਰ ਉਨ੍ਹਾਂ ਦੀ ਅਗਲੀ ਰਣਨੀਤੀ ਸਰਕਾਰ ਨੂੰ ਹੋਰ ਖਿੱਚ ਪਾਉਣ ਵਾਲੀ ਹੋਵੇਗੀ।

ਯਾਦ ਰਹੇ ਕਿ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਕਿਸਾਨ ਜਥੇਬੰਦੀਆਂ ਨੇ ਪਿਛਲੇ 2 ਮਹੀਨਿਆਂ ਤੋਂ ਦਿੱਲੀ ਦੀਆਂ ਹੱਦਾਂ ਉਤੇ ਡੇਰੇ ਲਾਏ ਹੋਏ ਹਨ। ਇਸ ਸਬੰਧੀ ਕੇਂਦਰ ਸਰਕਾਰ ਨਾਲ ਕਿਸਾਨ ਜਥੇਬੰਦੀਆਂ ਦੀਆਂ 11 ਵਿਸਥਾਰਤ ਮੀਟਿੰਗਾਂ ਹੋ ਚੁੱਕੀਆਂ ਹਨ। ਕੇਂਦਰੀ ਮੰਤਰੀ ਇਨ੍ਹਾਂ ਕਾਨੂੰਨਾਂ ਵਿਚ ਲੋੜ ਅਨੁਸਾਰ ਸੋਧਾਂ ਕਰਨ ਲਈ ਤਾਂ ਤਿਆਰ ਹੋ ਗਏ ਹਨ ਅਤੇ ਇਥੋਂ ਤੱਕ ਕਿ ਉਨ੍ਹਾਂ ਨੂੰ ਡੇਢ ਸਾਲ ਤੱਕ ਇਨ੍ਹਾਂ ਕਾਨੂੰਨਾਂ ਦੇ ਅਮਲ 'ਤੇ ਰੋਕ ਲਗਾਉਣ ਅਤੇ ਇਨ੍ਹਾਂ ਸਬੰਧੀ ਇਕ ਪ੍ਰਤੀਨਿਧੀ ਕਮੇਟੀ ਬਣਾਉਣ ਦਾ ਵੀ ਸੁਝਾਅ ਦਿੱਤਾ ਸੀ। ਇਸ ਸੁਝਾਅ ਨੂੰ ਕਿਸਾਨ ਜਥੇਬੰਦੀਆਂ ਨੇ ਨਕਾਰ ਦਿੱਤਾ ਸੀ, ਜਿਸ ਕਰਕੇ ਦੋਵਾਂ ਧਿਰਾਂ ਵਿਚਕਾਰ ਹੋਏ ਇਸ ਗੰਭੀਰ ਮਸਲੇ ਸਬੰਧੀ ਕੋਈ ਫੈਸਲਾ ਨਹੀਂ ਹੋ ਸਕਿਆ। ਸਰਕਾਰ ਇਨ੍ਹਾਂ ਕਾਨੂੰਨਾਂ ਵਿਚ ਵੱਡੀਆਂ ਖਾਮੀਆਂ ਮੰਨਣ ਦੇ ਬਾਵਜੂਦ ਇਹ ਸਾਬਤ ਕਰਨ ਉਤੇ ਲੱਗੀ ਹੋਈ ਹੈ ਕਿ ਇਹ ਕਾਨੂੰਨ ਕਿਸਾਨਾਂ ਦਾ ਭਲਾ ਕਰਨਗੇ। ਕਿਸਾਨਾਂ ਨੂੰ ਖਦਸ਼ਾ ਹੈ ਕਿ ਇਹ ਕਾਨੂੰਨ ਜਿਥੇ ਖੇਤੀ ਦਾ ਸਾਰਾ ਤਾਣਾ ਬਾਣਾ ਕਾਰਪੋਰੇਟਾਂ ਦੇ ਹੱਥ ਸੌਂਪ ਦੇਣਗੇ, ਉਥੇ ਸਰਕਾਰ ਖਰੀਦ ਪ੍ਰਬੰਧਾਂ ਤੋਂ ਪੂਰੀ ਤਰ੍ਹਾਂ ਬਾਹਰ ਹੋ ਕੇ ਕਿਸਾਨਾਂ ਦੀ ਲੁੱਟ ਦਾ ਰਾਹ ਖੋਲ੍ਹ ਦੇਵੇਗੀ।

ਪਿਛਲੇ ਕਈ ਦਹਾਕਿਆਂ ਤੋਂ ਭਾਵੇਂ ਕੇਂਦਰ ਵੱਲੋਂ 23 ਫਸਲਾਂ ਦੇ ਸਮਰਥਨ ਮੁੱਲ ਐਲਾਨੇ ਜਾਂਦੇ ਰਹੇ ਹਨ ਪਰ ਖਰੀਦ ਸਿਰਫ ਕਣਕ ਤੇ ਝੋਨੇ ਦੀ ਹੀ ਕੀਤੀ ਜਾਂਦੀ ਰਹੀ ਹੈ। ਕਣਕ ਅਤੇ ਝੋਨੇ ਦੀ ਲਾਜ਼ਮੀ ਖਰੀਦ ਵੀ ਸਿਰਫ ਪੰਜਾਬ, ਹਰਿਆਣਾ ਤੇ ਪੱਛਮੀ ਉਤਰ ਪ੍ਰਦੇਸ਼ ਵਿਚ ਹੀ ਵਧੇਰੇ ਹੱਦ ਤੱਕ ਹੁੰਦੀ ਰਹੀ ਹੈ ਪਰ ਸਮੁੱਚੇ ਤੌਰ ਉਤੇ ਦੇਸ਼ ਦੇ ਲਗਭਗ 12 ਫੀਸਦੀ ਕਿਸਾਨਾਂ ਤੋਂ ਹੀ ਸਮਰਥਨ ਮੁੱਲ 'ਤੇ ਸਰਕਾਰੀ ਏਜੰਸੀਆਂ ਵਲੋਂ ਕਣਕ-ਝੋਨੇ ਦੀ ਖਰੀਦ ਕੀਤੀ ਜਾਂਦੀ ਹੈ।

ਦੇਸ਼ ਦੇ ਬਾਕੀ ਸਾਰੇ ਕਿਸਾਨ ਨਿੱਜੀ ਵਪਾਰੀਆਂ ਦੇ ਰਹਿਮੋ-ਕਰਮ ਉਤੇ ਹੀ ਹਨ ਤੇ ਕਾਨੂੰਨਾਂ ਨੇ ਲਾਗੂ ਹੋਣ ਪਿੱਛੋਂ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਦਾ ਵੀ ਇਹੋ ਹਾਲ ਹੋਣ ਵਾਲਾ ਹੈ। ਕਿਸਾਨ ਜਥੇਬੰਦੀਆਂ ਦਾ ਤਰਕ ਹੈ ਕਿ ਸਮੇਂ ਦੇ ਨਾਲ-ਨਾਲ ਡੀਜ਼ਲ, ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਅਤੇ ਖੇਤੀ ਮਸ਼ੀਨਰੀ ਦੀਆਂ ਕੀਮਤਾਂ ਵਿਚ ਨਿਰੰਤਰ ਵਾਧਾ ਹੁੰਦਾ ਰਿਹਾ ਹੈ, ਪਰ ਸਰਕਾਰ ਨੇ ਉਸ ਹਿਸਾਬ ਨਾਲ ਕਦੇ ਮੁੱਲ ਤੈਅ ਨਹੀਂ ਕੀਤੇ। ਹੁਣ ਨਵੇਂ ਕਾਨੂੰਨ ਲਾਗੂ ਕਰਕੇ ਕਿਸਾਨਾਂ ਨੂੰ ਵਪਾਰੀਆਂ ਦੇ ਰਹਿਮੋ ਕਰਮ ਉਤੇ ਛੱਡਣ ਦੇ ਰਾਹ ਤੁਰੀ ਹੋਈ ਹੈ।

ਇਸ ਸਮੇਂ ਕਿਸਾਨੀ ਦੀ ਤਰਾਸਦੀ ਇਹ ਹੈ ਕਿ ਪੀੜ੍ਹੀ-ਦਰ-ਪੀੜ੍ਹੀ ਜ਼ਮੀਨਾਂ ਵੰਡੀਆਂ ਜਾਣ ਕਾਰਨ ਖੇਤੀ ਜੋਤਾਂ ਵੀ ਛੋਟੀਆਂ ਹੁੰਦੀਆਂ ਗਈਆਂ ਹਨ। ਇਸ ਸਮੇਂ ਦੇਸ਼ ਵਿਚ ਲਗਭਗ 86 ਫੀਸਦੀ ਕਿਸਾਨ 5 ਏਕੜ ਤੋਂ ਵੀ ਘੱਟ ਰਕਬੇ ਉਤੇ ਖੇਤੀ ਕਰਦੇ ਹਨ। ਦੂਜੇ ਪਾਸੇ ਕਿਸਾਨ ਪਰਿਵਾਰਾਂ ਲਈ ਸਿਹਤ, ਸਿੱਖਿਆ ਅਤੇ ਜੀਵਨ ਦੀਆਂ ਹੋਰ ਲੋੜਾਂ ਪੂਰੀਆਂ ਕਰਨ ਦੀਆਂ ਲਾਗਤਾਂ ਵਿਚ ਲਗਾਤਾਰ ਭਾਰੀ ਵਾਧਾ ਹੁੰਦਾ ਗਿਆ ਹੈ। ਇਨ੍ਹਾਂ ਕੌੜੀਆਂ ਹਕੀਕਤਾਂ ਕਾਰਨ ਉਹ ਬੈਂਕਾਂ ਤੋਂ ਲੈ ਆੜ੍ਹਤੀਆਂ ਤੱਕ ਦੇ ਕਰਜ਼ਦਾਰ ਹੋ ਗਏ ਹਨ। ਇਸੇ ਕਾਰਨ 1997 ਤੋਂ ਲੈ ਕੇ ਹੁਣ ਤੱਕ ਲਗਭਗ 4 ਲੱਖ ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਅਜੇ ਵੀ ਇਹ ਸਿਲਸਿਲਾ ਰੁਕਦਾ ਨਜ਼ਰ ਨਹੀਂ ਆ ਰਿਹਾ। ਸਰਕਾਰ ਇਸ ਕਿੱਤੇ ਨੂੰ ਲਾਹੇਵੰਦ ਬਣਾਉਣ ਦੀ ਥਾਂ ਇਸ ਤੋਂ ਖਹਿੜਾ ਛੁਡਵਾਉਣ ਵਾਲੀ ਰਣਨੀਤੀ ਉਤੇ ਚੱਲ ਰਹੀ ਹੈ ਤੇ ਨਵੇਂ ਕਾਨੂੰਨ ਇਸੇ ਰਣਨੀਤੀ ਦਾ ਹਿੱਸਾ ਹਨ।

## ਚੋਣ ਕਮਿਸ਼ਨ ਵੱਲੋਂ ਡਿਜੀਟਲ ਪਛਾਣ ਪੱਤਰ ਸ਼ੁਰੂ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਇਲੈਕਟ੍ਰਾਨਿਕ ਵੋਟਰ ਪਛਾਣ ਪੱਤਰ ਦੀ ਸ਼ੁਰੂਆਤ ਕੀਤੀ ਹੈ ਜਿਸ ਨੂੰ ਮੋਬਾਈਲ ਫੋਨ 'ਚ ਸੁਰੱਖਿਅਤ ਰੱਖਿਆ ਜਾ ਸਕਦਾ ਹੈ ਅਤੇ ਕੰਪਿਊਟਰ 'ਤੇ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ। ਕਾਨੂੰਨ ਮੰਤਰੀ ਰਵੀਸ਼ੰਕਰ ਨੇ ਈ-ਐਪਿਕ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਅਤੇ ਕੌਮੀ ਵੋਟਰ ਦਿਵਸ ਮੌਕੇ ਪੰਜ ਨਵੇਂ ਵੋਟਰਾਂ ਨੂੰ ਈ-ਐਪਿਕ ਤੇ ਵੋਟਰ ਪਛਾਣ ਪੱਤਰ ਵੰਡੇ। ਈ-ਵੋਟਰ ਕਾਰਡ ਪੀ.ਡੀ.ਐਫ. ਫਾਰਮੈਟ 'ਚ ਮੁਹੱਈਆ ਹੋਵੇਗਾ ਜਿਸ ਨੂੰ ਐਡਿਟ ਨਹੀਂ ਕੀਤਾ ਜਾ ਸਕੇਗਾ ਅਤੇ ਲੋੜ ਪੈਣ 'ਤੇ ਵੋਟਰ ਇਸ ਦਾ ਪ੍ਰਿੰਟ ਲੈ ਸਕਦਾ ਹੈ। ਪੱਛਮੀ ਬੰਗਾਲ, ਤਾਮਿਲਨਾਡੂ, ਅਸਾਮ, ਕੇਰਲਾ ਤੇ ਪੁੱਡੂਚੇਰੀ ਦੇ ਵੋਟਰ ਚੋਣਾਂ ਵਾਲੇ ਦਿਨ ਈ-ਵੋਟਰ ਕਾਰਡ ਦੀ ਵਰਤੋਂ ਕਰ ਸਕਦੇ ਹਨ।

## ਸ਼ੋਪੀਆਂ ਮੁਕਾਬਲਾ: ਫੌਜ ਦੇ ਕਪਤਾਨ ਨੇ ਕੀਤੀ ਸਬੂਤ ਨਸ਼ਟ ਕਰਨ ਦੀ ਕੋਸ਼ਿਸ਼

**ਸ਼ੋਪੀਆਂ:** ਕਸ਼ਮੀਰ ਦੇ ਸ਼ੋਪੀਆਂ ਜ਼ਿਲ੍ਹੇ ਵਿਚ ਪਿਛਲੇ ਸਾਲ ਜੁਲਾਈ ਵਿਚ ਹੋਏ ਝੂਠੇ ਮੁਕਾਬਲੇ 'ਚ ਸ਼ਾਮਲ ਫੌਜ ਦੇ ਕਪਤਾਨ ਅਤੇ ਦੋ ਹੋਰ ਸਿਵਲ ਮੁਲਜ਼ਮਾਂ ਨੇ ਤਿੰਨ ਮਾਰੇ ਗਏ ਨੌਜਵਾਨਾਂ ਨੇੜਿਓਂ ਬਰਾਮਦ ਹੋਏ ਹਥਿਆਰਾਂ ਦੇ ਸਰੋਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਅਤੇ ਸਬੂਤ ਨਸ਼ਟ ਕਰਨ ਦੀ ਕੋਸ਼ਿਸ਼ ਵੀ ਕੀਤੀ।

ਜੰਮੂ-ਕਸ਼ਮੀਰ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਇਥੇ ਮੁੱਖ ਜੁਡੀਸ਼ਲ ਮੈਜਿਸਟਰੇਟ ਕੋਲ ਪੇਸ਼ ਕੀਤੀ ਚਾਰਜਸ਼ੀਟ ਵਿਚ ਕਿਹਾ ਹੈ ਕਿ ਕੈਪਟਨ ਭੁਪਿੰਦਰ ਸਿੰਘ ਨੇ ਆਪਣੇ ਸੀਨੀਅਰ ਅਧਿਕਾਰੀਆਂ ਅਤੇ ਪੁਲਿਸ ਨੂੰ ਹਥਿਆਰਾਂ ਦੀ ਬਰਾਮਦਗੀ ਬਾਰੇ ਗਲਤ ਜਾਣਕਾਰੀ ਦਿੱਤੀ ਸੀ। ਇਹ ਕੇਸ 18 ਜੁਲਾਈ 2020 ਨੂੰ ਸ਼ੋਪੀਆਂ ਦੇ ਅਮਸ਼ੀਪੁਰਾ 'ਚ ਹੋਏ ਮੁਕਾਬਲੇ ਨਾਲ ਸਬੰਧਤ ਹੈ, ਜਿਸ 'ਚ 3 ਨੌਜਵਾਨ ਮਾਰੇ ਗਏ ਸਨ। ਬਾਅਦ ਵਿਚ ਸੋਸ਼ਲ ਮੀਡੀਆ 'ਤੇ ਇਹ ਰਿਪੋਰਟਾਂ ਆਈਆਂ ਸਨ ਕਿ ਤਿੰਨੋਂ ਨੌਜਵਾਨ ਬੇਗੁਨਾਹ ਹਨ। ਇਸ ਪਿੱਛੋਂ ਫੌਜ ਨੇ ਜਾਂਚ ਦਾ ਆਦੇਸ਼ ਦਿੱਤਾ। ਚਾਰਜਸ਼ੀਟ ਵਿਚ ਕਿਹਾ ਗਿਆ ਹੈ ਕਿ ਲਾਸ਼ਾਂ ਕੋਲ ਰੱਖੇ ਨਾਜਾਇਜ਼ ਹਥਿਆਰਾਂ ਦੇ ਸਰੋਤ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

## ਟਰੰਪ ਖਿਲਾਫ ਮਹਾਦੋਸ਼ ਚਲਾਉਣ ਦਾ ਮਤਾ ਸੈਨੇਟ 'ਚ ਪੁੱਜਿਆ

**ਵਾਸ਼ਿੰਗਟਨ:** ਅਮਰੀਕੀ ਸੰਸਦ ਦੇ ਹੇਠਲੇ ਸਦਨ ਵਿਚ ਅਮਰੀਕੀ ਪ੍ਰਤੀਨਿਧੀ ਸਦਨ ਦੇ ਡੈਮੋਕਰੇਟਿਕ ਮੈਂਬਰਾਂ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਖਿਲਾਫ ਮਹਾਦੋਸ਼ ਬਾਰੇ ਇਤਿਹਾਸਕ ਸੁਣਵਾਈ ਮਤਾ ਉਪਰਲੇ ਸਦਨ ਸੈਨੇਟ ਨੂੰ ਭੇਜ ਦਿੱਤਾ ਹੈ। ਯੂ.ਐਸ. ਕੈਪੀਟਲ 'ਚ ਹਿੰਸਕ ਘਿਰਾਓ ਨੂੰ ਲੈ ਕੇ ਸਾਬਕਾ ਰਾਸ਼ਟਰਪਤੀ ਦੀ ਆਲੋਚਨਾ ਕਰਨ ਵਾਲੇ ਰਿਪਬਲੀਕਨ ਸੈਨੇਟਰ ਇਸ ਮਾਮਲੇ ਵਿਚ ਉਸ ਨੂੰ ਦੋਸ਼ੀ ਠਹਿਰਾਉਣ ਦੇ ਮੁੱਦੇ ਨੂੰ ਨਰਮ ਹੁੰਦੇ ਜਾਪਦੇ ਹਨ। ਇਸ ਰੁਖ ਨੂੰ ਪਾਰਟੀ 'ਤੇ ਟਰੰਪ ਦੀ ਪਕੜ ਮਜ਼ਬੂਤ ਹੋਣ ਦੇ ਸੰਕੇਤ ਵਜੋਂ ਮੰਨਿਆ ਜਾ ਰਿਹਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕੈਪਟਨ ਵੱਲੋਂ ਕਰੋਨਾ ਦੇ ਝੰਬੇ ਲੋਕਾਂ 'ਤੇ ਨਵੇਂ ਭਾਰ ਦੀ ਤਿਆਰੀ

**ਚੰਡੀਗੜ੍ਹ:** ਕੈਪਟਨ ਸਰਕਾਰ ਨੇ ਪੰਜਾਬ ਦੇ ਲੋਕਾਂ ਉਤੇ ਵੱਡੇ ਬੋਝ ਪਾਉਣ ਦੀ ਤਿਆਰੀ ਖਿੱਚ ਲਈ ਹੈ। ਸਰਕਾਰ ਪੰਜਾਬ ਦੇ ਲੋਕਾਂ ਨੂੰ ਮਹਿੰਗੀ ਬਿਜਲੀ ਤੇ ਜ਼ਮੀਨਾਂ ਦੇ ਕੁਲੈਕਟਰ ਰੇਟਾਂ ਵਿਚ ਮੋਟਾ ਵਾਧਾ ਕਰਕੇ ਝਟਕੇ ਲਾਉਣ ਵਾਲੀ ਹੈ। ਇਨ੍ਹਾਂ ਨੂੰ ਨਗਰ ਕੌਂਸਲ ਚੋਣਾਂ ਤੋਂ ਤੁਰਤ ਮਗਰੋਂ ਲਾਗੂ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰਾਂ ਵੱਲੋਂ ਕੁਲੈਕਟਰ ਰੇਟ ਵਿਚ ਵਾਧੇ ਲਈ ਤਜਵੀਜ਼ਾਂ ਤਿਆਰ ਕਰ ਲਈਆਂ ਗਈਆਂ ਹਨ। ਨਵੇਂ ਵਾਧੇ ਮਗਰੋਂ ਪੰਜਾਬ ਦੇ ਲੋਕਾਂ 'ਤੇ ਨਵਾਂ ਬੋਝ ਪੈ ਜਾਵੇਗਾ। ਪੰਜਾਬ ਸਰਕਾਰ ਦਾ ਤਰਕ ਹੈ ਕਿ ਕੋਵਿਡ ਕਰਕੇ ਪਹਿਲਾਂ ਕੁਲੈਕਟਰ ਰੇਟ ਸੋਧੇ ਨਹੀਂ ਜਾ ਸਕੇ ਸਨ।

ਉਧਰ, ਪੰਜਾਬ ਪਾਵਰਕਾਮ ਦੇ ਪ੍ਰਸਤਾਵ ਉਤੇ ਪੰਜਾਬ ਰਾਜ ਬਿਜਲੀ ਰੈਗੂਲੇਸ਼ਨ ਕਮਿਸ਼ਨ ਨੇ ਰਾਜ ਵਿਚ ਬਿਜਲੀ ਦੀਆਂ ਦਰਾਂ ਵਿਚ ਆਗਾਮੀ ਵਿੱਤੀ ਵਰ੍ਹੇ ਤੋਂ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਮੱਦੇਨਜ਼ਰ ਜਨਤਕ ਪੱਧਰ ਉਤੇ ਲੋਕਾਂ ਨਾਲ ਗੱਲਬਾਤ ਲਈ ਬਾਕਾਇਦਾ ਰੂਪ-ਰੇਖਾ ਵੀ ਜਾਰੀ ਕਰ ਦਿੱਤੀ ਗਈ ਹੈ। ਇਹ ਪ੍ਰਕਿਰਿਆ ਅਗਲੇ ਮਹੀਨੇ 2 ਤੋਂ 11 ਫਰਵਰੀ ਦਰਮਿਆਨ ਚੱਲੇਗੀ। ਜਿਸ ਤੋਂ ਬਾਅਦ ਬਿਜਲੀ ਦੀਆਂ ਨਵੀਆਂ ਦਰਾਂ ਨਿਰਧਾਰਤ ਕਰਨ ਦਾ ਅਮਲ ਸ਼ੁਰੂ ਹੋ ਜਾਵੇਗਾ। ਇਸ ਵਿਚਾਰ-ਚਰਚਾ ਵਿਚ ਰਾਜ ਦੇ ਸਾਰੇ ਜ਼ਿਲ੍ਹਿਆਂ ਵਿਚ ਸਬੰਧਤ ਧਿਰਾਂ ਨੂੰ ਸ਼ਾਮਲ ਕਰਨ ਸਬੰਧੀ ਵੀ ਕਿਹਾ ਗਿਆ ਹੈ। ਕਾਰੋਬਾਰੀ ਬਿਜਲੀ ਦੇ ਖੇਤਰ ਵਿਚ ਉਦਯੋਗਿਕ ਅਤੇ ਵਪਾਰਕ ਫਰਮਾਂ ਨੂੰ ਦਿੱਤੀ ਜਾਣ ਵਾਲੀ ਬਿਜਲੀ ਦੀਆਂ ਦਰਾਂ ਸ਼ਾਮਲ ਹੁੰਦੀਆਂ ਹਨ, ਜਦਕਿ ਖਪਤਕਾਰ ਬਿਜਲੀ ਦੇ ਅਧੀਨ ਘਰੇਲੂ ਬਿਜਲੀ ਨੂੰ ਸ਼ੁਮਾਰ ਕੀਤਾ ਜਾਂਦਾ ਹੈ। ਪਾਵਰਕਾਮ ਦੇ ਪ੍ਰਸਤਾਵ ਅਨੁਸਾਰ ਰਾਜ ਵਿਚ ਹਰ ਤਰ੍ਹਾਂ ਦੀਆਂ ਬਿਜਲੀ ਦਰਾਂ 'ਤੇ ਪੁਨਰ ਵਿਚਾਰ ਕੀਤਾ ਜਾਣਾ ਹੈ।

ਪਾਵਰਕਾਮ ਵਲੋਂ ਇਹ ਮੰਗ ਹਾਲ ਹੀ ਵਿਚ ਦੁਬਾਰਾ ਕੀਤੀ ਗਈ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ ਦਸੰਬਰ ਵਿਚ ਬਿਜਲੀ ਦੀਆਂ ਦਰਾਂ ਵਿਚ ਵਾਧਾ ਕਰਨ ਦਾ ਫੈਸਲਾ ਕੀਤਾ ਜਾਣ ਲੱਗਾ ਸੀ ਪਰ ਪੰਜਾਬ ਰਾਜ ਬਿਜਲੀ ਰੈਗੂਲੇਸ਼ਨ ਕਮਿਸ਼ਨ ਦੀ ਸਿਫਾਰਸ਼ 'ਤੇ ਇਹ ਫੈਸਲਾ ਟਾਲ ਦਿੱਤਾ ਗਿਆ ਸੀ। ਇਸ ਅਨੁਸਾਰ ਨਵੇਂ ਸਾਲ ਵਿਚ ਇਨ੍ਹਾਂ ਦਰਾਂ ਵਿਚ ਵਾਧਾ ਹੋਣਾ ਲਾਜ਼ਮੀ ਸਮਝਿਆ ਜਾ ਰਿਹਾ ਸੀ। ਇਸੇ ਅਧੀਨ ਪਾਵਰਕਾਮ ਵਲੋਂ ਕਮਿਸ਼ਨ ਕੋਲ ਇਕ ਪਟੀਸ਼ਨ ਵੀ ਪਾ ਦਿੱਤੀ ਗਈ ਹੈ, ਜਿਸ ਵਿਚ ਸਪੱਸ਼ਟ ਰੂਪ ਨਾਲ ਪਾਵਰਕਾਮ ਦੇ ਖਰਚਿਆਂ ਨੂੰ ਪੂਰਾ ਕਰਨ ਅਤੇ ਪਿਛਲੇ ਸਮੇਂ ਤੋਂ ਪੈ ਰਹੇ ਘਾਟੇ ਨੂੰ ਪੂਰਾ ਕਰਨ ਲਈ ਬਿਜਲੀ ਦਰਾਂ ਵਿਚ ਵਾਧੇ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਇਹ ਵਾਧਾ ਕੁੱਲ 8 ਫੀਸਦੀ ਤੱਕ ਭਾਵ 35 ਪੈਸੇ ਪ੍ਰਤੀ ਯੂਨਿਟ ਕਰਨ ਦੀ ਮੰਗ ਕੀਤੀ ਗਈ ਹੈ।



ਪਾਵਰਕਾਮ ਨੇ ਇਸ ਰਾਹੀਂ 3 ਹਜ਼ਾਰ ਕਰੋੜ ਰੁਪਏ ਦੇ ਘਾਟੇ ਨੂੰ ਪੂਰਾ ਕਰਨ ਦਾ ਦਾਅਵਾ ਕੀਤਾ ਹੈ।

ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਕੋਵਿਡ ਕਰਕੇ ਬਾਕੀ ਸਭਨਾਂ ਨੂੰ ਰਿਆਇਤ 'ਤੇ ਛੋਟ ਦਿੱਤੀ ਜਾ ਰਹੀ ਜਦੋਂਕਿ ਆਮ ਲੋਕਾਂ 'ਤੇ ਨਵਾਂ ਭਾਰ ਪਾਉਣ ਦੀ ਤਿਆਰੀ ਵਿੱਢੀ ਹੈ। ਮਾਲ ਤੇ ਮੁੜ ਵਸੇਬਾ ਵਿਭਾਗ ਦੇ ਉਚ ਅਧਿਕਾਰੀ ਵੱਲੋਂ ਹਫਤਾ ਪਹਿਲਾਂ ਡਿਪਟੀ ਕਮਿਸ਼ਨਰਾਂ ਨਾਲ ਵੀਡੀਓ ਕਾਨਫਰੰਸ ਕੀਤੀ ਗਈ ਸੀ ਜਿਸ ਵਿਚ ਸਪੱਸ਼ਟ ਹਦਾਇਤਾਂ ਕੀਤੀਆਂ ਗਈਆਂ ਕਿ ਕੁਲੈਕਟਰ ਰੇਟਾਂ ਵਿਚ ਵਾਧੇ ਲਈ ਤਜਵੀਜ਼ ਤਿਆਰ ਰੱਖੀ ਜਾਵੇ ਅਤੇ ਨਗਰ ਕੌਂਸਲ ਚੋਣਾਂ ਮਗਰੋਂ ਨਵੀਆਂ ਤਜਵੀਜ਼ਾਂ ਨੂੰ ਲਾਗੂ ਕਰ ਦਿੱਤਾ ਜਾਵੇ। ਸੂਤਰ ਦੱਸਦੇ ਹਨ ਕਿ ਪੇਂਡੂ ਖੇਤਰਾਂ ਵਿਚ ਕੁਲੈਕਟਰ ਰੇਟ 10 ਤੋਂ 15 ਫੀਸਦੀ ਵਧਾਏ ਜਾ ਰਹੇ ਹਨ ਜਦੋਂ ਕਿ ਸ਼ਹਿਰੀ ਖੇਤਰ ਵਿਚ 20 ਫੀਸਦੀ ਤੱਕ ਰੇਟ ਵਧਾਏ ਜਾਣੇ ਹਨ ਅਤੇ ਕਈ ਥਾਵਾਂ 'ਤੇ ਕੁਲੈਕਟਰ ਰੇਟ ਘਟਾਏ ਵੀ ਜਾ ਰਹੇ ਹਨ। ਕੌਮੀ ਹਾਈਵੇਅ 'ਤੇ ਪੈਂਦੀ ਜ਼ਮੀਨ ਦੇ ਕੁਲੈਕਟਰ ਰੇਟ ਵਿਚ 20 ਤੋਂ 30 ਫੀਸਦੀ ਦਾ ਵਾਧਾ ਕੀਤੇ ਜਾਣ ਦੀ ਕਨਸੋਅ ਮਿਲੀ ਹੈ। ਮਾਲ ਤੇ ਮੁੜ ਵਸੇਬਾ ਵਿਭਾਗ ਨੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਲਿਖ ਕੇ ਸਾਲ 2021-22 ਲਈ ਕੁਲੈਕਟਰ ਰੇਟ ਰੀਵਾਈਜ਼ ਕਰਨ ਲਈ ਕਿਹਾ ਹੈ।

ਪੱਤਰ ਅਨੁਸਾਰ ਪੰਜਾਬ ਸਟੈਂਪ (ਡੀਲਿੰਗ ਆਫ ਅੰਡਰ ਵੈਲਿਯੂਡ ਇਨਸਟਰੂਮੈਂਟਸ) ਰੂਲਜ਼ 1983 ਦੇ ਰੂਲ 3 ਏ ਅਧੀਨ ਜ਼ਮੀਨ ਦੀਆਂ ਕੀਮਤਾਂ ਵਿਚ ਹੋਏ ਉਤਰਾਅ ਚੜ੍ਹਾਅ ਦੇ ਮੱਦੇਨਜ਼ਰ ਕੁਲੈਕਟਰ ਰੇਟ ਸੋਧੇ ਜਾਣੇ ਹਨ ਕਿਉਂਕਿ ਕੋਵਿਡ ਮਹਾਂਮਾਰੀ ਕਰਕੇ ਇਕ ਸਾਲ ਤੋਂ ਵੱਧ ਸਮੇਂ ਤੋਂ ਮਾਰਕੀਟ ਦੀ ਸਥਿਤੀ ਮੁਤਾਬਕ ਕੁਲੈਕਟਰ ਰੇਟਾਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕੀ। ਪੱਤਰ 'ਚ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਹੈ ਦਿਹਾਤੀ ਖੇਤਰ ਦੇ ਕੁਲੈਕਟਰ ਰੇਟਾਂ ਦੀਆਂ ਸੰਸ਼ੋਧਿਤ ਸੂਚੀਆਂ ਤਿਆਰ ਕਰਕੇ ਤੁਰੰਤ ਜਾਰੀ ਕੀਤੀਆਂ ਜਾਣ।

## ਸ਼੍ਰੋਮਣੀ ਕਮੇਟੀ ਨੇ ਸਿੱਖ ਐਂਕਰ ਨੂੰ ਧਮਕੀਆਂ ਸਬੰਧੀ ਇਮਰਾਨ ਨੂੰ ਲਿਖਿਆ ਪੱਤਰ



**ਅੰਮ੍ਰਿਤਸਰ:** ਪਾਕਿਸਤਾਨ ਦੇ ਸਿੱਖ ਟੀਵੀ ਐਂਕਰ ਹਰਮੀਤ ਸਿੰਘ ਨੂੰ ਧਮਕੀਆਂ ਮਿਲਣ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ ਲਹਿੰਦੇ ਪੰਜਾਬ ਦੇ ਗਵਰਨਰ ਚੌਧਰੀ ਮੁਹੰਮਦ ਸਰਵਰ ਨੂੰ ਪੱਤਰ ਭੇਜ ਕੇ ਇਸ ਮਾਮਲੇ ਵਿਚ ਦਖ਼ਲ ਦੇਣ ਦੀ ਅਪੀਲ ਕੀਤੀ ਹੈ। ਪੱਤਰ ਵਿਚ ਉਨ੍ਹਾਂ ਲਿਖਿਆ ਕਿ ਪਾਕਿਸਤਾਨ ਵਿਚ ਸਿੱਖ ਘੱਟ ਗਿਣਤੀ ਵਿਚ ਹਨ ਅਤੇ ਸਰਕਾਰ ਦਾ ਫਰਜ਼ ਹੈ ਕਿ ਉਹ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਵੇ। ਹਰਮੀਤ ਸਿੰਘ ਦੇ ਭਰਾ ਦਾ ਕੁਝ ਸਮਾਂ ਪਹਿਲਾਂ ਕਤਲ ਕਰ ਦਿੱਤਾ ਗਿਆ ਸੀ ਅਤੇ ਹੁਣ ਉਸ ਨੂੰ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਇਸ ਮਾਮਲੇ ਨੂੰ ਸੰਜੀਦਗੀ ਨਾਲ ਨਜਿੱਠਣ ਦੀ ਅਪੀਲ ਕੀਤੀ ਹੈ।

# ਬੇਅਦਬੀ ਕਾਂਡ: ਕੇਸ ਫਾਈਲ 'ਸਿਟ' ਨੂੰ ਦੇਣ ਦੇ ਹੁਕਮ

**ਮੁਹਾਲੀ:** ਵਿਸ਼ੇਸ਼ ਸੀਬੀਆਈ ਅਦਾਲਤ ਨੇ ਪਿੰਡ ਬਰਗਾੜੀ ਸਮੇਤ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਦੇ ਮਾਮਲਿਆਂ ਸਬੰਧੀ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਅਦਾਲਤੀ ਰਿਕਾਰਡ ਵਿਚ ਜਮ੍ਹਾਂ ਕੇਸ ਫਾਈਲ ਅਤੇ ਹੋਰ ਅਹਿਮ ਦਸਤਾਵੇਜ਼ ਸੌਂਪਦਿਆਂ ਸੀ.ਬੀ.ਆਈ. ਨੂੰ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਜਿੰਨੀ ਛੇਤੀ ਹੋ ਸਕੇ ਕੇਸ ਫਾਈਲ ਅਤੇ ਹੋਰ ਲੋੜੀਂਦੇ ਦਸਤਾਵੇਜ਼ ਪੰਜਾਬ ਪੁਲਿਸ ਦੀ 'ਸਿਟ' ਦੇ ਸਪੁਰਦ ਕੀਤੇ ਜਾਣ। ਬੇਅਦਬੀ ਮਾਮਲਿਆਂ (ਕਲੋਜ਼ਰ ਰਿਪੋਰਟ ਅਤੇ ਨਵੇਂ ਸਿਰਿਓਂ ਜਾਂਚ) ਸਬੰਧੀ ਮੁਹਾਲੀ ਸਥਿਤ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਜੀ.ਐਸ. ਸੇਖੋਂ ਦੀ ਅਦਾਲਤ ਵਿਚ ਸੁਣਵਾਈ ਹੋਈ। ਸੰਯੁਕਤ ਡਾਇਰੈਕਟਰ ਪ੍ਰਾਸੀਕਿਊਸ਼ਨ (ਕਰਾਈਮ) ਰਾਜੇਸ਼ ਸਲਵਾਨ ਅਤੇ ਸਰਕਾਰੀ ਵਕੀਲ ਸੰਜੀਵ ਬੱਤਰਾ, ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਏ.ਆਈ.ਜੀ. ਸਰਬਜੀਤ ਸਿੰਘ ਸਮੇਤ ਸੀ.ਬੀ.ਆਈ. ਦੇ ਜਾਂਚ ਅਧਿਕਾਰੀ ਵੱਲੋਂ ਇੰਸਪੈਕਟਰ ਸੁਨੀਲ ਕੁਮਾਰ ਸਰਕਾਰੀ ਪੱਤਰ ਲੈ ਕੇ ਪੇਸ਼ ਹੋਏ।


ਸੁਣਵਾਈ ਦੌਰਾਨ ਕੋਈ ਸ਼ਿਕਾਇਤਕਰਤਾ ਜਾਂ ਉਨ੍ਹਾਂ ਦੇ ਵਕੀਲ ਪੇਸ਼ ਨਹੀਂ ਹੋਏ। ਉਂਜ ਸ਼ਿਕਾਇਤ ਕਰਤਾਵਾਂ ਦੇ ਵਕੀਲ ਨੇ ਆਪਣਾ ਇਕ ਨੁਮਾਇੰਦਾ ਜ਼ਰੂਰ ਭੇਜਿਆ ਸੀ। ਕਾਰਵਾਈ ਨੂੰ ਸਮੇਟਣ ਲਈ ਅਦਾਲਤ ਨੇ ਸਾਰੀਆਂ ਧਿਰਾਂ ਨੂੰ ਪੇਸ਼ ਹੋਣ ਲਈ ਤਿੰਨ ਵਾਰ ਸਮਾਂ ਦਿੱਤਾ ਸੀ। ਵੱਖ-ਵੱਖ ਪਹਿਲੂਆਂ 'ਤੇ ਗੌਰ ਕਰਦਿਆਂ ਅਦਾਲਤ ਨੇ ਸੀ.ਬੀ.ਆਈ. ਨੂੰ ਕੇਸ ਫਾਈਲ ਅਤੇ ਦਸਤਾਵੇਜ਼ ਦੇਣ ਦੇ ਹੁਕਮ ਦਿੱਤੇ ਗਏ। ਇਹ ਕੇਸ ਫਾਈਲ ਅਤੇ ਦਸਤਾਵੇਜ਼ ਹੁਣ ਸੀ.ਬੀ.ਆਈ. ਵੱਲੋਂ ਪੰਜਾਬ ਪੁਲਿਸ ਦੀ 'ਸਿਟ' ਨੂੰ ਸੌਂਪੇ ਜਾਣਗੇ। ਸੁਣਵਾਈ ਦੌਰਾਨ ਸੀ.ਬੀ.ਆਈ. ਦੇ ਇੰਸਪੈਕਟਰ ਸੁਨੀਲ ਕੁਮਾਰ ਦੇ ਬਿਆਨ ਦਰਜ ਕੀਤੇ ਗਏ। ਬਹਿਸ ਵਿਚ ਹਿੱਸਾ ਲੈਂਦਿਆਂ ਸਰਕਾਰੀ ਵਕੀਲ ਸੰਜੀਵ ਬੱਤਰਾ ਨੇ ਅਪੀਲ ਕੀਤੀ ਕਿ ਸੀ.ਬੀ.ਆਈ. ਨੂੰ ਦਿੱਤੀ ਜਾਣ ਵਾਲੀ ਕੇਸ ਫਾਈਲ ਅਤੇ ਹੋਰ ਅਹਿਮ ਦਸਤਾਵੇਜ਼ਾਂ ਦੀ ਇਕ ਫੋਟੋ ਕਾਪੀ ਅਦਾਲਤ ਦੇ ਰਿਕਾਰਡ ਰੂਮ ਵਿਚ ਸੰਭਾਲ ਕੇ ਰੱਖੀ ਜਾਵੇ। ਸਰਕਾਰੀ ਵਕੀਲ ਦੀ ਇਹ ਅਪੀਲ ਅਦਾਲਤ ਨੇ ਮਨਜ਼ੂਰ ਕਰਦਿਆਂ ਸਟਾਫ ਨੂੰ ਆਦੇਸ਼ ਦਿੱਤੇ ਕਿ ਸੀ.ਬੀ.ਆਈ. ਨੂੰ ਦਿੱਤੇ ਜਾਣ ਵਾਲੇ ਦਸਤਾਵੇਜ਼ਾਂ ਦੀ ਕਾਪੀ ਰਿਕਾਰਡ ਰੂਮ ਵਿਚ ਸਾਂਭ ਕੇ ਰੱਖੀ ਜਾਵੇ।

ਸੀ.ਬੀ.ਆਈ. ਦੇ ਵਕੀਲ ਦਾ ਕਹਿਣਾ ਹੈ ਕਿ ਕੇਸ ਫਾਈਲ ਅਤੇ ਹੋਰ ਲੋੜੀਂਦੇ ਦਸਤਾਵੇਜ਼ ਸੀ.ਬੀ.ਆਈ. ਦੇ ਮੁੱਖ ਦਫਤਰ ਨਵੀਂ ਦਿੱਲੀ ਵਿਚ ਹਨ। ਕੁਝ ਦਸਤਾਵੇਜ਼ ਅਦਾਲਤ ਵਿਚ ਹਨ। ਸਾਰੇ ਦਸਤਾਵੇਜ਼ ਇਕੱਠੇ ਕਰਕੇ ਫਾਈਲ ਤਿਆਰ ਕੀਤੀ ਜਾਵੇਗੀ ਅਤੇ ਪੰਜਾਬ ਪੁਲਿਸ ਦੇ ਜਾਂਚ ਅਧਿਕਾਰੀ ਨੂੰ ਦਿੱਲੀ ਸੱਦ ਕੇ ਪੂਰੀ ਫਾਈਲ ਸੌਂਪੀ ਜਾਵੇਗੀ। ਉਂਜ ਵੀ ਹਾਈ ਕੋਰਟ ਦੇ ਹੁਕਮਾਂ ਮੁਤਾਬਕ ਸੀ.ਬੀ.ਆਈ. ਕੋਲ ਕੇਸ ਫਾਈਲ ਤੇ ਹੋਰ ਸਬੰਧਤ ਦਸਤਾਵੇਜ਼ ਪੰਜਾਬ ਪੁਲਿਸ ਨੂੰ ਵਾਪਸ ਕਰਨ ਲਈ 3 ਫਰਵਰੀ ਤੱਕ ਦਾ ਸਮਾਂ ਹੈ।

## ਵਰੁਣ ਤੇ ਨਤਾਸ਼ਾ ਵਿਆਹ ਦੇ ਬੰਧਨ 'ਚ ਬੱਝੇ

**ਅਲੀਬਾਗ:** ਬੌਲੀਵੁੱਡ ਅਦਾਕਾਰ ਵਰੁਣ ਧਵਨ ਵਰੁਣ ਆਪਣੇ ਬਚਪਨ ਦੇ ਪਿਆਰ ਨਤਾਸ਼ਾ ਦਲਾਲ ਨਾਲ ਵਿਆਹ ਦੇ ਬੰਧਨ ਵਿਚ ਬੱਝ ਗਏ। ਇਸ ਖਾਸ ਮੌਕੇ ਮਹਾਰਾਸ਼ਟਰ ਦੇ ਅਲੀਬਾਗ ਸਥਿਤ 'ਦਿ ਮੈਨਸ਼ਨ ਹਾਊਸ' ਵਿਚ ਪੁਜਾਰੀਆਂ ਨੂੰ ਪੂਜਾ ਸਮੱਗਰੀ ਦੇ ਇਕ ਭਾਰੀ ਬੈਗ ਸਮੇਤ ਦਾਖਲ ਹੁੰਦੇ ਦੇਖਿਆ ਗਿਆ, ਜਿਥੇ ਉਨ੍ਹਾਂ ਵਿਆਹ ਦੀਆਂ ਰਸਮਾਂ ਵਿਚ ਹਿੱਸਾ ਲਿਆ। ਪੁਜਾਰੀ ਨੇ ਗੇਟ ਦੇ ਬਾਹਰ ਆਪਣੀਆਂ ਤਸਵੀਰਾਂ ਖਿਚਵਾਉਂਦਿਆਂ 'ਨਮਸਤੇ' ਲਈ ਹੱਥ ਜੋੜੇ ਪਰ ਉਨ੍ਹਾਂ ਵਿਆਹ ਦੇ ਵੇਰਵਿਆਂ ਬਾਰੇ ਸਵਾਲਾਂ ਦੇ ਜਵਾਬ ਨਹੀਂ ਦਿੱਤੇ।

ਹਾਲਾਂਕਿ ਦੇਸ਼ ਭਰ ਦੇ ਪ੍ਰਸ਼ੰਸਕ ਬੌਲੀਵੁੱਡ ਦੇ ਇਸ ਵੱਡੇ ਵਿਆਹ ਸਮਾਗਮ ਬਾਰੇ ਜਾਣਨ ਲਈ ਉਤਸੁਕ ਹਨ ਪਰ ਲਾੜੇ ਵਰੁਣ ਧਵਨ ਅਤੇ



ਲਾੜੀ ਨਤਾਸ਼ਾ ਦਲਾਲ ਦੇ ਪਰਿਵਾਰਾਂ ਨੇ ਮੀਡੀਆ ਦੀਆਂ ਨਜ਼ਰਾਂ ਤੋਂ ਬਚਣ ਲਈ ਇਸ ਨੂੰ ਜਿੰਨਾ ਸੰਭਵ ਹੋ ਸਕੇ, ਗੁਪਤ ਰੱਖਣ ਦੀ ਚੋਣ ਕੀਤੀ। ਧਵਨ'ਜ ਨੇ ਅਲੀਬਾਗ ਦੇ ਸਮੁੰਦਰੀ ਕੰਢੇ ਨਾਲ ਜੁੜੇ ਸਾਰੇ ਰਸਤੇ ਬੰਦ ਕਰ ਰੱਖੇ। ਵਿਆਹ ਸਮਾਗਮਾਂ ਦੀ ਸ਼ੁਰੂਆਤ 22 ਜਨਵਰੀ ਤੋਂ ਹੋਈ, ਜਿੱਥੇ ਮਹਿਮਾਨ ਬਾਇਓ ਬਬਲ ਪ੍ਰੋਟੋਕੋਲ ਤਹਿਤ ਸ਼ਾਮਲ ਹੋਏ।

# ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸਿਰਸਾ ਖਿਲਾਫ ਕੇਸ ਦਰਜ

**ਨਵੀਂ ਦਿੱਲੀ:** ਦਿੱਲੀ ਪੁਲਿਸ ਦੀ ਆਰਥਿਕ ਅਪਰਾਧ ਸ਼ਾਖਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਖਿਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਵੇਰਵਿਆਂ ਮੁਤਾਬਕ ਦਿੱਲੀ ਦੀ ਇਕ ਅਦਾਲਤ ਨੇ ਪਿਛਲੇ ਸਾਲ ਹੁਕਮ ਦਿੱਤਾ ਸੀ ਕਿ ਕਮੇਟੀ ਦੇ ਸਕੱਤਰ ਜਨਰਲ ਵਜੋਂ ਸਿਰਸਾ ਦੇ ਕਾਰਜਕਾਲ ਦੌਰਾਨ ਹੋਈ ਕਥਿਤ ਫੰਡਾਂ ਦੀ ਦੁਰਵਰਤੋਂ ਦੇ ਮਾਮਲੇ ਵਿਚ ਸਿਰਸਾ ਵਿਰੁੱਧ ਐਫ.ਆਈ.ਆਰ. ਦਰਜ ਕੀਤੀ ਜਾਵੇ। ਪੁਲਿਸ ਨੇ ਦੱਸਿਆ ਕਿ ਸਿਰਸਾ ਅਤੇ ਹੋਰਨਾਂ ਖਿਲਾਫ ਕਮੇਟੀ ਨਾਲ ਜੁੜੇ ਧੋਖਾਧੜੀ ਦੇ ਮਾਮਲੇ ਵਿਚ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਦੀ ਜਾਂਚ ਚੱਲ ਰਹੀ ਹੈ। ਇਹ ਮਾਮਲਾ ਟੈਂਟਾਂ ਤੇ ਹੋਰ ਮਦਦ ਨਾਲ ਜੁੜਿਆ ਹੋਇਆ ਹੈ ਤੇ ਉਦੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਸਨ। ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ 'ਜਾਗੋ' ਪਾਰਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਮਨਜਿੰਦਰ ਸਿੰਘ ਸਿਰਸਾ ਦੀ ਸਖਤ ਨਿੰਦਾ ਕੀਤੀ ਸੀ। ਮਾਮਲੇ ਦੀ ਸ਼ਿਕਾਇਤ ਭੁਪਿੰਦਰ ਸਿੰਘ ਨੇ ਕੀਤੀ ਸੀ ਜੋ ਸਰਨਾ ਧੜੇ ਦੇ ਨੇੜੇ ਹਨ। ਦਿੱਲੀ ਕਮੇਟੀ ਨੇ ਇਹ ਕੇਸ ਦਰਜ ਹੋਣ ਪਿੱਛੇ ਭਾਜਪਾ ਦਾ ਹੱਥ ਦੱਸਿਆ ਹੈ। ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀਕੇ ਉਤੇ ਵੀ ਨਿਸ਼ਾਨਾ ਸੇਧਿਆ ਗਿਆ ਹੈ।



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਰਜ ਕੇਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਕਮੇਟੀ ਖਿਲਾਫ ਕੂੜ ਪ੍ਰਚਾਰ ਮੁਹਿੰਮ ਵਿੱਢੀ ਗਈ ਹੈ ਤੇ ਇਸੇ ਤਹਿਤ ਸਿਰਸਾ ਖਿਲਾਫ ਝੂਠਾ ਕੇਸ ਦਰਜ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਲੰਗਰ ਦੀ ਸੇਵਾ ਤੇ ਮਨੁੱਖਤਾ ਦੀ ਹੋਰ ਕਈ ਤਰੀਕੇ ਨਾਲ ਮਦਦ ਕਰਦੇ ਰਹੇ ਹਨ। ਦਿੱਲੀ ਬਾਰਡਰਾਂ 'ਤੇ ਕਿਸਾਨ ਅੰਦੋਲਨ ਦੀ ਮਦਦ ਕਰ ਰਹੇ ਹਨ। ਇਸੇ ਲਈ ਹੁਣ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ। ਬਾਦਲ ਨੇ ਕਿਹਾ ਕਿ ਦੁਨੀਆ ਭਰ ਵਿਚ ਬੈਠੇ ਪੰਜਾਬੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਕਿਸਾਨ ਸੰਘਰਸ਼ ਦੇ ਸਾਰੇ ਹਮਾਇਤੀਆਂ ਨੂੰ ਡਰਾਉਣ-ਧਮਕਾਉਣ ਲਈ ਵਰਤੀਆਂ ਜਾ ਰਹੀਆਂ ਤਰਕੀਬਾਂ ਵੇਖ ਕੇ ਹੈਰਾਨ-ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਕਿ ਹੁਣ ਕੇਂਦਰ ਦਿੱਲੀ ਗੁਰਦੁਆਰਾ ਕਮੇਟੀ ਪਿੱਛੇ ਪੈ ਗਿਆ ਹੈ ਕਿਉਂਕਿ ਇਹ ਕਿਸਾਨ ਅੰਦੋਲਨ ਨੂੰ ਸਹਾਇਤਾ ਦੇਣ ਵਿਚ ਸਭ ਤੋਂ ਮੂਹਰੇ ਹੈ।

# ਕੇਂਦਰੀ ਸਿੱਖ ਅਜਾਇਬਘਰ 'ਚ ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦਾਂ ਨੂੰ ਥਾਂ ਮਿਲੀ

**ਅੰਮ੍ਰਿਤਸਰ:** ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਨੂੰ ਮਹੰਤਾਂ ਕੋਲੋਂ ਆਜ਼ਾਦ ਕਰਵਾਉਣ ਸਮੇਂ ਸ਼ਹੀਦ ਹੋਏ ਭਾਈ ਹਜ਼ਾਰਾ ਸਿੰਘ ਅਲਾਦੀਨਪੁਰ ਅਤੇ ਭਾਈ ਹੁਕਮ ਸਿੰਘ ਵਸਾਊਕੋਟ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਕੀਤੀਆਂ ਗਈਆਂ।

ਇਨ੍ਹਾਂ ਦੋਵਾਂ ਸ਼ਹੀਦਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਦੇ ਪਹਿਲੇ ਸ਼ਹੀਦ ਹੋਣ ਦਾ ਮਾਣ ਪ੍ਰਾਪਤ ਹੈ। ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਫੈਸਲੇ ਤਹਿਤ ਇਨ੍ਹਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਈਆਂ ਗਈਆਂ। ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਨਿਭਾਈ। ਇਸ ਮੌਕੇ ਰਾਗੀ ਜਥੇ ਭਾਈ ਭੁਪਿੰਦਰ ਸਿੰਘ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਸੁਲਤਾਨ ਸਿੰਘ ਨੇ ਕੀਤੀ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਐਡਵੋਕੇਟ ਹਰਜਿੰਦਰ ਸਿੰਘ ਨੇ ਕਿਹਾ



ਕਿ ਸ਼ਹੀਦ ਭਾਈ ਹਜ਼ਾਰਾ ਸਿੰਘ ਤੇ ਭਾਈ ਹੁਕਮ ਸਿੰਘ ਦਾ ਕੌਮ ਅੰਦਰ ਸਤਿਕਾਰਤ ਸਥਾਨ ਹੈ ਅਤੇ ਕੌਮ ਇਨ੍ਹਾਂ ਦੀਆਂ ਸ਼ਹਾਦਤਾਂ ਤੋਂ ਹਮੇਸ਼ਾ ਪ੍ਰੇਰਣਾ ਲੈਂਦੀ ਰਹੇਗੀ।

## ਪਟਨਾ ਸਾਹਿਬ ਵਿਚ ਸਿੱਖ ਮਿਸ਼ਨ ਕੇਂਦਰ ਬਣੇਗਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਬਿਹਾਰ ਦੇ ਸਾਸਾਰਾਮ ਵਿਚ ਗੁਰਦੁਆਰਾ ਟਕਸਾਲ ਸੰਗਤ ਵਿਖੇ ਗੁਰਮਤਿ ਸਮਾਗਮ ਨੂੰ ਸੰਬੋਧਨ ਕਰਦਿਆਂ ਪਟਨਾ ਸਾਹਿਬ 'ਚ ਸਿੱਖ ਮਿਸ਼ਨ ਕੇਂਦਰ ਸਥਾਪਤ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਥੋਂ ਧਰਮ ਪ੍ਰਚਾਰ ਕਮੇਟੀ ਦੇ ਜਥੇ ਇਲਾਕੇ ਵਿਚ ਪ੍ਰਚਾਰ ਕਰਨ ਜਾਇਆ ਕਰਨਗੇ।

ਉਨ੍ਹਾਂ ਦੱਸਿਆ ਕਿ ਸਾਸਾਰਾਮ ਵਿਚ ਗੁਰੂ ਤੇਗ ਬਹਾਦਰ ਨਾਲ ਸਬੰਧਤ ਚਾਰ ਗੁਰਦੁਆਰੇ ਹਨ। ਇਨ੍ਹਾਂ ਚਾਰੇ ਗੁਰਦੁਆਰਿਆਂ ਦੀਆਂ ਕਮੇਟੀਆਂ ਦੇ ਸਾਂਝੇ ਸਹਿਯੋਗ ਨਾਲ ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਦੇ ਚਾਰ ਸੌ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਦੌਰਾਨ ਉਨ੍ਹਾਂ ਗੁਰਦੁਆਰਾ ਟਕਸਾਲ ਸੰਗਤ ਲਈ 5 ਲੱਖ ਰੁਪਏ ਦੇਣ ਅਤੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਤੇ ਗੁਰਬਾਣੀ ਸੰਥਿਆ ਲਈ ਪ੍ਰਚਾਰਕ ਭੇਜਣ ਦਾ ਵੀ ਐਲਾਨ ਕੀਤਾ।

ਸਮਾਗਮ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਨੇ ਗੁਰਦੁਆਰਾ ਸੁਧਾਰ ਲਹਿਰ ਤਹਿਤ ਵਾਪਰੇ ਸਾਕਿਆਂ ਦੇ ਇਤਿਹਾਸ ਬਾਰੇ ਦੱਸਿਆ। ਇਸ ਮੌਕੇ ਗਿਆਨੀ ਜਗਤਾਰ ਸਿੰਘ ਤੇ ਵਧੀਕ ਸਕੱਤਰ ਸੁਖਦੇਵ ਸਿੰਘ ਭੂਰਾਕੋਹਨਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਦੋਹਾਂ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਨੂੰ ਸਨਮਾਨਿਤ ਕੀਤਾ ਗਿਆ।

# ਕੌਂਸਲ ਚੋਣਾਂ: ਸਿਆਸੀ ਧਿਰਾਂ ਲਈ ਵੱਡੀ ਚੁਣੌਤੀ ਬਣਿਆ ਕਿਸਾਨ ਸੰਘਰਸ਼

**ਚੰਡੀਗੜ੍ਹ:** ਪੰਜਾਬ ਦੇ ਦਿਹਾਤੀ ਖੇਤਰਾਂ ਦਾ ਵੱਡਾ ਹਿੱਸਾ ਇਸ ਵੇਲੇ ਕਿਸਾਨ ਅੰਦੋਲਨ ਵਿਚ ਰੁੱਝਾ ਹੋਇਆ ਹੈ ਅਤੇ ਦਿੱਲੀ ਡੇਰੇ ਲਗਾਈ ਬੈਠਾ ਹੈ ਪਰ ਪੰਜਾਬ ਵਿਚ ਕੌਂਸਲ ਚੋਣਾਂ ਦੇ ਐਲਾਨ ਨਾਲ ਸਿਆਸੀ ਪਾਰਾ ਚੜ੍ਹ ਗਿਆ ਹੈ। ਸਿਆਸੀ ਪਾਰਟੀਆਂ ਵਲੋਂ ਇਨ੍ਹਾਂ ਚੋਣਾਂ ਨੂੰ ਲੈ ਕੇ ਕਮਰਕੱਸੇ ਕਰ ਲਏ ਹਨ।

ਕਿਸਾਨੀ ਅੰਦੋਲਨ ਕਰਕੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਅੰਦਰਖਾਤੇ ਚਿੰਤਾ ਵਧਣ ਲੱਗੀ ਹੈ। ਹਾਲਾਤ ਅਜਿਹੇ ਉਪਜਣ ਲੱਗੇ ਹਨ ਕਿ ਜਿਵੇਂ-ਜਿਵੇਂ ਚੋਣਾਂ ਦੇ ਦਿਨ ਘਟ ਰਹੇ ਹਨ ਤਿਵੇਂ-ਤਿਵੇਂ ਰਾਜਸੀ ਪਾਰਟੀਆਂ ਨੂੰ ਸਿਆਸੀ ਜ਼ਮੀਨ ਵੀ ਖੁੱਸਦੀ ਹੋਈ ਪ੍ਰਤੀਤ ਹੋਣ ਲੱਗੀ ਹੈ। ਦੱਸਿਆ ਜਾ ਰਿਹਾ ਹੈ ਰਾਜਸੀ ਧਿਰਾਂ ਨੂੰ ਵੱਡੀ ਚਿੰਤਾ ਹੈ ਕਿ ਵਿਧਾਨ ਸਭਾ ਪਿੜ ਤੱਕ ਕਿਸਾਨੀ ਝੰਡਿਆਂ ਅੱਗੇ ਸਿਆਸੀ ਝੰਡਿਆਂ ਦਾ ਰੰਗ ਕਿਤੇ ਅਸਲੋਂ ਫਿੱਕਾ ਨਾ ਪੈ ਜਾਏ। ਅਜਿਹੇ 'ਚ ਕਿਸਾਨ ਘੋਲ ਦੀ ਹਮਾਇਤ ਦੇ ਨਾਂ 'ਤੇ ਰਾਜਸੀ ਧਿਰਾਂ ਵੱਲੋਂ ਆਪਣੀ ਬਚੀ-ਖੁਚੀ ਸਿਆਸੀ ਸਾਖ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਿਸਾਨ ਸੰਘਰਸ਼ ਨੇ ਸੂਬੇ ਦੀ ਫਿਜ਼ਾ ਦਾ ਚਿਹਰਾ-ਮੋਹਰਾ ਬਦਲ ਕੇ ਰੱਖ ਦਿੱਤਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਚਾਰ-ਚੁਫੇਰੇ ਲਹਿਰਾ ਰਹੇ ਕਿਸਾਨੀ ਝੰਡਿਆਂ ਤੋਂ ਸਿਆਸੀ ਧਿਰਾਂ ਨੂੰ ਰਾਜਸੀ ਤਾਪ ਚੜ੍ਹਨਾ ਸੁਭਾਵਕ ਹੈ।



ਇਸ ਵਾਰ ਇਨ੍ਹਾਂ ਚੋਣਾਂ ਵਿਚ ਵੱਖਰੀ ਗੱਲ ਇਹ ਵੀ ਦੇਖਣ ਨੂੰ ਮਿਲੇਗੀ ਕਿ ਸਿਆਸੀ ਗਠਜੋੜ ਦੀਆਂ ਤੰਦਾਂ ਨਾਲ ਕਈ ਸਾਲਾਂ ਤੋਂ ਬੱਝੀਆਂ ਪਾਰਟੀਆਂ ਅਕਾਲੀ ਦਲ ਅਤੇ ਭਾਜਪਾ 'ਚ ਤੋੜ ਵਿਛੋੜਾ ਹੋਣ ਕਰਕੇ ਦੋਵੇਂ ਹੀ ਆਪਣੀਆਂ ਆਹਮੋ-ਸਾਹਮਣੇ ਹੋ ਕੇ ਇਕ ਦੂਸਰੇ ਦਾ ਮੁਕਾਬਲਾ ਕਰਨਗੀਆਂ।

ਇਨ੍ਹਾਂ ਚੋਣਾਂ ਨੂੰ ਲੈ ਕੇ ਅਕਾਲੀ ਦਲ, ਕਾਂਗਰਸ, ਆਮ ਆਦਮੀ ਪਾਰਟੀ, ਬਸਪਾ ਸਮੇਤ ਹੋਰ ਕਈ ਪਾਰਟੀਆਂ ਖੁੱਲ੍ਹ ਕੇ ਤਿਆਰੀਆਂ 'ਚ ਜੁਟੀਆਂ ਹੋਈਆਂ ਹਨ ਅਤੇ ਇਕੱਲੇ-ਇਕੱਲੇ ਚੋਣਾਂ ਲੜਨ ਦਾ ਐਲਾਨ ਕਰ ਚੁੱਕੀਆਂ ਹਨ। ਭਾਜਪਾ ਵਲੋਂ ਅੰਦਰਖਾਤੇ ਆਪਣੇ ਉਮੀਦਵਾਰ ਖੜ੍ਹੇ ਕਰਨ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਲਈ ਭਾਜਪਾ ਵਲੋਂ ਚੋਣ ਇੰਚਾਰਜ ਵੀ ਲਗਾ ਦਿੱਤੇ ਗਏ ਹਨ।

ਪੰਜਾਬ ਵਿਚ ਕਰਵਾਈਆਂ ਜਾ ਰਹੀਆਂ ਨਗਰ ਨਿਗਮ, ਨਗਰ ਪੰਚਾਇਤਾਂ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਨੂੰ ਲੈ ਕੇ ਭਾਜਪਾ ਅਜੇ ਭਾਵੇਂ ਖੁੱਲ੍ਹ ਕੇ ਸਾਹਮਣੇ ਨਹੀਂ ਆਈ ਪਰ ਅੰਦਰਖਾਤੇ ਇਸ ਵਲੋਂ ਵੱਖਰੇ ਤੌਰ ਉਤੇ ਚੋਣ ਲੜਨ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਲੰਬਾ ਸਮਾਂ ਗੱਠਜੋੜ ਦੀਆਂ ਤੰਦਾਂ ਨਾਲ ਬੱਝੇ ਰਹਿਣ ਵਾਲੇ ਅਕਾਲੀ ਦਲ ਅਤੇ ਭਾਜਪਾ ਦਾ ਆਪਸੀ ਤੋੜ ਵਿਛੋੜਾ ਹੋਣ ਕਰਕੇ ਇਹ ਦੋਵੇਂ ਪਾਰਟੀਆਂ ਦੇ ਉਮੀਦਵਾਰ ਇਨ੍ਹਾਂ ਚੋਣਾਂ 'ਚ ਆਹਮੋ ਸਾਹਮਣੇ ਹੋਣਗੇ। ਰਾਜ ਚੋਣ ਕਮਿਸ਼ਨ ਵਲੋਂ ਇਹ ਚੋਣਾਂ 14 ਫਰਵਰੀ ਤੋਂ ਕਰਵਾਉਣ ਦਾ ਐਲਾਨ ਕੀਤਾ ਜਾ ਗਿਆ ਹੈ।

### ਭਾਜਪਾ ਦੀ ਮੀਟਿੰਗ ਕਿਸਾਨ ਜਥੇਬੰਦੀਆਂ ਨੇ ਰੁਕਵਾਈ

**ਜੰਡਿਆਲਾ ਗੁਰੂ:** ਇਥੇ ਭਾਜਪਾ ਦਫਤਰ ਵਿਚ ਆ ਰਹੀਆਂ ਨਗਰ ਕੌਂਸਲ ਚੋਣਾਂ ਸਬੰਧੀ ਹੋ ਰਹੀ ਮੀਟਿੰਗ ਰੁਕਵਾਉਣ ਲਈ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਪੁੱਜੇ ਅਤੇ ਭਾਜਪਾ ਖ਼ਿਲਾਫ ਨਾਅਰੇਬਾਜ਼ੀ ਕੀਤੀ ਪਰ ਪੁਲਿਸ ਦੀ ਮੁਸਤੈਦੀ ਕਾਰਨ ਮਾਹੌਲ ਸ਼ਾਂਤ ਰਿਹਾ। ਸਥਾਨਕ ਬੀ.ਜੇ.ਪੀ. ਦਫਤਰ ਵਿਚ ਨਗਰ ਕੌਂਸਲ ਚੋਣਾਂ ਸਬੰਧੀ ਮੀਟਿੰਗ ਕਰਨ ਭਾਜਪਾ ਅਬਜ਼ਰਵਰ ਕੇਵਲ ਕੁਮਾਰ ਅਤੇ ਜ਼ਿਲ੍ਹਾ ਦਿਹਾਤੀ ਪ੍ਰਧਾਨ ਹਰਦਿਆਲ ਸਿੰਘ ਔਲਖ ਪੁੱਜੇ, ਥੋੜ੍ਹੀ ਦੇਰ ਬਾਅਦ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਆਪਣੇ ਸਾਥੀਆਂ ਨਾਲ ਮੀਟਿੰਗ ਬੰਦ ਕਰਾਉਣ ਲਈ ਪਹੁੰਚ ਗਏ ਪਰ ਮੌਕੇ ਉਪਰ ਪੁਲਿਸ ਦੇ ਪਹੁੰਚਣ ਨਾਲ ਟਕਰਾਅ ਟਲ ਗਿਆ ਅਤੇ ਪੁਲਿਸ ਨੇ ਮਾਹੌਲ ਨੂੰ ਦੇਖਦੇ ਹੋਏ ਮੀਟਿੰਗ ਬੰਦ ਕਰਵਾ ਦਿੱਤੀ।

## ਮਨਪ੍ਰੀਤ ਵੱਲੋਂ ਮੋਦੀ ਸਰਕਾਰ ਨੂੰ ਬਾਇਡਨ ਯੋਜਨਾ ਅਪਨਾਉਣ ਦਾ ਮਸ਼ਵਰਾ

**ਬਠਿੰਡਾ:** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੋਦੀ ਸਰਕਾਰ ਨੂੰ ਮਸ਼ਵਰਾ ਦਿੱਤਾ ਹੈ ਕਿ ਕੋਵਿਡ-19 ਕਾਰਨ ਦਲਦਲ 'ਚ ਫਸੇ ਦੇਸ਼ ਦੇ ਅਰਥਚਾਰੇ ਨੂੰ ਬਾਹਰ ਕੱਢਣ ਲਈ ਉਹ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਉਲੀਕੀ ਰਿਕਵਰੀ ਯੋਜਨਾ 'ਤੇ ਅਮਲ ਕਰੇ।



ਉਨ੍ਹਾਂ ਕਿਹਾ ਕਿ ਬਾਇਡਨ ਨੇ ਅਮਰੀਕਾ ਦੇ ਖੇਤੀਬਾੜੀ ਵਿਭਾਗ ਨੂੰ ਉਨ੍ਹਾਂ ਦੇ ਖੁਰਾਕ ਖੇਤਰ 'ਤੇ ਧਿਆਨ ਕੇਂਦਰਿਤ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ। ਇਥੇ ਮੀਡੀਆ ਨੂੰ ਮੁਖ਼ਾਤਬ ਹੁੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਭਾਰਤ ਦੇ ਖੇਤੀਬਾੜੀ ਮੰਤਰਾਲੇ ਨੂੰ ਵੀ ਵਿਸ਼ਵ ਪੱਧਰੀ ਪ੍ਰਵਾਨਿਤ ਰਣਨੀਤੀ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਦੁਨੀਆ ਖੇਤੀਬਾੜੀ ਵਿਚ ਵਧੇਰੇ ਨਿਵੇਸ਼ ਕਰ ਰਹੀ ਹੈ ਤਾਂ ਭਾਰਤ ਵਿਚ ਕੇਂਦਰ ਸਰਕਾਰ ਖੇਤੀ ਕਾਨੂੰਨ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਖੇਤੀ ਖੇਤਰ ਨੂੰ ਹੋਰ ਸੰਕਟ ਵਿਚ ਪਾ ਦੇਵੇਗੀ। ਮਨਪ੍ਰੀਤ ਨੇ ਖੇਤੀ ਸੰਕਟ ਤੋਂ ਉਭਰਨ ਲਈ ਦੋ ਪਰਤੀ ਹੱਲ ਸੁਝਾਏ। ਪਹਿਲਾ, ਖੇਤੀ ਕਾਨੂੰਨਾਂ ਨੂੰ ਰੱਦ ਕੀਤਾ ਜਾਵੇ ਅਤੇ ਦੂਜਾ, ਭਾਰਤੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਵਿਸ਼ਵਵਿਆਪੀ ਤਰਜ਼ 'ਤੇ ਖੇਤੀਬਾੜੀ ਵਿੱਚ ਵਿਆਪਕ ਨਿਵੇਸ਼ ਦੀ ਸ਼ੁਰੂਆਤ ਕੀਤੀ ਜਾਵੇ।

ਉਨ੍ਹਾਂ ਆਮ ਆਦਮੀ ਪਾਰਟੀ 'ਤੇ ਕਿਸਾਨ ਸੰਘਰਸ਼ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਅਤੇ ਭਾਜਪਾ ਦੀ ਮਦਦ ਕਰਨ ਵਿਚ ਸ਼ੱਕੀ ਭੂਮਿਕਾ ਨਿਭਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਜਦੋਂ ਮੁੱਖ ਮੰਤਰੀਆਂ ਦੀ ਉਚ ਸ਼ਕਤੀ ਕਮੇਟੀ ਨੇ ਪਹਿਲਾਂ ਹੀ ਆਪਣੀ ਮੀਟਿੰਗ ਦੀ ਕਾਰਵਾਈ ਜਨਤਕ ਕਰ ਦਿੱਤੀ ਸੀ ਤਾਂ 'ਆਪ' ਅਤੇ ਭਾਜਪਾ ਨੇ ਇਕ ਪ੍ਰੈੱਸ ਕਾਨਫਰੰਸ ਵਿਚ ਸੱਚਾਈ ਤੋਂ ਅਣਜਾਣ ਬਣਦਿਆਂ, ਆਪਣੇ ਝੂਠੇ ਦਾਅਵਿਆਂ ਨੂੰ ਮੁੜ ਦੁਹਰਾਇਆ। ਭਾਜਪਾ ਨੇ ਅਕਾਲੀ ਦਲ ਵਰਗੇ ਆਪਣੇ ਭਾਈਵਾਲਾਂ ਅਤੇ 'ਆਪ' ਵਰਗੀਆਂ ਸਹਿਯੋਗੀ ਸੰਸਥਾਵਾਂ ਨਾਲ ਮਿਲ ਕੇ ਸਾਜ਼ਸ਼ ਰਚੀ ਤਾਂ ਕਿ ਕਿਸਾਨਾਂ ਵਿਚ ਭਰਮ ਪੈਦਾ ਕੀਤਾ ਜਾਵੇ। ਵਿੱਤ ਮੰਤਰੀ ਨੇ ਸਵਾਲਾਂ ਦੇ ਜਵਾਬ 'ਚ ਕਿਹਾ ਕਿ ਜੇ ਹਰਸਿਮਰਤ ਕੌਰ ਬਾਦਲ ਆਰਡੀਨੈਂਸ ਬਣਨ ਮੌਕੇ ਹੀ ਅਸਤੀਫਾ ਦੇ ਦਿੰਦੇ ਤਾਂ ਖੇਤੀ ਕਾਨੂੰਨ ਬਣਨੇ ਹੀ ਨਹੀਂ ਸਨ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਅਜੋਕੀ ਲੀਡਰਸ਼ਿਪ ਕੋਲ 'ਫ਼ਿਕਰ' ਤੇ 'ਫਰਜ਼ਾਂ' ਦੇ ਗੈਰਹਾਜ਼ਰ ਹੋਣ ਦੀ ਗੱਲ ਕਹੀ। ਉਨ੍ਹਾਂ ਰਵਨੀਤ ਸਿੰਘ ਬਿੱਟੂ ਅਤੇ ਕੁਲਬੀਰ ਸਿੰਘ ਜ਼ੀਰਾ 'ਤੇ ਬੀਤੇ ਦਿਨ ਹੋਏ ਹਮਲੇ ਨੂੰ ਮੰਦਭਾਗਾ ਦੱਸਿਆ।

## ਜਲ੍ਹਿਆਂਵਾਲਾ ਬਾਗ ਸਮਾਰਕ ਦਾ ਨੀਂਹ ਪੱਥਰ ਰੱਖਿਆ

**ਅੰਮ੍ਰਿਤਸਰ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਨਲਾਈਨ ਸਮਾਗਮ ਰਾਹੀਂ ਜਲ੍ਹਿਆਂਵਾਲਾ ਬਾਗ ਸਾਕੇ ਦੀ ਸ਼ਤਾਬਦੀ ਨੂੰ ਸਮਰਪਿਤ ਨਵੀਂ ਯਾਦਗਾਰ ਦਾ ਨੀਂਹ ਪੱਥਰ ਰੱਖਿਆ। ਇਹ ਯਾਦਗਾਰ ਰਣਜੀਤ ਐਵੇਨਿਊ ਇਲਾਕੇ ਦੇ ਆਨੰਦ ਅੰਮ੍ਰਿਤ ਪਾਰਕ ਵਿਚ ਬਣਾਈ ਜਾ ਰਹੀ ਹੈ।



'ਜਲ੍ਹਿਆਂਵਾਲਾ ਬਾਗ ਸ਼ਤਾਬਦੀ ਯਾਦਗਾਰ' ਦਾ ਨੀਂਹ ਪੱਥਰ ਰੱਖਣ ਸਮੇਂ ਇਥੇ ਸ਼ਹੀਦਾਂ ਦੇ ਘਰਾਂ ਅਤੇ ਪਿੰਡਾਂ ਤੋਂ ਮਿੱਟੀ ਲਿਆਂਦੀ ਗਈ ਸੀ, ਜਿਸ ਨੂੰ ਇਥੇ ਸਮਾਰਕ ਦੇ ਹੇਠਾਂ ਪਾਇਆ ਜਾਵੇਗਾ। ਇਸ ਮੌਕੇ 29 ਸ਼ਹੀਦਾਂ ਦੇ ਪਰਿਵਾਰਕ ਮੈਂਬਰ ਪੁੱਜੇ ਹੋਏ ਸਨ, ਜਿਨ੍ਹਾਂ ਨੂੰ ਸਰਕਾਰ ਵੱਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ 13 ਅਪਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਦੇ ਸਾਕੇ ਦੇ ਸ਼ਹੀਦਾਂ ਦੀ ਗਿਣਤੀ ਵਧੇਰੇ ਸੀ ਪਰ ਸਰਕਾਰ ਕੋਲ ਸਿਰਫ 492 ਸ਼ਹੀਦਾਂ ਦੀ ਹੀ ਸੂਚੀ ਹੈ। ਹੁਣ ਤੱਕ ਇਸ ਸਾਕੇ ਦੇ ਸ਼ਹੀਦਾਂ ਦੀ ਸਹੀ ਗਿਣਤੀ ਬਾਰੇ ਪਤਾ ਨਹੀਂ ਲੱਗ ਸਕਿਆ ਹੈ। ਉਨ੍ਹਾਂ ਸੈਰ ਸਪਾਟਾ ਤੇ ਸਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਆਖਿਆ ਕਿ ਸ਼ਹੀਦਾਂ ਦੇ ਪੂਰੇ ਅੰਕੜਿਆਂ ਦੀ ਘੋਖ ਕੀਤੀ ਜਾਵੇ ਅਤੇ ਸਹੀ ਗਿਣਤੀ ਦਾ ਪਤਾ ਲਾਇਆ ਜਾਵੇ।

ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਨੇ ਇਸ ਸਾਕੇ 'ਚ 1500 ਤੋਂ ਵੱਧ ਸ਼ਹਾਦਤਾਂ ਹੋਣ ਦਾ ਦਾਅਵਾ ਕੀਤਾ ਸੀ। ਇਸ ਲਈ ਬਾਕੀ 1 ਹਜ਼ਾਰ ਸ਼ਹੀਦਾਂ ਦਾ ਵੀ ਪਤਾ ਲਾਇਆ ਜਾਣਾ ਚਾਹੀਦਾ ਹੈ। ਇਸ ਸਮੁੱਚੇ ਕਾਰਜ ਦੀ ਖੋਜ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ 'ਚ ਚੇਅਰ ਸਥਾਪਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੇ ਪਿੰਡਾਂ ਵਿਚ ਛੋਟੇ ਸ਼ਹੀਦੀ ਸਮਾਰਕ ਵੀ ਬਣਾਏ ਜਾਣ।

ਕਾਲਾ ਪਾਣੀ ਦੀ ਸੈਲੂਲਰ ਜੇਲ੍ਹ ਦੇ ਆਪਣੇ ਦੌਰੇ ਬਾਰੇ ਉਨ੍ਹਾਂ ਕਿਹਾ ਕਿ ਉਥੇ ਸ਼ਹੀਦਾਂ ਵਿਚ ਵਧੇਰੇ ਪੰਜਾਬੀ ਸਨ, ਜਿਨ੍ਹਾਂ ਬਾਰੇ ਕਿਸੇ ਨੂੰ ਪਤਾ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸ਼ਹੀਦਾਂ ਦੀ ਯਾਦਗਾਰ ਪੰਜਾਬ ਵਿਚ ਬਣਾਈ ਜਾਵੇਗੀ। ਉਨ੍ਹਾਂ ਸ੍ਰੀ ਚੰਨੀ ਨੂੰ ਕਾਲੇ ਪਾਣੀ ਦੇ ਸ਼ਹੀਦਾਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਕਤਲੇਆਮ ਸਬੰਧੀ ਰਕਸ਼ੰਦਾ ਜਲਾਲ ਦੀ ਅੰਗਰੇਜ਼ੀ ਭਾਸ਼ਾ ਵਿੱਚ ਲਿਖੀ ਇਕ ਕਵਿਤਾ ਵੀ ਪੜ੍ਹੀ। ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਚੰਨੀ ਨੇ ਦੱਸਿਆ ਕਿ 492 ਸ਼ਹੀਦ ਪਰਿਵਾਰਾਂ 'ਚੋਂ ਸਿਰਫ 29 ਪਰਿਵਾਰਾਂ ਦੇ ਮੈਂਬਰਾਂ ਦਾ ਹੀ ਪਤਾ ਲੱਗਾ ਹੈ, ਜਿਨ੍ਹਾਂ ਨੂੰ ਇਥੇ ਸੱਦਿਆ ਗਿਆ ਹੈ ਅਤੇ ਸਰਕਾਰ ਵੱਲੋਂ ਸਨਮਾਨਿਤ ਕੀਤਾ ਗਿਆ ਹੈ।

## ਅਮਰੀਕਾ ਵਿਚ ਬੇਗੋਵਾਲ ਦੇ ਨੌਜਵਾਨ ਦੀ ਮੌਤ

**ਭੁਲੱਥ:** ਬੇਗੋਵਾਲ ਦੇ ਵਸਨੀਕ ਰਘਬੀਰ ਸਿੰਘ (45) ਪੁੱਤਰ ਦਲੀਪ ਸਿੰਘ ਦੀ ਅਮਰੀਕਾ 'ਚ ਸੜਕ ਹਾਦਸੇ 'ਚ ਮੌਤ ਹੋ ਗਈ। ਇਸ ਸਬੰਧੀ ਨਗਰ ਪੰਚਾਇਤ ਦੇ ਪ੍ਰਧਾਨ ਰਾਜਿੰਦਰ ਸਿੰਘ ਲਾਡੀ ਨੇ ਦੱਸਿਆ ਕਿ ਉਨ੍ਹਾਂ ਦਾ ਭਰਾ ਰਘਬੀਰ ਸਿੰਘ ਕਰੀਬ 25 ਸਾਲ ਪਹਿਲਾਂ ਰੋਜ਼ੀ-ਰੋਟੀ ਦੀ ਤਲਾਸ਼ 'ਚ ਅਮਰੀਕਾ ਗਿਆ ਸੀ ਅਤੇ ਉਹ ਇਸ ਸਮੇਂ ਅਮਰੀਕਾ ਦੇ ਨਿਊਜਰਸੀ ਸ਼ਹਿਰ 'ਚ ਆਪਣੀ ਪਤਨੀ, ਬੇਟੀ ਤੇ ਬੇਟੇ ਨਾਲ ਪੱਕੇ ਤੌਰ 'ਤੇ ਰਹਿ ਰਿਹਾ ਸੀ। ਉਨ੍ਹਾਂ ਦੀ ਭਰਜਾਈ ਨੇ ਉਨ੍ਹਾਂ ਨੂੰ ਫੋਨ ਕਰਕੇ ਦੱਸਿਆ ਕਿ ਕੰਮ ਤੋਂ ਘਰ ਵਾਪਸ ਆਉਂਦੇ ਸਮੇਂ ਰਘਬੀਰ ਸਿੰਘ ਦਾ ਐਕਸੀਡੈਂਟ ਹੋ ਗਿਆ ਤੇ ਬਾਅਦ 'ਚ ਉਸ ਦੀ ਮੌਤ ਹੋ ਗਈ। ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਜਗੀਰ ਕੌਰ, ਯੁਵਰਾਜ ਭੁਪਿੰਦਰ ਸਿੰਘ ਤੇ ਹੋਰ ਸਿਆਸੀ ਹਸਤੀਆਂ ਤੇ ਸਮਾਜ ਸੇਵੀ ਜਥੇਬੰਦੀਆਂ ਨੇ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਹੈ।

## ਕਿਸਾਨ ਸੰਸਦ ਸਮਾਗਮ 'ਚ ਪਹੁੰਚੇ ਰਵਨੀਤ ਬਿੱਟੂ ਨਾਲ ਧੱਕਾ-ਮੁੱਕੀ

**ਨਵੀਂ ਦਿੱਲੀ:** ਸਿੰਘੂ ਬਾਰਡਰ ਨੇੜੇ 'ਕਿਸਾਨ ਸੰਸਦ ਸਮਾਗਮ' ਵਿਚ ਸ਼ਾਮਲ ਹੋਣ ਆਏ ਲੁਧਿਆਣਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਬਿੱਟੂ ਨਾਲ ਉਥੇ ਪਹੁੰਚੇ ਨੌਜਵਾਨਾਂ ਨੇ ਬਦਸਲੂਕੀ ਕੀਤੀ ਤੇ ਧੱਕੇ ਮਾਰ ਕੇ ਉਨ੍ਹਾਂ ਨੂੰ ਉਥੋਂ ਭਜਾ ਦਿੱਤਾ। ਇਸ ਧੱਕਾਮੁੱਕੀ ਵਿਚ ਬਿੱਟੂ ਦੀ ਪੱਗ ਵੀ ਲੱਥ ਗਈ ਜੋ ਨਿਹੰਗ ਸਿੰਘਾਂ ਨੇ ਚੁੱਕ ਕੇ ਮੁੜ ਸਜਾਈ।



ਨੌਜਵਾਨਾਂ ਵੱਲੋਂ ਗਾਲੀ-ਗਲੋਚ ਵੀ ਕੀਤੀ ਗਈ। ਉਹ ਇਸ ਗੱਲੋਂ ਖਫਾ ਸਨ ਕਿ ਬਿੱਟੂ ਧਰਨੇ ਵਾਲੀ ਥਾਂ 'ਤੇ ਕਿਉਂ ਪਹੁੰਚੇ। ਇਸ ਤੋਂ ਪਹਿਲਾਂ ਵੀ ਸਿੰਘੂ ਬਾਰਡਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਦੋ ਆਗੂਆਂ ਨੂੰ ਧਰਨੇ ਵਿਚ ਸ਼ਾਮਲ ਲੋਕਾਂ ਨੇ ਮੁੱਖ ਸਟੇਜ ਦੇ ਪਿੱਛੇ ਤੋਂ ਹੀ ਭਜਾ ਦਿੱਤਾ ਸੀ। ਨੌਜਵਾਨਾਂ ਨੇ ਸਿਆਸੀ ਆਗੂਆਂ ਪ੍ਰਤੀ ਆਪਣਾ ਗੁੱਸਾ ਜਾਹਿਰ ਕੀਤਾ ਤੇ ਉਹ ਬਿੱਟੂ ਦੇ ਪਿੱਛੇ ਤੱਕ ਗਏ।

ਕਿਸਾਨਾਂ ਵੱਲੋਂ ਬਣਾਈਆਂ ਗਈਆਂ ਵੀਡੀਓ'ਜ਼ ਵਿਚ ਨੌਜਵਾਨ ਸੰਸਦ ਮੈਂਬਰ ਬਿੱਟੂ ਨੂੰ ਉਥੋਂ ਜਾਣ ਲਈ ਆਖਦੇ ਸੁਣਾਈ ਦੇ ਰਹੇ ਹਨ। ਕਿਸਾਨਾਂ ਵੱਲੋਂ ਬਿੱਟੂ ਦੀ ਕਾਰ ਨੂੰ ਵੀ ਨੁਕਸਾਨ ਪਹੁੰਚਾਇਆ ਦੱਸਿਆ ਗਿਆ ਹੈ। ਨੌਜਵਾਨ ਕਿਸਾਨਾਂ ਨੇ ਸੰਸਦ ਮੈਂਬਰ ਖਿਲਾਫ ਨਾਅਰੇਬਾਜ਼ੀ ਵੀ ਕੀਤੀ। ਕਾਂਗਰਸ ਵਿਧਾਇਕ ਗੁਰਜੀਤ ਸਿੰਘ ਔਜਲਾ, ਵਿਧਾਇਕ ਕੁਲਬੀਰ ਸਿੰਘ ਜ਼ੀਰਾ ਤੇ ਹੋਰ ਆਗੂ ਵੀ ਕਿਸਾਨਾਂ ਦੇ ਨਿਸ਼ਾਨੇ ਉਪਰ ਆ ਗਏ। ਕਿਸਾਨਾਂ ਦੇ ਗੁੱਸੇ ਨੂੰ ਦੇਖਦਿਆਂ ਬਿੱਟੂ ਸਮੇਤ ਹੋਰ ਕਾਂਗਰਸ ਆਗੂ ਮੌਕੇ ਤੋਂ ਚਲੇ ਗਏ।

### ਪਾਰਟੀ ਦਾ ਸੁਨੇਹਾ ਲੈ ਕੇ ਗਿਆ ਸੀ: ਬਿੱਟੂ

**ਨਵੀਂ ਦਿੱਲੀ:** ਰਵਨੀਤ ਸਿੰਘ ਬਿੱਟੂ ਨੇ ਦੱਸਿਆ ਕਿ ਉਹ ਗੁਰਜੀਤ ਸਿੰਘ ਔਜਲਾ, ਕੁਲਬੀਰ ਸਿੰਘ ਜ਼ੀਰਾ ਤੇ ਹੋਰਨਾਂ ਨਾਲ ਪਾਰਟੀ ਆਗੂਆਂ ਦੇ ਕਹਿਣ 'ਤੇ ਸੰਸਦ ਮੈਂਬਰ ਵਜੋਂ ਗਏ ਸੀ ਤਾਂ ਜੋ ਉਹ ਆਪਣੀ ਪਾਰਟੀ ਦਾ ਸੁਨੇਹਾ ਦੇ ਸਕਣ। ਉਨ੍ਹਾਂ ਦੱਸਿਆ ਕਿ ਕਿਸਾਨ ਆਗੂਆਂ ਨੇ ਉਥੇ ਪਹੁੰਚਣ 'ਤੇ ਉਨ੍ਹਾਂ ਦਾ ਸਵਾਗਤ ਕੀਤਾ ਪਰ ਅਚਾਨਕ ਡੰਡਿਆਂ ਤੇ ਹਥਿਆਰਾਂ ਨਾਲ ਲੈਸ ਹੋ ਕੇ ਕੁਝ ਲੋਕ ਮੌਕੇ 'ਤੇ ਆ ਗਏ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਹੀ ਆਖ ਰਹੇ ਹਨ ਕਿ ਉਥੇ ਮਾੜੇ ਅਨਸਰ ਵੀ ਹਨ ਤੇ ਲੋਕ ਖ਼ਾਲਿਸਤਾਨੀ ਝੰਡੇ ਲੈ ਕੇ ਆਉਂਦੇ ਹਨ ਪਰ ਐਨੇ ਵੱਡੇ ਇਕੱਠ ਵਿਚੋਂ ਉਨ੍ਹਾਂ ਲੋਕਾਂ ਦੀ ਪਛਾਣ ਤੇ ਪੁਸ਼ਟੀ ਕਰਨ ਲਈ ਕਿਸਾਨ ਕੁਝ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਇਹ ਹਮਲਾ ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਹੈ।

### ਬਿੱਟੂ ਅਤੇ ਜ਼ੀਰਾ 'ਤੇ ਹਮਲੇ ਲਈ 'ਆਪ' ਜ਼ਿੰਮੇਵਾਰ: ਕੈਪਟਨ

**ਪਟਿਆਲਾ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੰਘੂ ਬਾਰਡਰ 'ਤੇ ਸੂਬੇ ਦੇ ਕਾਂਗਰਸੀ ਸੰਸਦ ਮੈਂਬਰ ਰਵਨੀਤ ਬਿੱਟੂ ਅਤੇ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਉਪਰ ਹੋਏ ਹਮਲੇ ਪਿੱਛੇ ਕਿਸਾਨਾਂ ਦਾ ਨਹੀਂ, ਸਗੋਂ ਆਮ ਆਦਮੀ ਪਾਰਟੀ ਦੇ ਵਰਕਰਾਂ ਦਾ ਹੱਥ ਹੈ ਜਿਨ੍ਹਾਂ ਦਾ ਇਕ ਨੁਕਾਤੀ ਏਜੰਡਾ ਭਾਜਪਾ ਦੇ ਇਸ਼ਾਰੇ 'ਤੇ ਗੜਬੜ ਕਰਕੇ ਕਿਸਾਨਾਂ ਦੇ ਸੰਘਰਸ਼ ਨੂੰ ਕਮਜ਼ੋਰ ਕਰਨਾ ਹੈ। ਖੁਫੀਆ ਰਿਪੋਰਟਾਂ ਦੇ ਹਵਾਲੇ ਨਾਲ ਮੁੱਖ ਮੰਤਰੀ ਦਾ ਇਹ ਵੀ ਕਹਿਣਾ ਸੀ ਕਿ 'ਆਪ' ਵਰਕਰਾਂ ਨੇ ਕਿਸਾਨਾਂ ਵਿਚ ਘੁਸਪੈਠ ਕਰਕੇ ਸੋਚੀ ਸਮਝੀ ਸਾਜ਼ਸ਼ ਤਹਿਤ ਕਾਂਗਰਸੀ ਨੇਤਾਵਾਂ 'ਤੇ ਹਮਲਾ ਕੀਤਾ।

# ਏਸ਼ੀਆ ਪ੍ਰਸ਼ਾਂਤ ਖਿੱਤੇ 'ਚ 35 ਕਰੋੜ ਲੋਕ ਹੋ ਸਕਦੇ ਨੇ ਭੁੱਖਮਰੀ ਦਾ ਸ਼ਿਕਾਰ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਕਰੋਨਾ ਮਹਾਮਾਰੀ ਕਾਰਨ ਲੋਕਾਂ ਦੀਆਂ ਖਤਮ ਹੋਈਆਂ ਨੌਕਰੀਆਂ ਅਤੇ ਖਾਣੇ ਦੀਆਂ ਕੀਮਤਾਂ ਵਧਣ ਕਾਰਨ ਏਸ਼ੀਆ ਪ੍ਰਸ਼ਾਂਤ ਖੇਤਰ ਵਿਚ 35 ਕਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹੋਣ ਜਾ ਰਹੇ ਹਨ। ਚਾਰ ਏਜੰਸੀਆਂ ਵਲੋਂ ਜਾਰੀ ਕੀਤੀ ਗਈ ਇਕ ਰਿਪੋਰਟ ਵਿਚ ਇਹ ਕਿਹਾ ਗਿਆ ਹੈ ਕਿ ਕਰੋਨਾ ਵਾਇਰਸ ਮਹਾਮਾਰੀ ਕਾਰਨ ਸੰਸਾਰ ਭਰ ਦੇ ਵੱਖ-ਵੱਖ ਮੁਲਕਾਂ ਵਿਚ 1.9 ਅਰਬ ਲੋਕਾਂ ਲਈ ਸੰਤੁਲਿਤ ਭੋਜਨ ਪ੍ਰਾਪਤ ਕਰਨਾ ਮੁਸ਼ਕਿਲ ਹੋ ਗਿਆ ਹੈ।



ਪਹਿਲਾਂ ਆਈ ਰਿਪੋਰਟ ਵਿਚ ਇਹ ਗੱਲ ਬਾਕਾਇਦਾ ਕਹੀ ਗਈ ਸੀ ਕਿ ਸੰਕਟ ਕਾਰਨ 82.8 ਕਰੋੜ ਲੋਕਾਂ ਨੂੰ ਭੁੱਖਮਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਪਰ ਹੁਣ ਤਾਜ਼ਾ ਆਈ ਰਿਪੋਰਟ ਵਿਚ ਇਹ ਕਿਹਾ ਗਿਆ ਹੈ ਕਿ ਲਗਭਗ 68.8 ਕਰੋੜ ਲੋਕ ਵਿਸ਼ਵ ਪੱਧਰ ਉਤੇ ਕੁਪੋਸ਼ਣ ਦਾ ਸ਼ਿਕਾਰ ਹਨ, ਇਸ ਵਿਚੋਂ ਅੱਧੇ ਨਾਲੋਂ ਜ਼ਿਆਦਾ ਏਸ਼ੀਆ ਨਾਲ ਸਬੰਧਤ ਹਨ। ਸਭ ਤੋਂ ਜ਼ਿਆਦਾ ਲੋਕ ਅਫਗਾਨਿਸਤਾਨ ਵਿਚ ਹਨ ਜਿਥੇ 10 ਵਿਚੋਂ 4 ਲੋਕ ਕੁਪੋਸ਼ਣ ਦਾ ਸ਼ਿਕਾਰ ਹਨ। ਇਹ ਰਿਪੋਰਟ ਮਹਾਮਾਰੀ ਤੋਂ ਪਹਿਲਾਂ 2019 ਦੇ ਅੰਕੜਿਆਂ ਉਤੇ ਆਧਾਰਿਤ ਹੈ ਪਰ ਅਨੁਮਾਨ ਹੈ ਕਿ ਕਰੋਨਾ ਵਾਇਰਸ ਕਾਰਨ ਫੈਲੀ ਮਹਾਮਾਰੀ ਅਤੇ ਤਾਲਾਬੰਦੀ ਦੇ ਅਸਰ ਕਾਰਨ 2020 ਵਿਚ 14 ਕਰੋੜ ਹੋਰ ਲੋਕ ਭੁੱਖਮਰੀ ਦੀ ਕਗਾਰ ਉਤੇ ਪਹੁੰਚ ਗਏ ਹਨ। ਰਿਪੋਰਟ ਵਿਚ ਇਹ ਦਾਅਵਾ ਵੀ ਕੀਤਾ ਗਿਆ ਹੈ ਕਿ ਭਾਰਤ ਵਿਚ ਇਸ ਮਹਾਮਾਰੀ ਸਮੇਂ ਤਾਲਾਬੰਦੀ ਦੌਰਾਨ ਸਪਲਾਈ ਲੜੀ ਟੁੱਟਣ ਅਤੇ ਟਰਾਂਸਪੋਰਟ ਦਿੱਕਤਾਂ ਕਾਰਨ ਜ਼ਰੂਰਤਮੰਦਾਂ ਤੱਕ ਅਨਾਜ ਪੁੱਜਣ ਦੀ ਸਮੱਸਿਆ ਆਈ। ਦਿਹਾੜੀਦਾਰ ਅਤੇ ਪਰਵਾਸੀ ਮਜ਼ਦੂਰਾਂ ਨੂੰ ਸਭ ਤੋਂ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ।

## ਮੋਦੀ ਦਾ ਸਿਰਫ ਟੈਕਸ ਵਸੂਲੀ 'ਤੇ ਧਿਆਨ: ਰਾਹੁਲ

**ਨਵੀਂ ਦਿੱਲੀ:** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਤੇਲ ਦੀਆਂ ਵਧਦੀਆਂ ਕੀਮਤਾਂ ਬਾਰੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਲਾਇਆ ਤੇ ਕਿਹਾ ਕਿ ਲੋਕ ਮਹਿੰਗਾਈ ਤੋਂ ਪਰੇਸ਼ਾਨ ਹਨ ਅਤੇ ਮੋਦੀ ਸਰਕਾਰ ਟੈਕਸ ਵਸੂਲਣ 'ਚ ਲੱਗੀ ਹੋਈ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਇਹ ਟਿੱਪਣੀ ਦੇਸ਼ ਵਿਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਦੇ ਰਿਕਾਰਡ ਉਚੇ ਪੱਧਰ ਉਤੇ ਪਹੁੰਚਣ ਤੋਂ ਬਾਅਦ ਕਹੀ। ਰਾਹੁਲ ਨੇ ਟਵੀਟ ਕੀਤਾ, "ਮੋਦੀ ਜੀ ਗੈਸ, ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ ਵਿਚ ਨਾਜਾਇਜ਼ ਹੀ ਵਾਧਾ ਕਰਨ ਲੱਗੇ ਹੋਏ ਨੇ। ਲੋਕ ਮਹਿੰਗਾਈ ਤੋਂ ਪਰੇਸ਼ਾਨ ਹਨ ਤੇ ਮੋਦੀ ਸਰਕਾਰ ਟੈਕਸ ਵਸੂਲੀ ਵਿਚ ਰੁੱਝੀ ਹੋਈ ਹੈ।" ਉਹ ਪਹਿਲਾਂ ਵੀ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀਆਂ ਨੀਤੀਆਂ ਦੀ ਨੁਕਤਾਚੀਨੀ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਤੇਲ ਕੀਮਤਾਂ ਘਟ ਰਹੀਆਂ ਹਨ ਪਰ ਸਰਕਾਰ ਇਹ ਫਾਇਦਾ ਲੋਕਾਂ ਨੂੰ ਦੇਣ ਦੀ ਥਾਂ ਕੰਪਨੀਆਂ ਨੂੰ ਦੇ ਰਹੀ ਹੈ।

# ਦੁੱਬਈ 'ਚ ਫਸੀਆਂ 11 ਕੁੜੀਆਂ ਦੀ ਘਰ ਵਾਪਸੀ

**ਅੰਮ੍ਰਿਤਸਰ:** ਆਰਥਿਕ ਪੱਖੋਂ ਕਮਜ਼ੋਰ ਪਰਿਵਾਰਾਂ ਦੀਆਂ ਔਰਤਾਂ ਜੋ ਦੁਬਈ ਵਿਚ ਵਧੀਆ ਭਵਿੱਖ ਲਈ ਗਈਆਂ ਸਨ ਪਰ ਉਥੇ ਫਸ ਗਈਆਂ, ਵਿਚੋਂ 11 ਔਰਤਾਂ ਨੂੰ ਸਰਬੱਤ ਦਾ ਭਲਾ ਟਰੱਸਟ ਨੇ ਦੁਬਈ ਤੋਂ ਵਾਪਸ ਅੰਮ੍ਰਿਤਸਰ ਲਿਆਂਦਾ, ਜਿਥੋਂ ਇਹ ਔਰਤਾਂ ਆਪਣੇ ਘਰਾਂ ਨੂੰ ਪਰਤ ਗਈਆਂ। ਟਰੱਸਟ ਦੇ ਮੁਖੀ ਡਾ. ਐਸ.ਪੀ. ਸਿੰਘ ਓਬਰਾਏ ਖੁਦ ਇਨ੍ਹਾਂ ਨੂੰ ਜੀ ਆਇਆਂ ਕਹਿਣ ਲਈ ਹਵਾਈ ਅੱਡੇ 'ਤੇ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਚੋਂ ਇਕ ਕੁੜੀ ਦੀ ਤਬੀਅਤ ਅਚਾਨਕ ਵਿਗੜ ਗਈ ਸੀ, ਜੋ ਹੁਣ ਕੁਝ ਦਿਨ ਬਾਅਦ ਵਾਪਸ ਪਰਤੇਗੀ। ਉਨ੍ਹਾਂ ਦੱਸਿਆ ਕਿ ਹਰ ਔਰਤ ਦੀ ਵਾਪਸੀ ਲਈ ਡੇਢ ਤੋਂ ਤਿੰਨ ਲੱਖ ਰੁਪਏ ਤੱਕ ਦਾ ਖਰਚ ਆਇਆ ਹੈ। ਉਨ੍ਹਾਂ ਮੁਤਾਬਕ ਇਸ ਵੇਲੇ ਲਗਭਗ ਦੋ ਸੌ ਕੁੜੀਆਂ ਹੋਰ ਉਥੇ ਫਸੀਆਂ ਹੋਈਆਂ ਹਨ। ਉਹ ਇਨ੍ਹਾਂ ਤੋਂ ਪਹਿਲਾਂ ਵੀ ਸੱਤ ਕੁੜੀਆਂ ਨੂੰ ਵਾਪਸ ਲਿਆ ਚੁੱਕੇ ਹਨ।



ਇਨ੍ਹਾਂ ਵਿਚ ਦਲਜੀਤ ਕੌਰ ਪਿੰਡ ਜਲਾਲਪੁਰਾ, ਐਸ.ਬੀ.ਐਸ. ਨਗਰ, ਸਰਬਜੀਤ ਕੌਰ ਪਿੰਡ ਚੱਕਾ ਸਿੰਘ ਗੜ੍ਹਸ਼ੰਕਰ, ਰਵੀਨਾ ਰਾਣੀ ਪਿੰਡ ਰਾਏਪੁਰ ਰਸੂਲਪੁਰ, ਬਬਲੀ ਕੁਮਾਰੀ ਅੰਮ੍ਰਿਤਸਰ, ਸੁਰਜੀਤ ਕੌਰ ਮੁਕੇਰੀਆਂ, ਅੰਮ੍ਰਿਤਪਾਲ ਕੌਰ ਪਿੰਡ ਸ਼ੇਖੂਪੁਰਾ, ਰਣਜੀਤ ਕੌਰ ਕਪੂਰਥਲਾ, ਮਨਦੀਪ ਕੌਰ ਮੁਕਤਸਰ ਸਾਹਿਬ ਸ਼ਾਮਲ ਹਨ। ਬਾਕੀ ਤਿੰਨ ਕੁੜੀਆਂ ਜਾਬਿਰਾ ਖਤੂਨ ਬਿਹਾਰ, ਰੁਕਮਨੀ ਖਾਇਰਾ ਪੱਛਮੀ ਬੰਗਾਲ ਅਤੇ ਬੇਗਮ ਸੰਜੂ ਕੋਲਕਾਤਾ ਨਾਲ ਸਬੰਧਤ ਹਨ। ਦੁਬਈ ਤੋਂ ਪਰਤੀਆਂ ਕੁੜੀਆਂ ਨੇ ਦੱਸਿਆ ਕਿ ਉਥੇ ਉਨ੍ਹਾਂ ਨੇ ਬਦਤਰ ਹਾਲਾਤ ਵਿਚ ਦਿਨ ਬਤੀਤ ਕੀਤੇ ਹਨ। ਉਨ੍ਹਾਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ। ਉਨ੍ਹਾਂ ਦੀ ਨਰਕ ਤੋਂ ਵਾਪਸੀ ਹੋਈ ਹੈ।

# ਨਵਜੰਮੇ ਬੱਚਿਆਂ ਦੀ ਮੌਤ ਦਰ 'ਚ ਸੁਧਾਰ



**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਹਸਪਤਾਲਾਂ 'ਚ ਨਵ ਜੰਮੇ ਬੱਚਿਆਂ ਦੀ ਮੌਤ ਦੀ ਦਰ 'ਚ ਵੱਡਾ ਸੁਧਾਰ ਦਰਜ ਕੀਤਾ ਗਿਆ ਹੈ। ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ ਸੂਬੇ ਦੇ ਸਰਕਾਰੀ ਹਸਪਤਾਲਾਂ 'ਚ ਸਾਲ ਪਹਿਲਾਂ ਤੱਕ ਜਿਥੇ ਪ੍ਰਤੀ ਸਾਲ 8000 ਤੋਂ ਜਿਆਦਾ ਬੱਚਿਆਂ ਦੀ ਮੌਤ ਹੁੰਦੀ ਰਹੀ ਸੀ, ਉਥੇ ਇਹ ਅੰਕੜਾ ਹੁਣ ਘੱਟ ਕੇ 3000 ਰਹਿ ਗਿਆ ਹੈ। ਇਸ ਦੇ ਨਾਲ ਹੀ ਸਿਹਤ ਮੰਤਰਾਲਾ ਸਰਕਾਰੀ ਹਸਪਤਾਲਾਂ ਨੂੰ ਲੈ ਕੇ ਲੋਕਾਂ ਦੇ ਮਨ 'ਚ ਬੈਠਿਆ ਡਰ ਅਤੇ ਗਲਤ ਧਾਰਨਾ ਬਦਲਣ ਲਈ ਵੀ ਰਣਨੀਤੀ ਬਣਾ ਰਿਹਾ ਹੈ। ਲੋਕਾਂ ਦੀ ਸਰਕਾਰੀ ਹਸਪਤਾਲ ਨੂੰ ਲੈ ਕੇ ਸੋਚ ਬਦਲਣ ਲਈ ਸਿਹਤ ਵਿਭਾਗ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਗਏ ਹਨ। ਸਿਹਤ ਵਿਭਾਗ ਦੇ ਡਾਇਰੈਕਟਰ ਗੁਰਿੰਦਰਬੀਰ ਸਿੰਘ ਨੇ ਕਿਹਾ ਕਿ ਸਰਕਾਰੀ ਹਸਪਤਾਲਾਂ 'ਚ ਗਰਭਵਤੀ ਔਰਤਾਂ ਅਤੇ ਨਵਜਾਤ ਬੱਚਿਆਂ ਦੀ ਦੇਖਭਾਲ ਦੇ ਪ੍ਰਬੰਧਾਂ ਵਿਚ ਲਗਾਤਾਰ ਸੁਧਾਰ ਦਾ ਨਤੀਜਾ ਹੈ ਕਿ ਰਾਜ ਵਿਚ ਨਵ- ਜੰਮੇ ਬੱਚਿਆਂ ਦੀ ਮੌਤ ਦੀ ਗਿਣਤੀ ਨੂੰ ਦੇਸ਼ ਭਰ ਵਿਚ ਹੋਰ ਰਾਜਾਂ ਦੇ ਮੁਕਾਬਲੇ ਕਾਫੀ ਘੱਟ ਕਰ ਲਿਆ ਗਿਆ ਹੈ। ਰਾਜ ਵਿਚ ਹਰ ਸਾਲ 4 ਲੱਖ ਬੱਚੇ ਜਨਮ ਲੈਂਦੇ ਹਨ ਅਤੇ ਇਨ੍ਹਾਂ ਵਿਚੋਂ ਸਿਰਫ 28 ਦਿਨ ਦੇ ਅੰਦਰ ਜਿਥੇ 8000 ਬੱਚਿਆਂ ਦੀ ਮੌਤ ਹੋ ਜਾਂਦੀ ਸੀ, ਉਸ ਨੂੰ ਕਾਬੂ 'ਚ ਕਰਨ ਲਈ ਵੱਡੇ ਉਪਰਾਲੇ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਜਨਮ ਵੇਲੇ ਬੱਚੇ ਦਾ ਭਾਰ ਘੱਟ ਹੋਣਾ ਮੌਤ ਦੀ ਇਕ ਵੱਡੀ ਵਜ੍ਹਾ ਪਾਈ ਗਈ ਸੀ, ਜਿਸ ਨੂੰ ਧਿਆਨ ਵਿਚ ਰੱਖਦੇ ਹੋਏ ਰਾਜ ਵਿਚ ਗਰਭਵਤੀ ਔਰਤਾਂ ਨੂੰ ਖਾਣ-ਪੀਣ ਨੂੰ ਲੈ ਕੇ ਜਾਗਰੂਕ ਕਰਦੇ ਹੋਏ ਗਰੀਬ ਵਰਗ ਦੀ ਗਰਭਵਤੀ ਔਰਤਾਂ ਲਈ ਰਾਜ ਸਰਕਾਰ ਨੇ ਕਈ ਯੋਜਨਾਵਾਂ ਚਲਾਈਆਂ, ਜਿਸ ਦੇ ਨਤੀਜੇ ਵਜੋਂ ਅਜਿਹੀਆਂ ਮੌਤਾਂ ਦੇ ਅੰਕੜੇ ਘਟਾਏ ਜਾ ਸਕੇ ਹਨ। ਨਵੰਬਰ ਵਿਚ ਵੱਖ-ਵੱਖ ਕਾਰਨਾਂ ਦੇ ਚਲਦੇ ਕੁਲ 236 ਬੱਚਿਆਂ ਨੂੰ ਆਪਣੀ ਜਾਨ ਗਵਾਉਣੀ ਪਈ, ਜਿਨ੍ਹਾਂ 'ਚ ਸਭ ਤੋਂ ਜਿਆਦਾ 136 ਮੌਤਾਂ ਤਰਨ ਤਾਰਨ ਜ਼ਿਲ੍ਹੇ ਵਿਚ ਦਰਜ ਹੋਈਆਂ।

## ਸਿਹਤ ਜਾਣਕਾਰੀ

# ਬਜ਼ੁਰਗਾਂ ਲਈ ਯੋਗ ਲਾਹੇਵੰਦ

**ਸ਼ਿਕਾਗੋ (ਬਿਊਰੋ):** ਸ਼ਿਕਾਗੋ ਦੇ ਸਿੱਖ ਸੀਨੀਅਰ ਸਿਟੀਜ਼ਨਜ਼ ਨੇ ਬੀਤੇ ਬੁਧਵਾਰ ਆਪਣੀ ਮਹੀਨੇਵਾਰ ਮੀਟਿੰਗ ਵਿਚ ਯੋਗ ਮਾਹਿਰ ਸ਼ਿਵਾ ਸਿੰਘ ਨਾਲ ਵਾਰਤਾਲਾਪ ਕੀਤੀ। ਸ. ਸ਼ਿਵਾ ਸਿੰਘ ਪਿਛਲੇ 40 ਸਾਲ ਤੋਂ ਯੋਗ ਕਰ ਅਤੇ ਸਿਖਾ ਰਹੇ ਹਨ। ਉਹ ਆਪਣਾ ਯੋਗ ਸਕੂਲ 'ਸਪਿਰਿਟ ਯੋਗ ਇੰਸਟੀਚਿਊਟ' ਵੀ ਚਲਾ ਰਹੇ ਹਨ। ਉਹ ਯੋਗ ਗੁਰੂ ਯੋਗੀ ਹਰਭਜਨ ਸਿੰਘ ਦੇ ਵਿਦਿਆਰਥੀ ਹਨ ਅਤੇ ਗਿਟਾਰ 'ਤੇ ਕੀਰਤਨ ਕਰਦੇ ਹਨ। ਸ਼ਿਵਾ ਸਿੰਘ ਦੀ ਪਤਨੀ ਬੀਬੀ ਸ਼ਬਦ ਕੌਰ ਵੀ ਯੋਗ ਮਾਹਿਰ ਹੈ ਤੇ ਸਾਇਕੋਥਰੈਪੀ ਵੀ ਕਰਾਉਂਦੀ ਹੈ। ਉਨ੍ਹਾਂ ਦਾ ਇਕਲੌਤਾ ਬੇਟਾ ਅਮਰਦੇਵ ਸਿੰਘ ਵੀ ਪੂਰਨ ਗੁਰਸਿਖ ਹੈ। ਉਹ ਛੇਹਰਟਾ ਸਾਹਿਬ ਦੇ ਮੀਰੀ ਪੀਰੀ ਸਕੂਲ ਵਿਚ ਵੀ ਪੜ੍ਹ ਕੇ ਆਇਆ ਅਤੇ ਸਿੱਖੀ ਸਰੂਪ ਸਹਿਤ ਫੌਜ ਵਿਚ ਵੀ ਭਰਤੀ ਹੋਇਆ। ਸ਼ਿਵਾ ਸਿੰਘ ਪਰਿਵਾਰ ਦਾ ਸ਼ਿਕਾਗੋ ਵਿਚ ਪਛਾਣ ਕਰਾਉਣ ਵਿਚ ਬਹੁਤ ਯੋਗਦਾਨ ਹੈ ਤੇ ਅੰਤਰ-ਧਾਰਮਿਕ ਸਮਾਗਮਾਂ ਵਿਚ ਅਕਸਰ ਭਾਗ ਲੈਂਦੇ ਹਨ। ਸ਼ਿਵਾ ਸਿੰਘ ਦਾ ਮੰਨਣਾ ਹੈ ਕਿ ਯੋਗ ਸੁਰਤੀ ਜੋੜਨ ਅਤੇ ਸਰੀਰ ਨੂੰ ਸਵੱਛ ਰੱਖਣ ਦਾ ਸਾਧਨ ਹੈ। ਗੁਰਬਾਣੀ ਸਹਿਤ ਯੋਗ ਕਰਨਾ ਸੋਨੇ 'ਤੇ ਸੁਹਾਗਾ ਹੈ। ਕਸਰਤ ਤਾਂ ਕਰਨੀ ਹੀ ਹੈ ਕਿਉਂਕਿ ਧਿਆਨ ਰੱਬ ਨਾਲ ਜੋੜਿਆ ਜਾਵੇ।

ਸ਼ਿਵਾ ਸਿੰਘ 13 ਸਾਲ ਦਾ ਸੀ ਕਿ ਕਾਰ ਐਕਸੀਡੈਂਟ ਹੋ ਗਿਆ। ਉਸ ਤੋਂ ਬਾਅਦ 7 ਸਾਲ ਮਿਰਗੀ ਦੇ ਜ਼ਬਰਦਸਤ ਦੌਰੇ ਪੈਂਦੇ ਰਹੇ। ਜਦੋਂ ਕੋਈ ਹੋਰ ਉਪਾਅ ਨੇ ਸਾਥ ਨਾ ਦਿੱਤਾ ਤਾਂ ਇਕ ਅਧਿਆਪਕ ਨੇ ਯੋਗ ਨਾਲ ਜੁੜਨ ਦੀ ਨਸੀਹਤ ਦਿੱਤੀ ਅਤੇ 1973 ਤੋਂ ਲੈ ਕੇ ਅੱਜ ਤੱਕ ਨਾ ਮਿਰਗੀ ਦਾ ਕੋਈ ਦੌਰਾ, ਨਾ ਉਸ ਦੀ ਕੋਈ ਦਵਾਈ ਲੈਂਦਾ ਹੈ। ਪਿਛਲੇ 5 ਸਾਲਾਂ ਤੋਂ ਚੇਅਰ ਯੋਗ ਕਰਵਾ ਰਿਹਾ ਹੈ; ਮਤਲਬ ਕੁਰਸੀ 'ਤੇ ਬੈਠਿਆਂ ਹੀ ਯੋਗ ਕਰ ਸਕਦੇ ਹੋ। ਇਹ ਵਰਜਿਸ਼ ਸਵੇਰੇ ਉਠਦੇ ਸਾਰ ਕਰ ਲਵੋ ਤਾਂ ਸਾਰਾ ਦਿਨ ਸਰੀਰ ਫੁਰਤੀਲਾ ਰਹੇਗਾ। ਇਹ ਕਸਰਤਾਂ ਬਜ਼ੁਰਗਾਂ ਲਈ ਵਧੇਰੇ ਸਹੀ ਹਨ। ਇਹ ਕਸਰਤ ਕਰਨ ਨਾਲ ਨਤੀਜੇ ਪ੍ਰਤੱਖ ਮਿਲਦੇ ਹਨ। ਇਹ ਘਰੇਲੂ ਯੋਗ ਹੈ, ਸਾਧੂਆਂ ਵਾਲਾ ਨਹੀਂ ਜੋ ਢਾਈ-ਢਾਈ ਘੰਟੇ ਕਰਦੇ ਹਨ। ਘਰੇਲੂ ਜੀਵਨ ਵਿਚ ਢਾਈ ਘੰਟੇ ਯੋਗ ਕਰਨਾ ਅਸੰਭਵ ਹੈ। ਕਸਰਤ ਕਰਨ ਲਈ ਜ਼ਰੂਰੀ ਹੈ ਕਿ ਪਿੱਠ ਸਿੱਧੀ ਰੱਖੋ। ਕਈ ਵਾਰ ਜਿਵੇਂ ਗੁਰਦੁਆਰਿਆਂ ਵਿਚ



*ਸ਼ਿਵਾ ਸਿੰਘ*

ਅਕਸਰ ਦੇਖਦੇ ਹਾਂ ਕਿ ਆਪਾਂ ਮੋਢੇ ਅੱਗੇ ਨੂੰ ਝੁਕਾਅ ਕੇ ਗਰਦਨ ਸੁੱਟ ਕੇ ਅੰਤਰ-ਧਿਆਨ ਹੋ ਜਾਂਦੇ ਹਾਂ, ਇਸ ਨਾਲ ਤੁਹਾਡੇ ਰੀੜ੍ਹ ਦੀ ਹੱਡੀ ਵਿਚ ਮੌਜੂਦ ਤਰਲ ਦੇ ਚੱਲਣ ਵਿਚ ਅੜਿੱਕਾ ਆਉਂਦਾ ਹੈ। ਰੀੜ੍ਹ ਦੀ ਹੱਡੀ ਵਿਚ ਨਾੜੀਆਂ ਵਾਂਗ ਵਾਲਵ ਨਹੀਂ ਹੁੰਦੇ; ਸੋ ਰੀੜ੍ਹ ਦੀ ਹੱਡੀ ਵਾਲਾ ਤਰਲ ਰੁਕ ਜਾਂਦਾ ਹੈ ਤੇ ਦਿਮਾਗ ਨੂੰ ਤਾਜ਼ਾ ਤਰਲ ਨਹੀਂ ਮਿਲਦਾ। ਇਹ ਦਿਮਾਗ ਦੇ ਫਰੰਟਲ ਲੋਬ ਨੂੰ ਮਿਲਣਾ ਜ਼ਰੂਰੀ ਹੈ, ਜੋ ਯਾਦਾਸ਼ਤ ਨਾਲ ਸਬੰਧਤ ਹੈ।

ਸ਼ੁਰੂਆਤ ਲਈ ਦੋਵੇਂ ਹੱਥ ਛਾਤੀ ਦੀ ਅਗਲੀ ਹੱਡੀ ਦੇ ਹੇਠਲੇ ਪਾਸੇ ਨਾਲ ਅੰਗੂਠੇ ਅੱਗੇ ਕਰ ਕੇ ਜ਼ੋਰ ਨਾਲ ਛਾਤੀ ਨਾਲ ਲਾ ਲਉ। ਇਸ ਨਾਲ ਦਿਲ 'ਤੇ ਦਬਾਅ ਬਣਦਾ ਹੈ। ਦਿਲ ਦੀ ਮਾਲਸ਼ ਹੁੰਦੀ ਹੈ। ਸੁਰਤੀ ਇਕੱਠੀ ਕਰ ਲਓ। ਮੋਢੇ ਢਿੱਲੇ ਰੱਖੋ। ਸਾਹ ਨੱਕ ਰਾਹੀਂ ਲਓ। ਅੱਖਾਂ ਬੰਦ ਕਰ ਕੇ ਡੂੰਘੇ ਸਾਹ ਲਓ ਅਤੇ ਛੱਡੋ। ਸਾਹ ਅੰਦਰ ਖਿਚਣ ਲਈ 5 ਤੱਕ ਗਿਣੋ ਜਾਂ 5 ਵਾਰ ਵਾਹਿਗੁਰੂ ਕਹੋ। ਫਿਰ ਸਾਹ ਅੰਦਰ ਰੋਕੋ, 10 ਗਿਣਨ ਤੱਕ ਜਾਂ ਵਹਿਗੁਰੂ ਵਾਹਿਗੁਰੂ ਕਰੋ, ਫਿਰ ਸਾਹ ਹੌਲੀ-ਹੌਲੀ ਬਾਹਰ ਕੱਢੋ ਅਤੇ 5 ਦੀ ਗਿਣਤੀ ਕਰੋ। ਜਦੋਂ ਸਾਹ ਅੰਦਰ ਖਿਚਦੇ ਹੋ ਤਾਂ ਧੁੰਨੀ ਤੇ ਪੇਟ ਬਾਹਰ ਆਉਣਾ ਚਾਹੀਦਾ ਹੈ। ਕਾਰਨ, ਪੇਟ ਤੇ ਛਾਤੀ ਵਿਚਾਲੇ ਡਾਇਆਫਰਾਮ ਹੁੰਦਾ ਹੈ। ਪੇਟ ਬਾਹਰ ਕੱਢਣ ਨਾਲ ਛਾਤੀ ਵਿਚ ਜਗ੍ਹਾ ਵਧ ਜਾਂਦੀ ਹੈ।

ਇਹ ਕਸਰਤ ਆਰਾਮ ਨਾਲ ਕਰੋ, ਕਾਹਲੀ ਵਿਚ ਨਹੀਂ। ਠੋਡੀ ਫਰਸ਼ ਦੇ ਬਰਾਬਰ ਰੱਖੋ, ਥੱਲੇ ਨਹੀਂ ਤਾਂ ਕਿ ਸਾਹ ਨਾਲੀ ਖੁੱਲ੍ਹੀ ਰਹਿ ਸਕੇ। ਹੱਥ ਥੱਲੇ ਲਟਕਦੇ ਰਹਿਣ ਦਿਉ। ਪੈਰ ਫਰਸ਼ 'ਤੇ ਫਲੈਟ ਲੱਗਣੇ ਚਾਹੀਦੇ ਹਨ। ਗੋਡੇ ਖੁੱਲ੍ਹੇ ਰਹਿਣ ਦਿਓ। ਫਿਰ ਦੋਵੇਂ ਬਾਹਾਂ ਅੱਗੇ ਲਿਆ ਕੇ ਗੁੱਟ ਤੋਂ ਘੁਮਾਓ। ਪਹਿਲਾਂ ਬਾਹਰ ਨੂੰ, ਫਿਰ ਅੰਦਰ ਨੂੰ 5-7 ਵਾਰ ਕਰ ਲਓ। ਨਾਲ ਗਿੱਟਿਆਂ ਨੂੰ ਵੀ ਘੁਮਾਓ ਤਾਂ ਕਿ ਅਕੜੇਵਾਂ ਹਟ ਜਾਵੇ। ਸਾਹ ਨੱਕ ਰਾਹੀਂ ਲੈਂਦੇ ਰਹੋ। 5-7 ਵਾਰ ਅਜਿਹਾ ਕਰ ਕੇ ਫਿਰ ਹੱਥਾਂ ਨੂੰ ਝਟਕੋ। ਫਿਰ ਕੂਹਣੀ ਦੇ ਅੰਦਰਲੇ ਪਾਸੇ 5-7 ਥੱਪੜ ਮਾਰੋ। ਥੋੜ੍ਹੀ ਦੇਰ ਬਾਅਦ ਬਾਹਾਂ ਪੱਟਾਂ 'ਤੇ ਰੱਖ ਕੇ ਕੂਹਣੀਆਂ ਨੂੰ ਥੋੜ੍ਹੀ ਦੇਰ ਆਰਾਮ ਕਰਨ ਦਿਓ।

ਫਿਰ ਕੁਰਸੀ 'ਤੇ ਥੋੜ੍ਹਾ ਅੱਗੇ ਹੋ ਕੇ ਬੈਠੋ। ਬਾਹਾਂ ਕਰਾਸ ਕਰ ਲਓ। ਧੜ ਨੂੰ ਸੱਜੇ ਪਾਸੇ ਮੋੜੋ। ਸਾਹ ਛੱਡੋ। ਸਿਰ ਨੂੰ ਵੀ ਸੱਜੇ ਵੱਲ ਘੁਮਾਓ। ਫਿਰ ਧੜ ਤੇ ਸਿਰ ਖੱਬੇ ਪਾਸੇ ਮੋੜੋ ਤੇ ਸਾਹ ਅੰਦਰ ਖਿੱਚੋ। ਫਿਰ ਇਕ ਹੱਥ ਛਾਤੀ ਵਿਚਾਲੇ ਰੱਖ ਕੇ ਦੂਜਾ ਹੱਥ ਸੱਜੇ ਬਾਹਰ ਨੂੰ ਕੱਢੋ। ਸਾਹ ਛੱਡੋ। ਫਿਰ ਸੱਜਾ ਹੱਥ ਛਾਤੀ ਵਿਚਾਲੇ, ਖੱਬਾ ਬਾਹਰ ਅਤੇ ਸਿਰ ਖੱਬੇ ਤੇ ਸਾਹ ਅੰਦਰ ਖਿੱਚੋ।

ਫਿਰ ਬਾਹਾਂ ਪੱਟਾਂ 'ਤੇ ਰੱਖ ਕੇ ਕੂਹਣੀਆਂ ਪਿੱਛੇ ਖਿੱਚ ਕੇ ਆਰਾਮ ਕਰੋ। ਸਾਹ ਨੱਕ ਰਾਹੀਂ ਲੈਂਦੇ ਰਹੋ। ਫਿਰ ਸੱਜੇ ਅੰਗੂਠੇ ਨਾਲ ਨੱਕ ਬੰਦ ਕਰ ਲਓ। ਉਂਗਲਾਂ ਸਿਧੀਆਂ ਬਾਹਰ ਨੂੰ ਹੋਣ। ਖੱਬੇ ਨੱਕ ਵਿਚੋਂ ਸਾਹ ਲਓ। ਖੱਬੇ ਪਾਸਿਆਂ ਤੋਂ ਸਾਹ ਸੱਜੇ ਦਿਮਾਗ ਵਿਚ ਜਾਂਦਾ ਹੈ, ਜੋ ਪੈਰਾਸਿੰਪੈਥੈਟਿਕ ਸਿਸਟਮ ਨੂੰ ਚਲਾਉਂਦਾ ਹੈ। ਫਿਰ ਪਹਿਲੀ ਉਂਗਲ ਨਾਲ ਖੱਬਾ ਨੱਕ ਬੰਦ ਕਰ ਲਓ। ਸੱਜੇ ਨੱਕ ਵਿਚੋਂ ਸਾਹ ਲਓ, ਜੋ ਖੱਬੇ ਦਿਮਾਗ 'ਤੇ ਅਸਰ ਕਰਦਾ ਹੈ, ਜੋ ਸਿੰਪੈਥੈਟਿਕ ਸਿਸਟਮ ਨੂੰ ਚਲਾਉਂਦਾ ਹੈ। ਡੂੰਘੇ ਸਾਹ ਲਓ ਅਤੇ ਜੇ ਨਾਲ ਵਾਹਿਗੁਰੂ ਦਾ ਸਿਮਰਨ ਕਰੋ ਤਾਂ ਸੋਨੇ 'ਤੇ ਸੁਹਾਗਾ ਹੈ। ਡੂੰਘੇ ਸਾਹ ਲੈਣ ਨਾਲ ਸਰੀਰ ਤੰਦਰੁਸਤ ਹੁੰਦਾ ਹੈ, ਜਿਸ ਨਾਲ ਦਿਲ ਦੀ ਮਾਲਿਸ਼ ਹੁੰਦੀ ਹੈ। ਖੂਨ ਵਧੀਆ ਸਾਫ ਹੁੰਦਾ ਹੈ, ਜਿਸ ਨਾਲ ਬਲੱਡ ਪ੍ਰੈਸ਼ਰ (ਬੀ. ਪੀ.) ਕੰਟਰੋਲ ਹੁੰਦਾ ਹੈ। ਬੀ. ਪੀ. ਕੰਟਰੋਲ ਕਰਨ ਲਈ ਖੱਬੇ ਹੱਥ ਦੀ ਮੁੱਠੀ ਬਣਾ ਲਓ। ਅੰਗੂਠਾ ਛਾਤੀ ਵੱਲ ਕਰ ਕੇ ਜ਼ੋਰ ਦੀ ਸੱਜੀ ਕੱਛ ਵਿਚ ਲਓ। ਅੱਖਾਂ ਬੰਦ ਕਰ ਕੇ ਡੂੰਘੇ ਸਾਹ ਅੰਦਰ ਬਾਹਰ ਲਓ, ਪਰ ਮੁੱਠੀ ਘੁੱਟ ਕੇ ਕੱਛ ਨੂੰ ਜ਼ੋਰ ਨਾਲ ਬੰਦ ਰੱਖੋ। ਤਿੰਨ ਮਿੰਟ ਇਹ ਕਸਰਤ ਕਰਨ ਨਾਲ ਬੀ. ਪੀ. ਸਹੀ ਹੋ ਜਾਵੇਗਾ। ਫਿਰ ਆਰਾਮ ਵਾਲੀ ਪੁਜ਼ੀਸ਼ਨ ਵਿਚ ਆ ਜਾਓ। ਬਾਹਾਂ ਪੱਟਾਂ 'ਤੇ, ਕੂਹਣੀਆਂ ਪਿਛੇ, ਗੋਡੇ ਖੋਲ੍ਹ ਕੇ ਪੈਰ ਜ਼ਮੀਨ 'ਤੇ ਇੰਨੇ ਢਿੱਲੇ ਕਰੋ ਕਿ ਇੰਦਾਂ ਲੱਗੇ ਕਿ ਸੁੰਨ ਹਨ, ਕੁਝ ਪਤਾ ਨਹੀਂ ਲੱਗ ਰਿਹਾ। ਬੈਠਣ ਵਿਚ ਪਿੱਠ ਸਿੱਧੀ ਰੱਖਣੀ ਹੈ, ਝੁਕਣ ਵਾਲੀ ਨਹੀਂ। ਭਟਕਣਾ ਨਹੀਂ।

ਸਾਹ ਡੂੰਘੇ ਲੈਣੇ ਹਨ। ਹੱਥ ਝਟਕੋ। ਸਾਧਾਰਨ ਯੋਗਾ ਨਾਲ ਘਬਰਾਹਟ ਤਣਾਅ 'ਤੇ ਕਾਬੂ ਪਾਇਆ ਜਾ ਸਕਦਾ ਹੈ। ਫਿਰ ਹੱਥ ਪੱਟਾਂ 'ਤੇ ਰੱਖ ਕੇ ਮੋਢੇ ਘੁਮਾਓ; 10 ਵਾਰ ਬਾਹਰ ਨੂੰ, 10 ਵਾਰ ਅੰਦਰ ਨੂੰ। ਫਿਰ ਮੋਢੇ ਉਤੇ ਚੁੱਕੋ, ਕੰਨਾਂ ਨਾਲ ਲਾਉਣ ਦੀ ਕੋਸ਼ਿਸ਼ ਕਰੋ। ਦਸ ਡੂੰਘੇ ਸਾਹ ਲਵੋ। ਫਿਰ ਸਿਰ ਸੱਜੇ ਵੱਲ ਘੁਮਾਓ। ਸਾਹ ਅੰਦਰ ਲਓ। 5 ਦੀ ਗਿਣਤੀ ਕਰੋ। ਫਿਰ ਸਿਰ ਖੱਬੇ ਪਾਸੇ ਘੁਮਾਓ। ਸਾਹ ਛੱਡੋ। 5 ਦੀ ਗਿਣਤੀ ਕਰੋ। ਫਿਰ ਆਰਾਮ ਵਾਲੀ ਪੁਜ਼ੀਸ਼ਨ ਵਿਚ ਆ ਜਾਓ। ਫਿਰ ਤਿੰਨ ਕੁ ਵਾਰ ਡੂੰਘਾ ਸਾਹ ਲੈਂਦੇ ਹੋਈ ਸਤ ਲੰਮਾ ਕਰ ਕੇ ਕਹੋ ਅਤੇ 7 ਦੀ ਗਿਣਤੀ ਤੱਕ ਸਾਹ ਅੰਦਰ ਲੈਂਦੇ ਜਾਓ। ਫਿਰ ਸਾਹ ਛੱਡਣਾ ਸ਼ੁਰੂ ਕਰੋ ਤੇ ਤਿੰਨ ਦੀ ਗਿਣਤੀ ਨਾਲ ਨਾਮ ਕਹੋ; ਮਤਲਬ ਅੰਦਰ ਸਾਹ ਲੈਂਦਿਆਂ ਲੰਮਾ ਸਤ ਕਹੋ ਅਤੇ ਸਾਹ ਛੱਡਦਿਆਂ ਨਾਮ ਨਾਲ ਜਲਦੀ ਤਿੰਨ ਦੀ ਗਿਣਤੀ ਨਾਲ ਨਾਮ ਕਹੋ।

ਇਸ ਤਰ੍ਹਾਂ ਜਿਥੇ ਸਰੀਰ ਦੀ ਕਸਰਤ ਹੁੰਦੀ ਹੈ, ਇਨਸਾਨ ਨਾਮ ਨਾਲ ਵੀ ਜੁੜ ਸਕਦਾ ਹੈ, ਜੋ ਵਿਚਾਰਾਂ 'ਤੇ ਕਾਬੂ ਕਰਨ ਵਿਚ ਮਦਦ ਕਰਦਾ ਹੈ। ਮਨ ਨੂੰ ਪਲਾਸਟਿਕ ਵਾਂਗ ਢਾਲ ਸਕਦੇ ਹੋ। ਇਸ ਨਾਲ ਸਕੂਨ ਮਿਲ ਸਕਦਾ ਹੈ। ਸ਼ਿਵਾ ਸਿੰਘ ਆਪਣੀ ਖੁਸ਼ਕਿਸਮਤੀ ਸਮਝਦਾ ਹੈ ਕਿ ਉਹ ਸਿੱਖੀ ਨਾਲ ਜੁੜਿਆ ਹੈ।

ਸ਼ਿਵਾ ਸਿੰਘ ਨਾਲ spirityoga.org 'ਤੇ ਜਾਂ 773-480-3272 'ਤੇ ਸੰਪਰਕ ਕਰ ਸਕਦੇ ਹੋ। ਸਿੱਖ ਸੀਨੀਅਰ ਸਿਟੀਜ਼ਨਜ਼ ਨਾਲ ਸੰਪਰਕ ਕਰਨ ਲਈ ਸੁਰਿੰਦਰਪਾਲ ਸਿੰਘ ਕਾਲੜਾ ਨਾਲ ਫੋਨ: 847-305-9119, ਇਕਬਾਲ ਸਿੰਘ ਚੋਪੜਾ ਫੋਨ: 224-358-7769 ਜਾਂ ਠਾਕਰ ਸਿੰਘ ਬਸਾਤੀ ਨਾਲ basatit13@gmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਡਾ. ਸੁਖਵਿੰਦਰ ਕੰਬੋਜ ਬਣੇ 'ਵਿਪਸਾ' ਦੇ ਨਵੇਂ ਪ੍ਰਧਾਨ

**ਸੈਕਰਾਮੈਂਟੋ (ਬਿਊਰੋ):** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ), ਕੈਲੀਫੋਰਨੀਆ ਦੀ ਲੰਘੇ ਐਤਵਾਰ ਹੋਈ ਮਹੀਨੇਵਾਰ ਬੈਠਕ ਵਿਚ ਡਾ. ਸੁਖਵਿੰਦਰ ਕੰਬੋਜ ਨੂੰ ਸਰਬ-ਸੰਮਤੀ ਨਾਲ ਅਕੈਡਮੀ ਦਾ ਸਾਲ 2021-2022 ਲਈ ਪ੍ਰਧਾਨ ਨਿਯੁਕਤ ਕੀਤਾ ਗਿਆ। ਖੁਸ਼ਗਵਾਰ ਮਾਹੌਲ ਵਿਚ ਸੰਪਨ ਹੋਈ ਮੀਟਿੰਗ ਵਿਚ ਡਾ. ਸੁਖਵਿੰਦਰ ਕੰਬੋਜ ਨੇ ਅਕੈਡਮੀ ਦੀ ਕਾਰਜ ਕਾਰਨੀ ਕਮੇਟੀ ਦੇ ਮੈਂਬਰਾਂ ਦਾ ਐਲਾਨ ਕੀਤਾ, ਜਿਨ੍ਹਾਂ ਵਿਚ ਅਮਰਜੀਤ ਪੰਨੂੰ-ਮੀਤ ਪ੍ਰਧਾਨ, ਕੁਲਵਿੰਦਰ-ਜਨਰਲ ਸਕੱਤਰ, ਲਾਜ ਨੀਲਮ ਸੈਣੀ-ਸਹਾਇਕ ਸਕੱਤਰ, ਗੁਲਸ਼ਨ ਦਿਆਲ-ਸਾਹਿਤ ਸਕੱਤਰ, ਤਾਰਾ ਸਿੰਘ ਸਾਗਰ-ਖਜਾਨਚੀ, ਜਗਜੀਤ ਨੌਸ਼ਹਿਰਵੀ-ਆਰਗੇਨਾਈਜ਼ਰ, ਸੁਖਦੇਵ ਸਾਹਿਲ-ਰੰਗ ਮੰਚ ਕੋਆਰਡੀਨੇਟਰ ਅਤੇ ਓਮ ਕਮਲ-ਮੀਡੀਆ ਕੋਆਡੀਨੇਟਰ ਸ਼ਾਮਲ ਹਨ।

ਸਵਾਗਤੀ ਭਾਸ਼ਨ ਉਪਰੰਤ ਅਕੈਡਮੀ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਕਰੋਨਾ ਵਾਇਰਸ ਦੇ ਕਹਿਰ ਹੱਥੋਂ ਵਿਛੜੀਆਂ ਰੂਹਾਂ ਅਤੇ ਦਿੱਲੀ ਦੇ ਬਾਰਡਰਾਂ ਉੱਤੇ ਕਿਸਾਨ ਸੰਘਰਸ਼ ਹਿੱਤ ਸ਼ਹਾਦਤ ਪਾ ਗਏ ਸੂਰਮਿਆਂ ਨੂੰ ਸ਼ਰਧਾਂਜਲੀ ਅਰਪਨ ਕਰਨ ਲਈ ਰਲਵੀਂ ਅਰਦਾਸ ਕਰਨ ਦੀ ਬੇਨਤੀ ਕੀਤੀ। ਇਸ ਪਿਛੋਂ ਦਸੰਬਰ ਮਹੀਨੇ ਕਰਵਾਈ ਗਈ ਸਾਹਿਤਕ ਬੈਠਕ ਦੀ ਰਿਪੋਰਟ ਪੜ੍ਹ ਕੇ ਸੁਣਾਈ। ਤਾਰਾ ਸਾਗਰ ਨੇ ਵਰ੍ਹਾ 2020 ਦੇ ਆਮਦਨ-ਖਰਚ ਦਾ ਵੇਰਵਾ ਮੁਖ ਰੱਖਦਿਆਂ ਅਕੈਡਮੀ ਦੀ ਕਾਰਜ ਕਰਦਗੀ ਨੂੰ ਸੁਖਾਵੇਂ ਢੰਗ ਨਾਲ ਪੇਸ਼ ਕੀਤਾ।

ਚਰਨਜੀਤ ਸਿੰਘ ਪੰਨੂ ਦੀ ਪੁਸਤਕ 'ਪੰਜਾਬ ਬਨਾਮ ਕੈਲੀਫੋਰਨੀਆ-ਹਸਪਤਾਲ ਦੀ ਡਾਇਰੀ' ਨੂੰ ਲੋਕ ਅਰਪਿਤ ਕੀਤਾ ਗਿਆ। ਇਸ ਪੁਸਤਕ ਪ੍ਰਤੀ ਪਰਵੇਸ਼ ਸ਼ਬਦਾਂ ਵਿਚ ਸੀਰਤ ਨੇ ਇਸ ਪੁਸਤਕ ਨੂੰ ਇਕ ਮਿੰਨੀ ਨਾਵਲਿਟ ਦੀ ਸੰਗਿਆ ਦਿੱਤੀ ਅਤੇ ਰਚਿਤ ਵਾਰਤਕ-ਸ਼ੈਲੀ ਦੀ ਪਰਪੱਕਤਾ ਨੂੰ ਉਨ੍ਹਾਂ ਦੀ ਪ੍ਰਾਪਤੀ ਦਰਸਾਇਆ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਸ. ਪੰਨੂ ਨੇ



ਪ੍ਰੋ. ਸੁਖਵਿੰਦਰ ਕੰਬੋਜ

ਇਸ ਪੁਸਤਕ ਰਾਹੀਂ ਭਾਰਤ ਅਤੇ ਕੈਲੀਫੋਰਨੀਆ ਦੇ ਹਸਪਤਾਲਾਂ ਵਿਚ ਨਿੱਜੀ ਅਨੁਭਵਾਂ ਰਾਹੀਂ ਜਿੱਥੇ ਦੋਹਾਂ ਦੁਨੀਆਂ ਦੇ ਚਿਕਿਤਸਿਕ ਮਨੋਵਿਗਿਆਨ ਨੂੰ ਸਾਹਮਣੇ ਲਿਆਂਦਾ, ਉਥੇ ਪੁਸਤਕ ਵਿਚ ਵਿਚਰ ਰਹੀਆਂ ਦਿਲਚਸਪ ਕਹਾਣੀਆਂ ਰਾਹੀਂ ਆਪਣੀ ਵਾਰਤਕ ਲੇਖਣੀ ਦਾ ਲੋਹਾ ਮੰਨਵਾਇਆ ਹੈ। ਇਸ ਪੁਸਤਕ ਦੇ ਸਬੰਧ ਵਿਚ ਡਾ. ਭੀਮ ਇੰਦਰ ਸਿੰਘ (ਹੈਡ, ਸਕੂਲ ਆਫ ਪੰਜਾਬੀ ਅਧਿਅਨ ਵਿਭਾਗ, ਪਟਿਆਲਾ ਯੂਨੀਵਰਸਿਟੀ) ਨੇ ਵੀ ਆਪਣੀ ਕਲਮ ਰਾਹੀਂ ਪ੍ਰਸ਼ੰਸਾ ਦੇ ਸ਼ਬਦ ਉਲੀਕੇ ਹਨ।

ਕਵਿਤਾ ਸੈਸ਼ਨ ਦਾ ਸੰਚਾਲਨ ਸੰਭਾਲਦਿਆਂ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਆਪਣੀਆਂ ਰੁਬਾਈਆਂ ਰਾਹੀਂ ਸਮਾਂ ਬੰਨ੍ਹ ਦਿੱਤਾ। ਇਕ ਰੁਬਾਈ ਅਨੁਸਾਰ, "ਮੈਂ ਕਲਮਾਂ ਤੱਕੀਆਂ ਸ਼ਬਦਾਂ ਨੂੰ ਬੇਲਿਬਾਸ ਕਰਦੀਆਂ, ਕਲਮਾਂ ਦੀਆਂ ਬੇਸ਼ਰਮੀਆਂ ਤੋਂ ਤੱਕੀਆਂ ਹਵਾਵਾਂ ਡਰਦੀਆਂ; ਧਰਤੀ ਹੈ ਧਾਹਾਂ ਮਾਰਦੀ ਅਸਮਾਨ ਹੰਝੂ ਕੇਰਦਾ, 'ਸੁਰਜੀਤ' ਜਦ ਕਲਮਾਂ ਦੀਆਂ ਤੱਕੀਆਂ ਜ਼ਮੀਰਾਂ ਮਰਦੀਆਂ।"

ਕਵਿਤਾ ਸੈਸ਼ਨ ਦੇ ਅਰੰਭ ਵਿਚ ਚਰਨਜੀਤ ਸਿੰਘ ਪੰਨੂ ਨੇ 'ਪੇਪਰ ਪਤਨੀ ਚਾਹੀਦੀ' ਇਕ ਪ੍ਰਚੱਲਤ ਯਥਾਰਥ ਨੂੰ ਹਾਸ-ਵਿਅੰਗ ਕਵਿਤਾ ਰਾਹੀਂ ਪੇਸ਼ ਕੀਤਾ ਅਤੇ ਹਜ਼ੂਰਾ ਸਿੰਘ ਹਜ਼ੂਰ ਨੇ ਸੁਰੀਲੀ ਆਵਾਜ਼ ਵਿਚ ਇਕ ਰੁਮਾਂਚਿਕ ਗੀਤ ਦਾ ਗਾਇਨ ਕੀਤਾ। ਮਹਿੰਦਰ ਸਿੰਘ ਸੰਘੇੜਾ ਨੇ, 'ਮੋਦੀ ਵਿਚ ਔਰੰਗਜ਼ੇਬ ਦੀ ਰੂਹ'; ਤਾਰਾ ਸਾਗਰ ਨੇ, 'ਮੌਤ ਦੀ ਸਾਨੂੰ ਪਰਵਾਹ ਨਹੀਂ' ਅਤੇ ਐਸ਼ਕਮ ਐਸ਼ ਨੇ ਕਵਿਤਾ, 'ਅਸੀਂ ਕੀ ਕਰਨਾ ਏ ਸਰਕਾਰੇ ਤੇਰੇ ਇਹੋ ਜਿਹੇ ਸਨਮਾਨਾਂ ਨੂੰ' ਕਹਿ ਕੇ ਕਿਸਾਨ ਸੰਘਰਸ਼ ਦੀ ਹਮਾਇਤ ਕੀਤੀ। ਜਿੱਥੇ ਕੁਲਵਿੰਦਰ ਦੀ 'ਕਵਿਤਾ ਨਾਲ ਸੰਵਾਦ' ਕਵਿਤਾ ਵਿਚ ਉਹ ਘਰ ਆਈ ਕਵਿਤਾ ਨੂੰ ਕੁਝ ਚਿਰ ਠਹਿਰਨ ਲਈ ਜੋਦੜੀ ਕਰਦਾ ਪ੍ਰਤੀਤ ਹੁੰਦਾ ਹੈ, ਉਥੇ ਹੀ ਡਾ. ਸੁਖਵਿੰਦਰ ਕੰਬੋਜ ਦੀ ਕਵਿਤਾ, 'ਉਦੋਂ ਤੇ ਅੱਜ' ਉਸ ਨੂੰ ਯਥਾਰਥ ਤੋਂ ਕਿਤੇ ਉਪਰ ਬੌਧਿਕਤਾ ਦੀ ਸਿਖਰ 'ਤੇ ਲੈ ਅਪੜਦੀ ਹੈ। ਇਹ ਕਵਿਤਾ ਪੜ੍ਹਨ ਨਾਲ ਸਬੰਧ ਰਖਦੀ ਹੈ। ਸੀਰਤ ਨੇ '6 ਜਨਵਰੀ 2021 ਨੂੰ ਸਮਰਪਿਤ ਕਵਿਤਾ-ਪਹਿਰੇਦਾਰ' ਨਾਲ ਸਮੇਂ ਪ੍ਰਤੀ ਜਗਿਆਸਾ ਦਰਸਾਉਣ ਦੀ ਕੋਸ਼ਿਸ਼ ਕੀਤੀ। ਅਖੀਰ ਵਿਚ ਬੀਬੀ ਸੁਰਜੀਤ ਕੌਰ ਨੇ ਦੋ ਕਵਿਤਾਵਾਂ, 'ਕਰੋਨਾ' ਅਤੇ 'ਉਡੀਕਾਂ' ਰਾਹੀਂ ਆਪਣੀ ਕਾਵਿ-ਕੁਸ਼ਲਤਾ ਦਾ ਪ੍ਰਮਾਣ ਦਿੱਤਾ।

# ਪੀਜ਼ਾ ਹੱਟ ਡਿਲਿਵਰੀ ਮੈਨ ਨੂੰ ਟਿਪ 'ਚ ਮਿਲੀ ਨਵੀਂ ਕਾਰ

**ਟਿਪਟਨ, ਇੰਡੀਆਨਾ (ਬਿਊਰੋ):** ਟਿਪਟਨ ਸਿਟੀ 'ਚ ਰਾਬਰਟ ਪੀਟਰਜ਼ ਨਾਂ ਦੇ ਇਕ ਪੀਜ਼ਾ ਹੱਟ ਕਰਮਚਾਰੀ ਨੂੰ ਇਸ ਮਹੀਨੇ ਟਿਪ ਦੇ ਰੂਪ ਵਿਚ ਇੱਕ ਨਵੀਂ ਕਾਰ ਮਿਲੀ ਹੈ। ਪਿਛਲੇ 31 ਸਾਲਾਂ ਤੋਂ ਆਪਣਾ ਕੰਮ ਸ਼ਿੱਦਤ ਨਾਲ ਕਰ ਰਹੇ ਰਾਬਰਟ ਪੀਟਰਜ਼ ਅਨੁਸਾਰ ਉਸ ਨੂੰ ਆਪਣੀ ਇਸ ਟਿਪ ਵਿਚ ਮਿਲੀ ਕਾਰ 'ਤੇ ਯਕੀਨ ਨਹੀਂ ਸੀ, ਪਰ ਇਹ ਸੱਚ ਸੀ। ਇਸ ਸਬੰਧੀ ਪੀਜ਼ਾ ਹੱਟ ਨੇ ਦੱਸਿਆ ਕਿ ਰਾਬਰਟ ਉਨ੍ਹਾਂ ਦਾ ਸਭ ਤੋਂ ਲੰਬੇ ਸਮੇਂ ਤੋਂ ਕੰਮ ਕਰਨ ਵਾਲੇ ਕਰਮਚਾਰੀਆਂ ਵਿਚੋਂ ਹੈ, ਜੋ ਕੰਮ ਇਮਾਨਦਾਰੀ ਨਾਲ ਕਰਦਾ ਹੈ ਅਤੇ ਗ੍ਰਾਹਕਾਂ ਨੂੰ ਹਮੇਸ਼ਾ ਖੁਸ਼ ਰੱਖਦਾ ਹੈ।



ਰਾਬਰਟ ਨੂੰ ਮਿਲੀ ਕਾਰ ਦੇ ਲਈ ਉਸ ਦੀ ਗਾਹਕ ਸੇਵਾ ਪ੍ਰਤੀ ਸ਼ਰਧਾ ਨੂੰ ਜੋੜਿਆ ਗਿਆ ਹੈ, ਜਿਸ ਕਰਕੇ ਪੀਟਰਜ਼ ਨੇ ਆਪਣੇ ਕਸਬੇ ਵਿਚ ਨਾਮਣਾ ਖੱਟਿਆ ਹੈ। ਇਸ ਟਿਪ ਵਾਲੀ ਕਾਰ ਦੇ ਮਾਮਲੇ ਵਿਚ ਇਸ ਪੀਜ਼ਾ ਹੱਟ ਦੇ ਇੱਕ ਨਿਯਮਤ ਗਾਹਕ ਟੈਨਰ ਲੈਂਗਲੀ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਪੀਟਰਸ ਹਮੇਸ਼ਾ ਇਹ ਸੁਨਿਸ਼ਚਿਤ ਕਰਦਾ ਹੈ ਕਿ ਉਸ ਦੇ ਗਾਹਕਾਂ ਨੂੰ ਬਿੱਲ ਵਿਚਲੇ ਵਧੇ ਪੈਸਿਆਂ ਦੀ ਸਹੀ ਵਾਪਸੀ ਹੋਵੇ ਅਤੇ ਇਸ ਲਈ ਉਹ ਸਿਰਫ 15 ਸੈਂਟ ਵਾਪਿਸ ਕਰਨ ਲਈ ਵੀ 3 ਜਾਂ 4 ਮੀਲ ਤੱਕ ਖਰਾਬ ਮੌਸਮ ਵਿਚ ਵੀ ਜਾਵੇਗਾ। ਇਸ ਲਈ ਲੈਂਗਲੀ ਨੇ ਰਾਬਰਟ ਦੀ ਚੰਗੀ ਕਾਰਗੁਜ਼ਾਰੀ ਬਦਲੇ ਉਸਦੀ ਮੱਦਦ ਕਰਨ ਲਈ ਕਮਿਊਨਿਟੀ ਵਿਚ ਪਹੁੰਚ ਕਰਕੇ ਨਵੀਂ ਕਾਰ ਖਰੀਦਣ ਦੀ ਗੱਲ ਕੀਤੀ। ਇਸ ਦੇ ਬਾਅਦ ਸਿਰਫ ਦੋ ਦਿਨਾਂ ਵਿਚ, ਟਿਪਟਨ ਦੇ ਲੋਕਾਂ ਨੇ ਇੱਕ ਚਮਕਦਾਰ, ਲਾਲ ਸ਼ੈਵੀ ਮਾਲਿਬੂ ਕਾਰ ਲਈ ਸਹਾਇਤਾ ਦਿੱਤੀ, ਜਿਸ ਵਿਚ ਬੀਮਾ ਤੇ ਗੈਸ ਦੇ ਪੈਸੇ ਵੀ ਸ਼ਾਮਿਲ ਸਨ। ਜਿਸ ਦੀ ਕੁੱਲ ਕੀਮਤ 19,000 ਡਾਲਰ ਦੱਸੀ ਗਈ ਹੈ।

# ਅਮਰੀਕੀ ਟੀ. ਵੀ. ਹੋਸਟ ਲੈਰੀ ਕਿੰਗ ਦਾ ਦਿਹਾਂਤ

**ਫਰਿਜ਼ਨੋ (ਬਿਊਰੋ):** ਅਮਰੀਕਾ ਦੀ ਇੱਕ ਮਸ਼ਹੂਰ ਅਤੇ ਮਹਾਨ ਸ਼ਖਸੀਅਤ ਲੈਰੀ ਕਿੰਗ, ਜੋ ਇੱਕ ਟੀ. ਵੀ. ਟਾਕ ਸ਼ੋਅ ਦੇ ਮੇਜ਼ਬਾਨ ਵੀ ਸਨ, ਦੀ 87 ਸਾਲ ਦੀ ਉਮਰ ਵਿਚ ਲਾਸ ਏਂਜਲਸ ਦੇ ਸੀਡਰਸ ਸਿਨਾਈ ਮੈਡੀਕਲ ਸੈਂਟਰ



ਵਿਖੇ ਮੌਤ ਹੋ ਗਈ। ਉਸ ਨੇ ਕਈ ਸਿਹਤ ਚੁਣੌਤੀਆਂ ਦਾ ਸਾਹਮਣਾ ਕੀਤਾ, ਜਿਸ ਵਿਚ ਦਿਲ ਦਾ ਦੌਰਾ ਪੈਣ ਕਾਰਨ ਬਾਈਪਾਸ ਸਰਜਰੀ ਵੀ ਸ਼ਾਮਿਲ ਹੈ। ਇਸ ਤੋਂ ਇਲਾਵਾ 2017 ਵਿਚ ਫੇਫੜਿਆਂ ਦੇ ਕੈਂਸਰ ਕਾਰਨ ਕਿੰਗ ਦੀ ਸੀਡਰਸ ਸਿਨਾਈ ਹਸਪਤਾਲ ਵਿਚ ਸਰਜਰੀ ਵੀ ਹੋਈ। 2019 ਵਿਚ ਉਸ ਨੂੰ ਇੱਕ ਦੌਰਾ ਪਿਆ, ਜਿਸ ਕਾਰਨ ਲੈਰੀ ਆਪਣੇ ਖੱਬੇ ਪੈਰ ਰਾਹੀਂ ਤੁਰਨ ਤੋਂ ਅਸਮਰੱਥ ਹੋ ਗਿਆ ਸੀ।

ਲੈਰੀ ਕਿੰਗ 2 ਜਨਵਰੀ ਨੂੰ ਲਾਸ ਏਂਜਲਸ ਦੇ ਸੀਡਰਸ ਸਿਨਾਈ ਮੈਡੀਕਲ ਸੈਂਟਰ ਵਿਖੇ ਕੋਵਿਡ-19 ਤੋਂ ਪੀੜਤ ਹੋ ਕੇ ਦਾਖਲ ਹੋਇਆ ਸੀ। ਬਰੂਕਲੇਨ ਦੇ ਲਾਰੈਂਸ ਹਾਰਵੇ ਜ਼ੀਗਰ ਵਿਚ 1933 ਨੂੰ ਜਨਮੇ ਲੈਰੀ ਛੋਟੀ ਉਮਰ ਤੋਂ ਹੀ ਰੇਡੀਓ 'ਤੇ ਜਾਣਾ ਚਾਹੁੰਦੇ ਸਨ। ਪੜ੍ਹਾਈ ਪੂਰੀ ਹੋਣ ਤੋਂ ਬਾਅਦ ਉਸ ਨੇ 1950 ਦੇ ਦਹਾਕੇ ਵਿਚ ਫਲੋਰਿਡਾ ਵਿਚ ਆਪਣੀ ਪਹਿਲੀ ਰੇਡੀਓ ਦੀ ਨੌਕਰੀ ਪ੍ਰਾਪਤ ਕੀਤੀ। ਲੈਰੀ ਨੂੰ ਮਿਆਮੀ ਵਿਚ ਆਪਣਾ ਪਹਿਲਾ ਆਨ-ਏਅਰ ਦਾ ਮੌਕਾ ਮਿਲਿਆ ਅਤੇ ਉਹ ਲੈਰੀ ਕਿੰਗ ਦੁਆਰਾ ਜਾਣਿਆ ਜਾਣ ਲੱਗਾ, ਜੋ ਹੁਣ ਉਸ ਦਾ ਕਾਨੂੰਨੀ ਨਾਮ ਹੈ। 1978 ਵਿਚ ਉਸ ਨੇ ਮਿਊਚੁਅਲ ਬ੍ਰਾਡਕਾਸਟਿੰਗ ਸਿਸਟਮ ਉੱਤੇ ਇੱਕ ਰਾਸ਼ਟਰੀ ਰੇਡੀਓ ਪ੍ਰੋਗਰਾਮ 'ਦਿ ਲੈਰੀ ਕਿੰਗ ਸ਼ੋਅ' ਦੀ ਮੇਜ਼ਬਾਨੀ ਕਰਨੀ ਸ਼ੁਰੂ ਕੀਤੀ, ਜੋ ਉਸ ਨੇ 1994 ਵਿਚ ਆਪਣਾ ਅਹੁਦਾ ਛੱਡਣ ਤੱਕ ਕੀਤੀ। ਲੈਰੀ ਨੇ ਟੀ. ਵੀ. ਜਗਤ 'ਚ ਕਦਮ ਰਖਦਿਆਂ 1985 ਤੋਂ 2010 ਤੱਕ ਸੀ. ਐਨ. ਐਨ. ਪ੍ਰੋਗਰਾਮ 'ਲੈਰੀ ਕਿੰਗ ਲਾਈਵ' ਦੀ ਮੇਜ਼ਬਾਨੀ ਕੀਤੀ।

ਲੈਰੀ ਕਿੰਗ ਨੇ ਆਪਣੇ ਜੀਵਨ ਵਿਚ ਬਹੁਤ ਸਾਰੇ ਸਨਮਾਨ ਵੀ ਪ੍ਰਾਪਤ ਕੀਤੇ, ਜਿਨ੍ਹਾਂ ਵਿਚ ਦੋ ਪੀਬੋਡੀ ਅਤੇ ਇੱਕ ਐਮੀ ਅਵਾਰਡ ਵੀ ਸ਼ਾਮਿਲ ਹੈ। ਲੈਰੀ 1989 ਵਿਚ ਨੈਸ਼ਨਲ ਰੇਡੀਓ ਹਾਲ ਆਫ ਫੇਮ ਅਤੇ 1992 ਵਿਚ ਬ੍ਰੋਡਕਾਸਟਿੰਗ ਹਾਲ ਆਫ ਫੇਮ ਵਿਚ ਵੀ ਸ਼ਾਮਿਲ ਹੋਇਆ ਸੀ। ਲੈਰੀ ਕਿੰਗ ਦੇ ਪੰਜ ਬੱਚੇ ਸਨ, ਜਿਨ੍ਹਾਂ ਵਿਚੋਂ ਦੋ ਦੀ ਮੌਤ ਹੋ ਗਈ ਅਤੇ ਹੁਣ ਲੈਰੀ ਕਿੰਗ ਆਪਣੇ ਪਿੱਛੇ ਤਿੰਨ ਪੁੱਤਰਾਂ-ਲੈਰੀ, ਚਾਂਸ ਅਤੇ ਕੈਨਨ ਦੇ ਨਾਲ ਨੌਂ ਪੋਤੇ-ਪੋਤੀਆਂ ਅਤੇ ਚਾਰ ਪੜਪੋਤੇ-ਪੋਤੀਆਂ ਛੱਡ ਗਏ ਹਨ।

# ਐਫ. ਬੀ. ਆਈ. ਨੇ ਬਰਾਮਦ ਕੀਤੇ ਲਾਪਤਾ ਹੋਏ 33 ਬੱਚੇ

**ਫਰਿਜ਼ਨੋ (ਬਿਊਰੋ):** ਅਮਰੀਕੀ ਏਜੰਸੀ ਐਫ. ਬੀ. ਆਈ. ਨੇ ਦੱਖਣੀ ਕੈਲੀਫੋਰਨੀਆ ਵਿਚ ਲਾਪਤਾ ਹੋਏ 33 ਬੱਚੇ ਬਰਾਮਦ ਕੀਤੇ ਹਨ, ਜਿਨ੍ਹਾਂ ਵਿਚ ਅੱਠ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਹਨ। ਐਫ. ਬੀ. ਆਈ. ਅਨੁਸਾਰ ਮਨੁੱਖੀ ਤਸਕਰੀ ਜਾਗਰੂਕਤਾ ਮਹੀਨੇ ਦੌਰਾਨ 11 ਜਨਵਰੀ ਨੂੰ ਆਪ੍ਰੇਸ਼ਨ 'ਲੌਸਟ ਏਂਜਲਸ' ਸ਼ੁਰੂ ਹੋਇਆ ਅਤੇ ਗੁੰਮ ਹੋਏ ਬੱਚਿਆਂ ਦੀ ਪਛਾਣ ਕਰਨ ਤੇ ਉਨ੍ਹਾਂ ਨੂੰ ਲੱਭਣ ਦੀ ਕੋਸ਼ਿਸ਼ ਵਿਚ ਦੋ ਦਰਜਨ ਤੋਂ ਵੱਧ ਏਜੰਸੀਆਂ ਨੂੰ ਸ਼ਾਮਲ ਕੀਤਾ ਗਿਆ।

ਇਸ ਮਾਮਲੇ ਵਿਚ ਅਧਿਕਾਰੀਆਂ ਨੇ ਇੱਕ ਵਿਅਕਤੀ ਨੂੰ ਸੂਬੇ 'ਚ ਮਨੁੱਖੀ ਤਸਕਰੀ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। ਐਫ. ਬੀ. ਆਈ. ਅਨੁਸਾਰ ਪਿਛਲੇ ਕਈ ਸਾਲਾਂ ਵਿਚ ਲਿੰਗ ਅਤੇ ਲੇਬਰ ਦੀ ਤਸਕਰੀ ਨਾਲ ਜੁੜੇ ਕੇਸਾਂ ਵਿਚ ਵਾਧਾ ਹੋਇਆ ਹੈ ਅਤੇ ਇਸ ਬਾਰੇ ਵਿਭਾਗ ਨੇ 2013 ਵਿਚ ਮਨੁੱਖੀ ਤਸਕਰੀ ਦੇ ਅੰਕੜੇ ਇਕੱਠੇ ਕਰਨੇ ਸ਼ੁਰੂ ਕੀਤੇ ਸਨ ਤੇ ਨਵੰਬਰ ਤੱਕ ਹਰ ਉਮਰ ਦੇ ਲੋਕਾਂ ਨਾਲ ਸਬੰਧਤ, 1800 ਤੋਂ ਵੱਧ ਮਾਮਲਿਆਂ ਦੀ ਪੜਤਾਲ ਬਾਕੀ ਸੀ।

# 18ਵੀਂ ਸਦੀ ਨਾਲ ਸਬੰਧਿਤ ਸੋਨੇ ਦਾ ਸਿੱਕਾ 9.36 ਮਿਲੀਅਨ ਡਾਲਰ 'ਚ ਹੋਇਆ ਨਿਲਾਮ

**ਡੈਲਸ, ਟੈਕਸਸ (ਬਿਊਰੋ):** 18ਵੀਂ ਸਦੀ ਨਾਲ ਸਬੰਧਿਤ ਸੋਨੇ ਦਾ ਇਕ ਦੁਰਲਭ ਸਿੱਕਾ ਇਥੇ 9.36 ਮਿਲੀਅਨ ਡਾਲਰ 'ਚ ਨਿਲਾਮ ਹੋਇਆ ਹੈ। ਇਹ ਸਿੱਕਾ 1787 ਵਿਚ ਨਿਊ ਯਾਰਕ ਦੇ ਇੱਕ ਮਸ਼ਹੂਰ ਕਾਰੀਗਰ ਦੁਆਰਾ ਬਣਾਇਆ ਗਿਆ ਸੀ। ਡੈਲਸ ਵਿਚ ਇਸ ਦੇ ਇਲਾਵਾ ਨਿਲਾਮ ਕੀਤਾ ਗਿਆ ਸਿੱਕਾ, ਇਸ ਤਰ੍ਹਾਂ ਦੇ ਮੌਜੂਦ ਸੱਤ ਸਿੱਕਿਆਂ ਵਿਚੋਂ ਇੱਕ ਸੀ, ਜੋ ਕਿ ਨਿਊ ਯਾਰਕ ਦੇ ਬਿਜਨਸਮੈਨ ਡੋਨਾਲਡ ਜੀ ਪਾਰਟ੍ਰਿਕ ਦੇ ਸਿੱਕਾ ਸੰਗ੍ਰਹਿ ਤੋਂ ਆਇਆ ਹੈ, ਜਿਸ ਨੇ ਇਸ ਨੂੰ 1979 ਵਿਚ 725,000 ਡਾਲਰ ਵਿਚ ਖਰੀਦਿਆ ਸੀ।



ਵਿਰਾਸਤੀ ਨਿਲਾਮੀ ਵਿਚ ਸੰਯੁਕਤ ਰਾਜ ਦੇ ਸਿੱਕਿਆਂ ਦੀ ਨਿਲਾਮੀ ਦੇ ਹਿੱਸੇ ਵਜੋਂ ਵੀਰਵਾਰ ਸ਼ਾਮ ਨੂੰ ਨਿਊ ਯਾਰਕ ਸਟਾਈਲ ਦੇ ਇਸ ਸਿੱਕੇ 'ਬ੍ਰੈਸ਼ਰ ਡਬਲੂਨ' ਦੀ ਪੇਸ਼ਕਸ਼ ਕੀਤੀ ਗਈ। ਨਿਲਾਮੀ ਸੰਸਥਾ ਨੇ ਦੱਸਿਆ ਕਿ ਇਸ ਸੋਨੇ ਦੇ ਸਿੱਕੇ ਲਈ ਸਭ ਤੋਂ ਵੱਧ ਰਕਮ ਅਦਾ ਕੀਤੀ ਗਈ ਹੈ, ਜਦੋਂ ਕਿ ਖਰੀਦਦਾਰ ਦਾ ਨਾਮ ਗੁਮਨਾਮ ਰੱਖਿਆ ਗਿਆ ਹੈ।

ਹੈਰੀਟੇਜ ਦੇ ਕਾਰਜਕਾਰੀ ਮੀਤ ਪ੍ਰਧਾਨ ਟੌਡ ਇਮਹੋਫ ਨੇ ਦੱਸਿਆ ਕਿ "ਬ੍ਰੈਸ਼ਰ ਡਬਲੂਨ, ਸਿੱਕੇ ਇਕੱਠੇ ਅਤੇ ਸਿੱਕੇ ਜੁਟਾਉਣ ਵਾਲਿਆਂ ਲਈ ਇੱਕ ਪਵਿੱਤਰ ਸਿੱਕੇ ਦੀ ਕਿਸਮ ਹੈ। ਇਸ ਸੰਯੁਕਤ ਰਾਜ ਦੇ ਟਕਸਾਲ ਨੇ 1793 ਤੱਕ ਸਿੱਕੇ ਜਾਰੀ ਕਰਨੇ ਸ਼ੁਰੂ ਨਹੀਂ ਕੀਤੇ ਸਨ। ਉਸ ਸਮੇਂ ਤੋਂ ਪਹਿਲਾਂ ਸਿੱਕੇ ਬਸਤੀਵਾਦੀ ਹੁੰਦੇ ਸਨ ਜਾਂ ਨਿੱਜੀ ਅਤੇ ਵਿਦੇਸ਼ੀ ਟਕਸਾਲਾਂ ਦੁਆਰਾ ਚਲਾਏ ਜਾਂਦੇ ਸਨ। ਇਮਹੋਫ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿਊ ਯਾਰਕ ਦੇ ਇੱਕ ਸੋਨੇ ਨਾਲ ਸਬੰਧਿਤ ਕਾਰੀਗਰ ਇਫਰੈਮ ਬ੍ਰੈਸ਼ਰ, ਜੋ ਉੱਚ ਗੁਣਵੱਤਾ ਵਾਲੀਆਂ ਚੀਜ਼ਾਂ ਤਿਆਰ ਕਰਨ ਲਈ ਜਾਣਿਆ ਜਾਂਦਾ ਸੀ, ਨੇ ਬ੍ਰੈਸ਼ਰ ਡਬਲੂਨ ਨੂੰ ਬਣਾਇਆ ਸੀ। ਇਸ ਸਿੱਕੇ ਉੱਤੇ ਵਿਖਾਏ ਗਏ ਤੱਤਾਂ ਵਿਚ ਇੱਕ ਬਾਜ਼ ਸ਼ਾਮਿਲ ਸੀ, ਜੋ ਪਿਛੋਂ ਦੇਸ਼ ਦੇ ਸਿੱਕਿਆਂ ਦਾ ਹਿੱਸਾ ਬਣਿਆ।

# ਇੰਡੀਅਨਐਪੋਲਿਸ 'ਚ ਗੋਲੀਬਾਰੀ ਦੌਰਾਨ ਗਰਭਵਤੀ ਔਰਤ ਸਮੇਤ 6 ਲੋਕਾਂ ਦੀ ਮੌਤ

**ਇੰਡੀਅਨਐਪੋਲਿਸ, ਇੰਡੀਆਨਾ (ਬਿਊਰੋ):** ਇਥੇ ਹੋਏ ਇੱਕ ਸਮੂਹਿਕ ਕਤਲੇਆਮ ਨੇ ਇੱਕ ਗਰਭਵਤੀ ਮਹਿਲਾ ਸਮੇਤ ਛੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਜਦੋਂ ਕਿ ਇੱਕ ਨਾਬਾਲਗ ਬੱਚਾ ਗੰਭੀਰ ਹਾਲਤ ਵਿਚ ਹਸਪਤਾਲ ਵਿਚ ਦਾਖਲ ਹੈ। ਇਸ ਘਟਨਾ ਸੰਬੰਧੀ ਸਿਟੀ ਮੇਅਰ ਜੋ ਹੌਗਸੈੱਟ ਅਤੇ ਮੈਟਰੋਪਾਲੀਟਨ ਪੁਲਿਸ ਵਿਭਾਗ ਦੇ ਮੁਖੀ ਰੈਂਡਲ ਟੇਲਰ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਇਸ ਗੋਲੀਬਾਰੀ ਨੂੰ 'ਸਮੂਹਿਕ ਕਤਲ' ਵਜੋਂ ਦੱਸਿਆ ਹੈ।

ਪੁਲਿਸ ਅਨੁਸਾਰ ਇਹ ਗੋਲੀਬਾਰੀ ਐਡਮਜ਼ ਸਟ੍ਰੀਟ ਦੇ 3500 ਬਲਾਕ ਵਿਚ ਐਤਵਾਰ ਤੜਕੇ ਹੋਈ ਅਤੇ ਪੁਲਿਸ ਅਧਿਕਾਰੀ ਇਸ ਬਾਰੇ ਸੂਚਨਾ ਮਿਲਣ 'ਤੇ ਕਾਰਵਾਈ ਕਰਦਿਆਂ ਈ 36 ਸਟ੍ਰੀਟ ਦੇ ਨੇੜੇ 3300 ਬਲਾਕ ਵਿਖੇ ਸਵੇਰੇ 3:45 ਵਜੇ ਪਹੁੰਚੀ, ਜਿੱਥੇ ਪੁਲਿਸ ਨੂੰ ਪਹਿਲਾਂ ਇੱਕ ਨਾਬਾਲਗ ਬੱਚਾ ਗੋਲੀਆਂ ਨਾਲ ਜ਼ਖਮੀ ਮਿਲਿਆ। ਉਸ ਨੂੰ ਹਸਪਤਾਲ ਵਿਚ ਦਾਖਲ ਕਰਵਾ ਦਿੱਤਾ ਗਿਆ।

ਇਸ ਪਿਛੋਂ ਪੁਲਿਸ ਸਵੇਰੇ ਕਰੀਬ 4 ਵਜੇ ਐਡਮਜ਼ ਸਟ੍ਰੀਟ ਦੇ ਸਥਾਨ 'ਤੇ ਪਹੁੰਚੀ, ਜਿੱਥੇ ਅਧਿਕਾਰੀਆਂ ਨੂੰ ਇੱਕ ਘਰ ਦੇ ਅੰਦਰ ਗੋਲੀਬਾਰੀ ਦੇ ਸ਼ਿਕਾਰ ਛੇ ਲੋਕ ਮਿਲੇ, ਜਿਨ੍ਹਾਂ ਵਿਚ ਇੱਕ ਗਰਭਵਤੀ ਔਰਤ ਵੀ ਸ਼ਾਮਿਲ ਸੀ।

ਖੇਤਰ ਦੇ ਪੁਲਿਸ ਮੁਖੀ ਟੇਲਰ ਅਨੁਸਾਰ ਇਸ ਗੋਲੀਬਾਰੀ ਸਬੰਧੀ ਮਿਲੇ ਸਬੂਤਾਂ ਦੇ ਆਧਾਰ 'ਤੇ ਇਹ ਇੱਕ ਮਿਥਿਆ ਹੋਇਆ ਕਤਲੇਆਮ ਹੈ, ਜਦੋਂ ਕਿ ਇਸ ਸਬੰਧੀ ਫਿਲਹਾਲ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ। ਪੁਲਿਸ ਅਨੁਸਾਰ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਜਥੇਦਾਰ ਤਰਲੋਕ ਸਿੰਘ ਡੱਲਾ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਸ਼ਿਕਾਗੋ (ਬਿਊਰੋ):** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਮੈਂਬਰ ਜਥੇਦਾਰ ਤਰਲੋਕ ਸਿੰਘ ਡੱਲਾ ਪਿਛਲੇ ਦਿਨੀਂ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਪਾਰਟੀ ਦੇ ਨਿਧੜਕ ਸਿਪਾਹੀ ਸਨ ਤੇ ਜਗਰਾਵਾਂ ਜਿਲੇ ਦੇ ਦਿਹਾਤੀ ਪ੍ਰਧਾਨ ਵਜੋਂ ਸੇਵਾਵਾਂ ਨਿਭਾ



ਰਹੇ ਸਨ। ਹਮੇਸ਼ਾ ਪਾਰਟੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਦੇ ਸਨ। ਉਹ ਲੰਮਾ ਸਮਾਂ ਪਾਰਟੀ ਨਾਲ ਜੁੜੇ ਰਹੇ ਸਨ। ਉਹ ਖਾਲਿਸਤਾਨ ਦੀ ਆਜ਼ਾਦੀ ਲਈ ਚਲ ਰਹੇ ਸੰਘਰਸ਼ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਰਹੇ।

ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਸੁਰਜੀਤ ਸਿੰਘ ਕੁਲਾਰ, ਬੂਟਾ ਸਿੰਘ ਖੜੌਦ, ਜੀਤ ਸਿੰਘ ਆਲੋਅਰਖ, ਰੁਪਿੰਦਰ ਸਿੰਘ ਬਾਠ, ਮੱਖਣ ਸਿੰਘ ਕਲੇਰ, ਤਰਸੇਮ ਸਿੰਘ, ਲਖਵੀਰ ਸਿੰਘ ਕੰਗ, ਜੋਗਾ ਸਿੰਘ, ਰੇਸ਼ਮ ਸਿੰਘ ਵਰਜੀਨੀਆ, ਦਲਵਿੰਦਰ ਸਿੰਘ ਅਤੇ ਬਲਜਿੰਦਰ ਸਿੰਘ ਮੋਰਜੰਡ ਤੇ ਸਮੁੱਚੀ ਜਥੇਬੰਦੀ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਸਾਂਝਾ ਕਰਦੀ ਹੈ। ਪਰਮਾਤਮਾ ਅਗੇ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

# ਕਿਸਾਨ ਘੋਲ ਤੋਂ ਲੋਕ ਅੰਦੋਲਨ ਤੱਕ ਪੁੱਜਦਿਆਂ

**ਮੋਹਨ ਸਿੰਘ (ਡਾ.)**
ਫੋਨ: +91-78883-27695

ਕੇਂਦਰੀ ਹਕੂਮਤ ਦੇ ਅੜੀਅਲ ਰਵੱਈਏ ਕਾਰਨ ਖੇਤੀ ਕਾਨੂੰਨਾਂ ਬਾਰੇ ਕੇਂਦਰ ਅਤੇ ਕਿਸਾਨ ਜਥੇਬੰਦੀਆਂ ਦੀਆਂ ਮੀਟਿੰਗਾਂ ਲਗਾਤਾਰ ਬੇਸਿੱਟਾ ਰਹੀਆਂ ਹਨ। ਜਦੋਂ ਹਕੂਮਤ ਦਾ ਕਿਸਾਨ ਜਥੇਬੰਦੀਆਂ ਨੂੰ ਲਮਕਾਊ ਤੇ ਅਕਾਊ ਮੀਟਿੰਗਾਂ ਦੇ ਲੰਮੇ ਗੇੜਾਂ ਵਿਚ ਪਾ ਕੇ ਕਿਸਾਨੀ ਨੂੰ ਥਕਾ ਅਕਾ ਕੇ ਨਿਰਾਸ਼ ਕਰਨ ਵਾਲਾ ਪੈਂਤੜਾ ਕੰਮ ਨਹੀਂ ਆਇਆ ਤਾਂ ਇਸ ਨੇ ਕਿਸਾਨ ਅੰਦੋਲਨ ਨੂੰ ਖੱਬੇ ਪੱਖੀਆਂ ਵੱਲੋਂ ਹਾਈਜੈਕ ਕਰਨ ਅਤੇ ਕਿਸਾਨ ਅੰਦੋਲਨ ਨੂੰ ਨਕਸਲੀ ਕਹਿ ਕੇ ਭੰਡੀ ਪ੍ਰਚਾਰ ਕੀਤਾ ਪਰ ਇਹ ਨੀਤੀ ਵੀ ਕੰਮ ਨਹੀਂ ਆਈ। ਫਿਰ ਜਦੋਂ ਸਰਕਾਰ ਵੱਲੋਂ ਜਾਅਲੀ ਕਿਸਾਨ ਜਥੇਬੰਦੀਆਂ ਬਣਾ ਕੇ ਖੇਤੀ ਕਾਨੂੰਨਾਂ ਨੂੰ ਕਿਸਾਨ ਦੇ ਭਲੇ ਵਿਚ ਹੋਣ ਦੇ ਬਿਆਨ ਦਿਵਾਉਣੇ ਵੀ ਕਿਸੇ ਕੰਮ ਨਹੀਂ ਆਏ; ਜਦੋਂ ਬਾਬਾ ਲੱਖਾ ਸਿੰਘ ਨਾਨਕਸਰ ਅਤੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਨਾਲ ਲੈ ਕੇ ਅੱਗੇ ਵਧਣ ਦੀਆਂ ਵਿਉਂਤਾਂ ਵੀ ਸਿਰੇ ਨਹੀਂ ਚੜ੍ਹੀਆਂ; ਜਦੋਂ ਹਰਿਆਣਾ ਅੰਦਰ ਖਾਪ ਪੰਚਾਇਤਾਂ ਵੱਲੋਂ ਭਾਜਪਾ ਦਾ ਬਾਈਕਾਟ ਕੀਤਾ ਜਾਣ ਲੱਗ ਪਿਆ; ਜਦੋਂ ਰੋਹਤਕ, ਕਰਨਾਲ ਤੇ ਅੰਬਾਲਾ ਦੇ 60 ਪਿੰਡਾਂ ਨੇ ਭਾਜਪਾ ਆਗੂਆਂ ਦੇ ਦਾਖਲੇ ਤੇ ਰੋਕ ਲਾ ਦਿੱਤੀ ਗਈ; ਜਦੋਂ ਭਾਜਪਾ ਦੀ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਬਦਨਾਮੀ ਤੇ ਦੁਰਗਤ ਹੋਰ ਵਧਣ ਲੱਗ ਪਈ; ਜਦੋਂ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ 26 ਜਨਵਰੀ ਦੇ ਜਸ਼ਨਾਂ ਤੇ ਆਉਣ ਤੋਂ ਨਾਂਹ ਕਰ ਦਿੱਤੀ, ਜਦੋਂ ਕਿਸਾਨ ਜਥੇਬੰਦੀਆਂ ਨੇ 26 ਜਨਵਰੀ ਨੂੰ ਟਰੈਕਟਰ ਮਾਰਚ ਦੀਆਂ ਤਿਆਰੀਆਂ ਹੋਰ ਤੇਜ਼ ਕਰ ਦਿੱਤੀਆਂ ਤਾਂ ਭਾਜਪਾ ਨੇ ਸੁਪਰੀਮ ਕੋਰਟ ਆਪਣਾ ਮੁਹਰਾ ਬਣਾ ਲਿਆ। ਸੁਪਰੀਮ ਕੋਰਟ ਨੇ ਪ੍ਰਧਾਨ ਮੰਤਰੀ ਤੋਂ ਵੀ ਅੱਗੇ ਜਾਂਦਿਆਂ ਕਿਸਾਨ ਜਥੇਬੰਦੀਆਂ ਉਤੇ ਤਿੰਨ ਨਵੇਂ ਕਾਨੂੰਨਾਂ ਬਾਰੇ ਗੱਲਬਾਤ ਲਈ ਅਜਿਹੀ ਕਮੇਟੀ ਠੋਸ ਦਿੱਤੀ ਹੈ ਜਿਸ ਦੇ ਚਾਰੇ ਮੈਂਬਰ ਵਿਸ਼ਵ ਵਪਾਰ ਸੰਸਥਾ ਅਤੇ ਨਵ-ਉਦਾਰਵਾਦੀ ਨੀਤੀਆਂ ਦੇ ਪੈਰੋਕਾਰ ਹਨ। ਕਿਸਾਨ ਜਥੇਬੰਦੀਆਂ ਨੇ ਤੁਰੰਤ, ਇਸ ਕਮੇਟੀ ਨੂੰ ਰੱਦ ਕਰ ਦਿੱਤਾ ਅਤੇ ਸਰਕਾਰ ਖਿਲਾਫ ਆਪਣੇ ਅੰਦੋਲਨ ਨੂੰ ਖੇਤੀ ਕਾਨੂੰਨ ਰੱਦ ਹੋਣ ਤੱਕ ਜਾਰੀ ਰੱਖਣ ਦਾ ਤਹੱਈਆ ਅਤੇ ਅਹਿਦ ਕਰ ਲਿਆ। ਉਧਰ, ਹਕੂਮਤ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਬੇਇਜ਼ਤੀ ਦੇ ਬਾਵਜੂਦ ਸਾਮਰਾਜੀ ਦੇਸ਼ਾਂ ਅਤੇ ਵਿਸ਼ਵ ਵਪਾਰ ਸੰਸਥਾ ਨਾਲ ਵਚਨਬਧਤਾ ਪੁਗਾਉਣ ਲਈ ਕਾਨੂੰਨ ਵਾਪਸ ਨਹੀਂ ਲੈ ਰਹੀ।

ਦਰਅਸਲ ਸਾਮਰਾਜੀ ਦੇਸ਼ਾਂ ਵੱਲੋਂ ਇਹ ਸੰਸਥਾ ਵਿਸ਼ਵ ਵਪਾਰ ਵਧਾਉਣ ਦੇ ਬਹਾਨੇ ਆਪਣੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਬਣਾਈ ਗਈ ਸੀ। ਕੇਂਦਰੀ ਹਕੂਮਤ ਨੇ ਇਸੇ ਵਿਸ਼ਵ ਵਪਾਰ ਸੰਸਥਾ ਦੀਆਂ ਹਦਾਇਤਾਂ ਅਨੁਸਾਰ ਵੱਡੇ ਕਾਰਪੋਰੇਟਾਂ ਅਤੇ ਬਹੁਕੌਮੀ ਕੰਪਨੀਆਂ ਦੇ ਹਿੱਤਾਂ ਨੂੰ ਅੱਗੇ ਵਧਾਉਣ ਲਈ ਖੇਤੀ ਕਾਨੂੰਨ ਲਿਆਂਦੇ ਹਨ। ਹਕੂਮਤ ਇਹ ਖੇਤੀ ਕਾਨੂੰਨ ਬਾਰੇ ਇਹ ਹਕੂਮਤ ਪ੍ਰਚਾਰ ਕਰ ਰਹੀ ਹੈ ਕਿ ਇਨ੍ਹਾਂ ਕਾਨੂੰਨਾਂ ਨਾਲ ਕਿਸਾਨਾਂ ਨੂੰ ਫਾਇਦਾ ਹੋਵੇਗਾ, ਉਨ੍ਹਾਂ ਨੂੰ ਬਿਹਤਰ ਮੌਕੇ ਮਿਲਣਗੇ ਅਤੇ 2022 ਵਿਚ ਕਿਸਾਨਾਂ ਦੀ ਆਮਦਨ ਦੁੱਗਣੀ ਹੋ ਜਾਵੇਗੀ ਪਰ ਹਕੀਕਤ ਇਹ ਹੈ ਕਿ ਨਵ-ਉਦਾਰਵਾਦ ਦੀਆਂ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਵਿਸ਼ਵ ਵਪਾਰ ਸੰਸਥਾ ਦਾ ਮੂਲ ਮੰਤਰ ਹੈ।

2012 ਦੀ ਇੰਡੋਨੇਸ਼ੀਆ ਵਿਚ ਹੋਈ ਬਾਲੀ ਮੀਟਿੰਗ ਤੋਂ ਬਾਅਦ ਵਿਸ਼ਵ ਵਪਾਰ ਸੰਸਥਾ ਭਾਰਤੀ ਸਰਕਾਰ ਉਪਰ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਲਈ ਲਗਾਤਾਰ ਦਬਾਅ ਪਾ ਰਹੀ ਹੈ। ਸੁਤੰਤਰ ਵਪਾਰ ਦੇ ਬਹਾਨੇ ਇਨ੍ਹਾਂ ਨੀਤੀਆਂ ਦਾ ਮਕਸਦ ਖੇਤੀ ਫਸਲਾਂ ਦੀ ਸਰਕਾਰੀ ਖਰੀਦ ਖਤਮ ਕਰਨਾ, ਖੇਤੀ ਸਬਸਿਡੀਆਂ ਦਾ ਭੋਗ ਪਾਉਣਾ, ਫਸਲਾਂ ਦਾ ਸਰਕਾਰੀ ਨਿਊਨਤਮ ਸਮਰਥਨ ਮੁੱਲ ਬੰਦ ਕਰਨਾ, ਸਰਕਾਰੀ ਮੰਡੀਆਂ ਦਾ ਭੋਗ ਪਾਉਣਾ, ਕਾਰਪੋਰੇਟਾਂ ਦੇ ਸੁਪਰ ਮੁਨਾਫਿਆਂ ਦੀ ਗਾਰੰਟੀ ਕਰਨ ਲਈ ਖੇਤੀ ਪੈਦਾਵਾਰ ਤੇ ਇਜਾਰੇਦਾਰੀ ਕਾਇਮ ਕਰਨ ਵਾਸਤੇ ਕੰਟਰੈਕਟ ਫਾਰਮਿੰਗ ਲਾਗੂ ਕਰਨਾ ਅਤੇ ਜਮ੍ਹਾਂਖੋਰੀ ਰਾਹੀਂ ਸੱਟੇਬਾਜ਼ੀ, ਕਾਲਾਬਾਜ਼ਾਰੀ ਅਤੇ ਵਾਅਦਾ ਵਪਾਰ (ਫਿਊਚਰ ਟਰੇਡਿੰਗ) ਲਈ ਜ਼ਰੂਰੀ ਵਸਤਾਂ ਕਾਨੂੰਨ-1955 (ਜਮ੍ਹਾਂਖੋਰੀ ਰੋਕੂ ਕਾਨੂੰਨ) ਵਿਚ ਕਾਰਪੋਰੇਟ ਪੱਖੀ ਸੋਧਾਂ ਕਰਨਾ ਹੈ।

ਭਾਰਤੀ ਹਕੂਮਤਾਂ ਭਾਵੇਂ 1947 ਤੋਂ ਸਾਮਰਾਜਵਾਦ ਪੱਖੀ ਨੀਤੀਆਂ 'ਤੇ ਚਲਦੀਆਂ ਰਹੀਆਂ ਪਰ ਭਾਜਪਾ ਦੀ ਅਗਵਾਈ ਹੇਠਲੀ ਮੌਜੂਦਾ ਹਕੂਮਤ ਨੇ 2014 ਵਿਚ ਸੱਤਾ ਵਿਚ ਆਉਣ ਤੋਂ ਬਾਅਦ ਦੇਸ਼ ਨੂੰ ਸਾਮਰਾਜੀ ਦੇਸ਼ਾਂ ਲਈ ਥੋਕ ਰੂਪ ਵਿਚ ਖੋਲ੍ਹ ਦਿੱਤਾ ਹੈ। ਹੁਣ ਇਸ ਨੇ ਤਿੰਨ ਖੇਤੀ ਕਾਨੂੰਨ ਲਿਆ ਕੇ ਖੇਤੀ ਅਰਥਚਾਰੇ ਅਤੇ ਕਿਸਾਨੀ ਨੂੰ ਆਰਥਿਕ ਗੁਲਾਮੀ ਵਿਚ ਧੱਕਣ ਦੇ ਹਾਲਾਤ ਪੈਦਾ ਕਰ ਦਿੱਤੇ ਹਨ। ਇਹ ਖੇਤੀ ਕਾਨੂੰਨ ਖੇਤੀ ਅਰਥਚਾਰੇ ਅਤੇ ਕਿਸਾਨੀ ਲਈ ਮੌਤ ਦੇ ਵਾਰੰਟ ਸਾਬਤ ਹੋਣੇ ਹਨ। ਇਨ੍ਹਾਂ ਕਾਨੂੰਨਾਂ ਨਾਲ ਛੋਟੀ ਅਤੇ ਦਰਮਿਆਨੀ ਕਿਸਾਨੀ ਲਾਜ਼ਮੀ ਤੌਰ ਤੇ ਤਬਾਹੀ ਹੋ ਜਾਵੇਗੀ ਅਤੇ ਉਨ੍ਹਾਂ ਨੂੰ ਉਪਜੀਵਕਾ ਦੇਣ ਵਾਲੀ ਜ਼ਮੀਨ ਖੁੱਸ ਜਾਵੇਗੀ। ਕੇਂਦਰ ਸਰਕਾਰ ਦੇ ਇਸ ਅਚਾਨਕ ਹਮਲੇ ਨੇ ਕਿਸਾਨੀ ਅਤੇ ਸਮੁੱਚੇ ਪੇਂਡੂ ਭਾਈਚਾਰੇ ਨੂੰ ਭੈਅਭੀਤ ਕਰ ਦਿੱਤਾ ਹੈ। ਇਸੇ ਕਰ ਕੇ ਕੇਂਦਰੀ ਹਕੂਮਤ ਦੇ ਥੋਪੇ ਇਨ੍ਹਾਂ ਨਵੇਂ ਖੇਤੀ ਕਾਨੂੰਨਾਂ ਖਿਲਾਫ ਵੱਡੀ ਕਿਸਾਨ ਲਹਿਰ ਖੜ੍ਹੀ ਹੋ ਗਈ ਹੈ ਅਤੇ ਇਸ ਲਹਿਰ ਨੇ ਭਾਰਤ ਦੇ ਕੋਨੇ ਕੋਨੇ ਦੀ ਲੋਕਾਈ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਇਹ ਲਹਿਰ ਭਾਰਤ ਦੇ ਇਤਿਹਾਸ ਅੰਦਰ ਸਭ ਤੋਂ ਵਿਆਪਕ ਅਤੇ ਨਿਵੇਕਲੀ ਲੋਕ ਲਹਿਰ ਬਣ ਗਈ ਹੈ। ਇਸ ਨੇ ਪੰਜਾਬ ਦੀਆਂ ਹਾਕਮ ਪਾਰਟੀਆਂ ਦੇ ਵਰਤਾਏ ਨਸ਼ਿਆਂ ਕਾਰਨ ਪੰਜਾਬ ਦੇ ਨੌਜਵਾਨਾਂ ਬਾਰੇ 'ਉੜਤਾ ਪੰਜਾਬ' ਵਾਲੀ ਧਾਰਨਾ ਦਾ ਦਾਗ ਧੋ ਦਿੱਤਾ ਹੈ ਅਤੇ ਆਰ.ਐਸ.ਐਸ.-ਭਾਜਪਾ ਦੇ ਸਿਰਜੇ ਫਿਰਕੂ, ਜ਼ਹਿਰੀਲੇ, ਫਾਸ਼ੀਵਾਦੀ ਸਭਿਆਚਾਰਕ ਵਾਤਾਵਰਨ ਦੇ ਮੁਕਾਬਲੇ ਆਪਸੀ ਰਸਨਾ ਵਾਲੇ ਭਾਈਚਾਰਕ ਅਤੇ ਧਰਮ ਨਿਰਲੇਪ ਸਭਿਆਚਾਰਕ ਵਾਤਾਵਰਨ ਸਿਰਜਣ ਦਾ ਸੁਖਾਵਾਂ ਮਾਹੌਲ ਬਣਾਇਆ ਹੈ।

ਇਸ ਕਿਸਾਨ ਅੰਦੋਲਨ ਨੇ ਕਿਸਾਨੀ ਦੇ ਸਵਾਲ ਨੂੰ ਇੱਕ ਵਾਰ ਫਿਰ ਨਵੇਂ ਰੂਪ ਵਿਚ ਸਾਹਮਣੇ ਲਿਆਂਦਾ ਹੈ। ਪਹਿਲੇ ਸਮਿਆਂ ਵਿਚ ਕਿਸਾਨ ਲਹਿਰਾਂ ਆਮ ਤੌਰ ਤੇ ਜਗੀਰਦਾਰਾਂ, ਜੋਤੇਦਾਰਾਂ ਆਦਿ ਤੋਂ ਜ਼ਮੀਨਾਂ ਖੋਹ ਕੇ ਵੰਡਣ ਲਈ ਚੱਲਦੀਆਂ ਸਨ ਪਰ ਮੌਜੂਦਾ ਕਿਸਾਨ ਲਹਿਰ ਖੇਤੀ ਕਾਨੂੰਨਾਂ ਰਾਹੀਂ ਕਿਸਾਨਾਂ ਦੀਆਂ ਜ਼ਮੀਨਾਂ ਉਤੇ ਭਾਰਤੀ ਕਾਰਪੋਰੇਟਾਂ ਅਤੇ ਬਹੁਕੌਮੀ ਕੰਪਨੀਆਂ ਦੇ ਕਬਜ਼ੇ ਹੋਣ ਤੋਂ ਰੋਕਣ ਖਿਲਾਫ ਲਹਿਰ ਹੈ। ਇਸ ਲਹਿਰ ਨੇ ਭਾਰਤੀ ਉਪ-ਮਹਾਂਦੀਪ ਦੇ ਵੰਨ-ਸਵੰਨੇ ਆਰਥਿਕ, ਸਮਾਜਿਕ, ਸਿਆਸੀ ਚਿਤਰਪੱਟ ਤੇ ਨਵੇਂ ਵਰਤਾਰੇ ਪੇਸ਼ ਕੀਤੇ ਹਨ। ਪਹਿਲੇ ਕਿਸਾਨ ਘੋਲ ਆਮ ਤੌਰ ਤੇ ਜਲਦੀ ਹੀ ਹਥਿਆਰਬੰਦ ਘੋਲ ਵਿਚ ਤਬਦੀਲ ਹੋ ਜਾਂਦੇ ਸਨ ਪਰ ਮੌਜੂਦਾ ਅੰਦੋਲਨ ਜ਼ਾਬਤੇਬੱਧ ਅਤੇ ਸ਼ਾਂਤਮਈ ਚੱਲ ਰਿਹਾ ਹੈ। ਕੇਂਦਰੀ ਹਕੂਮਤ ਦੇ ਵਾਰ-ਵਾਰ ਸਾਬੋਤਾਜ ਕਰਨ ਅਤੇ ਵਿਘਨ ਪਾਉਣ ਦੀ ਕੋਸ਼ਿਸ਼ ਦੇ ਬਾਵਜੂਦ ਇਹ ਲਹਿਰ ਕਿਸਾਨ ਆਗੂਆਂ ਦੀ ਸੁਯੋਗ ਅਗਵਾਈ ਕਰ ਕੇ ਹਰਮਨ ਪਿਆਰੀ ਬਣ ਚੁੱਕੀ ਹੈ। ਸੰਜੀਦਾ ਲਹਿਰ ਹੋਣ ਕਾਰਨ ਇਸ ਨੇ ਕੌਮੀ ਅਤੇ ਕੌਮਾਂਤਰੀ ਪੱਧਰ ਤੇ ਵਿਸ਼ਾਲ ਅਤੇ ਇਤਿਹਾਸਕ ਹਮਾਇਤ ਜਿੱਤੀ ਹੈ। ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿਚ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਵੱਡੇ ਪ੍ਰਦਰਸ਼ਨ ਹੋਏ ਹਨ।

ਭਾਰਤ ਦੀ ਕਿਸਾਨ ਲਹਿਰ ਪੰਜਾਬ ਅੰਦਰ ਸਭ ਤੋਂ ਵੱਧ ਕੇਂਦਰਤ ਹੈ। ਇਸ ਦੇ ਤਿੰਨ ਵੱਡੇ ਕਾਰਨ ਹਨ। ਪੰਜਾਬ ਅੰਦਰ ਖੇਤੀਬਾੜੀ ਵਿਚ ਸਭ ਤੋਂ ਵੱਧ ਪੂੰਜੀਵਾਦ ਵਿਕਸਤ ਹੋਣ ਕਰ ਕੇ ਕਿਸਾਨਾਂ ਅੰਦਰ ਚੇਤਨਾ ਦਾ ਵੱਧ ਹੋਣਾ ਹੈ। ਪੰਜਾਬ ਅੰਦਰ ਹਰੇ ਇਨਲਕਾਬ ਦੇ ਫਿੱਕੇ ਪੈਣ ਵਿਚੋਂ ਪੈਦਾ ਹੋਏ ਸੰਕਟ ਕਾਰਨ ਕਿਸਾਨ ਵੱਖ ਵੱਖ ਜਥੇਬੰਦੀਆਂ ਬਣਾ ਕੇ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੇ ਹਨ ਅਤੇ ਆਪਸੀ ਤਾਲਮੇਲ ਵਿਚ ਸਨ। ਪੰਜਾਬ ਅੰਦਰ ਮੰਡੀਆਂ ਦਾ ਤਾਣਾਬਾਣਾ ਹੋਣ ਕਾਰਨ ਕਣਕ ਅਤੇ ਝੋਨੇ ਦੀ ਸਰਕਾਰੀ ਖਰੀਦ ਘੱਟੋ-ਘੱਟ ਸਮੱਰਥਨ ਮੁੱਲ ਤੇ ਹੁੰਦੀ ਸੀ ਅਤੇ ਹੁਣ ਇਹ ਸਭ ਕੁਝ ਖੁੱਸਣ ਨਾਲ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਨੂੰ ਫੌਰੀ ਸੰਕਟ ਦਰਪੇਸ਼ ਹੋਣਾ ਹੈ। ਪੰਜਾਬ ਅੰਦਰ ਜੋਤਾਂ ਦਾ ਆਕਾਰ ਵੱਡਾ ਅਤੇ ਉਤਪਾਦਕਤਾ ਵੱਧ ਹੋਣ ਕਰ ਕੇ ਮੰਡੀ ਨਾਲ ਜ਼ਿਆਦਾ ਜੁੜਿਆ ਹੋਇਆ ਹੈ। ਇਨ੍ਹਾਂ ਕਾਰਨ ਪੰਜਾਬ, ਹਰਿਆਣਾ ਅਤੇ ਪੱਛਮੀ ਯੂ.ਪੀ. ਅੰਦਰ ਕਿਸਾਨ ਅੰਦੋਲਨ ਜ਼ਿਆਦਾ ਕੇਂਦਰਤ ਹੋਣ ਕਰ ਕੇ ਭਾਰਤ ਦੇ ਕਿਸਾਨ ਅੰਦੋਲਨ ਦਾ ਅਗਵਾਨੂੰ ਬਣਿਆ ਹੈ।



ਪਿਛਲੇ 30 ਸਾਲਾਂ ਤੋਂ ਵਿਸ਼ਵ ਭਰ ਅੰਦਰ ਸਾਮਰਾਜੀ ਦੇਸ਼ਾਂ ਅਤੇ ਭਾਰਤ ਵੱਲੋਂ ਵੀ ਨਵਉਦਾਰਵਾਦੀ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ। ਹੁਣ ਵਿਸ਼ਵ ਵਪਾਰ ਸੰਸਥਾ ਦੀਆਂ ਕਿਸਾਨ ਮਾਰੂ ਨੀਤੀਆਂ ਬਾਰੇ ਕਿਸਾਨਾਂ ਨੂੰ ਚਾਨਣਾ ਹੋ ਚੁੱਕਿਆ ਹੈ ਪਰ ਮੌਜੂਦਾ ਭਾਰਤ ਸਰਕਾਰ ਨੇ ਨਵੇਂ ਖੇਤੀ ਕਾਨੂੰਨ ਲਾਗੂ ਕਰਨ ਲਈ ਅੜੀਅਲ ਰਵੱਈਆ ਅਪਨਾਇਆ ਹੋਇਆ ਹੈ। ਇਸ ਦਾ ਕਾਰਨ ਪ੍ਰਧਾਨ ਮੰਤਰੀ ਪਿੱਛੇ ਸਾਰੇ ਦੇਸੀ ਵਿਦੇਸ਼ੀ ਕਾਰਪੋਰੇਟ ਜਗਤ ਦਾ ਖੜ੍ਹੇ ਹੋਣਾ ਅਤੇ ਉਸ ਵੱਲੋਂ ਕਾਰਪੋਰੇਟ ਪੱਖੀ ਨੀਤੀਆਂ ਅਪਨਾਉਣ ਲਈ ਵਚਨਬੱਧਤਾ ਹੈ। ਇਸੇ ਕਰ ਕੇ ਸਮੁੱਚਾ ਕਾਰਪੋਰੇਟ ਮੀਡੀਆ ਦਿਨ ਰਾਤ ਸਰਕਾਰ ਦੇ ਹੱਕ ਵਿਚ ਕੰਮ ਕਰ ਰਿਹਾ ਹੈ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਸੰਸਦ ਵਿਚ ਵੱਡੀ ਬਹੁਗਿਣਤੀ ਦਾ ਹੋਣਾ ਵੀ ਹੈ।

ਪਿਛਲੇ ਤਕਰੀਬਨ ਸੱਤ ਸਾਲਾਂ ਵਿਚ ਇਸ ਹਕੂਮਤ ਨੇ ਨਿਆਂਪਾਲਿਕਾ, ਸੀ.ਬੀ.ਆਈ., ਈ.ਡੀ. ਆਦਿ ਸਭ ਸੰਸਥਾਵਾਂ ਨੂੰ ਪਿੰਜਰੇ ਦੇ ਤੋਤੇ ਬਣਾ ਲਿਆ ਹੈ। ਉਂਜ, ਫਿਰਕੂ ਧਰੁਵੀਕਰਨ ਦੀ ਸਿਆਸਤ ਕਰਦੀ ਇਸ ਧਿਰ ਨੂੰ ਪਹਿਲੀ ਵਾਰ ਧਰਮ ਨਿਰਲੇਪ ਤਾਕਤਾਂ ਦੇ ਏਕੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਸਾਰਾ ਦੇਸ਼ ਕਿਸਾਨਾਂ ਦੇ ਨਾਲ ਖੜ੍ਹਾ ਹੈ ਅਤੇ ਕਿਸਾਨ ਅੰਦੋਲਨ ਦੀ ਜਿੱਤ ਦੀ ਕਾਮਨਾ ਕਰ ਰਿਹਾ ਹੈ। ਕਿਸਾਨਾਂ ਅਤੇ ਮਿਹਨਤਕਸ਼ ਲੋਕਾਂ ਦੇ ਦ੍ਰਿੜ ਅਤੇ ਸਿਰੜੀ ਇਰਾਦੇ ਪਹਾੜਾਂ ਨੂੰ ਚੀਰ ਸਕਦੇ ਹਨ। ਇਹ ਸੰਘਰਸ਼ ਲੰਮਾ ਹੋ ਸਕਦਾ ਹੈ ਪਰ ਕਿਸਾਨਾਂ ਦੀ ਜਿੱਤ ਅਟੱਲ ਹੈ।

---

# ਕਾਮਿਆਂ ਪ੍ਰਤੀ ਮਾੜਾ ਵਿਹਾਰ

**ਸਵਰਾਜਬੀਰ**

ਭਾਰਤ ਵਿਚ ਵਿਸ਼ਵ ਸ਼ਕਤੀ, ਵਿਸ਼ਵ ਗੁਰੂ, ਮਹਾਂਸ਼ਕਤੀ ਆਦਿ ਬਣਨ ਦੇ ਦਾਅਵੇ ਆਮ ਕੀਤੇ ਜਾਂਦੇ ਹਨ। ਕਿਸੇ ਵੀ ਦੇਸ਼ ਲਈ ਤਰੱਕੀ ਕਰਨ ਦੇ ਇਰਾਦਿਆਂ ਨੂੰ ਸਿਹਤਮੰਦ ਰੁਝਾਨ ਕਿਹਾ ਜਾਂਦਾ ਹੈ ਪਰ ਜੇ ਉਨ੍ਹਾਂ ਇਰਾਦਿਆਂ ਅਤੇ ਦਾਅਵਿਆਂ ਵਿਚ ਦੂਸਰੇ ਦੇਸ਼ਾਂ 'ਤੇ ਗਾਲਬ ਹੋਣ ਦੀਆਂ ਭਾਵਨਾਵਾਂ ਭਾਰੂ ਹੋਣ ਤਾਂ ਅਜਿਹੇ ਦਾਅਵੇ ਹਉਮੈ ਦਾ ਪ੍ਰਗਟਾਵਾ ਹੋ ਨਿੱਬੜਦੇ ਹਨ। ਅਜਿਹੇ ਦਾਅਵਿਆਂ ਸਬੰਧੀ ਇਕ ਹੋਰ ਅਹਿਮ ਦ੍ਰਿਸ਼ਟੀਕੋਣ ਇਹ ਹੈ ਕਿ ਇਹ ਦਾਅਵੇ ਉਸ ਦੇਸ਼ ਦੀ ਜ਼ਮੀਨੀ ਹਕੀਕਤ ਨਾਲ ਮੇਲ ਖਾਂਦੇ ਹੋਣੇ ਚਾਹੀਦੇ ਹਨ। ਭਾਰਤ ਵਿਚ ਵੱਖ-ਵੱਖ ਸਿਆਸੀ ਆਗੂਆਂ ਵੱਲੋਂ ਕੀਤੇ ਜਾਂਦੇ ਅਜਿਹੇ ਦਾਅਵੇ ਹਵਾ ਵਿਚ ਬਣਾਏ ਕਿਲ੍ਹਿਆਂ ਵਾਂਗ ਲੱਗਦੇ ਹਨ ਕਿਉਂਕਿ ਭਾਰਤ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੂੰ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੋਂ ਵੀ ਵਿਰਵੇ ਰਹਿਣਾ ਪੈਂਦਾ ਹੈ। ਗੁਜਰਾਤ ਦੇ ਸੂਰਤ ਜ਼ਿਲ੍ਹੇ ਵਿਚ ਸੋਮਵਾਰ ਅਤੇ ਮੰਗਲਵਾਰ ਦੀ ਅੱਧੀ ਰਾਤ ਇਕ ਟਰੱਕ ਨੇ ਸੜਕ ਕੰਢੇ ਸੁੱਤੇ ਪਰਵਾਸੀ ਮਜ਼ਦੂਰਾਂ ਨੂੰ ਦਰੜ ਦਿੱਤਾ ਅਤੇ ਇਸ ਹਾਦਸੇ ਵਿਚ 15 ਜਣਿਆਂ ਦੀ ਮੌਤ ਹੋ ਗਈ ਜਿਨ੍ਹਾਂ ਵਿਚ ਅੱਠ ਔਰਤਾਂ ਅਤੇ ਇਕ ਛੋਟੀ ਬੱਚੀ ਵੀ ਸ਼ਾਮਲ ਸਨ। ਇਨ੍ਹਾਂ 'ਚੋਂ ਬਹੁਤੇ ਗੁਆਂਢੀ ਰਾਜ ਰਾਜਸਥਾਨ ਤੋਂ ਆਏ ਸਨ।

ਸ਼ਬਦ 'ਪਰਵਾਸੀ ਮਜ਼ਦੂਰ' ਕੋਵਿਡ-19 ਦੌਰਾਨ ਲੋਕਾਂ ਦੇ ਧਿਆਨ ਅਤੇ ਕਲਪਨਾ ਦਾ ਕੇਂਦਰ ਬਣੇ ਜਦੋਂ ਲੱਖਾਂ ਦਿਹਾੜੀਦਾਰ ਅਤੇ ਠੇਕੇ 'ਤੇ ਕੰਮ ਕਰਦੇ ਕਿਰਤੀਆਂ ਨੂੰ ਆਪਣੇ ਕੰਮ ਕਰਨ ਵਾਲੀ ਥਾਂ ਛੱਡ ਕੇ ਵਾਪਸ ਆਪਣੇ ਘਰਾਂ ਨੂੰ ਪਰਤਣਾ ਪਿਆ। ਇਹ ਕਿਰਤੀ ਦੇਸ਼ ਦੇ ਇਕ ਪ੍ਰਾਂਤ ਤੋਂ ਦੂਸਰੇ ਪ੍ਰਾਂਤ ਵਿਚ ਮਜ਼ਦੂਰੀ ਕਰਨ ਆਉਂਦੇ ਹਨ। ਆਮ ਕਰ ਕੇ ਇਕ ਦੇਸ਼ ਤੋਂ ਦੂਸਰੇ ਦੇਸ਼ ਵਿਚ ਜਾਣ ਵਾਲੇ ਲੋਕਾਂ ਨੂੰ ਪਰਵਾਸੀ ਕਿਹਾ ਜਾਂਦਾ ਹੈ ਪਰ ਭਾਸ਼ਾ ਦੇ ਗੁੰਝਲਦਾਰ ਵਰਤਾਉ ਕਾਰਨ ਇਨ੍ਹਾਂ ਕਿਰਤੀਆਂ ਨੂੰ ਆਪਣੇ ਹੀ ਦੇਸ਼ ਵਿਚ ਪਰਵਾਸੀ ਮਜ਼ਦੂਰ ਕਿਹਾ ਗਿਆ। ਹਜ਼ਾਰਾਂ ਕਿਰਤੀ ਪਰਿਵਾਰ ਭੁੱਖੇ-ਭਾਣੇ ਆਪਣੇ ਬੱਚਿਆਂ ਨੂੰ ਨਾਲ ਲਈ ਸੜਕਾਂ 'ਤੇ ਪੈਦਲ ਤੁਰਦੇ ਲੰਮੀਆਂ ਵਾਟਾਂ ਝਾਗਦੇ ਨਜ਼ਰ ਆਏ। ਉਸ ਦੌਰਾਨ ਹੀ ਲੋਕਾਂ ਦੇ ਧਿਆਨ ਵਿਚ ਇਹ ਤੱਥ ਆਏ ਕਿ ਇਹ ਕਿਰਤੀ ਕਿੰਨੀ ਖਰਾਬ ਹਾਲਤ ਵਿਚ ਸ਼ਹਿਰਾਂ ਵਿਚ ਰਹਿ ਰਹੇ ਸਨ। ਭੀੜੀਆਂ ਬਸਤੀਆਂ, ਸਲੱਮਜ਼, ਝੁੱਗੀਆਂ, ਛੋਟੇ-ਛੋਟੇ ਘਨੋਰਿਆਂ ਵਰਗੇ ਕਮਰੇ, ਜਿੱਥੇ ਇਹ ਕਿਰਤੀ ਰਹਿ ਰਹੇ ਸਨ, ਕੋਵਿਡ-19 ਦੇ ਸਮਿਆਂ ਵਿਚ ਉਨ੍ਹਾਂ ਲਈ ਜਾਨ ਦਾ ਖੌਅ ਬਣ ਗਏ।

ਸੂਰਤ ਵਿਚ ਹੋਈ ਘਟਨਾ ਸਪਸ਼ਟ ਕਰਦੀ ਹੈ ਕਿ ਕਈਆਂ ਨੂੰ ਤਾਂ ਕਿਸੇ ਭੀੜੀ ਬਸਤੀ ਜਾਂ ਸਲੱਮ ਵਿਚ ਰਹਿਣਾ ਵੀ ਨਸੀਬ ਨਹੀਂ ਹੁੰਦਾ ਅਤੇ ਉਹ ਫੁੱਟਪਾਥਾਂ 'ਤੇ ਡੇਰੇ ਲਗਾ ਕੇ ਹੀ ਜ਼ਿੰਦਗੀ ਗੁਜ਼ਾਰਦੇ ਹਨ। ਪ੍ਰਸ਼ਨ ਇਹ ਹੈ ਕਿ ਜਦ ਸਾਡੇ ਕਿਰਤੀ, ਜਿਹੜੇ ਦੇਸ਼ ਲਈ ਸਰਮਾਇਆ ਪੈਦਾ ਕਰਦੇ ਹਨ, ਅਜਿਹੇ ਹਾਲਾਤ ਵਿਚ ਰਹਿੰਦੇ ਹਨ ਤਾਂ ਅਸੀਂ ਕਿਨ੍ਹਾਂ ਤੱਥਾਂ ਦੇ ਆਧਾਰ 'ਤੇ ਵਿਸ਼ਵ ਸ਼ਕਤੀ ਬਣਨ ਦੀਆਂ ਫੜ੍ਹਾਂ ਮਾਰਦੇ ਹਾਂ। ਕਿਸੇ ਵੀ ਦੇਸ਼ ਦੀ ਸ਼ਕਤੀ ਉਸ ਦੇ ਲੋਕ ਹੁੰਦੇ ਹਨ। ਜਦ ਲੋਕ ਸ਼ਕਤੀ, ਸਮਰੱਥਾ, ਵਿੱਦਿਆ, ਸਿਹਤ ਸੰਭਾਲ ਦੇ ਖੇਤਰ ਵਿਚ ਪਹੁੰਚ, ਘਰਾਂ ਅਤੇ ਜੀਵਨ ਦੀਆਂ ਹੋਰ ਮੁੱਢਲੀਆਂ ਸਹੂਲਤਾਂ ਤੋਂ ਵਾਂਝੇ ਹਨ ਤਾਂ ਦੇਸ਼ ਸ਼ਕਤੀਸ਼ਾਲੀ ਕਿਵੇਂ ਹੋ ਸਕਦਾ ਹੈ। ਦੇਸ਼ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਲੋਕਾਂ ਨੂੰ ਸ਼ਕਤੀਸ਼ਾਲੀ ਬਣਾਉਣ ਦੀ ਜ਼ਰੂਰਤ ਹੁੰਦੀ ਹੈ।

ਇਤਫਾਕਨ ਇਹ ਘਟਨਾ ਦੇਸ਼ ਦੇ ਉਸ ਸੂਬੇ ਵਿਚ ਵਾਪਰੀ ਹੈ ਜਿਸ ਦੇ ਵਿਕਾਸ ਮਾਡਲ ਨੂੰ ਬਾਕੀ ਸੂਬਿਆਂ ਲਈ ਸੇਧ ਦੇਣ ਵਾਲਾ ਦੱਸਿਆ ਜਾ ਰਿਹਾ ਹੈ। ਇਸ ਤਰ੍ਹਾਂ ਇਹ ਘਟਨਾ ਸਾਡੇ ਦੁਆਰਾ ਅਪਣਾਏ ਗਏ ਵਿਕਾਸ ਦੇ ਮਾਡਲ ਬਾਰੇ ਵੀ ਸਵਾਲ ਖੜ੍ਹੇ ਕਰਦੀ ਹੈ। ਇਹ ਸਵਾਲ, ਵਿਕਾਸ ਕੀ ਹੈ, ਕੀ ਸਾਡੇ ਅਪਣਾਏ ਵਿਕਾਸ ਮਾਡਲ ਕਾਰਨ ਗਰੀਬੀ ਅਤੇ ਆਰਥਿਕ ਅਸਾਵਾਂਪਨ ਵਧ ਰਹੇ ਹਨ, ਕੀ ਇਸ ਮਾਡਲ ਕਾਰਨ ਪੂੰਜੀ ਕੁਝ ਵਪਾਰਕ ਘਰਾਣਿਆਂ ਦੇ ਹੱਥਾਂ ਵਿਚ ਕੇਂਦਰਿਤ ਨਹੀਂ ਹੋ ਰਹੀ, ਮਹੱਤਵਪੂਰਨ ਸਵਾਲ ਹਨ ਅਤੇ ਜਵਾਬਾਂ ਦੀ ਮੰਗ ਕਰਦੇ ਹਨ। ਇਹ ਸਵਾਲ ਇਸ ਜ਼ਰੂਰਤ ਵੱਲ ਵੀ ਧਿਆਨ ਦਿਵਾਉਂਦੇ ਹਨ ਕਿ ਲੋਕਾਂ ਨੂੰ ਵਿਕਾਸ ਵਿਚ ਭਾਈਵਾਲ ਬਣਾਉਣ, ਗਰੀਬੀ ਦੂਰ ਕਰਨ, ਸਿਹਤ ਤੇ ਵਿੱਦਿਆ ਦੇ ਖੇਤਰਾਂ ਵਿਚ ਉਨ੍ਹਾਂ ਦੀ ਪਹੁੰਚ ਬਣਾਉਣ ਅਤੇ ਆਰਥਿਕ ਅਸਾਵਾਂਪਣ ਘਟਾਉਣ ਲਈ ਵਿਕਾਸ ਤੇ ਮਾਡਲ 'ਤੇ ਬਹਿਸ ਜ਼ਰੂਰੀ ਹੈ।

ਇਹ ਕੋਈ ਵਿਕੋਲਿਤਰੀ ਘਟਨਾ ਨਹੀਂ ਹੈ। ਅਜਿਹੇ ਹਾਦਸੇ ਸਾਡੇ ਦੇਸ਼ ਵਿਚ ਨਿੱਤ ਵਾਪਰਦੇ ਹਨ। ਅੰਦਾਜ਼ਿਆਂ ਮੁਤਾਬਕ ਭਾਰਤ ਵਿਚ 7 ਕਰੋੜ ਤੋਂ ਜ਼ਿਆਦਾ ਲੋਕ ਭੀੜੀਆਂ ਅਤੇ ਗੰਦੀਆਂ ਬਸਤੀਆਂ, ਜਿਨ੍ਹਾਂ ਨੂੰ ਸਲੱਮਜ਼ ਕਿਹਾ ਜਾਂਦਾ ਹੈ, ਵਿਚ ਰਹਿੰਦੇ ਹਨ। ਇਹ ਬਸਤੀਆਂ ਛੋਟੇ ਕਮਰੇ, ਝੁੱਗੀਆਂ, ਗੰਦਗੀ ਅਤੇ ਸੀਵਰੇਜ ਤੇ ਪਾਣੀ ਦੀਆਂ ਸਹੂਲਤਾਂ ਨਾ ਹੋਣ ਕਾਰਨ ਜਾਣੀਆਂ ਜਾਂਦੀਆਂ ਹਨ। ਲੱਖਾਂ ਲੋਕ ਅਜਿਹੀਆਂ ਬਸਤੀਆਂ ਵਿਚ ਵੀ ਨਹੀਂ ਰਹਿ ਸਕਦੇ ਕਿਉਂਕਿ ਉਨ੍ਹਾਂ ਦੀ ਆਮਦਨ ਬਹੁਤ ਘੱਟ ਹੁੰਦੀ ਹੈ। ਆਮਦਨ ਦੇ ਬਹੁਤ ਘੱਟ ਹੋਣ ਦੇ ਸਪਸ਼ਟ ਅਰਥ ਹਨ ਕੰਮ ਦਾ ਨਾ ਮਿਲਣਾ ਜਾਂ ਘੱਟ ਮਿਲਣਾ ਅਤੇ ਬਹੁਤ ਘੱਟ ਉਜਰਤ 'ਤੇ ਕੰਮ ਕਰਨ ਲਈ ਮਜਬੂਰ ਹੋਣਾ।

ਭੁੱਖਮਰੀ ਦੇ ਮਾਮਲੇ ਵਿਚ ਵੀ ਭਾਰਤ ਦੇ ਹਾਲਾਤ ਕਾਫੀ ਖਰਾਬ ਹਨ। ਵਿਸ਼ਵ ਭੁੱਖ ਇੰਡੈਕਸ 2020 ਦੀ ਰਿਪੋਰਟ ਅਨੁਸਾਰ ਭਾਰਤ ਦਾ 107 ਦੇਸ਼ਾਂ, ਜਿੱਥੇ ਸਰਵੇਖਣ ਕੀਤਾ ਗਿਆ, ਵਿਚ 94ਵਾਂ ਸਥਾਨ ਹੈ। ਭੁੱਖਮਰੀ ਦਾ ਇਹ ਮਾਪਦੰਡ 4 ਪੈਮਾਨਿਆਂ 'ਤੇ ਮਾਪਿਆ ਜਾਂਦਾ ਹੈ: ਵਸੋਂ ਦੀ ਉਹ ਗਿਣਤੀ ਜਿਨ੍ਹਾਂ ਨੂੰ ਪੂਰੀ ਖੁਰਾਕ ਨਾ ਮਿਲਦੀ ਹੋਵੇ; ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿਚ ਉਮਰ ਦੇ ਹਿਸਾਬ ਨਾਲ ਘੱਟ ਭਾਰ ਹੋਣਾ; ਇਸੇ ਉਮਰ ਦੇ ਬੱਚਿਆਂ ਵਿਚ ਉਮਰ ਦੇ ਹਿਸਾਬ ਨਾਲ ਕੱਦ ਘੱਟ ਹੋਣਅਤੇ ਉਨ੍ਹਾਂ ਵਿਚ ਮੌਤ ਦੀ ਦਰ।

ਇਕ ਪਾਸੇ ਭਾਰਤ ਵਿਚ ਇਹ ਦਮਗਜ਼ੇ ਮਾਰੇ ਜਾਂਦੇ ਹਨ ਕਿ ਸਾਡੇ ਕੋਲ ਅਨਾਜ ਦੇ ਵਾਧੂ ਭੰਡਾਰ ਹਨ ਤਾਂ ਸਵਾਲ ਉਠਦਾ ਹੈ ਕਿ ਲੋਕ ਭੁੱਖਮਰੀ ਦਾ ਸ਼ਿਕਾਰ ਕਿਉਂ ਹਨ। ਇਸ ਦਾ ਜਵਾਬ ਬਹੁਤ ਸਰਲ ਹੈ ਕਿ ਬਹੁਤ ਸਾਰੇ ਛੋਟੇ ਕਿਸਾਨ ਇੰਨਾ ਅਨਾਜ ਪੈਦਾ ਨਹੀਂ ਕਰਦੇ ਜਿਸ ਨਾਲ ਉਨ੍ਹਾਂ ਦੇ ਪਰਿਵਾਰ ਸਾਰਾ ਸਾਲ ਢਿੱਡ ਭਰ ਕੇ ਖਾ ਸਕਦੇ ਹੋਣ ਅਤੇ ਬਹੁਤ ਸਾਰੇ ਕਿਰਤੀਆਂ ਕੋਲ ਭੋਜਨ ਲਈ ਲੋੜੀਂਦਾ ਅਨਾਜ ਖਰੀਦਣ ਲਈ ਲੋੜੀਂਦੇ ਪੈਸੇ/ਆਮਦਨ ਨਹੀਂ ਹੁੰਦੀ। ਇਸ ਵੇਲੇ ਦੇਸ਼ ਵਿਚ ਬੇਰੁਜ਼ਗਾਰੀ ਵੀ ਸਿਖਰਾਂ 'ਤੇ ਹੈ ਅਤੇ ਸਰਕਾਰੀ ਅੰਕੜਿਆਂ ਅਨੁਸਾਰ ਬੇਰੁਜ਼ਗਾਰੀ ਦੀ ਦਰ ਪਿਛਲੇ 45 ਸਾਲਾਂ ਤੋਂ ਸਭ ਤੋਂ ਵੱਧ ਹੈ।

ਇਹ ਸਾਰੇ ਪ੍ਰਸ਼ਨ ਸਾਡਾ ਧਿਆਨ ਇਸ ਮੁੱਖ ਤੱਥ ਵੱਲ ਦਿਵਾਉਂਦੇ ਹਨ ਕਿ ਸਾਡੇ ਦੇਸ਼ ਵਿਚ ਆਰਥਿਕ ਅਤੇ ਸਮਾਜਿਕ ਨਿਆਂ ਦੀ ਸਥਿਤੀ ਬਹੁਤ ਖਰਾਬ ਹੈ। ਪੂੰਜੀ ਕੁਝ ਵਪਾਰਕ ਅਤੇ ਸਨਅਤੀ ਘਰਾਣਿਆਂ ਦੇ ਹੱਥਾਂ ਵਿਚ ਕੇਂਦਰਿਤ ਹੋ ਰਹੀ ਹੈ ਅਤੇ ਉਨ੍ਹਾਂ ਦੇ ਸਿਆਸੀ ਜਮਾਤ ਨਾਲ ਗੱਠਜੋੜ ਹੋਣ ਕਾਰਨ ਦੇਸ਼ ਦੇ ਆਰਥਿਕ ਵਸੀਲਿਆਂ 'ਤੇ ਕਾਰਪੋਰੇਟ ਘਰਾਣਿਆਂ ਦੀ ਪਕੜ ਵਧ ਰਹੀ ਹੈ। ਸਰਕਾਰ ਨੇ ਇਹ ਪਕੜ ਹੋਰ ਸੁਖਾਲੀ ਅਤੇ ਮਜ਼ਬੂਤ ਬਣਾਉਣ ਲਈ ਕਿਰਤ ਕਾਨੂੰਨ ਬਦਲ ਕੇ 4 ਕਿਰਤ ਕੋਡ ਬਣਾ ਦਿੱਤੇ ਹਨ। ਖੇਤੀ ਕਾਨੂੰਨਾਂ ਰਾਹੀਂ ਖੇਤੀ ਖੇਤਰ ਵਿਚ ਵੀ ਕਾਰਪੋਰੇਟ ਅਦਾਰਿਆਂ ਦਾ ਦਖਲ ਆਸਾਨ ਬਣਾਉਣ ਲਈ ਰਾਹ ਮੋਕਲਾ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਖੇਤੀ ਕਾਨੂੰਨਾਂ ਵਿਰੁੱਧ ਚਲਾਇਆ ਜਾ ਰਿਹਾ ਕਿਸਾਨ ਅੰਦੋਲਨ ਕਾਰਪੋਰੇਟ ਅਦਾਰਿਆਂ ਵਿਚ ਪੂੰਜੀ ਅਤੇ ਤਾਕਤ ਦੇ ਕੇਂਦਰੀਕਰਨ ਵਿਰੁੱਧ ਅੰਦੋਲਨ ਹੈ।

ਅਜਿਹੇ ਮਾਯੂਸਕੁਨ ਹਾਲਾਤ ਵਿਚ ਕਿਸਾਨ ਅੰਦੋਲਨ ਕਿਸਾਨਾਂ ਅਤੇ ਕਿਰਤੀਆਂ ਲਈ ਆਸਾਂ-ਉਮੀਦਾਂ ਦੇ ਵੱਡੇ ਸੁਨੇਹੇ ਲੈ ਕੇ ਆਇਆ ਹੈ ਕਿ ਕਿਰਤੀਆਂ ਦੀ ਸੰਗਠਿਤ ਤਾਕਤ ਰਾਹੀਂ ਸੱਤਾ ਅਤੇ ਕਾਰਪੋਰੇਟ ਸ਼ਕਤੀ ਨੂੰ ਚੁਣੌਤੀ ਦਿੱਤੀ ਜਾ ਸਕਦੀ ਹੈ। ਕਿਸਾਨਾਂ ਵਾਂਗ ਕਿਰਤੀਆਂ ਨੂੰ ਵੀ ਵਧੀਆ ਜੀਵਨ ਜਿਊਣ ਦੇ ਬੁਨਿਆਦੀ ਅਧਿਕਾਰਾਂ ਲਈ ਲੜਨਾ ਪੈਣਾ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 30 ਜਨਵਰੀ 2021

# ਨਿਵੇਕਲੀ 26 ਜਨਵਰੀ

ਭਾਰਤ ਦੀ ਰਾਜਧਾਨੀ ਦਿੱਲੀ ਵਿਚ 26 ਜਨਵਰੀ ਨੂੰ ਹਰ ਸਾਲ ਗਣਤੰਤਰ ਦਿਵਸ ਮਨਾਇਆ ਜਾਂਦਾ ਹੈ। ਹਰ ਸਾਲ ਇਸ ਵਿਚ ਭਾਰਤ ਦੀ ਸੈਨਿਕ ਸ਼ਕਤੀ ਦੇ ਨਾਲ-ਨਾਲ ਵਿਕਾਸ ਦੀਆਂ ਝਾਕੀਆਂ ਪੇਸ਼ ਕੀਤੀਆਂ ਜਾਂਦੀਆਂ ਹਨ ਪਰ ਐਤਕੀਂ ਇਹ ਗਣਤੰਤਰ ਦਿਵਸ ਬਿਲਕੁਲ ਵੱਖਰਾ ਸੀ। ਸਭ ਤੋਂ ਪਹਿਲਾਂ ਤਾਂ ਭਾਰਤ ਸਰਕਾਰ ਦੇ ਸਮਾਗਮ ਵਿਚ ਜਿਸ ਲੀਡਰ, ਇੰਗਲੈਂਡ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ, ਨੂੰ ਮੁੱਖ ਮਹਿਮਾਨ ਵਜੋਂ ਬੁਲਾਇਆ ਗਿਆ ਸੀ, ਉਸ ਨੇ ਸਮਾਗਮ ਵਿਚ ਸ਼ਿਰਕਤ ਕਰਨ ਤੋਂ ਹੀ ਨਾਂਹ ਕਰ ਦਿੱਤੀ। ਇਸ ਬਾਰੇ ਪਹਿਲਾਂ-ਪਹਿਲ ਇਹ ਕਿਹਾ ਗਿਆ ਕਿ ਇੰਗਲੈਂਡ ਵਿਚ ਕਰੋਨਾ ਵਾਇਰਸ ਦੇ ਤਾਜ਼ਾ ਹਮਲੇ ਕਾਰਨ ਇਹ ਫੈਸਲਾ ਕੀਤਾ ਗਿਆ ਪਰ ਸਿਆਸੀ ਵਿਸ਼ਲੇਸ਼ਕ ਸਾਫ ਦੱਸਦੇ ਹਨ ਕਿ ਬੋਰਿਸ ਜੌਹਨਸਨ ਨੇ ਇਹ ਫੈਸਲਾ ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਕਾਰਨ ਕੀਤਾ ਸੀ। ਇਹ ਕਿਸਾਨ ਅੰਦੋਲਨ ਮੋਦੀ ਸਰਕਾਰ ਵੱਲੋਂ ਬਣਾਏ ਤਿੰਨ ਖੇਤੀ ਕਾਨੂੰਨਾਂ ਖਿਲਾਫ ਪਹਿਲਾਂ ਪੰਜਾਬ, ਫਿਰ ਹਰਿਆਣਾ ਅਤੇ ਫਿਰ ਸਮੁੱਚੇ ਭਾਰਤ ਅੰਦਰ ਫੈਲ ਗਿਆ। ਪਿਛਲੇ ਦੋ ਮਹੀਨਿਆਂ ਤੋਂ ਲੱਖਾਂ ਦੀ ਗਿਣਤੀ ਵਿਚ ਕਿਸਾਨ ਦਿੱਲੀ ਦੀਆਂ ਹੱਦਾਂ ਉਤੇ ਬੈਠੇ ਹਨ। ਇਹ ਸੰਘਰਸ਼ ਲੜ ਰਹੀਆਂ ਕਿਸਾਨ ਜਥੇਬੰਦੀਆਂ ਅਤੇ ਕਿਸਾਨਾਂ ਦਾ ਐਲਾਨ ਸੀ ਕਿ ਉਹ ਖੇਤੀ ਕਾਨੂੰਨ ਰੱਦ ਕਰਵਾਏ ਬਗੈਰ ਵਾਪਸ ਨਹੀਂ ਜਾਣਗੇ। ਸਰਕਾਰ ਨੇ ਪਹਿਲਾਂ ਤਾਂ ਇਸ ਅੰਦੋਲਨ ਨੂੰ ਅਣਗੌਲਿਆ ਕਰਨ ਦਾ ਯਤਨ ਕੀਤਾ ਪਰ ਜਦੋਂ ਸਰਕਾਰ ਨੂੰ ਇਸ ਅੰਦੋਲਨ ਦਾ ਸੇਕ ਲੱਗਣ ਲੱਗਾ ਤਾਂ ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਸ਼ੁਰੂ ਕੀਤੀ ਗਈ। ਉਂਜ, ਉਸ ਵਕਤ ਵੀ ਸਰਕਾਰ ਦਾ ਰਵੱਈਆ ਇਹੀ ਰਿਹਾ ਕਿ ਕਿਸਾਨਾਂ ਨੂੰ ਵਿਰੋਧੀ ਧਿਰ ਗੁਮਰਾਹ ਕਰ ਰਹੀ ਹੈ।

ਸਰਕਾਰ ਨਾਲ ਕਈ ਗੇੜਾਂ ਦੀ ਗੱਲਬਾਤ ਦੌਰਾਨ ਕਿਸਾਨ ਆਗੂ ਮੋਦੀ ਸਰਕਾਰ ਦੇ ਮੰਤਰੀਆਂ ਨੂੰ ਇਹ ਜਚਾਉਣ ਵਿਚ ਸਫਲ ਹੋ ਗਏ ਕਿ ਇਹ ਕਾਨੂੰਨ ਕਿਸਾਨਾਂ ਦੇ ਹੱਕ ਵਿਚ ਨਹੀਂ ਸਗੋਂ ਕਾਰਪੋਰੇਟਾਂ ਨੂੰ ਗੱਫੇ ਦੇਣ ਵਾਲੇ ਹਨ। ਇਸੇ ਕਰ ਕੇ ਹੀ ਫਿਰ ਸਰਕਾਰ ਕਾਨੂੰਨਾਂ ਵਿਚ ਕਈ ਤਰ੍ਹਾਂ ਦੀਆਂ ਸੋਧਾਂ ਲਈ ਰਾਜ਼ੀ ਹੋ ਗਈ ਪਰ ਕਿਸਾਨ ਆਗੂ ਕਾਨੂੰਨ ਮੁੱਢੋਂ-ਸੁੱਢੋਂ ਰੱਦ ਕਰਵਾਉਣ ਲਈ ਅੜੇ ਹੋਏ ਹਨ। ਇਸੇ ਦੌਰਾਨ ਮੋਦੀ ਸਰਕਾਰ ਨੇ ਇਸ ਅੰਦੋਲਨ ਨੂੰ ਫੇਲ੍ਹ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾਇਆ। ਅੰਦੋਲਨ ਨੂੰ ਬਦਨਾਮ ਕਰਨ ਲਈ ਕਦੀ ਇਹ ਪ੍ਰਚਾਰ ਕੀਤਾ ਕਿ ਅੰਦੋਲਨ ਅੰਦਰ ਖਾਲਿਸਤਾਨੀ ਘੁਸ ਆਏ ਹਨ ਅਤੇ ਕਦੀ ਕਿਹਾ ਗਿਆ ਕਿ ਇਸ ਨੂੰ ਮਾਓਵਾਦੀ ਚਲਾ ਰਹੇ ਹਨ ਪਰ ਕਿਸਾਨ ਆਗੂਆਂ ਨੇ ਆਪਣੇ ਨਿਸ਼ਾਨੇ ਉਤੇ ਹੀ ਧਿਆਨ ਕੇਂਦਰਤ ਕੀਤਾ ਅਤੇ ਲੋਕਾਂ ਦੀ ਹਮਾਇਤ ਨਾਲ ਸਰਕਾਰ ਦੀ ਹਰ ਸਾਜ਼ਿਸ਼ ਨੰਗੀ ਕੀਤੀ। ਸਰਕਾਰ ਦੇ ਪੱਖ ਵਿਚ ਭੁਗਤਣ ਵਾਲਾ ਮੀਡੀਏ ਦਾ ਵੱਡਾ ਹਿੱਸਾ ਵੀ ਇਸ ਅੰਦੋਲਨ ਨੂੰ ਬਦਨਾਮ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਿਹਾ। ਕਿਸਾਨ ਜਥੇਬੰਦੀਆਂ ਦੇ ਬਣਾਏ ਆਈ.ਟੀ. ਸੈਲ ਨੇ ਇਸ ਮਾਮਲੇ ਵਿਚ ਬੜੀ ਅਹਿਮ ਭੂਮਿਕਾ ਨਿਭਾਈ। ਇਸ ਤਰ੍ਹਾਂ ਅੰਦੋਲਨ ਦੇ ਆਗੂਆਂ ਨੇ ਸਰਕਾਰ ਦੀ ਕੋਈ ਪੇਸ਼ ਨਹੀਂ ਜਾਣ ਦਿੱਤੀ। ਅਸਲ ਵਿਚ ਸਰਕਾਰ ਸ਼ਾਤਮਈ ਅਤੇ ਜ਼ਬਤ ਵਿਚ ਚੱਲ ਰਹੇ ਇਸ ਅੰਦੋਲਨ ਨੂੰ ਹਿੰਸਾ ਨਾਲ ਜੋੜ ਕੇ ਇਸ ਨੂੰ ਖਿਲਾਰਨਾ ਚਾਹੁੰਦੀ ਸੀ। 26 ਜਨਵਰੀ ਨੂੰ ਕਿਸਾਨਾਂ ਵੱਲੋਂ ਕੱਢੇ ਟਰੈਕਟਰ ਮਾਰਚ ਦੌਰਾਨ ਕੁਝ ਜਣਿਆਂ ਨੇ ਜੋ ਕਾਰਵਾਈ ਕੀਤੀ, ਉਸ ਨੇ ਅੰਦੋਲਨ 'ਤੇ ਡੂੰਘੀ ਸੱਟ ਮਾਰੀ।

ਅਸਲ ਵਿਚ, ਇਕ ਕਿਸਾਨ ਧਿਰ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਨੇ ਟਰੈਕਟਰ ਮਾਰਚ ਨਾਲ ਬੇਇਤਫਾਕੀ ਕਰਦਿਆਂ ਆਪਣੇ ਵੱਖਰੇ ਰੂਟ ਉਤੇ ਟਰੈਕਟਰ ਮਾਰਚ ਕਰਨ ਦਾ ਐਲਾਨ ਦਿੱਤਾ। ਉਸ ਤੋਂ ਬਾਅਦ ਜੋ ਕੁਝ ਹੋਇਆ, ਉਹ ਸਭ ਦੇ ਸਾਹਮਣੇ ਹੈ। ਮਸਲਾ ਲਾਲ ਕਿਲ੍ਹੇ ਉਤੇ ਝੰਡਾ ਚੜ੍ਹਾਉਣ ਦਾ ਨਹੀਂ ਸੀ ਬਲਕਿ ਖੇਤੀ ਕਾਨੂੰਨ ਰੱਦ ਕਰਵਾਉਣ ਦਾ ਸੀ ਪਰ ਸਰਕਾਰ ਨੇ ਇਸ ਬੇਤਿਫਾਕੀ ਨੂੰ ਸੁੰਘ ਲਿਆ। ਇਸੇ ਲਈ ਕੁਝ ਲੋਕਾਂ ਨੂੰ ਲਾਲ ਕਿਲ੍ਹੇ ਤੱਕ ਜਾ ਲੈਣ ਦਿੱਤਾ ਗਿਆ। ਮਸਲਾ ਇਹ ਵੀ ਨਹੀਂ ਕਿ ਹੁਣ ਅੰਦੋਲਨ ਦਾ ਕੀ ਬਣੇਗਾ? ਮਸਲਾ ਇਹ ਹੈ ਕਿ ਸਰਕਾਰ ਉਹ ਕੁਝ ਕਰਨ ਵਿਚ ਕਾਮਯਾਬ ਹੋ ਗਈ ਜੋ ਇਹ ਚਿਰਾਂ ਤੋਂ ਕਰਨਾ ਚਾਹ ਰਹੀ ਸੀ। ਮੋਦੀ ਸਰਕਾਰ ਮੁੱਢ ਤੋਂ ਹੀ ਆਖ ਰਹੀ ਸੀ ਕਿ ਇਹ ਮਸਲਾ ਕਿਸਾਨਾਂ ਦਾ ਨਹੀਂ ਹੈ; ਸਿਰਫ ਪੰਜਾਬ ਦੇ ਕਿਸਾਨ ਹੀ ਬੇਵਜ੍ਹਾ ਰੌਲਾ ਪਾ ਰਹੇ ਹਨ। ਦਰਅਸਲ, ਲਾਲ ਕਿਲ੍ਹੇ ਵਾਲੀ ਘਟਨਾ ਨਾਲ ਸਮੁੱਚੇ ਸੰਸਾਰ ਦਾ ਧਿਆਨ ਇਸ ਪਾਸੇ ਹੀ ਲੱਗ ਗਿਆ ਜਦਕਿ ਪਹਿਲਾਂ ਪੂਰੀ ਦੁਨੀਆ ਦਾ ਧਿਆਨ ਕਿਸਾਨਾਂ ਦੇ ਮਿਸਾਲੀ ਟਰੈਕਟਰ ਮਾਰਚ ਵੱਲ ਸੀ। ਕਿਸਾਨਾਂ ਦਾ ਟਰੈਕਟਰ ਮਾਰਚ ਹੋਇਆ ਤਾਂ ਸਹੀ ਅਤੇ ਇਹ ਪੂਰਨ ਰੂਪ ਵਿਚ ਜ਼ਬਤਾਬੱਧ ਵੀ ਸੀ ਪਰ ਇਸ ਮਾਰਚ ਦਾ ਜੋ ਦਬਾਅ ਸਰਕਾਰ ਉਤੇ ਪੈਣਾ ਸੀ ਅਤੇ ਜੋ ਅਸਰ ਸਮੁੱਚੇ ਸੰਸਾਰ ਉਤੇ ਪੈਣਾ ਸੀ, ਉਹ ਠੁੱਸ ਹੋ ਗਿਆ। ਇਸ ਕੋਣ ਤੋਂ ਲਾਲ ਕਿਲ੍ਹੇ ਵਾਲੀ ਸਮੁੱਚੀ ਕਾਰਵਾਈ ਚਿਰਾਂ ਤੋਂ ਚਲੇ ਆ ਰਹੇ ਮਿਸਾਲੀ ਕਿਸਾਨ ਅੰਦੋਲਨ ਨੂੰ ਪਛਾੜਨ ਵਾਲੀ ਬਣ ਗਈ। ਹੁਣ ਕਿਸਾਨਾਂ ਨੂੰ ਆਪਣੀ ਭੱਲ ਨਵੇਂ ਸਿਰਿਓਂ ਬਣਾਉਣੀ ਪਵੇਗੀ। ਉਂਜ, ਇਸ ਘਟਨਾ ਨਾਲ ਇਕ ਨਿਤਾਰਾ ਤਾਂ ਹੋ ਗਿਆ ਹੈ ਕਿ ਕਿਹੜੀ ਧਿਰ ਇਸ ਅੰਦੋਲਨ ਵਿਚੋਂ ਕੀ ਕੁਝ ਕੱਢਣਾ ਚਾਹੁੰਦੀ ਹੈ। 29 ਜਨਵਰੀ ਨੂੰ ਬਜਟ ਸੈਸ਼ਨ ਸ਼ੁਰੂ ਹੋ ਰਿਹਾ ਹੈ। ਆਸ ਕੀਤੀ ਜਾ ਰਹੀ ਸੀ ਕਿ ਕਿਸਾਨਾਂ ਦੇ ਮੁੱਦੇ 'ਤੇ ਮੋਦੀ ਸਰਕਾਰ ਇਸ ਸੈਸ਼ਨ ਦੌਰਾਨ ਬੁਰੀ ਤਰ੍ਹਾਂ ਘਿਰ ਜਾਵੇਗੀ ਪਰ ਹੁਣ ਸਰਕਾਰ ਨੂੰ ਇਸ ਹਿੰਸਾ ਦਾ ਬਹਾਨਾ ਲਾ ਕੇ ਕਿਸਾਨਾਂ ਨੂੰ ਬਦਨਾਮ ਕਰਨ ਦਾ ਮੌਕਾ ਮਿਲ ਗਿਆ ਹੈ। ਹੁਣ ਕਿਸਾਨ ਅੰਦੋਲਨ ਚਲਾ ਰਹੇ ਆਗੂਆਂ ਨੂੰ ਪਹਿਲਾਂ ਨਾਲੋਂ ਵੀ ਵੱਧ ਸੁਚੇਤ ਹੋ ਕੇ ਅੰਦੋਲਨ ਦਾ ਮੂੰਹ-ਮੱਥਾ ਸੰਵਾਰਨ ਦੀ ਲੋੜ ਹੈ ਤਾਂ ਕਿ ਮੋਦੀ ਸਰਕਾਰ ਨੂੰ ਖੇਤੀ ਕਾਨੂੰਨ ਰੱਦ ਕਰਨ ਲਈ ਮਜਬੂਰ ਕੀਤਾ ਜਾ ਸਕੇ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਆਪਸੀ ਏਕਾ ਕਾਇਮ ਰੱਖਣਾ ਪਵੇਗਾ ਅਤੇ ਮੁਲਕ ਭਰ ਦੀਆਂ ਕਿਸਾਨ ਜਥੇਬੰਦੀਆਂ ਨਾਲ ਤਾਲਮੇਲ ਬਿਠਾਉਣਾ ਹੀ ਨਹੀਂ ਪਵੇਗਾ ਸਗੋਂ ਇਸ ਨੂੰ ਹੋਰ ਮਜ਼ਬੂਤ ਕਰਨਾ ਪਵੇਗਾ। ਕਿਸਾਨਾਂ ਦਾ ਸਭ ਕੁਝ ਦਾਅ 'ਤੇ ਲੱਗਿਆ ਹੋਇਆ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਹੁਣ ਫਤਿਹ ਤੋਂ ਬਿਨਾਂ ਨਹੀਂ ਮੁੜਨ ਲੱਗਾ

ਛੱਬੀ ਜਨਵਰੀ ਨੇ ਐਸਾ ਗੇੜ ਪਾਇਆ, ਪੂਰੀ ਦਿੱਲੀ ਹੀ ਕੇਰਾਂ ਤਾਂ ਗੇੜ ਛੱਡੀ।
ਥੋੜ੍ਹੀ ਕੀਤਿਆਂ ਜਿਹੜੀ ਕਦੇ ਕੁਸਕਦੀ ਨਾ, ਨਾਲ ਮਾਰਚ ਦੇ ਖੂਬ ਹੀ ਛੇੜ ਛੱਡੀ।
ਅੰਨਦਾਤਾ ਜਿਉਂ ਪਿੰਡਾਂ 'ਚੋਂ ਉਠਿਆ ਈ, ਹੁਣ ਫਤਿਹ ਤੋਂ ਬਿਨਾਂ ਨਹੀਂ ਮੁੜਨ ਲੱਗਾ।
ਉਹਨੇ ਮਾਹੌਲ ਹੀ ਐਸਾ ਸਿਰਜਿਆ ਈ, ਪੂਰਾ ਮੁਲਖ ਹੀ ਉਹਦੇ ਨਾਲ ਜੁੜਨ ਲੱਗਾ।
ਕੁਝ ਐਸੇ ਵੀ ਉਠੇ ਇਹ ਤਾੜ ਮੌਕਾ, ਵੱਟੇ ਆਪਣੀਆਂ ਬੇੜੀਆਂ 'ਚ ਪਾਈ ਜਾਂਦੇ।
ਰੋਕੋ ਇਨ੍ਹਾਂ ਨੂੰ ਕੋਈ ਤਾਂ ਰੋਕ ਘੱਤੋ, ਜਿੱਤੀ ਬਾਜ਼ੀ ਨੂੰ ਜਿਹੜੇ ਹਰਾਈ ਜਾਂਦੇ।

# ਪਰਵਾਸ ਦੇ ਅਹਿਮ ਪਹਿਲੂ

*ਮਨੁੱਖ ਆਪਣੇ ਚੰਗੇਰੇ ਭਵਿੱਖ ਲਈ ਮੁੱਢ-ਕਦੀਮ ਤੋਂ ਪਰਵਾਸ ਕਰਦਾ ਆਇਆ ਹੈ। ਮਾਹਿਰ ਦੱਸਦੇ ਹਨ ਕਿ ਪਰਵਾਸ ਤਾਂ ਮਨੁੱਖੀ ਹੋਂਦ ਦੇ ਨਾਲ ਹੀ ਆਰੰਭ ਹੋ ਗਿਆ ਸੀ। ਹੁਣ ਵੀ ਦੁਨੀਆ ਦੇ ਵੱਖ-ਵੱਖ ਮੁਲਕਾਂ ਜਾਂ ਖਿੱਤਿਆਂ ਅੰਦਰ ਅਸਾਵੀਂ ਵੰਡ ਕਾਰਨ ਪਰਵਾਸ ਹੋ ਰਿਹਾ ਹੈ। ਡਾ. ਗਿਆਨ ਸਿੰਘ ਨੇ ਆਪਣੇ ਇਸ ਲੇਖ ਵਿਚ, ਖਾਸ ਕਰ ਕੇ ਭਾਰਤ ਤੋਂ ਹੋ ਰਹੇ ਪਰਵਾਸ ਬਾਰੇ ਕੁਝ ਮਸਲੇ ਵਿਚਾਰ ਅਧੀਨ ਲਿਆਂਦੇ ਹਨ। -ਸੰਪਾਦਕ*

15 ਜਨਵਰੀ 2021 ਨੂੰ ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਅਮਲਿਆਂ ਬਾਰੇ ਵਿਭਾਗ (ਯੂ.ਐਨ.-ਡੀ.ਈ.ਐਸ.ਏ.) ਦੀ ਰਿਪੋਰਟ 'ਇੰਟਰਨੈਸ਼ਨਲ ਮਾਈਗ੍ਰੇਸ਼ਨ 2020' ਅਨੁਸਾਰ ਦੁਨੀਆ ਵਿਚ ਭਾਰਤ ਦੇ ਪਰਵਾਸੀਆਂ ਦੀ ਗਿਣਤੀ ਸਭ ਮੁਲਕਾਂ ਤੋਂ ਜ਼ਿਆਦਾ ਹੈ। 2020 ਵਿਚ ਭਾਰਤ ਦੇ 1 ਕਰੋੜ 80 ਲੱਖ ਲੋਕ ਬਾਹਰਲੇ ਮੁਲਕਾਂ ਵਿਚ ਰਹਿ ਰਹੇ ਸਨ। ਭਾਰਤ ਤੋਂ ਬਾਅਦ ਹੋਰ ਵੱਡੇ ਮੁਲਕਾਂ ਵਿਚ ਮੈਕਸੀਕੋ (1 ਕਰੋੜ 10 ਲੱਖ), ਰੂਸ (1 ਕਰੋੜ 10 ਲੱਖ), ਚੀਨ (1 ਕਰੋੜ) ਅਤੇ ਸੀਰੀਆ (80 ਲੱਖ) ਸ਼ਾਮਲ ਹਨ। 2000-2010 ਦੌਰਾਨ ਭਾਰਤ ਦੇ 1 ਕਰੋੜ ਲੋਕਾਂ ਨੇ ਕੌਮਾਂਤਰੀ ਪਰਵਾਸ ਕੀਤਾ।

ਮਨੁੱਖਾਂ ਦੀ ਹੋਂਦ ਦੀ ਸ਼ੁਰੂਆਤ ਦੇ ਨਾਲ ਹੀ ਉਨ੍ਹਾਂ ਦਾ ਪਰਵਾਸ ਸ਼ੁਰੂ ਹੋ ਗਿਆ ਸੀ। ਪਹਿਲਾਂ ਪਹਿਲ ਮਨੁੱਖ ਆਪਣੇ ਜਿਊਣ ਲਈ ਖਾਧ

ਡਾ. ਗਿਆਨ ਸਿੰਘ
ਫੋਨ: 001-424-422-7025

ਪਦਾਰਥਾਂ ਦੀ ਭਾਲ ਵਿਚ ਇਕ ਤੋਂ ਦੂਜੀ ਥਾਂ ਪਰਵਾਸ ਕਰਦੇ ਸਨ। ਮਨੁੱਖਾਂ ਨੇ ਆਪਣੀ ਜ਼ਿੰਦਗੀ ਸੁਖਾਲੀ ਬਣਾਉਣ ਲਈ ਜਾਨਵਰ ਪਾਲਣੇ ਅਤੇ ਫਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਜਿਸ ਦੇ ਨਤੀਜੇ ਵਜੋਂ ਹੌਲੀ-ਹੌਲੀ ਪਿੰਡ ਅਤੇ ਸ਼ਹਿਰ ਹੋਂਦ ਵਿਚ ਆਏ। ਮਨੁੱਖਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ, ਪਿੰਡਾਂ ਤੋਂ ਸ਼ਹਿਰਾਂ, ਸ਼ਹਿਰਾਂ ਤੋਂ ਸ਼ਹਿਰਾਂ ਅਤੇ ਸ਼ਹਿਰਾਂ ਤੋਂ ਪਿੰਡਾਂ ਵੱਲ ਪਰਵਾਸ ਸ਼ੁਰੂ ਕੀਤਾ। ਆਬਾਦੀ ਵਧਣ ਅਤੇ ਵੱਖ-ਵੱਖ ਮੁਲਕਾਂ ਦੇ ਆਰਥਿਕ ਵਿਕਾਸ ਦੇ ਵਖਰੇਵਿਆਂ ਕਾਰਨ ਕੌਮਾਂਤਰੀ ਪਰਵਾਸ ਹੋਂਦ ਵਿਚ ਆਇਆ। ਕੌਮਾਂਤਰੀ ਪਰਵਾਸ ਦੇ ਅਨੇਕਾਂ ਕਾਰਨ ਹੋ ਸਕਦੇ ਹਨ, ਜਿਵੇਂ ਬਿਹਤਰ ਜ਼ਿੰਦਗੀ ਜਿਊਣ ਦਾ ਸੁਪਨਾ, ਪਰਿਵਾਰ ਨਾਲ ਇਕੱਠੇ ਰਹਿਣਾ ਤੇ ਯੁੱਧਾਂ, ਲੜਾਈਆਂ-ਝਗੜਿਆਂ ਜਾਂ ਵਾਤਾਵਰਨ ਵਿਚ ਆਏ ਵਿਗਾੜਾਂ ਦੇ ਮਾਰੂ ਅਸਰਾਂ ਤੋਂ ਬਚਣਾ ਆਦਿ।

ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ ਭਾਰਤੀ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਪਹਿਲੇ ਨੰਬਰ 'ਤੇ ਆਉਂਦੀ ਹੈ। ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦੋ ਤਰ੍ਹਾਂ ਦਾ ਹੋ ਰਿਹਾ ਹੈ: ਪਹਿਲਾ, ਉਹ ਕਾਮੇ ਜੋ ਗੈਰ-ਹੁਨਰਮੰਦ ਅਤੇ ਅਰਧ-ਹੁਨਰਮੰਦ ਸ਼੍ਰੇਣੀਆਂ ਵਿਚ ਆਉਂਦੇ ਹਨ। ਇਹ ਜ਼ਿਆਦਾਤਰ ਖਾੜੀ ਮੁਲਕਾਂ ਵਿਚ ਪਰਵਾਸ ਕਰਦੇ ਹਨ; ਦੂਜਾ, ਅਰਧ-ਹੁਨਰਮੰਦ ਕਾਮੇ, ਪੇਸ਼ਾਵਰ ਲੋਕ ਅਤੇ ਵਿਦਿਆਰਥੀ ਜੋ ਜ਼ਿਆਦਾਤਰ ਦੁਨੀਆ ਦੇ ਉਨਤ ਸਰਮਾਏਦਾਰ ਮੁਲਕਾਂ ਵਿਚ ਪਰਵਾਸ ਕਰਦੇ ਹਨ।

ਭਾਰਤ ਵਿਚੋਂ ਕੌਮਾਂਤਰੀ ਪਰਵਾਸੀਆਂ ਨੇ ਜਿੱਥੇ ਆਪਣੇ ਅਤੇ ਮੁਲਕ ਲਈ ਕਮਾਇਆ ਹੈ, ਉਥੇ ਉਨ੍ਹਾਂ ਨੇ ਆਪਣੇ ਅਤੇ ਮੁਲਕ ਲਈ ਗੁਆਇਆ ਵੀ ਹੈ। ਆਜ਼ਾਦੀ ਦੇ ਸੰਘਰਸ਼ ਦੌਰਾਨ ਕੌਮਾਂਤਰੀ ਪਰਵਾਸੀਆਂ ਨੇ ਸਿਰਫ ਵਿੱਤੀ ਮਦਦ ਹੀ ਨਹੀਂ ਕੀਤੀ ਸਗੋਂ ਗਦਰ ਲਹਿਰ ਨੂੰ ਵੀ ਜਨਮ ਦਿੱਤਾ। ਇਉਂ ਕੌਮਾਂਤਰੀ ਪਰਵਾਸੀਆਂ ਨੇ ਮੁਲਕ ਦੀ ਆਜ਼ਾਦੀ ਵਿਚ ਆਪਣਾ ਕੀਮਤੀ ਅਤੇ ਪ੍ਰਸ਼ੰਸਾਯੋਗ ਯੋਗਦਾਨ ਪਾਇਆ। ਖਾੜੀ ਮੁਲਕਾਂ ਵਿਚ ਪਰਵਾਸ ਕਰਨ ਵਾਲ਼ੇ ਜ਼ਿਆਦਾ ਕਿਰਤੀ ਆਪਣੇ ਪਰਿਵਾਰਾਂ ਨੂੰ ਪੈਸੇ ਭੇਜਦੇ ਹਨ। ਦੁਨੀਆ ਦੇ ਉਨਤ ਸਰਮਾਏਦਾਰ ਮੁਲਕਾਂ ਵਿਚੋਂ ਵੀ ਕੁਝ ਭਾਰਤੀ ਪਰਵਾਸੀ ਪਹਿਲੀ ਪੀੜ੍ਹੀ ਤੱਕ ਆਪਣੇ ਪਰਿਵਾਰਾਂ ਨੂੰ ਪੈਸੇ ਭੇਜਦੇ ਹਨ ਪਰ ਹੁਣ ਇਹ ਰੁਝਾਨ ਤੇਜ਼ੀ ਨਾਲ ਘਟ ਰਿਹਾ ਹੈ।

ਬਾਹਰਲੇ ਮੁਲਕਾਂ 'ਚੋਂ ਭੇਜੇ ਪੈਸਿਆਂ ਨਾਲ ਜਿੱਥੇ ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਨੇ ਤਰੱਕੀ ਕੀਤੀ, ਉਥੇ ਉਨ੍ਹਾਂ ਨੇ ਆਪਣੇ ਸੂਬਿਆਂ ਅਤੇ ਮੁਲਕ ਦੀ ਤਰੱਕੀ ਵਿਚ ਯੋਗਦਾਨ ਪਾਇਆ। ਭਾਰਤ ਵਿਚੋਂ ਗਏ ਕੌਮਾਂਤਰੀ ਪਰਵਾਸੀਆਂ ਨੇ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿਚ ਹੋਈ ਆਰਥਿਕ ਤਰੱਕੀ, ਉਨ੍ਹਾਂ ਮੁਲਕਾਂ ਦੀਆਂ ਸਮਾਜਿਕ-ਸਭਿਆਚਾਰਕ ਅਤੇ ਰਾਜਸੀ ਕਦਰਾਂ-ਕੀਮਤਾਂ ਬਾਰੇ ਜੋ ਗਿਆਨ ਪ੍ਰਾਪਤ ਕੀਤਾ, ਉਸ ਦਾ ਵੀ ਫਾਇਦਾ ਮੁਲਕ ਨੂੰ ਹੋਇਆ।

ਭਾਰਤ 'ਚੋਂ ਕੌਮਾਂਤਰੀ ਪਰਵਾਸੀਆਂ ਨੇ ਜੋ ਕਮਾਇਆ, ਉਸ ਨਾਲੋਂ ਜੋ ਗੁਆਇਆ ਹੈ ਏ ਗੁਆ ਰਹੇ ਹਨ, ਉਸ ਦੀ ਸੂਚੀ ਲੰਮੀ ਹੈ। ਡਾ. ਗੁਰਿੰਦਰ ਕੌਰ ਤੇ ਸਹਿਯੋਗੀਆਂ ਅਤੇ ਹੋਰ ਖੋਜਾਰਥੀਆਂ ਦੇ ਅਧਿਐਨਾਂ ਤੋਂ ਸਾਹਮਣੇ ਆਇਆ ਹੈ ਕਿ ਮੁਲਕ ਵਿਚ ਜਨਰਲ ਸ਼੍ਰੇਣੀ ਦੇ ਜ਼ਿਆਦਾ ਵਿਅਕਤੀਆਂ ਨੇ ਉਨਤ ਸਰਮਾਏਦਾਰ ਮੁਲਕਾਂ ਅਤੇ ਅਨੁਸੂਚਿਤ ਜਾਤਾਂ ਤੇ ਪਛੜੀ ਸ਼੍ਰੇਣੀ ਦੇ ਜ਼ਿਆਦਾ ਵਿਅਕਤੀਆਂ ਨੇ ਮੁਕਾਬਲਤਨ ਘੱਟ ਮੁਲਕਾਂ ਵਿਚ ਪਰਵਾਸ ਕੀਤਾ ਹੈ। ਕੌਮਾਂਤਰੀ ਪਰਵਾਸ ਦੇ ਮਹਿੰਗਾ ਅਤੇ ਅਨੁਸੂਚਿਤ ਅਤੇ ਪਛੜੀ ਸ਼੍ਰੇਣੀ ਦੇ ਜ਼ਿਆਦਾ ਪਰਿਵਾਰਾਂ ਦੇ ਜ਼ਮੀਨ/ਸਾਧਨ ਵਿਹੂਣੇ ਹੋਣ ਦੇ ਨਤੀਜੇ ਵਜੋਂ ਇਨ੍ਹਾਂ ਪਰਿਵਾਰਾਂ ਦੀ ਕੌਮਾਂਤਰੀ ਪਰਵਾਸ ਵਿਚ ਭਾਗੀਦਾਰੀ ਮੁਕਾਬਲਤਨ ਬਹੁਤ ਘੱਟ ਹੈ। ਕੌਮਾਂਤਰੀ ਪਰਵਾਸ ਦੇ ਖਰਚੇ ਪੂਰਾ ਕਰਨ ਲਈ ਪਰਵਾਸ ਕਰਨ ਵਾਲੇ ਪਰਿਵਾਰਾਂ ਨੂੰ ਸੰਸਥਾਈ ਅਤੇ ਗੈਰ-ਸੰਸਥਾਈ ਸ੍ਰੋਤਾਂ ਤੋਂ ਕਰਜ਼ਾ ਲੈਣਾ ਪਿਆ ਅਤੇ ਜ਼ਮੀਨ, ਪਲਾਟ, ਘਰ, ਗੱਡੀ, ਖੇਤੀ ਮਸ਼ੀਨਰੀ, ਗਹਿਣੇ, ਪਸ਼ੂ ਤੇ ਹੋਰ ਕਈ ਕੁਝ ਵੇਚਣਾ ਪਿਆ। ਇਸ ਤੋਂ ਬਿਨਾਂ ਇਸ ਮਕਸਦ ਲਈ ਘਰਾਂ ਦੀਆਂ ਬੱਚਤਾਂ ਵਰਤਣੀਆਂ ਪਈਆਂ ਅਤੇ ਰਿਸ਼ਤੇਦਾਰਾਂ ਤੇ ਦੋਸਤਾਂ ਤੋਂ ਮਦਦ ਤੇ ਰੁਜ਼ਗਾਰ ਦੇਣ ਵਾਲਿਆਂ ਤੋਂ ਮਦਦ/ਐਡਵਾਂਸ ਪੈਸੇ ਵੀ ਲੈਣੇ ਪਏ।

ਕੌਮਾਂਤਰੀ ਪਰਵਾਸ ਕਰਨ ਵਾਲਿਆਂ ਦੁਆਰਾ ਪਰਵਾਸ ਕਰਨ ਲਈ ਕੀਤੇ ਖਰਚਿਆਂ ਅਤੇ ਉਨ੍ਹਾਂ ਦੁਆਰਾ ਭੇਜੇ ਗਏ ਪੈਸਿਆਂ ਵਿਚ ਖੱਪਾ ਸਾਹਮਣੇ ਆਇਆ ਹੈ ਜੋ ਸਿੱਧੇ ਤੌਰ ਉਤੇ ਮੁਲਕ ਵਿਚੋਂ ਪੂੰਜੀ ਦੇ ਹੂੰਝੇ ਨੂੰ ਸਾਹਮਣੇ ਲਿਆਉਂਦਾ ਹੈ।

ਕੌਮਾਂਤਰੀ ਪਰਵਾਸ ਕਰਨ ਵਾਲਿਆਂ ਵਿਚ ਪੜ੍ਹੇ-ਲਿਖਿਆਂ ਦੀ ਗਿਣਤੀ ਵੱਧ ਹੈ ਤੇ ਇਹ ਗਿਣਤੀ ਵਧ ਰਹੀ ਹੈ। ਇਨ੍ਹਾਂ 'ਚ +2, ਗਰੈਜੂਏਟ, ਪੋਸਟ-ਗਰੈਜੂਏਟ, ਐਮ.ਫਿਲ., ਪੀ.ਐਚ.ਡੀ. ਡਿਗਰੀਆਂ ਵਾਲੇ ਹਨ। ਇਨ੍ਹਾਂ ਦਾ ਪਰਵਾਸ, ਮੁਲਕ ਵਿਚੋਂ ਬੌਧਿਕ ਹੂੰਝਾ (ਬਰੇਨ ਡਰੇਨ) ਸਾਹਮਣੇ ਲਿਆਉਂਦਾ ਹੈ। ਇਨ੍ਹਾਂ ਦੇ ਪਾਲਣ-ਪੋਸ਼ਣ ਅਤੇ ਵਿੱਦਿਆ ਉਪਰ ਸਮਾਜ ਦੀ ਅਥਾਹ ਸ਼ਕਤੀ ਅਤੇ ਸਾਧਨ ਵਰਤੇ ਗਏ ਪਰ ਇਸ ਦਾ ਫਾਇਦਾ ਬੇਗਾਨੇ ਮੁਲਕਾਂ ਨੂੰ ਹੋ ਰਿਹਾ ਹੈ। ਇਨ੍ਹਾਂ ਕੌਮਾਂਤਰੀ ਪਰਵਾਸੀਆਂ ਵਿਚੋਂ ਜਿਹੜੇ ਬੱਚੇ ਵਿਦਿਆਰਥੀ ਵੀਜ਼ੇ ਉਪਰ ਜਾਂਦੇ ਹਨ, ਉਨ੍ਹਾਂ ਵਿਚੋਂ ਬਹੁਤ ਜ਼ਿਆਦਾ ਬੱਚਿਆਂ ਦਾ ਬਾਹਰਲੇ ਮੁਲਕਾਂ ਵਿਚੋਂ ਪ੍ਰਾਪਤ ਕੀਤੀ ਵਿੱਦਿਆ ਦਾ ਪੱਧਰ ਇਤਨਾ ਨੀਵਾਂ ਹੈ ਕਿ ਉਨ੍ਹਾਂ ਵਿਚੋਂ ਬਹੁਤ ਵੱਡੀ ਗਿਣਤੀ ਜਿਸਮਾਨੀ ਕੰਮ ਹੀ ਕਰਦੀ ਹੈ ਜੋ ਆਪਣੇ ਮੁਲਕ ਵਿਚ ਉਹ ਕਦੇ ਵੀ ਕਰਨ ਲਈ ਤਿਆਰ ਨਹੀਂ ਸਨ। ਬਾਹਰਲੇ ਮੁਲਕਾਂ ਵਿਚ ਭਾਵੇਂ ਕੁਝ ਧਾਰਮਿਕ ਅਦਾਰੇ ਅਤੇ ਨੇਕ ਸ਼ਖਸ ਮੁਲਕ ਵਿਚੋਂ ਗਏ ਲੋਕਾਂ ਦੀ ਮਦਦ ਕਰਦੇ ਹਨ ਪਰ ਜ਼ਿਆਦਾਤਰ ਐਨ.ਆਰ.ਆਈ. ਕਾਰੋਬਾਰੀ ਉਨ੍ਹਾਂ ਦੀ ਜ਼ਿੰਦਗੀ ਨੂੰ ਅਮਰਵੇਲ ਵਾਂਗ ਚੂਸਦੇ ਭੋਰਾ ਵੀ ਰਹਿਮ ਨਹੀਂ ਕਰਦੇ।

ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦਾ ਇਕ ਹੋਰ ਮਾੜਾ ਪੱਖ ਪਰਵਾਸ ਕਰਨ ਵਾਲਿਆਂ ਦੀ ਉਮਰ ਬਾਰੇ ਹੈ। ਕੌਮਾਂਤਰੀ ਪਰਵਾਸ ਕਰਨ ਵਾਲਿਆਂ ਵਿਚੋਂ ਬਹੁਤ ਵੱਡੀ ਗਿਣਤੀ 15 ਤੋਂ 45 ਸਾਲ ਦੇ ਉਮਰ ਵਰਗ ਨਾਲ ਸਬੰਧਿਤ ਹੈ। ਇਹ ਉਹ ਉਮਰ ਹੈ ਜਿਸ ਵਿਚ ਕੰਮ ਕਰਨ ਦੀ ਸ਼ਕਤੀ/ਊਰਜਾ ਜ਼ਿਆਦਾ ਹੁੰਦੀ ਹੈ। ਇਸ ਉਮਰ ਵਰਗ ਨੂੰ ਕਿਸੇ ਵੀ ਮੁਲਕ ਦਾ ਜਨਸੰਖਿਅਕ ਲਾਭ-ਅੰਸ਼/ਸਾਰਥਿਕ ਪੱਖ ਮੰਨਿਆ ਜਾਂਦਾ ਹੈ। ਜੇ ਇਸ ਉਮਰ ਵਾਲੇ ਲੋਕ ਬਾਹਰਲੇ ਮੁਲਕਾਂ ਵਿਚ ਵਸ ਜਾਣਗੇ ਤਾਂ ਬਾਕੀਆਂ ਦੀ ਕਾਰਜ-ਕੁਸ਼ਲਤਾ ਘੱਟ ਹੋਣ ਕਾਰਨ ਜਿੱਥੇ ਮੁਲਕ ਦੀ ਤਰੱਕੀ ਰੁਕੇਗੀ, ਉਥੇ ਉਨ੍ਹਾਂ ਦੇ ਪਰਿਵਾਰਾਂ ਦੀ ਵੱਖ ਵੱਖ ਸੰਸਥਾਵਾਂ ਵਿਚ ਭਾਗੀਦਾਰੀ ਘੱਟ ਹੋਣ ਕਾਰਨ ਉਨ੍ਹਾਂ ਸੰਸਥਾਵਾਂ ਦਾ ਨਿਵਾਣ ਵੱਲ ਆਉਣਾ ਤੈਅ ਹੋ ਜਾਂਦਾ ਹੈ।

ਕੌਮਾਂਤਰੀ ਪਰਵਾਸ ਦੇ ਕਾਰਨਾਂ 'ਚੋਂ ਪ੍ਰਮੁੱਖ ਰੁਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਮਿਲਣ ਵਾਲੇ ਰੁਜ਼ਗਾਰ ਦਾ ਪੱਧਰ ਨੀਵਾਂ ਹੋਣਾ ਹੈ। ਮੁਲਕ ਦੇ ਆਜ਼ਾਦ ਹੋਣ ਬਾਅਦ ਯੋਜਨਾਬੰਦੀ ਦੇ ਸਮੇਂ (1951-80) ਦੌਰਾਨ ਜਨਤਕ ਖੇਤਰ ਦੇ ਅਦਾਰਿਆਂ ਦੀ ਸਥਾਪਤੀ, ਵਿਸਥਾਰ ਅਤੇ ਵਿਕਾਸ ਹੋਇਆ ਜਿਸ ਸਦਕਾ ਬਹੁਤ ਸਾਰੇ ਕਿਰਤੀਆਂ ਨੂੰ ਚੰਗੇ ਮਿਆਰ ਵਾਲ਼ਾ ਰੁਜ਼ਗਾਰ ਮਿਲਿਆ ਅਤੇ ਮੁਲਕ ਵਿਚ ਆਰਥਿਕ ਅਸਮਾਨਤਾਵਾਂ ਘਟੀਆਂ। 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੀਅਰ ਵਿਚ ਪਾ ਦਿੱਤਾ ਗਿਆ ਅਤੇ ਐਨ.ਡੀ.ਏ. ਦੀ ਹਕੂਮਤ ਨੇ ਤਾਂ ਇਸ ਦਾ ਭੋਗ ਪਾ ਕੇ ਨੀਤੀ ਆਯੋਗ ਬਣਾ ਦਿੱਤਾ। 1991 ਤੋਂ ਮੁਲਕ ਵਿਚ ਅਪਣਾਈਆਂ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨਵੀਆਂ ਆਰਥਿਕ ਨੀਤੀਆਂ ਕਾਰਨ ਬਹੁਤ ਜ਼ਿਆਦਾ ਅਮੀਰ 1 ਫੀਸਦ ਅਤੇ ਬਾਕੀ ਦੇ 99 ਫੀਸਦ ਲੋਕਾਂ ਵਿਚਕਾਰ ਆਰਥਿਕ ਅਸਮਾਨਤਾਵਾਂ ਵਧੀਆਂ, ਆਮ ਕਿਰਤੀਆਂ ਲਈ ਰੁਜ਼ਗਾਰ ਦੇ ਸਿਰਫ ਮੌਕੇ ਹੀ ਨਹੀਂ ਘਟੇ ਸਗੋਂ ਰੁਜ਼ਗਾਰ ਦਾ ਮਿਆਰ ਵੀ ਜ਼ਿਆਦਾ ਨਿਵਾਣ ਵੱਲ ਆਇਆ ਅਤੇ ਲਗਾਤਾਰ ਆ ਰਿਹਾ ਹੈ।

ਦੁਨੀਆ ਦੇ ਬਹੁਤੇ ਮੁਲਕਾਂ ਦੀਆਂ ਸਰਕਾਰਾਂ ਅਤੇ ਕਾਰਪੋਰੇਟ ਜਗਤ ਸਭ ਆਰਥਿਕ ਸਮੱਸਿਆਵਾਂ ਨੂੰ ਦੂਰ ਕਰਨ ਲਈ ਮੰਡੀ ਨੂੰ ਸੰਜੀਵਨੀ ਬੂਟੀ ਵਜੋਂ ਪ੍ਰਚਾਰ ਰਹੇ ਹਨ। 1930ਵਿਆਂ ਦੀ ਮਹਾਂਮੰਦੀ ਅਤੇ ਉਸ ਤੋਂ ਬਾਅਦ ਵੱਖ-ਵੱਖ ਸਮਿਆਂ ਉਤੇ ਵਾਪਰੀਆਂ ਘਟਨਾਵਾਂ ਇਹ ਸਿੱਧ ਕਰਦੀਆਂ ਹਨ ਕਿ ਬੇਰੋਕ ਅਤੇ ਬੇਲਗਾਮ ਮੰਡੀ ਪ੍ਰਬੰਧ ਹੀ ਬਹੁਤੀਆਂ ਆਰਥਿਕ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਭਾਰਤ ਵਿਚ 50 ਫੀਸਦ ਦੇ ਕਰੀਬ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉਪਰ ਨਿਰਭਰ ਹੈ ਜਿਸ ਨੂੰ ਰਾਸ਼ਟਰੀ ਆਮਦਨ ਵਿਚੋਂ 16 ਫੀਸਦ ਦੇ ਕਰੀਬ ਹਿੱਸਾ ਦਿੱਤਾ ਜਾ ਰਿਹਾ ਹੈ। ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਕਾਰਨ ਤਕਰੀਬਨ ਸਾਰੇ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਦੇ ਬੋਝ ਅਤੇ ਘੋਰ ਗਰੀਬੀ ਕਾਰਨ ਜਾਂ ਤੰਗੀਆਂ-ਤੁਰਸੀਆਂ ਵਾਲੀ ਮੌਤ ਮਰ ਰਹੇ ਹਨ ਜਾਂ ਜਦੋਂ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖੁਦਕੁਸ਼ੀਆਂ ਵੀ ਕਰ ਰਹੇ ਹਨ। ਇਨ੍ਹਾਂ ਕਾਰਨਾਂ ਕਰ ਕੇ ਹੀ ਕਿਸਾਨਾਂ ਦੇ ਬੱਚੇ ਵੱਡੀ ਗਿਣਤੀ ਵਿਚ ਬਾਹਰਲੇ ਮੁਲਕਾਂ ਨੂੰ ਪਰਵਾਸ ਕਰ ਰਹੇ ਹਨ। ਨਵੇਂ ਖੇਤੀਬਾੜੀ ਕਾਨੂੰਨ ਇਸ ਖੇਤਰ ਉਪਰ ਨਿਰਭਰ ਪਰਿਵਾਰਾਂ ਵਿਚੋਂ ਕੌਮਾਂਤਰੀ ਪਰਵਾਸ ਨੂੰ ਹੋਰ ਵਧਾਉਣਗੇ।

ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦੇ ਮਾਮਲੇ ਵਿਚ ਬੌਧਿਕ ਹੂੰਝੇ (ਬਰੇਨ ਡਰੇਨ), ਪੂੰਜੀ ਹੂੰਝੇ (ਕੈਪੀਟਲ ਡਰੇਨ), ਜਨਸੰਖਿਅਕ ਲਾਭ-ਅੰਸ਼ ਅਤੇ ਹੋਰ ਨੁਕਸਾਨਾਂ ਨੂੰ ਦੇਖਦੇ ਹੋਏ ਸਮੇਂ ਦੀ ਲੋੜ ਹੈ ਕਿ ਮੁਲਕ ਵਿਚ ਅਪਣਾਏ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਦੀ ਜਗ੍ਹਾ ਲੋਕ ਅਤੇ ਕੁਦਰਤ ਪੱਖੀ ਆਰਥਿਕ ਵਿਕਾਸ ਅਪਣਾਇਆ ਜਾਵੇ। ਇਸ ਲਈ ਜ਼ਰੂਰੀ ਹੈ ਕਿ ਬੇਅੰਤ ਅਮੀਰ 1 ਫੀਸਦ ਲੋਕਾਂ ਉਪਰ ਕਰ ਵਧਾਏ ਜਾਣ ਅਤੇ ਉਨ੍ਹਾਂ ਨੂੰ ਉਗਰਾਹੁਣਾ ਯਕੀਨੀ ਬਣਾ ਕੇ ਪ੍ਰਾਪਤ ਆਮਦਨ ਲੋਕ ਭਲਾਈ ਲਈ ਵਰਤਿਆ ਜਾਵੇ। ਲੋਕ ਪੱਖੀ ਆਰਥਿਕ ਵਿਕਾਸ ਮਾਡਲ ਅਪਣਾਉਣ ਲਈ ਜ਼ਰੂਰੀ ਹੈ ਕਿ ਜਨਤਕ ਖੇਤਰ ਦਾ ਪਸਾਰ ਤੇ ਵਿਕਾਸ ਕੀਤਾ ਜਾਵੇ ਅਤੇ ਪ੍ਰਾਈਵੇਟ ਖੇਤਰ ਦੇ ਕੰਮਕਾਜ ਦੀ ਨਿਗਰਾਨੀ ਅਤੇ ਕੰਟਰੋਲ ਯਕੀਨੀ ਬਣਾਇਆ ਜਾਵੇ। ਮੁਲਕ ਵਿਚ ਹਰ ਤਰ੍ਹਾਂ ਦੇ ਰੁਜ਼ਗਾਰ ਤੇ ਉਸ ਦਾ ਮਿਆਰ ਵਧਾਇਆ ਜਾਵੇ ਅਤੇ ਇਸ ਬਾਰੇ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਇਕਾਈਆਂ ਨੂੰ ਵੱਖ-ਵੱਖ ਤਰੀਕਿਆਂ ਨਾਲ ਉਤਸ਼ਾਹਤ ਕੀਤਾ ਜਾਣਾ ਜ਼ਰੂਰੀ ਹੈ। ਜਨਸੰਖਿਅਕ ਲਾਭ-ਅੰਸ਼ ਦਾ ਮਿਆਰ ਉਚਾ ਚੁੱਕਣ ਲਈ ਜ਼ਰੂਰੀ ਹੈ ਕਿ ਵਿੱਦਿਅਕ ਅਤੇ ਸਿਹਤ ਸੇਵਾਵਾਂ ਵਿਚ ਵੱਡੇ ਸੁਧਾਰ ਲਿਆਂਦੇ ਜਾਣ। ਅਜਿਹਾ ਕਰਨ ਲਈ ਸਾਰੇ ਨਾਗਰਿਕਾਂ ਨੂੰ ਮਿਆਰੀ ਵਿੱਦਿਅਕ ਅਤੇ ਸਿਹਤ ਸੇਵਾਵਾਂ ਸਰਕਾਰ ਦੁਆਰਾ ਮੁਫਤ ਦੇਣੀਆਂ ਬਣਦੀਆਂ ਹਨ। ਸਰਕਾਰ ਸਮਾਜਿਕ ਸੁਰੱਖਿਆ ਦੇ ਉਪਾਵਾਂ ਦਾ ਦਾਇਰਾ ਵਧਾਉਂਦੇ ਹੋਏ ਇਹ ਯਕੀਨੀ ਬਣਾਵੇ ਕਿ ਮੁਲਕ ਦਾ ਹਰ ਨਾਗਰਿਕ ਸੁਖੀ ਰਹਿ ਸਕੇ।

# ਲੀਹੋਂ ਲੱਥਾ ਆਰਥਿਕ ਵਿਕਾਸ ਅਤੇ ਸਰਕਾਰ ਦਾ ਰਵੱਈਆ

ਭਾਰਤ ਦੇ ਆਰਥਿਕ ਵਿਕਾਸ ਵਿਚ 1980 ਤੋਂ ਬਾਅਦ ਤੇਜ਼ੀ ਆਉਣ ਲੱਗ ਪਈ ਤੇ ਇਹ ਰਫਤਾਰ 2002 ਤੋਂ ਵਧ ਗਈ। ਰਫਤਾਰ ਸਾਲਾਨਾ 8-9% ਤਕ ਪਹੁੰਚ ਗਈ ਅਤੇ 2003-04 ਤੋਂ ਲੈ ਕੇ 2013-14 ਤੱਕ 9 ਸਾਲਾਂ ਦੌਰਾਨ ਜਾਰੀ ਰਹੀ। ਵਿਕਾਸ ਦੀ ਇਹ ਦਰ 2008-09 ਵਿਚ ਕੌਮਾਂਤਰੀ ਮੰਦੀ ਕਾਰਨ ਘਟ ਕੇ 4% ਹੋ ਗਈ ਸੀ ਅਤੇ 2009-10 ਵਿਚ ਫਿਰ ਵਧ ਕੇ 9% ਹੋ ਗਈ ਸੀ। ਵਿਕਾਸ ਦਰ ਵਿਚ 2013-14 ਵਿਚ ਉਸ ਸਮੇਂ ਫਿਰ ਗਿਰਾਵਟ ਆਈ ਜਦੋਂ ਸਰਕਾਰੀ ਤੰਤਰ ਵਿਚ ਫੈਲੇ ਵਿਆਪਕ ਭ੍ਰਿਸ਼ਟਾਚਾਰ ਖਿਲਾਫ

**ਸੁੱਚਾ ਸਿੰਘ ਗਿੱਲ**
ਫੋਨ: +91-98550-82857

ਦੇਸ਼ ਵਿਆਪੀ ਲਹਿਰ ਚੱਲ ਪਈ ਅਤੇ ਮੁਲਕ ਵਿਚ ਅਨਿਸ਼ਚਿਤਤਾ ਵਾਲਾ ਮਾਹੌਲ ਪੈਦਾ ਹੋ ਗਿਆ ਸੀ। ਇਸ ਦਾ ਫਾਇਦਾ ਉਠਾ ਕੇ ਬੀ.ਜੇ.ਪੀ. ਦੀ ਅਗਵਾਈ ਵਿਚ ਮੋਦੀ ਸਰਕਾਰ ਕੇਂਦਰ ਵਿਚ ਬਣ ਗਈ। ਇਸ ਤੋਂ ਬਾਅਦ ਆਰਥਿਕ ਵਿਕਾਸ ਦੀ ਦਰ 6% ਤੋਂ ਵਧ ਕੇ 7% ਹੋ ਗਈ ਸੀ ਪਰ ਦੇਸ਼ ਵਿਚ ਵਧ ਰਹੇ ਬੈਂਕ ਘੁਟਾਲਿਆਂ ਕਾਰਨ ਆਰਥਿਕ ਵਿਕਾਸ ਪਹਿਲੇ ਵਾਲੀ ਤੇਜ਼ੀ ਨਾ ਫੜ ਸਕਿਆ। ਆਰਥਿਕ ਵਿਕਾਸ ਦੀ ਦਰ ਨੂੰ ਕੌਮੀ ਆਮਦਨ ਦੇ ਮਾਪਦੰਡ ਨਾਲ ਹੀ ਮਾਪਿਆ ਗਿਆ ਹੈ।

ਇਸ ਤੋਂ ਬਾਅਦ 2016 ਦੀ ਨੋਟਬੰਦੀ ਦੇ ਝਟਕੇ ਨੇ ਛੋਟੇ ਵਪਾਰ ਅਤੇ ਛੋਟੀਆਂ ਉਦਯੋਗਿਕ ਇਕਾਇਆਂ ਦੀ ਰੀੜ੍ਹ ਦੀ ਹੱਡੀ ਤੋੜ ਦਿਤੀ। ਇਸ ਉਪਰ ਦੂਜੀ ਸੱਟ ਬੇਹੂਦਾ ਤਰੀਕੇ ਨਾਲ ਲਾਗੂ ਕੀਤੇ ਜੀ.ਐਸ.ਟੀ. ਸਿਸਟਮ ਨੇ ਮਾਰੀ ਜਿਸ ਕਾਰਨ ਆਰਥਿਕ ਵਿਕਾਸ ਹੋਰ ਥਿੜਕਣ ਲੱਗ ਪਿਆ। ਇਸ ਵਿਚੋਂ ਬਾਹਰ ਨਿਕਲਣ ਵਾਸਤੇ ਸਰਕਾਰ ਕੋਈ ਠੋਸ ਯੋਜਨਾ ਨਾ ਬਣਾ ਸਕੀ। ਯੋਜਨਾ ਕਮਿਸ਼ਨ ਤਾਂ ਮੋਦੀ ਸਰਕਾਰ ਨੇ 2015 ਵਿਚ ਹੀ ਖਤਮ ਕਰ ਦਿੱਤਾ ਸੀ। ਆਰਥਿਕ ਮਸਲਿਆਂ ਦਾ ਹੱਲ ਕਰਨ ਦੀ ਬਜਾਏ ਬੀ.ਜੇ.ਪੀ. ਲੋਕਾਂ ਨੂੰ ਧਰਮ ਦੇ ਨਾਮ ਤੇ ਵੰਡਣ ਵਿਚ ਮਸਰੂਫ ਰਹੀ। ਇਸ ਆਧਾਰ ਤੇ ਇਸ ਨੇ 2019 ਵਿਚ ਚੋਣਾਂ ਤਾਂ ਜਿੱਤ ਲਈਆਂ ਪਰ ਆਰਥਿਕ ਵਿਵਸਥਾ ਨੂੰ ਠੋਸ ਲੀਹਾਂ ਤੇ ਪਾਉਣ ਵਿਚ ਕਾਮਯਾਬ ਨਾ ਹੋ ਸਕੀ। 2020 ਦੇ ਆਉਂਦਿਆਂ ਹੀ ਦੇਸ਼ ਨੂੰ ਕਰੋਨਾ ਮਹਾਮਾਰੀ ਨੇ ਫੜ ਲਿਆ। ਆਰਥਿਕਤਾ ਨੂੰ ਇਹ ਬਹੁਤ ਵੱਡਾ ਝਟਕਾ ਸੀ ਪਰ ਇਸ ਮਹਾਮਾਰੀ ਨੂੰ ਜਿਸ ਤਰੀਕੇ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ, ਇਸ ਨੇ ਆਰਥਿਕਤਾ ਦੀਆਂ ਚੂਲਾਂ ਹਲਾ ਦਿਤੀਆਂ। ਸਰਕਾਰ ਨੇ ਲੌਕਡਾਊਨ ਲਗਾ ਦਿਤਾ ਜੋ ਇਕ ਮਹੀਨੇ ਬਾਅਦ ਫਿਰ ਵਧਾ ਦਿਤਾ। ਇਸ ਤੋਂ ਪਹਿਲੇ ਮਹੀਨੇ ਦੀਆਂ ਉਜਰਤਾਂ ਮਿੱਲ ਮਾਲਕਾਂ ਨੇ ਮਜ਼ਦੂਰਾਂ ਨੂੰ ਅਦਾ ਨਹੀਂ ਕੀਤੀਆਂ ਅਤੇ ਸਰਕਾਰ ਨੇ ਮਜ਼ਦੂਰਾਂ ਦੀ ਲੋੜੀਂਦੀ ਮਦਦ ਵੀ ਨਾ ਕੀਤੀ। ਰੇਲ ਸੇਵਾਵਾਂ ਬੰਦ ਹੋਣ ਕਾਰਨ ਮਜ਼ਦੂਰ ਯੂ.ਪੀ., ਬਿਹਾਰ ਵਿਚ ਆਪਣੇ ਪਿੰਡਾਂ ਵੱਲ ਪੈਦਲ ਚੱਲ ਪਏ। ਇਨ੍ਹਾਂ ਵਿਚੋਂ ਕੁਝ ਗਰਮੀ, ਭੁਖ ਅਤੇ ਪਿਆਸ ਨਾਲ ਮੌਤ ਦਾ ਸ਼ਿਕਾਰ ਹੋ ਗਏ, ਕੁਝ ਰੇਲ ਪਟੜੀ ਤੇ ਥੱਕੇ ਟੁਟੇ ਸੁੱਤੇ ਪਏ ਮਾਲ ਗੱਡੀ ਨਾਲ ਕੱਟਣ ਕਰ ਕੇ ਪਰਲੋਕ ਸਧਾਰ ਗਏ। ਪੈਦਲ ਜਾਂਦੇ ਮਜ਼ਦੂਰਾਂ ਉਪਰ ਜ਼ਹਿਰੀਲੀ ਗੈਸ ਦਾ ਛਿੜਕਾਅ ਕੀਤਾ ਗਿਆ। ਲੌਕਡਾਊਨ ਬਾਅਦ ਅੱਧ-ਪਚੱਧੇ ਮਜ਼ਦੂਰ ਹੀ ਵਾਪਸ ਪਰਤੇ। ਸੈਂਟਰ ਫਾਰ ਮੌਨੀਟਰਿੰਗ ਇੰਡੀਅਨ ਇਕਾਨਮੀ, ਮੁੰਬਈ ਅਨੁਸਾਰ ਜੂਨ 2020 ਨੂੰ ਦੇਸ਼ ਵਿਚ ਬੇਰੁਜ਼ਗਾਰੀ ਦੀ ਦਰ 24% ਦੇ ਕਰੀਬ ਸੀ। ਇਸ ਅਨੁਸਾਰ 12 ਕਰੋੜ ਦੇ ਲਗਭਗ ਲੋਕ ਬੇਰੁਜ਼ਗਾਰੀ ਦੀ ਮਾਰ ਹੇਠ ਆ ਗਏ ਸਨ। ਲੌਕਡਾਊਨ ਖੁੱਲ੍ਹਣ ਬਾਅਦ ਵੀ ਬੇਰੁਜ਼ਗਾਰਾਂ ਦੀ ਗਿਣਤੀ 7-8 ਕਰੋੜ ਰਹਿ ਜਾਣ ਦਾ ਅਨੁਮਾਨ ਹੈ। ਇਸ ਕਾਰਨ ਆਰਥਿਕਤਾ ਵਿਕਾਸ ਕਰਨ ਦੇ ਬਜਾਏ 2019-20 ਦੇ ਮੁਕਾਬਲੇ 7.7% ਸੁੰਗੜਨ ਦਾ ਸਰਕਾਰੀ ਅਨੁਮਾਨ ਹੈ; ਭਾਵ ਦੇਸ਼ ਦੀ ਕੁੱਲ ਆਮਦਨ ਪਹਿਲੇ ਨਾਲੋਂ ਘਟ ਗਈ ਹੈ।

ਨੋਟ ਕਰਨ ਵਾਲੀ ਗੱਲ ਹੈ ਕਿ 1991-92 'ਚ ਕੁੱਲ ਆਮਦਨ ਇਕ ਟ੍ਰਿਲੀਅਨ ਅਮਰੀਕਨ ਡਾਲਰ ਤੋਂ ਘੱਟ ਸੀ। ਇਹ 2013-14 ਵਿਚ ਵੱਧ ਕੇ 3 ਟ੍ਰਿਲੀਅਨ ਅਮਰੀਕਨ ਡਾਲਰ ਤੇ ਪਹੁੰਚ ਗਈ ਸੀ। ਉਸ ਵਕਤ 65 ਰੁਪਏ ਖਰਚ ਕੇ ਇਕ ਡਾਲਰ ਮਿਲ ਜਾਂਦਾ ਸੀ। ਹੁਣ ਇਕ ਡਾਲਰ 75 ਰੁਪਏ ਤੋਂ ਵੀ ਮਹਿੰਗਾ ਹੋ ਗਿਆ ਹੈ। ਰੁਪਇਆਂ ਵਿਚ ਭਾਰਤ ਦੀ ਆਰਥਿਕਤਾ 7.7% ਹੇਠਾਂ ਡਿੱਗ ਪਈ ਹੈ। ਇਸ ਕਾਰਨ ਗਲੋਬਲ ਆਰਥਿਕਤਾ ਵਿਚ ਭਾਰਤ ਨੰਬਰ ਪੰਜਵੇਂ ਸਥਾਨ ਤੋਂ ਖਿਸਕ ਕੇ ਛੇਵੇਂ ਸਥਾਨ ਤੇ ਪਹੁੰਚ ਗਿਆ ਹੈ। ਪਿਛਲੇ ਸਾਲ ਸਾਡੇ ਨਾਲੋਂ ਅੱਗੇ ਅਮਰੀਕਾ, ਚੀਨ, ਜਾਪਾਨ ਤੇ ਜਰਮਨੀ ਸਨ; ਹੁਣ ਬਰਤਾਨੀਆ ਵੀ ਅੱਗੇ ਨਿਕਲ ਗਿਆ ਹੈ। ਇਥੇ ਹੀ ਬੱਸ ਨਹੀਂ, ਨੈਸ਼ਨਲ ਫੈਮਿਲੀ ਅਤੇ ਹੈਲਥ ਸਰਵੇ-5 ਦੀ ਰਿਪੋਰਟ 2019-20 ਅਨੁਸਾਰ ਦੇਸ਼ ਦੇ ਲਗਭਗ ਅੱਧੇ ਬੱਚੇ ਅਤੇ ਔਰਤਾਂ ਕੁਪੋਸ਼ਣ ਦਾ ਸ਼ਿਕਾਰ ਹਨ। ਇਸ ਕਰ ਕੇ ਬੱਚੇ ਅਧੂਰੇ ਮਾਨਸਿਕ ਅਤੇ ਭੌਤਿਕ ਵਿਕਾਸ ਦਾ ਸ਼ਿਕਾਰ ਹਨ। ਗਲੋਬਲ ਭੁੱਖ ਸੂਚਕ ਅੰਕ ਅਨੁਸਾਰ 2020 ਵਿਚ ਭਾਰਤ 102 ਦੇਸ਼ਾ ਵਿਚੋਂ 94 ਸਥਾਨ ਸੀ। ਇਸ ਮਾਮਲੇ ਵਿਚ ਸਾਡੇ ਗੁਆਂਢੀ ਦੇਸ਼ ਨੇਪਾਲ, ਬੰਗਲਾਦੇਸ਼ ਅਤੇ ਪਾਕਿਸਤਾਨ ਸਾਡੇ ਨਾਲੋਂ ਅੱਗੇ ਨਿਕਲ ਗਏ ਹਨ। ਕਿਸਾਨ ਦਿੱਲੀ ਦੀਆਂ ਬਰੂਹਾਂ ਤੇ ਬੈਠੇ ਆਪਣੀਆਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਪ੍ਰਾਪਤੀ ਅਤੇ ਖੇਤੀ ਕਾਨੂੰਨਾਂ ਦੀ ਵਾਪਸੀ ਲਈ ਮੋਰਚਾ ਲਗਾਈ ਬੈਠੇ ਹਨ ਅਤੇ ਸਰਕਾਰ ਵਾਧੂ ਅਨਾਜ ਦੇ ਭੰਡਾਰਾਂ ਦਾ ਰਾਗ ਅਲਾਪ ਕੇ ਆਪਣੀ ਜ਼ਿੱਦ ਨਹੀਂ ਛਡ ਰਹੀ।

ਆਰਥਿਕ ਵਿਕਾਸ ਵਲ ਮੁੜਦਿਆਂ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਕੋਵਿਡ-19 ਮਹਾਮਾਰੀ ਦੇ ਦੌਰ ਵਿਚ ਖੇਤੀ ਨੂੰ ਛੱਡ ਕੇ ਬਾਕੀ ਸਾਰੇ ਸੈਕਟਰਾਂ ਦਾ ਵਿਕਾਸ ਨੈਗੇਟਿਵ ਰਿਹਾ ਹੈ



ਅਤੇ ਇਸੇ ਸੈਕਟਰ ਦੀ ਆਰਥਿਕ ਪ੍ਰਕਿਰਿਆ ਨੂੰ ਮਾਰਨ ਵਾਲੇ ਖੇਤੀ ਕਾਨੂੰਨ ਸਰਕਾਰ ਨੇ ਪਾਸ ਕਰ ਦਿਤੇ। ਇਸ ਨਾਲ ਕਿਸਾਨ ਆਸ਼ਾਂਤ ਹੋ ਕੇ ਅੰਦੋਲਨ ਦੇ ਰਾਹ ਤੁਰ ਪਏ ਹਨ। ਕਾਰਪੋਰੇਟ ਸੈਕਟਰ ਖੇਤੀ ਵਪਾਰ ਅਤੇ ਪੈਦਾਵਾਰ ਉਪਰ ਕੰਟਰੋਲ ਕਰਨ ਦੇ ਰਸਤੇ ਪੈ ਰਿਹਾ ਹੈ। ਉਹ ਸਰਕਾਰੀ ਜਾਇਦਾਦ ਅਤੇ ਕੰਪਨੀਆਂ ਖਰੀਦ ਰਿਹਾ ਹੈ। ਇਸ ਨੂੰ ਨਵੇਂ ਪੂੰਜੀ ਨਿਵੇਸ਼ ਵਲ ਤੋਰਨ ਦੀ ਲੋੜ ਹੈ। ਸਰਕਾਰੀ ਨਿਵੇਸ਼ ਅਤੇ ਪ੍ਰਾਈਵੇਟ ਨਿਵੇਸ਼ ਇਕ ਦੂਜੇ ਦੇ ਪੂਰਕ ਹਨ। ਪਿਛਲੇ 6-7 ਸਾਲਾਂ ਤੋਂ ਸਰਕਾਰੀ ਨਿਵੇਸ਼ ਦਰ ਸਿਫਰ ਤੋਂ ਵੀ ਹੇਠਾਂ ਪਹੁੰਚ ਗਈ ਹੈ। ਸਰਕਾਰੀ ਨਿਵੇਸ਼ ਦੀ ਦਰ ਮਨਫੀ ਵਿਚ ਜਾਣ ਕਾਰਨ ਪਬਲਿਕ ਸੇਵਾਵਾਂ ਦੀ ਹਾਲਤ ਕਾਫੀ ਖਰਾਬ ਨਹੀਂ ਹੋਈ ਸਗੋਂ ਇਹ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਇਸ ਕਾਰਨ ਮਾਈਕਰੋ ਅਤੇ ਛੋਟੀਆਂ ਇਕਾਈਆਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਖੇਤੀ ਖੇਤਰ ਸਰਕਾਰੀ ਨਿਵੇਸ਼ ਦੀ ਬੇਰੁਖੀ ਦਾ ਸ਼ਿਕਾਰ ਹੈ। ਸਰਕਾਰ ਖੇਤੀ ਜਿਣਸਾਂ ਦੀ ਆਪਣੇ ਵਲੋਂ ਖਰੀਦ ਅਤੇ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਰਾਹੀਂ ਭੰਡਾਰਨ ਤੋਂ ਭੱਜ ਰਹੀ ਹੈ ਅਤੇ ਇਹ ਕੰਮ ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਨੂੰ ਦੇਣ ਵਾਸਤੇ ਕਾਨੂੰਨ ਪਾਸ ਕਰ ਚੁੱਕੀ ਹੈ। ਇਸ ਨਾਲ ਜਿਥੇ ਕਿਸਾਨੀ ਦਾ ਨੁਕਸਾਨ ਹੋਵੇਗਾ, ਉਸ ਨਾਲ ਖੇਤੀ ਦੇ ਵਿਕਾਸ ਉਪਰ ਮਾੜਾ ਅਸਰ ਪਵੇਗਾ। ਇਸ ਕਰ ਕੇ ਆਉਣ ਵਾਲੇ 2021-22 ਦੇ ਬਜਟ ਦੀ ਦਿਸ਼ਾ ਬਦਲਣ ਦੀ ਲੋੜ ਹੈ। ਸਰਕਾਰੀ ਕੰਪਨੀਆਂ ਜਿਵੇਂ ਬੈਂਕ, ਰੇਲਵੇ, ਐਫ.ਸੀ.ਆਈ. ਆਦਿ ਨੂੰ ਵੇਚਣ ਦੀ ਨੀਤੀ ਨੂੰ ਛਡ ਕੇ ਉਨ੍ਹਾਂ ਨੂੰ ਮਜ਼ਬੂਤ ਕਰਨ ਵਲ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਸਰਕਾਰੀ ਕੰਪਨੀਆਂ ਆਮ ਲੋਕਾਂ ਨੂੰ ਸਹੂਲਤਾਂ ਦੇ ਸਕਣ ਅਤੇ ਨਾਲ ਹੀ ਪ੍ਰਾਈਵੇਟ ਕੰਪਨੀਆਂ ਨੂੰ ਟੱਕਰ ਦੇ ਕੇ ਖਪਤਕਾਰਾਂ ਨੂੰ ਬੇਲੋੜੀ ਲੁੱਟ ਤੋਂ ਬਚਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਜਿਹੜਾ ਨਿਵੇਸ਼ ਪ੍ਰਾਈਵੇਟ ਕੰਪਨੀਆਂ ਸਰਕਾਰੀ ਕੰਪਨੀਆਂ ਨੂੰ ਖਰੀਦਣ ਤੇ ਲਾ ਰਹੀਆਂ ਹਨ, ਉਸ ਨਾਲ ਨਵੀਆਂ ਕੰਪਨੀਆਂ ਲਾ ਸਕਦੀਆਂ ਹਨ। ਇਸ ਨਾਲ ਆਰਥਿਕ ਵਿਕਾਸ ਦੀ ਦਰ ਵਿਚ ਜਿਥੇ ਤੇਜ਼ੀ ਆਏਗੀ, ਉਥੇ ਰੁਜ਼ਗਾਰ ਵਿਚ ਵੀ ਵਾਧਾ ਹੋਵੇਗਾ। ਇਸ ਤਰੀਕੇ ਨਾਲ ਪੂੰਜੀ ਨਿਵੇਸ਼ ਦੀ ਦਰ ਵਿਚ ਵਾਧਾ ਵੀ ਹੋ ਸਕੇਗਾ।

ਜਦੋਂ ਦੇਸ਼ 8-9% ਦੀ ਸਾਲਾਨਾ ਦਰ ਨਾਲ ਵਿਕਾਸ ਕਰ ਰਿਹਾ ਸੀ, ਉਸ ਵਕਤ 33-34% ਦੇਸ਼ ਦੀ ਆਮਦਨ ਪੂੰਜੀ ਨਿਵੇਸ਼ ਵਿਚ ਲਗ ਰਹੀ ਸੀ। ਇਹ ਕੋਵਿਡ-19 ਤੋਂ ਪਹਿਲਾਂ ਘਟ ਕੇ ਦੇਸ਼ ਦੀ ਆਮਦਨ ਦਾ 24-25% ਹੀ ਰਹਿ ਗਿਆ। ਇਸ ਨੂੰ ਵਧਾਉਣ ਵਾਸਤੇ ਜ਼ਰੂਰੀ ਹੈ ਕਿ ਸਰਕਾਰੀ ਨਿਵੇਸ਼ ਅਤੇ ਪ੍ਰਾਇਵੇਟ ਨਿਵੇਸ਼ ਵਿਚ ਵਾਧਾ ਹੋਵੇ। ਪ੍ਰਾਈਵੇਟ ਨਿਵੇਸ਼ ਵਿਚ ਵਾਧਾ ਸਿਰਫ ਕਾਰਪੋਰਟ ਕੰਪਨੀਆਂ ਵਿਚ ਹੀ ਨਹੀਂ ਸਗੋਂ ਛੋਟੇ ਧੰਦਿਆਂ ਅਤੇ ਕਾਰੋਬਾਰਾਂ ਵਿਚ ਵੀ ਓਨਾ ਹੀ ਜ਼ਰੂਰੀ ਹੈ। ਗੈਰ-ਕਾਰਪੋਰੇਟ ਸੈਕਟਰ ਨੂੰ ਉਤਸ਼ਾਹਿਤ ਕਰਨ ਵਾਸਤੇ ਸਪੈਸ਼ਲ ਪ੍ਰੋਗਰਾਮ ਬਣਾਏ ਜਾ ਸਕਦੇ ਹਨ। ਸਰਕਾਰੀ ਪ੍ਰੋਗਰਾਮ ਚਲਾਉਣ ਵਾਸਤੇ ਸੁਪਰ ਅਮੀਰਾਂ ਤੋਂ ਟੈਕਸ ਵਸੂਲਣੇ ਬਣਦੇ ਹਨ। ਇਸ ਵਕਤ ਦੇਸ਼ ਦੇ 742 ਵਿਆਕਤੀਆਂ ਕੋਲ ਦੇਸ਼ ਦੀ ਕੁੱਲ ਆਮਦਨ ਦਾ 40% ਹਿੱਸਾ ਹੈ। ਇਨ੍ਹਾਂ ਕੋਲੋਂ ਟੈਕਸ ਰਾਹੀਂ ਪੈਸੇ ਇਕੱਠੇ ਕਰ ਕੇ ਸਰਕਾਰੀ ਨਿਵੇਸ਼ ਵਧਾਇਆ ਜਾ ਸਕਦਾ ਹੈ। ਇਹ ਨੀਤੀ ਪ੍ਰਾਈਵੇਟ ਨਿਵੇਸ਼ ਵੀ ਵਧਾਏਗੀ।

ਸਰਕਾਰੀ ਤੇ ਗੈਰ-ਸਰਕਾਰੀ ਨਿਵੇਸ਼ ਦੀ ਦਿਸ਼ਾ ਇਉਂ ਤੈਅ ਕਰਨੀ ਪਵੇਗੀ ਜਿਸ ਨਾਲ ਰੁਜ਼ਗਾਰ ਦੇ ਮੌਕੇ ਵਧਣ। ਇਹ ਮੌਕੇ ਪ੍ਰਾਈਵੇਟ ਕਾਰਪੋਰੇਟ ਸੈਕਟਰ ਪੈਦਾ ਨਹੀਂ ਕਰ ਸਕਦਾ ਕਿਉਂਕਿ ਇਹ ਪੂੰਜੀ ਪ੍ਰਧਾਨ ਆਟੋ ਤਕਨੀਕ ਅਪਨਾਉਂਦੇ ਹਨ। ਇਹ ਕਾਰਜ ਮਾਈਕਰੋ ਤੇ ਛੋਟੇ ਕਾਰੋਬਾਰ, ਉਦਯੋਗਿਕ ਇਕਾਈਆਂ ਤੇ ਖੇਤੀ ਖੇਤਰਾਂ ਦੇ ਨਾਲ ਸਰਕਾਰੀ ਸਿਖਿਆ ਅਤੇ ਸਰਕਾਰੀ ਸਿਹਤ ਸੰਸਥਾਵਾਂ ਵਿਚ ਹੀ ਪੈਦਾ ਕੀਤੇ ਜਾ ਸਕਦੇ ਹਨ। ਸਮਾਜਿਕ ਸੁਰੱਖਿਆ ਵਾਲੇ ਪ੍ਰੋਗਰਾਮ ਜਿਵੇਂ ਮਗਨਰੇਗਾ, ਸਸਤਾ ਰਾਸ਼ਨ, ਬੁਢਾਪਾ ਪੈਨਸ਼ਨ ਇਸ ਵਕਤ ਬਹੁਤ ਜ਼ਰੂਰੀ ਹਨ। ਕੋਵਿਡ-19 ਤਜਰਬੇ ਨੇ ਸਾਬਤ ਕਰ ਦਿਤਾ ਹੈ ਕਿ ਮੁਸ਼ਕਿਲ ਸਮੇਂ ਸਰਕਾਰੀ ਖੇਤਰ ਹੀ ਲੋਕਾਂ ਦੀ ਮਦਦ ਕਰ ਸਕਦਾ ਹੈ। ਇਸ ਕਰ ਕੇ ਸਰਕਾਰੀ ਕੰਪਨੀਆਂ, ਸਰਕਾਰੀ ਸਕੂਲ, ਸਰਕਾਰੀ ਸਿਹਤ ਸੇਵਾਵਾਂ, ਸਰਕਾਰੀ ਬੈਂਕ ਅਤੇ ਸਰਕਾਰੀ ਨੌਕਰੀਆਂ ਹੀ ਮੁਆਫਿਕ ਰਹਿੰਦੀਆਂ ਹਨ। ਇਸ ਪ੍ਰਕਿਰਿਆ ਨਾਲ ਨੌਕਰੀਆਂ ਵੀ ਵਧਣਗੀਆਂ, ਰੁਜ਼ਗਾਰ ਦੀ ਗੁਣਵੱਤਾ ਵੀ ਠੀਕ ਹੋਵੇਗੀ। ਇਸ ਰਸਤੇ ਚਲਣ ਨਾਲ ਆਮਦਨ ਵਿਚ ਵਧ ਰਹੀ ਕਾਣੀ ਵੰਡ ਘਟਾਈ ਜਾ ਸਕਦੀ ਹੈ। ਇਸ ਇਸ ਨਾਲ ਆਰਥਿਕ ਵਿਕਾਸ ਵਿਚ ਤੇਜ਼ੀ ਵੀ ਆ ਸਕਦੀ ਹੈ ਅਤੇ ਵਿਕਾਸ ਦੀ ਦਰ ਨੂੰ ਟਿਕਾਊ ਬਣਾਇਆ ਜਾ ਸਕਦਾ ਹੈ। ਵਿਕਾਸ ਨੂੰ ਟਿਕਾਊ ਰੱਖਣ ਲਈ ਆਰਥਿਕ ਕਿਰਿਆਵਾਂ ਨੂੰ ਦੇਸ਼ ਦੇ ਕੁਦਰਤੀ ਸੋਮਿਆਂ ਮੁਤਾਬਿਕ ਢਾਲਿਆ ਜਾਵੇ। ਇਹ ਕੰਮ ਕਾਰਪੋਰੇਟ ਕੰਪਨੀਆਂ ਤੇ ਨਹੀਂ ਛੱਡਿਆ ਜਾ ਸਕਦਾ। ਇਹ ਕੰਪਨੀਆਂ ਮੁਨਾਫੇ ਦੀ ਦੌੜ ਵਿਚ ਇਨ੍ਹਾਂ ਸੋਮਿਆਂ ਨੂੰ ਤਬਾਹ ਕਰ ਦਿੰਦੀਆਂ ਹਨ। ਇਸ ਕਰ ਕੇ ਵਿਕਾਸ ਕਾਰਜਾਂ ਵਿਚ ਆਮ ਲੋਕਾਂ ਦੀ ਸ਼ਮੂਲੀਅਤ ਪਿੰਡਾਂ ਅਤੇ ਸ਼ਹਿਰਾਂ ਵਿਚ ਵਾਰਡ ਪੱਧਰ ਤੇ ਫੈਸਲਿਆਂ ਵਿਚ ਅਤੇ ਫੈਸਲਿਆਂ ਨੂੰ ਲਾਗੂ ਕਰਨ ਤਕ ਚਾਹੀਦੀ ਹੈ।

ਲੀਹੋਂ ਲੱਥੇ ਆਰਥਿਕ ਵਿਕਾਸ ਨੂੰ ਠੀਕ ਕਰਨ ਦਾ ਇਹੋ ਤਰੀਕਾ ਹੈ ਕਿ ਇਸ ਨੂੰ ਕਾਰਪੋਰੇਟ ਪੱਖੀ ਤੋਂ ਬਦਲ ਕੇ ਲੋਕ ਪੱਖੀ ਬਣਾਇਆ ਜਾਵੇ; ਲੋਕਾਂ ਨੂੰ ਹਿੱਸੇਦਾਰ ਬਣਾਇਆ ਜਾਵੇ। ਇਸ ਕਰ ਕੇ ਆਮ ਲੋਕਾਂ ਨੂੰ ਵਿਕਾਸ ਦੇ ਕਾਰਜਾਂ ਉਲੀਕਣ ਅਤੇ ਲਾਗੂ ਕਰਨ ਵਿਚ ਸ਼ਾਮਲ ਕੀਤਾ ਜਾਵੇ। ਸੱਚਰ ਕਮੇਟੀ ਨੇ ਆਪਣੇ ਸੁਝਾਵਾਂ ਵਿਚ ਇਸ ਨੁਕਤੇ ਤੇ ਕਾਫੀ ਜ਼ੋਰ ਦਿਤਾ ਸੀ ਜੋ ਇਸ ਸਮੇਂ ਖਾਸ ਗੌਰ ਦੀ ਮੰਗ ਕਰਦਾ ਹੈ। ਮੌਜੂਦਾ ਕਿਸਾਨ ਅੰਦੋਲਨ ਵੀ ਇਸ ਭਾਵਨਾ ਦਾ ਪ੍ਰਤੀਕ ਹੈ ਜਦੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਖੇਤੀ ਕਾਨੂੰਨ ਜੋ ਕਿਸਾਨਾਂ ਖਿਲਾਫ ਹਨ, ਉਨ੍ਹਾਂ ਦੇ ਹਿੱਤ ਵਿਚ ਨਹੀਂ ਹਨ, ਇਨ੍ਹਾਂ ਨੂੰ ਵਾਪਸ ਲਿਆ ਜਾਵੇ।

---

# ਜਮਹੂਰੀਅਤ ਅਤੇ ਕਿਸਾਨ

26 ਜਨਵਰੀ, 1948 ਤੋਂ ਚਾਰ ਦਿਨ ਬਾਅਦ 30 ਜਨਵਰੀ, 1948 ਨੂੰ ਮਹਾਤਮਾ ਗਾਂਧੀ ਦੀ ਹੱਤਿਆ ਕਰ ਦਿੱਤੀ ਗਈ ਸੀ। 12 ਜਨਵਰੀ, 1948 ਨੂੰ ਭੁੱਖ ਹੜਤਾਲ ਉੱਤੇ ਬੈਠੇ ਮਹਾਤਮਾ ਗਾਂਧੀ ਨੇ ਆਜ਼ਾਦੀ ਤੋਂ ਬਾਅਦ ਦੇਸ਼ ਦੇ ਵੱਖ-ਵੱਖ ਹਿੱਸਿਆ ਵਿਚ ਬਣੀ ਖੌਫਨਾਕ ਹਾਲਤ ਬਾਰੇ ਕਿਹਾ ਸੀ, "ਮੇਰੇ ਲਈ ਮੌਤ ਦੇ ਪਲ ਸ਼ਾਨਦਾਰ ਹੋਣਗੇ, ਕਿਉਂਕਿ ਹੁਣ ਮੈਂ ਆਪਣੇ ਆਪ ਨੂੰ ਬੇਵਸ ਹੋਇਆ

**ਡਾ. ਕੁਲਦੀਪ ਸਿੰਘ**
ਫੋਨ: +91-98151-15429

ਮਹਿਸੂਸ ਕਰ ਰਿਹਾ ਹਾਂ। ਮੇਰੀਆਂ ਅੱਖਾਂ ਸਾਹਮਣੇ ਭਾਰਤ ਤਬਾਹ ਹੋ ਰਿਹਾ ਹੈ ਜਿਸ ਨੂੰ ਮੈਂ ਦੇਖਣ ਤੋਂ ਅਸਮਰੱਥ ਹੋ ਗਿਆ ਹਾਂ। ... ਚਾਰੇ ਪਾਸੇ ਹਨੇਰਾ ਦਿਖਾਈ ਦੇ ਰਿਹਾ ਹੈ, ਹਾਲਾਂਕਿ ਕੁਝ ਲੋਕ ਕਹਿ ਰਹੇ ਹਨ ਕਿ ਇਸ ਹਨੇਰੇ ਤੋਂ ਬਾਅਦ ਦੇਸ਼ ਉਡਾਣ ਭਰੇਗਾ ਪਰ ਮੈਂ ਸਿਰਫ ਰਾਤਾਂ ਦੀ ਚਾਰ-ਚੁਫੇਰੇ ਪਸਰੀ ਹੋਈ ਹਨੇਰ ਭਰੀ ਹਾਲਤ ਦੇਖ ਰਿਹਾ ਹਾਂ। ਮੈਨੂੰ ਨਹੀਂ ਪਤਾ ਅਤੇ ਨਾ ਹੀ ਮੈਂ ਜਾਣਦਾ ਹਾਂ ਕਿ ਇਹ ਨਵੀਂ ਉਡਾਣ ਭਾਰਤ ਵਿਚ ਕਦੋਂ ਆਵੇਗੀ।" ਇਉਂ ਉਨ੍ਹਾਂ ਅਹਿੰਸਾ ਵਾਲੀ ਰਾਜਨੀਤੀ ਨੂੰ ਸੰਘਰਸ਼ ਦੇ ਇਕ ਰਸਤੇ ਵਜੋਂ ਵਿਕਸਤ ਕਰ ਦਿੱਤਾ ਸੀ, ਜਿਸ ਤੋਂ ਪ੍ਰੇਰਨਾ ਲੈ ਕੇ ਕਿੰਗ ਲੂਥਰ ਅਤੇ ਨੈਲਸਨ ਮੰਡੇਲਾ ਨੇ ਵੱਡੇ ਅਹਿੰਸਕ ਅੰਦੋਲਨ ਲੜੇ। ਦੂਸਰੇ ਪਾਸੇ ਸਾਡੇ ਦੇਸ਼ ਵਿਚ ਅਜੋਕੀ ਰਾਜਨੀਤੀ ਨੇ ਇਸ ਨੂੰ ਪੂਰੀ ਤਰ੍ਹਾਂ ਫੇਲ੍ਹ ਕਰ ਦਿੱਤਾ ਹੈ। ਉਂਜ, ਅਸੀਂ ਇਸ ਵਿਚਾਰ ਨੂੰ ਘਟਾ ਕੇ ਨਹੀਂ ਦੇਖ ਸਕਦੇ ਕਿ ਮਹਾਤਮਾ ਗਾਂਧੀ ਦੀ ਸਭ ਤੋਂ ਵੱਡੀ ਦੇਣ ਲੱਖਾਂ ਲੋਕਾਂ ਨੂੰ ਦੇਸ਼ ਦੀ ਆਜ਼ਾਦੀ ਦੀ ਲੜਾਈ ਲਈ ਜੱਥੇਬੰਦ ਕਰਨ ਦੀ ਸੀ ਜਿਸ ਵਿਚ ਅਹਿੰਸਕ ਸਿਆਸਤ ਅਹਿਮ ਵਿਚਾਰ ਦੇ ਤੌਰ ਤੇ ਵਿਕਸਤ ਹੋ ਚੁੱਕੀ ਸੀ ਪਰ ਹੁਣ ਦੀ ਸਿਆਸਤ ਨੇ ਇਸ ਸਭ ਕੁਝ ਨੂੰ ਦਰਕਿਨਾਰ ਕਰ ਕੇ ਨਵੀਂ ਕਿਸਮ ਦੀ ਹਿੰਸਕ ਰਾਜਨੀਤੀ ਵੱਲ ਕਦਮ ਪੁੱਟ ਲਏ ਹਨ।

ਅਜੋਕੇ ਭਾਰਤ ਦਾ ਵਿਕਾਸ ਮਾਡਲ ਫੇਲ੍ਹ ਹੋਏ 'ਕੌਮੀ ਵਿਕਾਸ ਮਾਡਲ' ਵਿਚ ਤਬਦੀਲ ਹੋ ਚੁੱਕਾ ਹੈ। ਇਸ ਪ੍ਰਸੰਗ ਵਿਚ ਆਜ਼ਾਦੀ ਤੋਂ ਪਹਿਲਾਂ ਜਵਾਹਰ ਲਾਲ ਨਹਿਰੂ ਦੀਆਂ ਇਹ ਪੰਗਤੀਆਂ ਮੁੜ ਤਾਜ਼ਾ ਹੋ ਰਹੀਆਂ ਹਨ: 'ਜੇ ਅਸੀਂ ਬਰਤਾਨਵੀ ਪ੍ਰਬੰਧ ਦੀਆਂ ਲੁੱਟ-ਖਸੁੱਟ ਵਾਲੀਆਂ ਦੇਣਾਂ ਅਤੇ ਉਸ ਦੇ ਖੜ੍ਹੇ ਕੀਤੇ ਤੰਤਰ ਨੂੰ ਮੁੱਢ ਤੋਂ ਤਬਦੀਲ ਨਾ ਕੀਤਾ ਤਾਂ ਲੋਕਾਂ ਨੂੰ ਇਕ ਦਿਨ ਵੱਡੀ ਕੀਮਤ ਤਾਰਨੀ ਪਵੇਗੀ'। ਹਕੀਕਤ ਵਿਚ ਅਜਿਹੀ ਹਾਲਤ ਮੁੜ ਪੈਦਾ ਹੋ ਗਈ ਹੈ ਹਾਲਾਂਕਿ ਮੌਜੂਦਾ ਹੁਕਮਰਾਨ ਦੇਸ਼ ਨੂੰ 'ਆਧੁਨਿਕ ਭਾਰਤ' ਕਹਿ ਰਹੇ ਹਨ ਜੋ ਤੱਤ ਰੂਪ ਵਿਚ ਪੁਰਾਣੀਆਂ ਅਲਾਮਤਾਂ ਨਾਲ ਗ੍ਰਸਿਆ ਹੈ ਅਤੇ ਇਸ ਦੇ ਸਮੁੱਚੇ ਤਾਣ-ਬਾਣੇ ਉਪਰ ਵੱਡੇ ਘਰਾਣਿਆਂ (ਅਡਾਨੀ ਅੰਬਾਨੀ ਤੇ ਹੋਰ) ਦਾ ਕਬਜ਼ਾ ਹੋ ਚੁੱਕਿਆ ਹੈ। ਹਿੰਸਾ ਰਾਜਨੀਤੀ ਅਤੇ ਸਮਾਜ ਦਾ ਅਟੁੱਟ ਅੰਗ ਬਣ ਚੁੱਕੀ ਹੈ। ਸਰੋਤਾਂ ਦੀ ਕਾਣੀ ਵੰਡ ਕਾਰਨ ਆਰਥਿਕ ਢੰਗ ਤਰੀਕਿਆਂ ਤੇ ਵਿਤਕਰਿਆਂ ਰਾਹੀਂ ਗਰੀਬਾਂ ਦੀਆਂ ਨਾੜੀਆਂ ਵਿਚੋਂ ਬਿਨਾਂ ਰੋਕ-ਟੋਕ ਖੂਨ ਚੂਸਿਆ ਜਾ ਰਿਹਾ ਹੈ। ਇਹ ਲਗਾਤਾਰ ਵਾਪਰ ਰਹੀ ਹਿੰਸਾ ਦਾ ਸਭ ਤੋਂ ਵੱਡਾ ਰੂਪ ਹੈ। ਖੁੱਲ੍ਹੀ ਮੰਡੀ ਦੀ ਵਕਾਲਤ ਕਰਨ ਵਾਲੀ ਰਾਜਨੀਤੀ ਨੇ ਕਰੋੜਾਂ ਲੋਕਾਂ ਨੂੰ ਭੁੱਖਮਰੀ ਅਤੇ ਗਰੀਬੀ ਵਿਚ ਸੁੱਟ ਦਿੱਤਾ ਹੈ, ਕਰਜ਼ੇ ਵਿਚ ਫਸਣ ਕਰ ਕੇ ਕਿਸਾਨੀ ਆਤਮ-ਹੱਤਿਆਵਾਂ ਵਿਚ ਵਾਧਾ ਕਰ ਰਹੀ ਹੈ, ਬੇਰੁਜ਼ਗਾਰ ਨੌਜਵਾਨ ਨਿਰਾਸ਼ਤਾ ਦੇ ਆਲਮ ਵਿਚ ਜੀਅ ਰਹੇ ਹਨ, ਬੱਚੇ ਸਕੂਲਾਂ ਦੀ ਥਾਂ ਢਾਬਿਆਂ ਤੇ ਮਜ਼ਦੂਰੀ ਕਰ ਰਹੇ ਹਨ, ਔਰਤਾਂ ਨੂੰ ਪਾਣੀ ਹਾਸਲ ਕਰਨ ਲਈ ਮੀਲਾਂ ਲਮੇਰਾ ਸਫਰ ਕਰਨਾ ਪੈਂਦਾ ਹੈ, ਵਿਕਾਸ ਦੇ ਨਾਂ ਤੇ ਖੇਤੀ ਕਾਨੂੰਨ ਕਿਸਾਨੀ ਨੂੰ ਇਸ ਖੇਤਰ ਤੋਂ ਬਾਹਰ ਕੱਢਣ ਤੇ ਬੇਜ਼ਮੀਨੇ ਕਰਨ ਲਈ ਨਵੀਂ ਕਿਸਮ ਦੀ ਹਿੰਸਾ ਵਾਲਾ ਵਰਤਾਰਾ ਪੈਦਾ ਕਰ ਚੁੱਕੇ ਹਨ, ਅਜਿਹੀ ਹਾਲਤ ਵਿਚ ਦੇਸ਼ ਦੇ ਵੱਖ ਵੱਖ ਵਰਗਾਂ ਅਤੇ ਹਿੱਸਿਆ ਦੇ ਲੋਕ ਵੱਡੀ ਕੀਮਤ ਤਾਰ ਰਹੇ ਹਨ। ਅਜਿਹੇ ਹਾਲਾਤ ਦੇ ਪ੍ਰਸੰਗ ਵਿਚ ਕਾਰਲ ਮਾਰਕਸ ਨੇ ਲਿਖਿਆ ਸੀ: ਲੜਨ ਵਾਲੇ ਲੋਕਾਂ ਦੀ ਦਿਲੀ ਇੱਛਾ ਹੁੰਦੀ ਹੈ ਕਿ ਉਹ ਸ਼ਾਂਤਮਈ ਢੰਗ ਨਾਲ ਤਬਦੀਲੀ ਕਰਨ ਪਰ ਇਹ ਮੌਕੇ ਦੀ ਹਕੂਮਤ 'ਤੇ ਨਿਰਭਰ ਕਰਦਾ ਹੈ ਕਿ ਉਹ ਅਜਿਹਾ ਕਰਨ ਦੀ ਹਾਲਤ ਪੈਦਾ ਕਰਦੇ ਹਨ ਜਾਂ ਨਹੀਂ'।

ਤਕਰੀਬਨ ਦੋ ਮਹੀਨਿਆਂ ਤੋਂ ਕਿਸਾਨੀ ਕੜਕਦੀ ਠੰਢ ਵਿਚ ਖੇਤੀ ਕਾਨੂੰਨਾਂ ਖਿਲਾਫ ਅਹਿੰਸਕ ਸੰਘਰਸ਼ ਕਰ ਰਹੀ ਹੈ। ਇਸ ਦੇ ਉਲਟ ਦੇਸ਼ ਦੇ ਹੁਕਮਰਾਨ ਆਪਣੇ ਵੱਖ-ਵੱਖ ਮਾਧਿਅਮਾਂ ਜਿਨ੍ਹਾਂ ਵਿਚ ਕਾਰਪੋਰੇਟ ਮੀਡੀਆ ਵੱਡੀ ਭੂਮਿਕਾ ਨਿਭਾ ਰਿਹਾ ਹੈ, ਇਸ ਅੰਦੋਲਨ ਨੂੰ ਅਸ਼ਾਂਤ ਕਰਨ ਅਤੇ ਹਿੰਸਕ ਰੂਪ ਵੱਲ ਤੋਰਨ ਲਈ ਹਰ ਹੱਥਕੰਡਾ ਵਰਤ ਰਹੇ ਹਨ। 26 ਨਵੰਬਰ ਤੋਂ ਲੈ ਕੇ ਵੱਖ-ਵੱਖ ਢੰਗਾਂ ਰਾਹੀਂ ਕਿਸਾਨੀ ਅੰਦੋਲਨ ਨਾਲ ਟਕਰਾ ਵਾਲੀ ਹਾਲਤ ਪੈਦਾ ਕਰਨ ਲਈ ਹੁਕਮਰਾਨਾਂ ਨੇ ਅੱਡੀ-ਚੋਟੀ ਦਾ ਜ਼ੋਰ ਲਾਇਆ। ਇਹ ਤਾਂ ਕਿਸਾਨਾਂ ਦੀ ਲੀਡਰਸ਼ਿਪ ਨੂੰ ਦਾਦ ਦੇਣੀ ਬਣਦੀ ਹੈ ਕਿ ਉਨ੍ਹਾਂ ਸਰਕਾਰ ਦੇ ਹਿੰਸਾ ਵੱਲ ਜਾਂਦੇ ਹਰ ਕਦਮ ਦਾ ਜਵਾਬ ਅਹਿੰਸਕ ਅੰਦੋਲਨ ਨਾਲ ਦਿੱਤਾ। ਹੁਣ ਵੱਡਾ ਸਵਾਲ ਹੈ ਕਿ ਸਰਕਾਰ ਲੋਕਾਂ ਦੇ ਸ਼ਾਂਤਮਈ ਸੰਘਰਸ਼ ਨੂੰ ਅਹਿੰਸਕ ਅਤੇ ਜਮੂਹਰੀ ਢੰਗ ਨਾਲ ਚੱਲਣ ਦੇਵੇਗੀ ਜਾਂ ਨਹੀਂ? ਕਿਉਂਕਿ ਜਿਸ ਕਿਸਮ ਦੀਆਂ ਘਟਨਾਵਾਂ ਅਤੇ ਵਰਤਾਰੇ ਸੁਪਰੀਟ ਕੋਰਟ ਅੱਗੇ ਸਰਕਾਰ ਵੱਲੋਂ ਪੇਸ਼ ਕੀਤੇ ਜਾ ਰਹੇ ਹਨ ਕਿ ਇਸ ਅੰਦੋਲਨ ਪਿੱਛੇ ਅਤਿਵਾਦ (ਵਿਸ਼ੇਸ਼ ਕਰ ਕੇ ਖਾਲਿਸਤਾਨੀ) ਦਾ ਹੱਥ ਹੈ; ਦੂਸਰਾ, ਕਾਨੂੰਨ ਰੱਦ ਕਰਨ ਦੀ ਥਾਂ ਆਪਣੇ ਪੱਖੀ ਚਾਰ ਮੈਂਬਰੀ ਕਮੇਟੀ (ਭੁਪਿੰਦਰ ਸਿੰਘ ਮਾਨ ਕਮੇਟੀ ਤੋਂ ਵੱਖ ਹੋ ਗਏ ਹਨ) ਜੋ ਪੂਰੀ ਤਰ੍ਹਾਂ ਸਰਕਾਰ ਦੀ ਵਕਾਲਤ ਕਰਦੀ ਹੈ, ਬਣਵਾਈ ਗਈ। ਸਾਰੀ ਸਮੱਸਿਆ ਦਾ ਦੋਸ਼ੀ ਵੱਖ-ਵੱਖ ਢੰਗਾਂ ਨਾਲ ਸੰਘਰਸ਼ ਕਰ ਰਹੇ ਹਿੱਸਿਆਂ ਨੂੰ ਹੀ ਦਰਸਾਇਆ ਜਾ ਰਿਹਾ ਹੈ।

ਫਰਾਂਸ ਦਾ ਫਿਲਾਸਫਰ ਮਾਰਸੇ ਮੈਰਲਿਉ ਪੌਂਟੀ ਕਹਿੰਦਾ ਹੈ: 'ਅਹਿੰਸਾ ਦਾ ਪਾਠ ਪੜ੍ਹਾਉਂਦੇ ਪੜ੍ਹਾਉਂਦੇ ਕਈ ਵਾਰੀ ਅਸੀਂ ਹਕੂਮਤੀ ਹਿੰਸਾ ਨੂੰ ਤਾਕਤਵਰ ਕਰ ਰਹੇ ਹੁੰਦੇ ਹਾਂ, ਕਿਉਂਕਿ ਗੈਰ-ਬਰਾਬਰੀ ਵਾਲੇ ਸਮਾਜ ਵਿਚ ਪੀੜਤ ਲੋਕ ਕਿਸੇ ਨਾ ਕਿਸੇ ਰੂਪ ਵਿਚ ਲੜਾਈ ਦੇ ਮੈਦਾਨ ਵਿਚ ਕੁੱਦ ਪੈਂਦੇ ਹਨ ਜਿਹੜੇ ਚੱਲ ਰਹੇ ਪ੍ਰਬੰਧ ਤੋਂ ਅਸੰਤੁਸ਼ਟ ਹੁੰਦੇ ਹਨ ਅਤੇ ਉਸ ਨੂੰ ਤਬਦੀਲ ਕਰਨ ਲਈ ਕਿਸੇ ਵੀ ਹੱਦ ਤੱਕ ਲੜ ਸਕਦੇ ਹਨ'। ਸਾਡੇ ਸਮਾਜ ਵਿਚ ਵੀ ਦਹਾਕਿਆਂ ਤੋਂ ਪੀੜਤ ਲੋਕ ਲੜ ਰਹੇ ਹਨ। ਦੂਸਰੇ ਪਾਸੇ ਭਾਰਤੀ ਰਾਜ (ਸਟੇਟ) ਦੀ ਉਮਰ ਲੰਮੀ ਕਰਨ ਲਈ 'ਮੀਸਾ', ਐਨ.ਐਸ.ਏ., ਇੱਥੋਂ ਤੱਕ ਕਿ ਕਈ ਕਾਨੂੰਨੀ ਤਾਕਤਾਂ ਵੀ ਆਪਣੇ ਰਾਜਭਾਗ ਦੀ ਸਲਾਮਤੀ ਲਈ ਹੁਕਮਰਾਨ ਬਣਾ ਚੁੱਕੇ ਹਨ। ਅਮਰੀਕੀ ਜੱਜ ਲੁਈਸ ਬਰੈਂਡੀਅਸ ਨੇ ਕਿਹਾ ਸੀ, 'ਕੀ ਅਸੀਂ ਜਮੂਹਰੀਅਤ ਵਾਲੇ ਅਜਿਹੇ ਸਮਾਜ ਵਿਚ ਰਹਿ ਸਕਦੇ ਹਾਂ, ਜਾਂ ਉਸ ਨੂੰ ਜਮੂਹਰੀਅਤ ਵਾਲਾ ਸਮਾਜ ਕਹਿ ਸਕਦੇ ਹਾਂ ਜਦੋਂ ਧਨ ਦੌਲਤ ਕੁਝ ਹੱਥਾਂ ਤੱਕ ਸੀਮਤ ਹੋ ਜਾਵੇ। ਇਹ ਦੋਵੇਂ ਕਦੀ ਵੀ ਇਕੱਠੀਆਂ ਨਹੀਂ ਚੱਲ ਸਕਦੀਆਂ'। ਗੈਰ-ਬਰਾਬਰੀ ਦੇਸ਼ ਦੇ ਹਰ ਕੋਨੇ ਵਿਚ ਫੈਲ ਚੁੱਕੀ ਹੈ; ਦੂਸਰੇ ਪਾਸੇ ਦੇਸ਼ ਦੀ ਰਾਜਨੀਤੀ, ਨੀਤੀਆਂ ਅਤੇ ਵੱਡੇ ਘਰਾਣਿਆਂ ਦੇ ਹਿੱਤਾਂ ਲਈ ਸ਼ਬਦੀ ਅਤੇ ਵਿਚਾਰਕ ਪੱਧਰ ਤੇ ਹਕੂਮਤੀ ਹਿੰਸਾ ਫੈਲਾਈ ਜਾ ਰਹੀ ਹੈ।

ਇਸ ਪ੍ਰਸੰਗ ਵਿਚ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਸ਼ਾਂਤਮਈ ਕਿਸਾਨ ਅੰਦੋਲਨ ਦੌਰਾਨ 100 ਤੋਂ ਵੱਧ ਕਿਸਾਨਾਂ ਦੀ ਜਾਨ ਜਾ ਚੁੱਕੀ ਹੈ ਪਰ ਸਰਕਾਰ ਨੇ ਪਿਛਲਮੋੜੇ ਦੀ ਥਾਂ ਅੰਦੋਲਨ ਖਿਲਾਫ ਅਦਾਲਤੀ ਢੰਗ ਤਰੀਕਿਆਂ ਤੋਂ ਲੈ ਕੇ ਹਰ ਤਾਕਤ ਝੋਕ ਦਿੱਤੀ ਹੈ। ਅੱਜ ਇਹ ਇਤਿਹਾਸਕ ਸੰਘਰਸ਼ ਪੀੜਾਂ ਭਰੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਸਮੇਂ ਸਮਾਜ ਦੇ ਚੇਤੰਨ ਹਿੱਸਿਆਂ ਅਤੇ ਸਮਾਜਿਕ ਕਾਰਕੁਨਾਂ ਤੋਂ ਦ੍ਰਿੜਤਾ ਨਾਲ ਆਵਾਜ਼ ਉਠਾਉਣ ਅਤੇ ਨਾਲ ਖੜ੍ਹਨ ਦੀ ਲੋੜ ਪਹਿਲੇ ਸਮਿਆਂ ਨਾਲੋਂ ਵੱਧ ਬਣ ਗਈ ਹੈ।


## ਮੀਡੀਆ ਸਰਕਾਰ ਦਾ ਹਿੱਸਾ ਕਿਵੇਂ ਬਣਿਆ-2

# ਅਰਨਬ ਗੋਸਵਾਮੀ ਅਤੇ ਪੱਤਰਕਾਰੀ ਦਾ ਜਨਾਜ਼ਾ

*ਭਾਰਤੀ ਮੀਡੀਆ ਦਾ ਕਿਰਦਾਰ ਤੇਜ਼ੀ ਨਾਲ ਬਦਲ ਗਿਆ ਹੈ। ਇਸ ਨੇ ਸੱਤਾ ਨੂੰ ਸਵਾਲ ਕਰਨ ਦੀ ਬਜਾਏ ਸਿਰਫ ਸੱਤਾ ਦੀ ਧਿਰ ਬਣ ਕੇ ਵਿਰੋਧੀ ਧਿਰ ਨੂੰ ਭੰਡਣ ਅਤੇ ਅਸਲ ਮੁੱਦਿਆਂ ਅਤੇ ਸਮਾਜੀ ਸਰੋਕਾਰਾਂ ਤੋਂ ਧਿਆਨ ਹਟਾਉਣ ਦੀ ਘਿਨਾਉਣੀ ਭੂਮਿਕਾ ਅਖਤਿਆਰ ਕਰ ਲਈ ਹੈ। ਆਪਣੇ ਲੰਮੇ ਲੇਖ ਵਿਚ ਸੀਨੀਅਰ ਪੱਤਰਕਾਰ ਹਰਤੋਸ਼ ਸਿੰਘ ਬੱਲ ਜੋ ਕਾਰਵਾਂ ਮੈਗਜ਼ੀਨ ਦੇ ਕਾਰਜਕਾਰੀ ਸੰਪਾਦਕ ਹਨ, ਨੇ ਇਸ ਬਦਲਾਓ ਦਾ ਬਾਖੂਬੀ ਵਿਸ਼ਲੇਸ਼ਣ ਕੀਤਾ ਹੈ। ਇਸ ਅਹਿਮ ਲੇਖ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। 'ਕਾਰਜਕਾਰੀ (ਅਤੇ) ਸੰਪਾਦਕ' ਦੇ ਸਿਰਲੇਖ ਹੇਠ ਛਪੇ ਇਸ ਲੇਖ ਦੀ ਦੂਜੀ ਕਿਸ਼ਤ ਪੇਸ਼ ਹੈ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ*

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਜਦ ਟੀ.ਵੀ. ਨਿਊਜ਼ ਚੈਨਲਾਂ ਦੀ ਗੱਲ ਆਉਂਦੀ ਹੈ ਤਾਂ ਇਹ ਤੱਥ (ਸਰਕਾਰ ਦਾ ਅੰਗ ਬਣਨ) ਪਹਿਲਾਂ ਤੋਂ ਹੀ ਬਹਿਸ ਦੇ ਘੇਰੇ ਤੋਂ ਬਾਹਰ ਹੈ; ਲੇਕਿਨ ਜਿਨ੍ਹਾਂ ਕਾਰਨਾਂ ਨਾਲ ਗੜਬੜ ਹੋਈ ਹੈ, ਉਨ੍ਹਾਂ ਉਪਰ ਡੂੰਘਾਈ ਵਿਚ ਧਿਆਨ ਦੇਣ ਦੀ ਜ਼ਰੂਰਤ ਹੈ। ਬਹੁਤ ਸਾਰੀਆਂ ਮਿਸਾਲਾਂ ਵਿਚੋਂ ਸਭ ਤੋਂ ਸਪਸ਼ਟ ਮਿਸਾਲ ਅਰਨਬ ਗੋਸਵਾਮੀ ਦੇ



ਰਿਪਬਲਿਕ ਟੀ.ਵੀ. ਦੀ ਹੈ। ਇਸ ਚੈਨਲ ਉਪਰ ਹੋਣ ਵਾਲੀ ਜ਼ਿਆਦਾਤਰ ਬਹਿਸ ਇੱਥੋਂ ਤੱਕ ਸਿਮਟ ਕੇ ਰਹਿ ਗਈ ਹੈ ਲੇਕਿਨ ਇਸ ਵਕਤ ਸਪਸ਼ਟ ਇਹ ਹੈ ਕਿ ਇਹ ਜਿਨ੍ਹਾਂ ਚੀਜ਼ਾਂ ਨੂੰ ਅੰਜਾਮ ਦੇਣ ਦੇ

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ**

ਸਮਰੱਥ ਹੈ ਜੋ ਇਹ ਕਰ ਵੀ ਰਿਹਾ ਹੈ, ਉਹ ਪੱਤਰਕਾਰੀ ਨਾਲ ਜੁੜੇ ਅਮਲਾਂ ਦਾ ਉਲੰਘਣ ਕਰ ਕੇ ਹੀ ਕੀਤਾ ਜਾਂਦਾ ਹੈ।

ਤੇਜਿੰਦਰ ਸਿੰਘ ਸੋਢੀ ਅਗਸਤ ਮਹੀਨੇ ਅਸਤੀਫਾ ਦੇਣ ਤੋਂ ਪਹਿਲਾਂ ਜੰਮੂ ਕਸ਼ਮੀਰ ਵਿਚ ਰਿਪਬਲਿਕ ਟੀ.ਵੀ. ਦੇ ਬਿਊਰੋ ਚੀਫ ਸਨ। ਉਸ ਨੇ ਚੈਨਲ ਵਿਚ ਕੰਮ ਕਰਨ ਦੌਰਾਨ ਹਾਸਲ ਹੋਏ ਅਨੁਭਵਾਂ ਬਾਰੇ ਆਪਣੇ ਅਸਤੀਫੇ ਵਿਚ ਲਿਖ ਕੇ ਇਸ ਨੂੰ ਰਿਕਾਰਡ ਉਪਰ ਲਿਆ ਦਿੱਤਾ ਹੈ। ਉਸ ਦਾ ਅਸਤੀਫਾ ਛੇਤੀ ਹੀ ਬਾਹਰ ਵੀ ਨਸ਼ਰ ਹੋ ਗਿਆ। ਆਪਣੇ ਅਸਤੀਫੇ ਵਿਚ ਸੋਢੀ ਨੇ ਕਾਂਗਰਸੀ ਆਗੂ ਸ਼ਸ਼ੀ ਥਰੂਰ ਦੀ ਪਤਨੀ ਸੁਨੰਦਾ ਪੁਸ਼ਕਰ ਦੀ 2014 ਵਿਚ ਹੋਈ ਮੌਤ ਤੋਂ ਬਾਅਦ ਦੀ ਇਕ ਘਟਨਾ ਦਾ ਜ਼ਿਕਰ ਕੀਤਾ ਹੈ। ਇਹ ਮਾਮਲਾ ਹੁਣ ਤੱਕ ਅਣਸੁਲਝਿਆ ਪਿਆ ਹੈ। ਉਸ ਨੇ ਲਿਖਿਆ ਹੈ:

"ਇਕ ਦਿਨ ਡੈਸਕ ਤੋਂ ਮੈਨੂੰ ਕਿਸੇ ਦਾ (ਮੈਂ ਉਸ ਦਾ ਨਾਮ ਨਹੀਂ ਲਵਾਂਗਾ ਲੇਕਿਨ ਅਰਨਬ ਗੋਸਵਾਮੀ ਨੇ ਉਸ ਨੂੰ ਇਸ ਕਦਰ ਸਤਾਇਆ ਕਿ ਉਸ ਨੂੰ ਦਫਤਰ ਦੀ ਮੇਜ਼ ਉਪਰ ਹੀ ਬੜਾ ਹਰਟ ਅਟੈਕ ਹੋ ਗਿਆ) ਫੋਨ ਆਇਆ ਕਿ ਸੁਨੰਦਾ ਪੁਸ਼ਕਰ ਦੇ ਪਿਤਾ ਦੇ ਘਰ ਜਾਓ ਅਤੇ ਨੇੜੇ-ਤੇੜੇ ਕਿਤੇ ਲੁਕ ਜਾਓ। ਨਿਸ਼ਚਿਤ ਸਮੇਂ 'ਤੇ ਤੁਹਾਨੂੰ ਦੱਸਿਆ ਜਾਵੇਗਾ ਕਿ ਅੱਗੇ ਕੀ ਕਰਨਾ ਹੈ? ਮੈਂ ਕਿਉਂ ਲੁਕਾਂ? ਉਸ ਨੇ ਆਪਣੇ ਸਟਾਫ ਉਪਰ ਕਦੇ ਭਰੋਸਾ ਨਹੀਂ ਕੀਤਾ, ਇਸ ਲਈ ਆਖਰੀ ਪਲ ਤੱਕ ਸਾਨੂੰ ਕੁਝ ਨਹੀਂ ਦੱਸਿਆ ਜਾਂਦਾ ਸੀ। ਮੈਂ ਉਨ੍ਹਾਂ ਦੇ ਘਰ ਗਿਆ, ਫਿਰ ਮੈਨੂੰ ਕਿਹਾ ਗਿਆ ਕਿ ਹੁਣ ਮੈਂ ਘਰ ਦੇ ਅੰਦਰ ਚਲਾ ਜਾਵਾਂ ਅਤੇ ਕਿਸੇ ਨਾ ਕਿਸੇ ਢੰਗ-ਤਰੀਕੇ ਸੁਨੰਦਾ ਪੁਸ਼ਕਰ ਦੇ ਬਜ਼ੁਰਗ ਪਿਤਾ ਅੱਗੇ ਮਾਈਕ ਕਰ ਦੇਵਾਂ ਅਤੇ ਉਸ ਨੂੰ 'ਆਪਣੀ ਬੇਟੀ ਦੀ ਹੱਤਿਆ' ਦਾ ਇਲਜ਼ਾਮ ਸ਼ਸ਼ੀ ਥਰੂਰ ਉਪਰ ਮੜ੍ਹਨ ਲਈ ਮਜਬੂਰ ਕਰਾਂ। ਮੈਂ ਇਸ ਹਦਾਇਤ ਮੁਤਾਬਿਕ ਚੱਲਣ ਦੀ ਕੋਸ਼ਿਸ਼ ਕੀਤੀ ਲੇਕਿਨ ਮੈਂ ਜਦ ਸੁਨੰਦਾ ਦੇ ਪਿਤਾ ਨੂੰ ਦੇਖਿਆ ਤਾਂ ਮੇਰੀਆਂ ਅੱਖਾਂ ਵਿਚ ਹੰਝੂ ਆ ਗਏ। ਉਹ ਬਹੁਤ ਕਮਜ਼ੋਰ ਸਨ ਅਤੇ ਮਾਨਸਿਕ ਤੌਰ 'ਤੇ ਸਥਿਰ ਨਹੀਂ ਸਨ। ਮੈਂ ਇਸ ਬਾਰੇ ਡੈਸਕ ਨੂੰ ਦੱਸਿਆ ਲੇਕਿਨ ਉਨ੍ਹਾਂ ਨੇ ਕਿਹਾ ਕਿ ਅਰਨਬ ਮੇਰੇ ਉਪਰ ਬਹੁਤ ਖਫਾ ਹੋ ਰਹੇ ਹਨ, ਉਹ ਚਾਹੁੰਦੇ ਹਨ ਕਿ ਪਿਤਾ ਕੈਮਰੇ ਅੱਗੇ ਇਹ ਬੋਲਣ ਕਿ 'ਥਰੂਰ ਨੇ ਉਨ੍ਹਾਂ ਦੀ ਧੀ ਦੀ ਹੱਤਿਆ ਕੀਤੀ ਹੈ'।

ਮੈਂ ਇਹ ਸਭ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਉਥੋਂ ਬਾਹਰ ਆ ਗਿਆ। ਇਸ ਤੋਂ ਪਹਿਲਾਂ ਮੈਂ ਉਨ੍ਹਾਂ ਦੇ ਨੌਕਰ ਨਾਲ ਗੱਲ ਕੀਤੀ ਜਿਸ ਨੇ ਥਰੂਰ ਅਤੇ ਪੁਸ਼ਕਰ ਦੇ ਰਿਸ਼ਤੇ ਬਾਰੇ ਜੋ ਵਧੀਆ ਗੱਲਾਂ ਦੱਸੀਆਂ, ਉਨ੍ਹਾਂ ਨੂੰ ਚੈਨਲ ਉਪਰ ਕਦੇ ਵੀ ਪ੍ਰਸਾਰਿਤ ਨਹੀਂ ਕੀਤਾ ਗਿਆ। ਅਗਲੇ ਦਿਨ ਅਰਨਬ ਨੇ ਮੈਨੂੰ ਫੋਨ ਕੀਤਾ ਅਤੇ ਉਹ ਮੇਰੇ ਉਪਰ ਬੇਤਹਾਸ਼ਾ ਚੀਕਿਆ। ਉਸ ਨੇ ਮੈਨੂੰ ਕਿਹਾ, "ਕੈਮਰੇ ਦੇ ਸਾਹਮਣੇ ਸੁਨੰਦਾ ਪੁਸ਼ਕਰ ਦੇ ਪਿਤਾ ਨਾਲ ਉਨ੍ਹਾਂ ਦੀ ਧੀ ਦੀ ਮੌਤ ਲਈ ਥਰੂਰ ਨੂੰ ਕਸੂਰਵਾਰ ਨਾ ਠਹਿਰਾ ਕੇ ਮੈਂ ਉਸ ਨੂੰ ਸ਼ਰਮਿੰਦਾ ਕੀਤਾ ਹੈ।" ਇਹ ਉਹ ਜਰਨਲਿਜ਼ਮ ਨਹੀਂ ਸੀ ਜਿਸ ਖਾਤਰ ਮੈਂ ਰਿਪਬਲਿਕ ਟੀ.ਵੀ. ਵਿਚ ਆਇਆ ਸੀ। ਇੱਥੇ ਤਾਂ ਰਿਪੋਰਟਰਾਂ ਨੂੰ ਅਰਨਬ ਵੱਲੋਂ ਹਿੱਟਮੈਨ ਦੇ ਰੂਪ ਵਿਚ ਇਸਤੇਮਾਲ ਕੀਤਾ ਜਾ ਰਿਹਾ ਸੀ।

*ਰਿਪਬਲਿਕ ਟੀ.ਵੀ. ਨੇ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਕੁਝ ਸ਼ਬਦਾਵਲੀ ਈਜਾਦ ਕੀਤੀ ਹੋਈ ਸੀ ਜਿਸ ਦੇ ਜ਼ਰੀਏ ਸਬੰਧਤ ਸ਼ਖਸ ਤੋਂ ਨਾਟਕੀ ਪ੍ਰਤੀਕਰਮ ਲੈਣ ਲਈ ਉਨ੍ਹਾਂ ਨੂੰ ਉਕਸਾਇਆ ਜਾਂਦਾ ਸੀ। ਇਸ ਨੂੰ 'ਚੇਜ ਸੀਕਵੈਂਸ' ਕਹਿੰਦੇ ਸੀ। ਇਸੇ ਤਰ੍ਹਾਂ ਕਿਸੇ ਬਾਰੇ ਕਹਿ ਦਿੱਤਾ ਜਾਂਦਾ- ਜਾਓ, ਜਾ ਕੇ ਫਲਾਣੇ ਨਾਲ ਚੇਜ ਸੀਕਵੈਂਸ ਕਰੋ ਜੋ ਉਸ ਆਈਡੀਆਲੋਜੀ ਨੂੰ ਨਹੀਂ ਮੰਨਦਾ, ਜਿਸ ਨੂੰ ਉਹ ਮੰਨਦੇ ਹਨ।*




ਇਸ ਤੋਂ ਇਕ ਮਹੀਨੇ ਬਾਅਦ ਰਿਪਬਲਿਕ ਵਿਚ ਕੰਮ ਕਰਨ ਵਾਲੀ ਸ਼ਾਂਤਾਸ਼੍ਰੀ ਸਰਕਾਰ ਵੀ ਨੋਟਿਸ ਦਾ ਅਰਸਾ ਖਤਮ ਹੋਣ ਤੋਂ ਬਾਅਦ ਚੈਨਲ ਤੋਂ ਬਾਹਰ ਆ ਗਈ। ਉਸ ਨੇ ਵੀ ਇਕ ਤੋਂ ਬਾਅਦ ਇਕ ਬਹੁਤ ਸਾਰੇ ਟਵੀਟ ਕਰ ਕੇ ਐਨ ਉਸੇ ਤਰ੍ਹਾਂ ਦੇ ਇਲਜ਼ਾਮ ਲਗਾਏ। (ਅਦਾਕਾਰ) ਸੁਸ਼ਾਂਤ ਸਿੰਘ ਦੀ ਖੁਦਕੁਸ਼ੀ ਤੋਂ ਬਾਅਦ ਰਿਪਬਲਿਕ ਟੀ.ਵੀ. ਉਸ ਦੀ ਦੋਸਤ ਰਿਆ ਚਕਰਵਰਤੀ ਦੀ ਕਿਰਦਾਰਕੁਸ਼ੀ 'ਚ ਜੁੱਟ ਗਿਆ। ਲੋੜੀਂਦੇ ਸਬੂਤਾਂ ਤੋਂ ਬਗੈਰ ਹੀ ਰਿਆ ਉਪਰ ਸੁਸ਼ਾਂਤ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਇਲਜ਼ਾਮ ਲਗਾਏ ਜਾਣ ਲੱਗੇ। ਸ਼ਾਂਤਾਸ਼੍ਰੀ ਸਰਕਾਰ ਨੇ ਲਿਖਿਆ ਕਿ ਉਹ ਦੇਖ ਰਹੀ ਸੀ ਕਿ 'ਕਿਸ ਤਰ੍ਹਾਂ ਮੇਰੇ ਸਾਥੀਆਂ-ਸਹਿਕਰਮੀਆਂ ਨੇ ਰਿਆ ਦੇ ਅਪਾਰਟਮੈਂਟ ਵਿਚ ਆਉਣ ਵਾਲੇ ਹਰ ਸ਼ਖਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੀ। ਉਹ ਪੁਲਿਸ ਅਤੇ ਵੈਸੇ ਹੀ ਟੱਕਰ ਗਏ ਕਿਸੇ ਡਿਲੀਵਰੀ ਬੁਆਏ ਨੂੰ ਵੀ ਪ੍ਰੇਸ਼ਾਨ ਕਰਨ ਵਾਲੇ ਸਵਾਲ ਪੁੱਛਣ ਤੋਂ ਬਾਜ ਨਹੀਂ ਆਉਂਦੇ ਸਨ। ਉਹ ਸੋਚਦੇ ਸਨ ਕਿ ਔਰਤਾਂ ਦੀ ਖਿੱਚ-ਧੂਹ ਕਰਨ ਅਤੇ ਉਨ੍ਹਾਂ ਉਪਰ ਚੀਕਣ-ਚਿਲਾਉਣ ਨਾਲ ਚੈਨਲ ਵਿਚ ਉਨ੍ਹਾਂ ਦੀ ਪ੍ਰਸੰਗਕਤਾ ਬਣੀ ਰਹੇਗੀ!'

'ਨਿਊਜ਼ ਲਾਂਡਰੀ' ਨਾਲ ਇੰਟਰਵਿਊ ਦੌਰਾਨ ਤੇਜਿੰਦਰ ਸਿੰਘ ਸੋਢੀ ਨੇ ਖੁਲਾਸਾ ਕੀਤਾ ਕਿ ਚੈਨਲ ਨੇ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਲਈ ਕੁਝ ਸ਼ਬਦਾਵਲੀ ਈਜਾਦ ਕੀਤੀ ਹੋਈ ਸੀ ਜਿਸ ਦੇ ਜ਼ਰੀਏ ਸਬੰਧਤ ਸ਼ਖਸ ਤੋਂ ਨਾਟਕੀ ਪ੍ਰਤੀਕਰਮ ਲੈਣ ਲਈ ਉਨ੍ਹਾਂ ਨੂੰ ਉਕਸਾਇਆ ਜਾਂਦਾ ਸੀ। ਉਸ ਨੇ ਦੱਸਿਆ- "ਅਸੀਂ ਇਸ ਨੂੰ 'ਚੇਜ ਸੀਕਵੈਂਸ' ਕਹਿੰਦੇ ਸੀ"। ਐਂਕਰਾਂ ਨੂੰ ਕਿਹਾ ਜਾਂਦਾ ਸੀ- "ਜਾਓ, ਜਾ ਕੇ ਉਮਰ ਅਬਦੁੱਲਾ ਨਾਲ ਚੇਜ ਸੀਕਵੈਂਸ ਕਰੋ", "ਜਾਓ, ਜਾ ਕੇ ਮਹਿਬੂਬਾ ਮੁਫਤੀ ਨਾਲ ਚੇਜ ਸੀਕਵੈਂਸ ਕਰੋ।" ਇਹ ਦੋਨੋਂ ਕਸ਼ਮੀਰੀ ਸਿਆਸਤਦਾਨ ਹਨ। ਇਸੇ ਤਰ੍ਹਾਂ ਕਿਸੇ ਬਾਰੇ ਵੀ ਕਹਿ ਦਿੱਤਾ ਜਾਂਦਾ ਸੀ ਕਿ ਜਾਓ, ਜਾ ਕੇ ਫਲਾਣੇ ਨਾਲ ਚੇਜ ਸੀਕਵੈਂਸ ਕਰੋ; ਜੋ ਉਸ ਆਈਡੀਆਲੋਜੀ ਨੂੰ ਨਹੀਂ ਮੰਨਦਾ, ਜਿਸ ਨੂੰ ਉਹ ਮੰਨਦੇ ਹਨ।"

ਤੇਜਿੰਦਰ ਸਿੰਘ ਸੋਢੀ ਦੱਸਦੇ ਹਨ ਕਿ ਚੈਨਲ ਦੇ ਵੀਡੀਓ ਅਕਸਰ ਚੇਜ ਸੀਕਵੈਂਸ ਦੇ ਨਤੀਜੇ ਹੁੰਦੇ, "ਜਿਸ ਵਿਚ ਕੋਈ ਸ਼ਖਸ ਖਿੱਝ ਰਿਹਾ ਹੈ, ਚਿੜਚਿੜਾ ਹੋ ਰਿਹਾ ਹੈ, ਉਹ ਤੁਹਾਨੂੰ ਪਰ੍ਹਾਂ ਧੱਕਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਹ ਚੇਜ ਸੀਕਵੈਂਸ ਦਾ ਨਤੀਜਾ ਹੁੰਦਾ ਸੀ, ਕਿਉਂਕਿ ਜ਼ਿਆਦਾ ਸਮੇਂ ਤੱਕ ਲੋਕਾਂ ਲਈ ਤਹੱਮਲ ਬਣਾਈ ਰੱਖਣਾ ਮੁਸ਼ਕਿਲ ਹੁੰਦਾ ਹੈ।"

ਸਬੰਧਤ ਸ਼ਖਸ ਨੂੰ ਨਿਸ਼ਾਨਾ ਬਣਾਉਣ ਦੀ ਚੈਨਲ ਦੀ ਪਸੰਦ ਚੋਣਵੀਂ ਸੀ। ਸੋਢੀ ਮੁਤਾਬਕਿ, "ਮੇਰੀ ਜੌਬ 'ਹਿੱਟਮੈਨ' ਦੀ ਸੀ, ਇਹ ਪਤਾ ਲਗਾਉਣਾ ਕਿ ਉਮਰ ਅਬਦੁੱਲਾ ਕੀ ਕਰ ਰਿਹਾ ਹੈ, ਜਾਂ ਮਹਿਬੂਬਾ ਮੁਫਤੀ ਕੀ ਕਰ ਰਹੀ ਹੈ। ਬੁਨਿਆਦੀ ਤੌਰ 'ਤੇ ਉਨ੍ਹਾਂ ਸਾਰਿਆਂ ਦਾ ਪਤਾ ਲਗਾਉਣਾ ਜੋ ਖਾਸ ਪਾਰਟੀ ਦੀ ਵਿਚਾਰਧਾਰਾ ਦੇ ਪੈਰੋਕਾਰ ਨਹੀਂ, ਉਨ੍ਹਾਂ ਦੇ ਤਮਾਮ ਬਿਆਨ ਹਾਸਲ ਕਰਨਾ, ਉਨ੍ਹਾਂ ਵਿਚੋਂ ਕਮੀਆਂ ਲੱਭਣਾ ਅਤੇ ਫਿਰ ਇਸ ਦੀ ਰਿਪੋਰਟਿੰਗ ਕਰਦੇ ਹੋਏ ਕਹਿਣਾ ਕਿ "ਇਹ ਪਾਰਟੀਆਂ ਦੇਸ਼ ਵਿਰੋਧੀ ਹਨ।" ਉਸ ਨੇ ਦੱਸਿਆ, "ਹਰ ਅਸਾਈਨਮੈਂਟ ਵਿਚ ਤੁਹਾਨੂੰ ਅਜਿਹਾ ਕੋਣ ਜੋੜਨਾ ਪੈਂਦਾ ਸੀ ਜਿਸ ਨਾਲ ਉਸ ਖਾਸ ਪਾਰਟੀ ਦੀ ਖੂਬ ਭੰਡੀ ਕੀਤੀ ਜਾ ਸਕੇ ਜੋ ਹੁਣ ਸੱਤਾ ਵਿਚ ਨਹੀਂ ਹੈ।"

ਇਹ 'ਹਿੱਟ' ਸਿਰਫ ਰਿਪੋਰਟਰ ਤੱਕ ਸੀਮਤ ਨਹੀਂ ਸਨ: ਰਿਪਬਲਿਕ ਦੀ ਸੰਪਾਦਕੀ ਟੀਮ ਵੀ ਨਿਰਦੇਸ਼ਿਤ ਮਕਸਦ ਨਾਲ ਉਨ੍ਹਾਂ ਨੂੰ ਘੜਨ ਵਿਚ ਜੁਟੀ ਰਹਿੰਦੀ ਸੀ। ਸੋਢੀ ਦੱਸਦੇ ਹਨ, "ਜੇ ਉਮਰ ਅਬਦੁੱਲਾ ਪ੍ਰੈੱਸ ਕਾਨਫਰੰਸ ਕਰ ਰਿਹਾ ਹੈ, ਮਹਿਬੂਬਾ ਮੁਫਤੀ ਪ੍ਰੈੱਸ ਦੇ ਰੂ-ਬ-ਰੂ ਹੋ ਰਹੀ ਹੈ ਤਾਂ ਡੈਸਕ 'ਤੇ ਬੈਠਾ ਸ਼ਖਸ ਉਨ੍ਹਾਂ ਉਪਰ ਨਜ਼ਰ ਰੱਖ ਰਿਹਾ ਹੈ ਕਿ ਉਹ ਕੀ ਬੋਲ ਰਹੇ ਹਨ। ਜੇ ਉਨ੍ਹਾਂ ਦੇ 1000 ਸ਼ਬਦ ਭਾਰਤ ਦੀ ਹਮਾਇਤ ਵਿਚ ਹਨ, ਉਨ੍ਹਾਂ ਨੂੰ ਉਹ ਨਹੀਂ ਲੈਣਗੇ; ਉਹ ਉਨ੍ਹਾਂ ਦੀ ਇੰਟਰਵਿਊ ਦੀ ਸਿਰਫ ਕੋਈ ਇਕ ਗਲਤੀ, ਕੋਈ ਇਕ ਨੁਕਤਾ ਫੜ ਲੈਣਗੇ ਜਿਸ ਨੂੰ ਉਹ 'ਮੰਨਦੇ' ਹਨ ਕਿ ਦੇਸ਼ ਵਿਰੋਧੀ ਹੈ, ਫਿਰ ਉਹ ਉਸ ਨੈਰੇਟਿਵ ਦੇ ਪਿੱਛੇ ਪੈ ਜਾਣਗੇ ਜਿਸ ਵਿਚਾਰ ਨੂੰ ਉਹ ਮੰਨਣਾ ਚਾਹੁੰਦੇ ਹਨ। ਫਿਰ ਸਾਨੂੰ ਡੈਸਕ ਤੋਂ ਕਾਲ ਆ ਜਾਂਦੀ- 'ਸਰ, ਸਰ! ਲਾਈਵ ਆ ਜਾਓ। ਅਸੀਂ ਇਹ ਸਟੋਰੀ ਦਿਖਾਉਣ ਲੱਗੇ ਹਾਂ। ਇਸ ਲਈ ਤੁਸੀਂ, ਫਟਾਫਟ ਲਾਈਵ ਹੋ ਜਾਓ'। ਫਿਰ ਅਸੀਂ ਉਮਰ ਜਾਂ ਮਹਿਬੂਬਾ ਦੇ ਖਿਲਾਫ ਤੋਏ-ਤੋਏ ਸ਼ੁਰੂ ਕਰ ਦਿੰਦੇ। ਤੁਸੀਂ ਦੇਖ ਲਿਆ, ਇਹ ਦੇਸ਼ ਵਿਰੋਧੀ ਹਨ; ਉਨ੍ਹਾਂ ਨੇ ਇਹ ਕਿਹਾ, ਉਨ੍ਹਾਂ ਨੇ ਅਹੁ ਕਿਹਾ। ਅਸੀਂ ਉਸ ਹਿੱਸੇ ਨੂੰ ਛੂੰਹਦੇ ਹੀ ਨਹੀਂ ਸੀ ਜਿਸ ਵਿਚ ਉਨ੍ਹਾਂ ਵੱਲੋਂ ਮੁਲਕ ਬਾਰੇ ਚੰਗੀਆਂ ਗੱਲਾਂ ਕਹੀਆਂ ਹੁੰਦੀਆਂ। ਜਿਨ੍ਹਾਂ ਵਿਚ ਲੋਕਾਂ ਬਾਰੇ, ਭਾਈਚਾਰਿਆਂ ਬਾਰੇ ਚੰਗੀਆਂ ਗੱਲਾਂ ਹੁੰਦੀਆਂ। ਇਕ ਗੱਲ ਹੋਰ, ਉਹ ਸਾਡੇ ਚੈਨਲ ਬਾਰੇ ਕਹਿੰਦੇ ਸਨ ਕਿ ਸਾਡਾ ਚੈਨਲ ਰਾਸ਼ਟਰ ਵਿਰੋਧੀ, ਲਾਬੀ ਹਮਾਇਤੀ ਹੈ। ਤੁਸੀਂ ਇਸ ਨੂੰ ਜੋ ਵੀ ਕਹੋ, ਅਸੀਂ ਉਨ੍ਹਾਂ ਦੇ ਖਿਲਾਫ ਜਾਂਦੇ ਸੀ।



*ਮੈਂ ਉਨ੍ਹਾਂ (ਸੁਨੰਦਾ ਪੁਸ਼ਕਰ ਦੇ ਮਾਪਿਆਂ) ਦੇ ਘਰ ਗਿਆ। ਮੈਨੂੰ ਕਿਹਾ ਗਿਆ ਕਿ ਮੈਂ ਘਰ ਦੇ ਅੰਦਰ ਚਲਾ ਜਾਵਾਂ ਅਤੇ ਕਿਸੇ ਨਾ ਕਿਸੇ ਢੰਗ-ਤਰੀਕੇ ਸੁਨੰਦਾ ਪੁਸ਼ਕਰ ਦੇ ਬਜ਼ੁਰਗ ਪਿਤਾ ਅੱਗੇ ਮਾਈਕ ਕਰ ਦੇਵਾਂ ਅਤੇ ਉਸ ਨੂੰ 'ਆਪਣੀ ਬੇਟੀ ਦੀ ਹੱਤਿਆ' ਦਾ ਇਲਜ਼ਾਮ ਸ਼ਸ਼ੀ ਥਰੂਰ ਉਪਰ ਮੜ੍ਹਨ ਲਈ ਮਜਬੂਰ ਕਰਾਂ। ਮੈਂ ਇਸ ਹਦਾਇਤ ਮੁਤਾਬਿਕ ਚੱਲਣ ਦੀ ਕੋਸ਼ਿਸ਼ ਕੀਤੀ ਲੇਕਿਨ ਮੈਂ ਜਦ ਸੁਨੰਦਾ ਦੇ ਪਿਤਾ ਨੂੰ ਦੇਖਿਆ ਤਾਂ ਮੇਰੀਆਂ ਅੱਖਾਂ ਵਿਚ ਹੰਝੂ ਆ ਗਏ। ਉਹ ਬਹੁਤ ਕਮਜ਼ੋਰ ਸਨ ਅਤੇ ਮਾਨਸਿਕ ਤੌਰ 'ਤੇ ਸਥਿਰ ਨਹੀਂ ਸਨ। ਮੈਂ ਇਸ ਬਾਰੇ ਡੈਸਕ ਨੂੰ ਦੱਸਿਆ ਲੇਕਿਨ ਉਨ੍ਹਾਂ ਨੇ ਕਿਹਾ ਕਿ ਅਰਨਬ ਮੇਰੇ ਉਪਰ ਬਹੁਤ ਖਫਾ ਹੋ ਰਹੇ ਹਨ, ਉਹ ਚਾਹੁੰਦੇ ਹਨ ਕਿ ਪਿਤਾ ਕੈਮਰੇ ਅੱਗੇ ਇਹ ਬੋਲਣ ਕਿ 'ਥਰੂਰ ਨੇ ਉਨ੍ਹਾਂ ਦੀ ਧੀ ਦੀ ਹੱਤਿਆ ਕੀਤੀ ਹੈ'। ਮੈਂ ਇਹ ਸਭ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਉਥੋਂ ਬਾਹਰ ਆ ਗਿਆ। ਇਸ ਤੋਂ ਪਹਿਲਾਂ ਮੈਂ ਉਨ੍ਹਾਂ ਦੇ ਨੌਕਰ ਨਾਲ ਗੱਲ ਕੀਤੀ ਜਿਸ ਨੇ ਥਰੂਰ ਅਤੇ ਪੁਸ਼ਕਰ ਦੇ ਰਿਸ਼ਤੇ ਬਾਰੇ ਜੋ ਵਧੀਆ ਗੱਲਾਂ ਦੱਸੀਆਂ, ਉਨ੍ਹਾਂ ਨੂੰ ਚੈਨਲ ਉਪਰ ਕਦੇ ਵੀ ਪ੍ਰਸਾਰਿਤ ਨਹੀਂ ਕੀਤਾ ਗਿਆ।*

ਚੀਜ਼ਾਂ ਸਾਡੇ ਲਈ ਇਸ ਤਰ੍ਹਾਂ ਕੰਮ ਕਰਦੀਆਂ ਸਨ।"

ਰਿਪਬਲਿਕ ਦੀ ਅੰਦਰੂਨੀ ਕਾਰਜ-ਪ੍ਰਣਾਲੀ ਦਾ ਇਹ ਖੁਲਾਸਾ ਵਿਚਾਰਧਾਰਕ ਸੰਘਰਸ਼ ਦੌਰਾਨ ਨਹੀਂ ਹੋਇਆ। ਤੇਜਿੰਦਰ ਸਿੰਘ ਸੋਢੀ ਚੈਨਲ ਦੇ ਜੰਗਬਾਜ਼ ਰਾਸ਼ਟਰਵਾਦ ਦਾ ਹਮਾਇਤੀ ਸੀ ਅਤੇ ਇਸ ਖਿਲਾਫ ਉਹ ਕਦੇ ਨਹੀਂ ਬੋਲਿਆ। ਉਸ ਦਾ ਵਤੀਰਾ ਦੱਸਦਾ ਹੈ ਕਿ ਉਥੇ ਕੰਮ ਕਰਨ ਵਾਲੇ ਪੱਤਰਕਾਰਾਂ ਵਿਚ ਪੱਤਰਕਾਰੀ ਦੀਆਂ ਵਿਧੀਆਂ ਅਤੇ ਅਮਲਾਂ ਨੂੰ ਲੈ ਕੇ ਇਕ ਹੱਦ ਤੱਕ ਸਹਿਮਤੀ ਸੀ ਕਿ ਇਸ ਦਾ ਉਲੰਘਣ ਨਹੀਂ ਕਰਨਾ, ਵਿਚਾਰਧਾਰਾ ਚਾਹੇ ਕੋਈ ਵੀ ਹੋਵੇ।

ਸੋਢੀ ਨੇ ਸਾਫ ਕਿਹਾ ਕਿ ਰਿਪਬਲਿਕ ਚੈਨਲ ਵਿਚ ਪੱਤਰਕਾਰੀ ਨੂੰ ਮਾਰ ਦਿੱਤਾ ਗਿਆ ਹੈ, ਤੇ ਹੱਤਿਆ ਦੇ ਇਸ ਗੁਨਾਹ ਵਿਚ ਉਹ ਵੀ ਸ਼ਰੀਕ ਸੀ। ਇਕ ਨੁਕਤੇ ਉਪਰ ਉਹ ਸਵਾਲ ਕਰਦੇ ਹਨ, "ਪੱਤਰਕਾਰੀ ਕੀ ਹੈ, ਪੱਤਰਕਾਰੀ ਉਹ ਹੈ ਜਦ ਤੁਸੀਂ ਸੱਤਾ ਉਪਰ ਕਾਬਜ਼ ਸ਼ਖਸ ਨੂੰ ਸਵਾਲ ਪੁੱਛਦੇ ਹੋ। ਤੁਸੀਂ ਕਿਸੇ ਐਸੀ ਪਾਰਟੀ ਉਪਰ ਇਲਜ਼ਾਮ ਨਹੀਂ ਲਗਾਉਂਦੇ ਜੋ ਪਹਿਲਾਂ ਹੀ ਸੱਤਾ ਤੋਂ ਬਾਹਰ ਹੋ ਚੁੱਕੀ ਹੈ। ਤੁਸੀਂ ਹਰ ਗੜਬੜ ਲਈ ਉਸੇ ਨੂੰ ਦੋਸ਼ੀ ਨਹੀਂ ਠਹਿਰਾਉਂਦੇ।"

ਪੱਤਰਕਾਰੀ ਦੇ ਸਹੀ ਮਾਇਨਿਆਂ ਬਾਰੇ ਇਸ ਆਮ ਮਾਨਤਾ ਦਾ ਜ਼ਿਆਦਾਤਰ ਪੱਤਰਕਾਰਾਂ ਨੂੰ ਪਤਾ ਹੈ ਲੇਕਿਨ ਲੱਗਦਾ ਹੈ ਕਿ ਜ਼ਿਆਦਾਤਰ ਮੀਡੀਆ ਸੰਸਥਾਵਾਂ ਨੇ ਇਸ ਨੂੰ ਭੁਲਾ ਦਿੱਤਾ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਸੰਸਥਾ ਪੱਤਰਕਾਰੀ ਕਰਨ ਦਾ ਦਾਅਵਾ ਕਰਦੀ ਹੈ, ਇਸ ਨਾਲ ਵੀ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਸੰਸਥਾ ਵਿਤੀ ਤੌਰ 'ਤੇ ਸੁਤੰਤਰ ਹੈ ਜਾਂ ਨਹੀਂ। ਇਸ ਦੀ ਨਿਹਚਾ ਵਿਚ ਆਈ ਗਿਰਾਵਟ ਇਸ ਦੇ ਸੰਪਾਦਕੀ ਅਮਲਾਂ ਵਿਚ ਨਜ਼ਰ ਆਉਂਦੀ ਹੈ, ਕਿਉਂਕਿ ਇਹ ਅਮਲ ਹੀ ਆਖਰਕਾਰ ਉਸ ਦੀ ਸਮੱਗਰੀ ਦੀ ਸ਼ਕਲ-ਸੂਰਤ ਨੂੰ ਤੈਅ ਕਰਦੇ ਹਨ। ਸਮਝੌਤੇ ਕਈ ਰੂਪਾਂ ਵਿਚ ਹੋ ਸਕਦੇ ਹਨ। ਕੁਝ ਮੀਡੀਆ ਸੰਸਥਾਵਾਂ ਕਿਸੇ ਘਟਨਾ ਦੀ ਕਵਰੇਜ ਇਸ ਤਰ੍ਹਾਂ ਕਰਦੀਆਂ ਹਨ ਜੋ ਸੱਤਾ ਵਿਚ ਬੈਠੇ ਲੋਕਾਂ ਨੂੰ ਰਾਸ ਆਉਂਦੀ ਹੋਵੇ ਅਤੇ ਉਨ੍ਹਾਂ ਮੁੱਦਿਆਂ ਨੂੰ ਹੀ ਨਜ਼ਰਅੰਦਾਜ਼ ਕਰ ਦਿੰਦੀਆਂ ਹਨ ਜੋ ਉਨ੍ਹਾਂ ਦੇ ਆਕਾਵਾਂ ਨੂੰ ਪਸੰਦ ਨਾ ਹੋਣ। ਇਹ ਸੰਸਥਾਵਾਂ ਰਿਪੋਰਟਿੰਗ ਦੇ ਬੁਨਿਆਦੀ ਕਾਇਦੇ-ਕਾਨੂੰਨਾਂ ਨੂੰ ਛਿੱਕੇ ਟੰਗ ਕੇ ਪੂਰਵ ਨਿਸ਼ਚਿਤ ਨਤੀਜੇ ਹਾਸਲ ਕਰ ਸਕਦੀਆਂ ਹਨ। ਹੋਰ ਸੰਸਥਾਵਾਂ ਪ੍ਰਤੀਕਰਮਾਂ ਨੂੰ ਨਰਮ ਕਰ ਕੇ ਸਰਕਾਰ ਨੂੰ ਬਖਸ਼ ਦਿੰਦੀਆਂ ਹਨ ਅਤੇ ਉਨ੍ਹਾਂ ਦੇ ਨੁਮਾਇੰਦੇ ਜਾਂ ਹਮਾਇਤੀ, ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਅਤੇ ਸਾਰੇ ਪੱਖਾਂ ਦੀ ਆਵਾਜ਼ ਨੂੰ ਜਗ੍ਹਾ ਦੇਣ ਦੇ ਨਾਮ 'ਤੇ ਜਾਂ ਇਨ੍ਹਾਂ ਦੇ ਬਹਾਨੇ ਸੱਤਾ ਦੇ ਝੂਠਾਂ ਨੂੰ ਸੱਚ ਬਣਾ ਕੇ ਦਰਸ਼ਕਾਂ-ਪਾਠਕਾਂ-ਸਰੋਤਿਆਂ ਸਾਹਮਣੇ ਪੇਸ਼ ਕਰ ਦਿੰਦੇ ਹਨ।

ਦੂਜੀ ਤਰ੍ਹਾਂ ਦੇ ਇਸ ਸਮਝੌਤੇ ਦੇ ਸਮੁੱਚੇ ਨਤੀਜੇ ਨੂੰ ਕਦੇ-ਕਦੇ ਬਹੁਤ ਗਲਤ ਸਮਝਿਆ ਜਾਂਦਾ ਹੈ, ਲੇਕਿਨ ਪ੍ਰਕਾਸ਼ਨ ਦੀ ਦੁਨੀਆ ਵਿਚ ਹਾਲ ਹੀ ਹੋਏ ਘੁਟਾਲਿਆਂ ਨੇ ਇਸ ਨੂੰ ਉਘਾੜ ਕੇ ਦਿਖਾ ਦਿੱਤਾ ਹੈ। ਕੌਮਾਂਤਰੀ ਪ੍ਰਕਾਸ਼ਕ ਬਲੂਮਸਬਰੀ ਦੀ ਭਾਰਤੀ ਸ਼ਾਖਾ ਨੇ ਅਗਸਤ ਵਿਚ 'ਦਿੱਲੀ ਰਾਇਟਸ 2020: ਦਿ ਅਨਟੋਲਡ ਸਟੋਰੀ' ਨਾਮ ਦੀ ਕਿਤਾਬ ਲੋਕ-ਅਰਪਣ ਕਰਨ ਦਾ ਐਲਾਨ ਕੀਤਾ। ਇਸ ਕਿਤਾਬ ਦਾ ਦਾਅਵਾ ਸੀ ਕਿ ਦਿੱਲੀ ਵਿਚ ਫਰਵਰੀ ਵਿਚ ਹੋਏ ਦੰਗੇ ਜਹਾਦੀਆਂ ਅਤੇ ਨਕਸਲੀਆਂ ਨੇ ਕਰਵਾਏ ਸਨ, ਜਦਕਿ ਇਨ੍ਹਾਂ ਦੰਗਿਆਂ ਵਿਚ ਸਭ ਤੋਂ ਜ਼ਿਆਦਾ ਮੁਸਲਮਾਨ ਮਾਰੇ ਗਏ ਸਨ ਅਤੇ ਜ਼ਖਮੀ ਵੀ ਹੋਏ ਸਨ। ਇਹ ਕਿਤਾਬ, ਜਿਵੇਂ ਦਾਅਵਾ ਕੀਤਾ ਗਿਆ ਹੈ, ਤੱਥ-ਖੋਜ ਸਮੂਹ ਜਿਸ ਵਿਚ ਖੁਦ ਇਨ੍ਹਾਂ ਦੇ ਲੇਖਕ ਵੀ ਸ਼ਾਮਲ ਹਨ, ਵੱਲੋਂ ਇਕੱਠੀਆਂ ਕੀਤੀਆਂ ਗਈਆਂ ਵਿਆਪਕ ਤੱਥਪੂਰਨ ਸੂਚਨਾਵਾਂ ਉਪਰ ਆਧਾਰਿਤ ਹੈ ਲੇਕਿਨ ਮਾਰਚ ਵਿਚ ਇਸ ਦੇ ਪ੍ਰਕਾਸ਼ਿਤ ਹੋਣ ਦੇ ਨਾਲ ਹੀ ਇਸ ਕਿਤਾਬ ਨੂੰ ਮੂਲੋਂ ਹੀ ਖਾਰਜ ਕਰ ਦਿੱਤਾ ਗਿਆ। ਉਸ ਵਕਤ ਮੀਡੀਆ ਰਿਪੋਰਟਾਂ ਵਿਚ ਦਿੱਲੀ ਹਿੰਸਾ ਵਿਚ ਦਿੱਲੀ ਪੁਲਿਸ ਅਤੇ ਬੀਜੇਪੀ ਦੇ ਰਾਜਨੀਤਕ ਆਗੂਆਂ ਦੀ ਮਿਲੀਭੁਗਤ ਨੂੰ ਬੇਨਕਾਬ ਕੀਤਾ ਗਿਆ ਸੀ। ਹੁਣ ਬਲੂਮਸਬਰੀ

(ਬਾਕੀ ਅਗਲੇ ਸਫੇ 'ਤੇ)

# 'ਮਹਾਨ ਭਾਰਤ' ਵਿਚ ਵਿਚਾਰਗੀ ਦਾ ਨਾਂ ਗਣਤੰਤਰ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਲੋਕਤੰਤਰੀ ਪ੍ਰਬੰਧ ਵਾਲੇ ਕਿਸੇ ਵੀ ਦੇਸ਼ ਦੇ ਲੋਕਾਂ ਲਈ ਉਸ ਦੇਸ਼ ਦਾ ਗਣਤੰਤਰ ਦਿਵਸ ਇੱਕ ਚਾਅ ਵਾਲਾ ਦਿਨ ਹੋਣਾ ਚਾਹੀਦਾ ਹੈ। ਅਸੀਂ ਬਚਪਨ ਵਿਚ ਇਹੋ ਜਿਹਾ ਚਾਅ ਭਾਰਤੀ ਲੋਕਾਂ ਦੇ ਚਿਹਰਿਆਂ ਉੱਤੇ ਵੀ ਵੇਖਦੇ ਰਹੇ ਹਾਂ ਤੇ ਇਹ ਚਾਅ ਪੰਜਾਬੀ ਲੋਕਾਂ ਵਿਚ ਸਾਰੇ ਦੇਸ਼ ਦੇ ਲੋਕਾਂ ਜਿੰਨਾ ਹੀ ਹੋਇਆ ਕਰਦਾ ਸੀ। ਇਹ ਚਾਅ ਸੜਕਾਂ ਉੱਤੇ ਰੋੜੀ ਕੁੱਟ ਰਹੇ ਮਜ਼ਦੂਰਾਂ ਦੇ ਚਿਹਰੇ ਉੱਤੇ ਉਦੋਂ ਵੀ ਖਾਸ ਨਜ਼ਰ ਨਹੀਂ ਸੀ ਆਉਂਦਾ, ਰਿਕਸ਼ਾ ਚਲਾ ਕੇ ਲੋਕਾਂ ਦਾ ਭਾਰ ਖਿੱਚਦਾ ਮਜ਼ਦੂਰ ਵੀ ਵਿਖਾਵੇ ਦੇ ਚਾਅ ਤੋਂ ਅੱਗੇ ਨਹੀਂ ਸੀ ਵਧਦਾ, ਖੇਤਾਂ ਵਿਚ ਬਲਦਾਂ ਨਾਲ ਹਲ ਵਾਹੁੰਦਾ ਕਿਸਾਨ ਵੀ ਗਣੰਤਤਰ ਦਿਵਸ ਬਾਰੇ ਖਿੜ ਕੇ ਗੱਲ ਨਹੀਂ ਸੀ ਕਰਦਾ ਹੁੰਦਾ, ਪਰ ਨਿਰਾਸ਼ਾ ਪ੍ਰਗਟ ਕੋਈ ਨਹੀਂ ਸੀ ਕਰਦਾ। ਇਸ ਸਾਲ ਗਣਤੰਤਰ ਦਿਵਸ ਜਦੋਂ ਆਉਣਾ ਸੀ, ਭਾਰਤ ਵਿਚ ਕਿਸਾਨਾਂ ਦਾ ਆਪਣੇ ਹੱਕਾਂ ਵਾਸਤੇ ਸੰਘਰਸ਼ ਚੱਲਦਾ ਹੋਣ ਕਾਰਨ ਹਰ ਕਿਸੇ ਦਾ ਧਿਆਨ ਇਸੇ ਵੱਲ ਲੱਗਾ ਪਿਆ ਸੀ ਅਤੇ 22 ਜਨਵਰੀ ਨੂੰ ਸਰਕਾਰ ਅਤੇ ਕਿਸਾਨ ਆਗੂਆਂ ਦੀ ਮੀਟਿੰਗ ਤੋਂ ਆਸ ਸੀ ਕਿ ਉਹ ਕੁਝ ਇਹੋ ਜਿਹਾ ਰਸਤਾ ਕੱਢੇਗੀ ਕਿ ਦੇਸ਼ ਵਿਚ ਖੁਸ਼ੀਆਂ ਦਾ ਬੁੱਲਾ ਆ ਸਕੇ। ਏਦਾਂ ਦਾ ਕੁਝ ਹੋਣ ਦੀ ਥਾਂ ਮੀਟਿੰਗਾਂ ਦੇ ਆਸਰੇ ਜਿਹੜੀ ਆਸ ਦੀ ਕਿਰਨ ਅਜੇ ਤੱਕ ਬਚੀ ਹੋਈ ਸੀ, ਉਹ ਵੀ ਇਸ ਦਿਨ ਟੁੱਟ ਗਈ।



ਇਸ ਮਾਮਲੇ ਵਿਚ ਜਿਹੜੀਆਂ ਗੱਲਾਂ ਨੋਟ ਕਰਨ ਵਾਲੀਆਂ ਹਨ, ਉਨ੍ਹਾਂ ਵਿਚੋਂ ਇੱਕ ਇਹ ਹੈ ਕਿ ਜਦੋਂ ਭਾਰਤ ਦੇਸ਼ ਕਰੋਨਾ ਵਾਇਰਸ ਦਾ ਟਾਕਰਾ ਕਰਨ ਵਿਚ ਉਲਝਿਆ ਹੋਇਆ ਸੀ, ਮੌਤਾਂ ਦੀ ਗਿਣਤੀ ਲਗਾਤਾਰ ਵਧੀ ਜਾਂਦੀ ਸੀ, ਕੇਂਦਰ ਦੀ ਸਰਕਾਰ ਨੂੰ ਨਵੇਂ ਖੇਤੀ ਕਾਨੂੰਨ ਬਣਾਉਣ ਲਈ ਇਹੋ ਮੌਕਾ ਠੀਕ ਕਿਉਂ ਲੱਗਾ? ਆਮ ਪ੍ਰਭਾਵ ਇਹੀ ਹੈ ਕਿ ਸਰਕਾਰ ਦਾ ਖਿਆਲ ਸੀ ਕਿ ਕਰੋਨਾ ਵਾਇਰਸ ਦੇ ਖਤਰੇ ਕਾਰਨ ਕਿਸਾਨ ਬਹੁਤ ਵੱਡੀ ਗਿਣਤੀ ਵਿਚ ਇਕੱਠ ਕਰਨ ਤੋਂ ਝਿਜਕਦੇ ਰਹਿਣਗੇ ਅਤੇ ਰੌਲੇ-ਰੱਪੇ ਵਿਚ ਇਹ ਕਾਨੂੰਨ ਲਾਗੂ ਹੋ ਜਾਣਗੇ। ਉਂਜ ਇਹ ਕਾਨੂੰਨ ਰੌਲੇ-ਰੱਪੇ ਵਿਚ ਲਾਗੂ ਕਰਨ ਦੀ ਗੱਲ ਹੀ ਨਹੀਂ, ਪਾਰਲੀਮੈਂਟ ਵਿਚ ਬਹਿਸ ਵੀ ਪਾਸ ਕਰਵਾਏ ਜਾਂ ਵੋਟਾਂ ਪਵਾਏ ਤੋਂ ਬਿਨਾ ਕਰਵਾਏ ਸਨ। ਵਿਰੋਧੀ ਧਿਰ ਦੀ ਗੱਲ ਸੁਣਨ ਦੀ ਥਾਂ ਜਿਸ ਦੇਸ਼ ਦੀ ਪਾਰਲੀਮੈਂਟ ਵਿਚ ਹੰਗਾਮੇ ਦੌਰਾਨ ਇਸ ਤਰ੍ਹਾਂ ਦੇ ਅਹਿਮ ਬਿੱਲ ਆਵਾਜ਼ ਦੀ ਵੋਟ ਦਾ ਸਾਂਗ ਰਚ ਕੇ ਪਾਸ ਕਰਵਾਏ ਜਾਣ, ਉਸ ਦਾ ਅਕਸ ਕਿਸੇ ਗਣਤੰਤਰੀ ਦੇਸ਼ ਵਿਚ ਜਿੰਦਾਂ ਦੀ ਪਾਰਲੀਮੈਂਟ ਚਾਹੀਦੀ ਹੈ, ਉਦਾਂ ਦਾ ਨਹੀਂ ਬਣ ਸਕਦਾ। ਦੂਜੀ ਗੱਲ ਇਹ ਕਿ ਕਰੋੜਾਂ ਕਿਸਾਨ ਜਿਸ ਹਾਲਤ ਵਿਚ ਰਾਤ-ਦਿਨ ਮਿੱਟੀ ਨਾਲ ਮਿੱਟੀ ਹੁੰਦੇ ਅਤੇ ਇੱਕ ਸੌ ਚਾਲੀ ਕਰੋੜ ਲੋਕਾਂ ਦਾ ਪੇਟ ਪਾਲਦੇ ਹਨ, ਉਨ੍ਹਾਂ ਨੂੰ ਅੱਖੋਂ ਪਰੋਖੇ ਕਰ ਕੇ ਸਿਰਫ ਦੋ ਵੱਡੇ ਪੂੰਜੀਪਤੀ ਘਰਾਣਿਆਂ ਨਾਲ ਸਾਂਝ ਪੁਗਾਉਣ ਵਿਚ ਜਿਵੇਂ ਇਸ ਦੇਸ਼ ਦੇ ਲੋਕਾਂ ਵੱਲੋਂ ਚੁਣੀ ਹੋਈ ਸਰਕਾਰ ਲੋਕਾਂ ਦੇ ਖਿਲਾਫ ਡੰਡਾ ਚੁੱਕਣ ਤੁਰ ਪਈ ਹੈ, ਉਹ ਵਿਹਾਰ ਵੀ ਲੋਕਤੰਤਰੀ ਨਹੀਂ ਕਿਹਾ ਜਾ ਸਕਦਾ। ਸਰਕਾਰ ਦੀ ਤੀਸਰੀ ਗਲਤੀ ਇਹ ਸੀ ਕਿ ਜਦੋਂ ਮੁਢਲੇ ਪੜਾਅ ਉੱਤੇ ਇਨ੍ਹਾਂ ਤਿੰਨ ਖੇਤੀ ਕਾਨੂੰਨਾਂ ਨੂੰ ਕੁਝ ਸਮਾਂ ਸਸਪੈਂਡ ਕਰਨ ਦਾ ਐਲਾਨ ਕਰ ਕੇ ਕਿਸਾਨਾਂ ਨਾਲ ਗੱਲ ਚਲਾਈ ਜਾ ਸਕਦੀ ਸੀ, ਉਦੋਂ ਇਹ ਕੰਮ ਕੀਤਾ ਨਹੀਂ ਅਤੇ ਜਦੋਂ ਲੜਾਈ ਬੜੇ ਨਾਜ਼ੁਕ ਮੋੜ ਤੱਕ ਪੁੱਜ ਗਈ, ਉਦੋਂ ਇਨ੍ਹਾਂ ਕਾਨੂੰਨਾਂ ਨੂੰ ਸਸਪੈਂਡ ਕਰਨ ਦੀ ਗੱਲ ਚਲਾਈ ਗਈ ਹੈ। ਇਸ ਤੋਂ ਸਾਫ ਹੈ ਕਿ ਸਰਕਾਰ ਆਪਣੇ ਹੱਠੀ ਵਿਹਾਰ ਦੇ ਨਾਲ ਹਰ ਮੋੜ ਉੱਤੇ ਗਲਤੀਆਂ ਕਰਦੀ ਗਈ ਤੇ ਗਣਤੰਤਰ ਦਿਵਸ ਤੱਕ ਦੇਸ਼ ਨੂੰ ਜਿੱਲ੍ਹਣ ਵਿਚ ਫਸਾਉਣ ਦਾ ਕਾਰਨ ਖੁਦ ਬਣੀ ਹੈ।

ਗਲਤੀਆਂ ਸਰਕਾਰ ਦੀਆਂ ਸਨ, ਨਿਸ਼ਾਨਾ ਫਿਰ ਕਿਸਾਨਾਂ ਨੂੰ ਬਣਾਇਆ ਗਿਆ ਤੇ ਸਾਰੇ ਦੇਸ਼ ਵਿਚ ਉਨ੍ਹਾਂ ਖਿਲਾਫ ਪ੍ਰਚਾਰ ਦੀ ਮੁਹਿੰਮ ਚਲਾਈ ਗਈ। ਕੇਂਦਰ ਸਰਕਾਰ ਦੇ ਇੱਕ ਮੰਤਰੀ ਨੇ ਦੋਸ਼ ਲਾਇਆ ਕਿ ਕਿਸਾਨਾਂ ਨੂੰ ਪਾਕਿਸਤਾਨ ਵੱਲੋਂ ਫੰਡਿੰਗ ਕੀਤੀ ਜਾਂਦੀ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਕਹਿ ਦਿੱਤਾ ਕਿ ਅਸੀਂ ਰਾਮ ਮੰਦਿਰ ਬਣਾਉਣ ਲੱਗੇ ਹਾਂ, ਜਿਨ੍ਹਾਂ ਨੂੰ ਇਹ ਬਰਦਾਸ਼ਤ ਨਹੀਂ ਹੁੰਦਾ, ਉਹ ਲੋਕ ਖੇਤੀਬਾੜੀ ਕਾਨੂੰਨਾਂ ਦੇ ਬਹਾਨੇ ਸੰਘਰਸ਼ ਕਰਦੇ ਪਏ ਹਨ। ਭਾਰਤ ਦੇਸ਼ ਦੀ ਆਬਾਦੀ ਵਿਚ ਜਿਸ ਤਰ੍ਹਾਂ ਅੱਸੀ ਫੀਸਦੀ ਹਿੰਦੂ ਹਨ, ਉਸੇ ਤਰ੍ਹਾਂ ਉੱਤਰ ਪ੍ਰਦੇਸ਼ ਦੇ ਕਿਸਾਨਾਂ ਵਿਚ ਕਰੀਬ ਅੱਸੀ ਫੀਸਦੀ ਹਿੰਦੂ ਹਨ, ਉਹ ਰਾਮ ਮੰਦਿਰ ਦਾ ਵਿਰੋਧ ਕਰਦੇ ਹਨ, ਇਹ ਗੱਲ ਹੋਸ਼ ਵਾਲਾ ਕੋਈ ਬੰਦਾ ਨਹੀਂ ਮੰਨੇਗਾ। ਫਿਰ ਰਾਜਸਥਾਨ ਤੋਂ ਭਾਜਪਾ ਦੀ ਇੱਕ ਪਾਰਲੀਮੈਂਟ ਮੈਂਬਰ ਬੀਬੀ ਨੇ ਇਹ ਗੱਲ ਕਹਿ ਦਿੱਤੀ ਕਿ ਦਿੱਲੀ ਦੇ ਬਾਹਰ ਖਾਲਿਸਤਾਨ ਦੀ ਮੰਗ ਕਰਨ ਵਾਲੇ ਲੋਕ ਏ. ਕੇ. ਸੰਤਾਲੀ ਰਾਈਫਲਾਂ ਲੈ ਕੇ ਆ ਬੈਠੇ ਹਨ। ਇਸ ਨਾਲੋਂ ਘਟੀਆ ਤੁਹਮਤ ਹੋਰ ਕੋਈ ਨਹੀਂ ਲਾਈ ਜਾ ਸਕਦੀ। ਕਿਸੇ ਇੱਕ ਵੀ ਵਿਅਕਤੀ ਦੇ ਕੋਲ ਉਥੇ ਰਾਈਫਲ ਨਹੀਂ ਸੀ। ਏਦਾਂ ਦੀਆਂ ਤੁਹਮਤਾਂ ਭਾਜਪਾ ਨਾਲ ਜੁੜੇ ਹੋਏ ਕਈ ਹੋਰ ਲੀਡਰਾਂ ਨੇ ਵੀ ਬਿਨਾ ਸੋਚੇ ਲਾਈਆਂ ਅਤੇ ਹਾਲਾਤ ਨੂੰ ਭੜਕਾਉਣ ਦਾ ਯਤਨ ਕੀਤਾ ਹੈ।

ਕੇਂਦਰ ਸਰਕਾਰ ਚਲਾ ਰਹੀ ਪਾਰਟੀ ਦੇ ਪਿਛਲੱਗਾਂ ਦਾ ਇਸ ਪ੍ਰਚਾਰ ਮੋਰਚੇ ਦਾ ਇੱਕ ਕੋਝਾ ਰੰਗ ਹੋਰ ਵੀ ਹੈ। ਜਦੋਂ ਇਹ ਵੇਖਿਆ ਕਿ ਪੰਜਾਬ ਤੋਂ ਸ਼ੁਰੂ ਹੋਏ ਸੰਘਰਸ਼ ਵਿਚ ਹਰਿਆਣੇ ਤੇ ਉੱਤਰ ਪ੍ਰਦੇਸ਼ ਦੇ ਕਿਸਾਨ ਵੀ ਆਣ ਪੁੱਜੇ ਤੇ ਫਿਰ ਰਾਜਸਥਾਨ, ਉੱਤਰਾ ਖੰਡ, ਮੱਧ ਪ੍ਰਦੇਸ਼ ਤੋਂ ਬਾਅਦ ਗੁਜਰਾਤ ਤੇ ਮਹਾਰਾਸ਼ਟਰ ਵਾਲੇ ਕਿਸਾਨ ਵੀ ਇਨ੍ਹਾਂ ਨਾਲ ਜੁੜਨ ਲੱਗੇ ਹਨ ਤਾਂ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦੇ ਖਿਲਾਫ ਨਵਾਂ ਪ੍ਰਚਾਰ ਮੋਰਚਾ ਸ਼ੁਰੂ ਕਰ ਦਿੱਤਾ ਗਿਆ। ਮੱਧ ਪ੍ਰਦੇਸ਼ ਦਾ ਇੱਕ ਭਾਜਪਾ ਨੇਤਾ ਉਥੇ ਇਕੱਠੇ ਕੀਤੇ ਕਿਸਾਨਾਂ ਨੂੰ ਇਹ ਕਹਿਣ ਲੱਗ ਪਿਆ ਕਿ ਪੰਜਾਬ ਤੇ ਹਰਿਆਣੇ ਦੇ ਕਿਸਾਨ ਬਾਕੀ ਦੇਸ਼ ਤੋਂ ਖੁਸ਼ਹਾਲ ਹੋ ਜਾਣ ਪਿੱਛੋਂ ਇਸ ਲਈ ਭੜਕਦੇ ਪਏ ਹਨ ਕਿ ਅਸੀਂ ਉਨ੍ਹਾਂ ਵੱਲੋਂ ਕੁਝ ਧਿਆਨ ਹਟਾ ਕੇ ਦੇਸ਼ ਦੇ ਬਾਕੀ ਰਾਜਾਂ ਦੇ ਕਿਸਾਨਾਂ ਵੱਲ ਲਾਉਣਾ ਹੈ। ਮਿਸਾਲ ਉਸ ਨੇ ਇਹ ਦਿੱਤੀ ਕਿ ਪੰਜਾਬ ਤੇ ਹਰਿਆਣੇ ਵਿਚ ਫਸਲ ਖਰੀਦਣ ਲਈ ਘੱਟੋ-ਘੱਟ ਖਰੀਦ ਕੀਮਤ, ਐੱਮ. ਐੱਸ. ਪੀ., ਲਾਗੂ ਹੋਣ ਕਾਰਨ ਉਥੇ ਝੋਨਾ ਅਠਾਰਾਂ ਸੌ ਰੁਪਏ ਕੁਇੰਟਲ ਤੋਂ ਵੱਧ ਵਿਕਦਾ ਹੈ ਤੇ ਸਾਡੇ ਮੱਧ ਪ੍ਰਦੇਸ਼ ਵਿਚ ਕੋਈ ਛੇ ਸੌ ਰੁਪਏ ਨੂੰ ਨਹੀਂ ਚੁੱਕਦਾ। ਉਸ ਦੀ ਗੱਲ ਬਿਲਕੁਲ ਠੀਕ ਹੈ, ਪਰ ਮੱਧ ਪ੍ਰਦੇਸ਼ ਦੇ ਕਿਸਾਨਾਂ ਨੂੰ ਭਾਜਪਾ ਦੀਆਂ ਲਗਾਤਾਰ ਚਾਰ ਸਰਕਾਰਾਂ ਰਹਿਣ ਮਗਰੋਂ ਵੀ ਜੇ ਉਨ੍ਹਾਂ ਦਾ ਹੱਕ ਨਹੀਂ ਮਿਲਦਾ ਪਿਆ ਤਾਂ ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਦਾ ਕਸੂਰ ਨਹੀਂ, ਮੱਧ ਪ੍ਰਦੇਸ਼ ਦੀਆਂ ਭਾਜਪਾ ਸਰਕਾਰਾਂ ਚਲਾਉਣ ਵਾਲੇ ਆਗੂਆਂ ਦਾ ਕਸੂਰ ਹੈ। ਅਸੀਂ ਚਾਹਾਂਗੇ ਕਿ ਮੱਧ ਪ੍ਰਦੇਸ਼ ਦੇ ਕਿਸਾਨਾਂ ਨੂੰ ਵੀ ਪੂਰਾ ਹੱਕ ਦਿੱਤਾ ਜਾਵੇ, ਪਰ ਇਹ ਹੱਕ ਦੇਣ ਲਈ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦਾ ਵਿਰੋਧ ਕਰਨ ਦੀ ਲੋੜ ਨਹੀਂ, ਸਗੋਂ ਇਨ੍ਹਾਂ ਨੂੰ ਮਿਸਾਲ ਬਣਾ ਕੇ ਉਥੋਂ ਵਾਲੇ ਕਿਸਾਨਾਂ ਲਈ ਕੰਮ ਕਰਨ ਦੀ ਲੋੜ ਹੈ। ਆਪਣੀ ਨਾਕਾਮੀ ਲੁਕਾਉਣ ਲਈ ਪੰਜਾਬ ਤੇ ਹਰਿਆਣੇ ਦੇ ਕਿਸਾਨਾਂ ਦਾ ਵਿਰੋਧ ਕਰਨ ਵਾਸਤੇ ਹੋਰ ਰਾਜਾਂ ਦੇ ਲੋਕਾਂ ਨੂੰ ਉਕਸਾਇਆ ਜਾਂਦਾ ਹੈ। ਗਣਤੰਤਰ ਲੋਕਾਂ ਨੂੰ ਇੱਕ ਦੂਸਰੇ ਦੇ ਗੁਣਾਂ ਤੋਂ ਸਿੱਖ ਕੇ ਅੱਗੇ ਵਧਣ ਦੇ ਮੌਕੇ ਦੇਣ ਵਾਲਾ ਹੋਣਾ ਚਾਹੀਦਾ ਹੈ, ਲੋਕਾਂ ਦੇ ਸਿਰ ਭਿੜਾਉਣ ਵਾਲਾ ਨਹੀਂ। ਭਾਰਤ ਦੇ ਗਣਤੰਤਰ ਦਾ ਰੰਗ ਹੀ ਵੱਖਰਾ ਹੈ।

ਆਜ਼ਾਦੀ ਲਹਿਰ ਵਿਚੋਂ ਨਿਕਲੇ ਉਸ ਵਕਤ ਦੇ ਜਿਹੜੇ ਲੀਡਰਾਂ ਨੇ ਭਾਰਤ ਨੂੰ ਗਣਤੰਤਰ ਬਣਾਉਣ ਦੇ ਲਈ ਇੱਕ ਸੰਵਿਧਾਨ ਪ੍ਰਵਾਨ ਕੀਤਾ ਸੀ, ਇਸ ਦੇ ਕੁਝ ਅਸੂਲ ਮਿਥੇ ਅਤੇ ਨਾਗਰਿਕਾਂ ਲਈ ਕੁਝ ਮੁਢਲੇ ਫਰਜ਼ ਤੇ ਮੁਢਲੇ ਅਧਿਕਾਰ ਪ੍ਰਵਾਨ ਕੀਤੇ ਸਨ, ਉਨ੍ਹਾਂ ਕਦੇ ਇਹ ਨਹੀਂ ਸੋਚਿਆ ਹੋਣਾ ਕਿ ਗਣਤੰਤਰ ਲੀਹੋਂ ਵੀ ਲੱਥ ਸਕਦਾ ਹੈ। ਇਹ ਭਾਰਤ ਦੇਸ਼ ਦੇ ਗਣਤੰਤਰ, ਤੇ ਇਸ ਦੇ ਲੋਕਾਂ ਦੀ ਬਦਕਿਸਮਤੀ ਹੈ ਕਿ ਗਣਤੰਤਰ ਮਿਥੀ ਹੋਈ ਲੀਹ ਉੱਤੇ ਚੱਲਣ ਦੀ ਥਾਂ ਕੁਰਾਹੇ ਪੈਂਦਾ ਜਾ ਰਿਹਾ ਹੈ। ਸਿਰਫ ਦੋ ਘਰਾਣਿਆਂ ਖਾਤਰ ਪੂਰਾ ਦੇਸ਼ ਸੁੱਕਣੇ ਪਾਇਆ ਪਿਆ ਹੈ। ਗਣਤੰਤਰ ਤਾਂ ਏਦਾਂ ਦੀ ਮਿਸਾਲ ਹੋਣਾ ਚਾਹੀਦਾ ਹੈ, ਜਿਸ ਉੱਤੇ ਹੋਰ ਦੇਸ਼ ਵੀ ਚੱਲਣ, ਪਰ ਭਾਰਤ ਆਪਣੇ ਆਪ ਵਿਚ ਹੀ ਏਨਾ 'ਬੇਮਿਸਾਲ' ਰਸਤਾ ਫੜੀ ਜਾਂਦਾ ਹੈ, ਜਿਸ ਵਿਚ ਕੋਈ ਇਹ ਵੀ ਦਾਅਵੇ ਨਾਲ ਕਹਿਣ ਵਾਲਾ ਨਹੀਂ ਮਿਲਦਾ ਕਿ ਭਲਕ ਨੂੰ ਭਾਰਤ ਫਲਾਣੇ ਥਾਂ ਪੁੱਜੇਗਾ, ਸਗੋਂ ਹਰ ਗੱਲ ਵਿਚ ਬੇਵਿਸ਼ਵਾਸੀ ਝਲਕਣ ਲੱਗ ਪਈ ਹੈ। ਵਿਚਾਰਗੀ ਦਾ ਨਾਂ ਹੀ ਗਣਤੰਤਰ ਜਾਪਣ ਲੱਗ ਪਿਆ ਹੈ!

# ਅਰਨਬ ਗੋਸਵਾਮੀ ਅਤੇ ਪੱਤਰਕਾਰੀ ਦਾ ਜਨਾਜ਼ਾ

*(ਪਿਛਲੇ ਸਫੇ ਦੀ ਬਾਕੀ)*


ਨੂੰ ਸਵਾਲ ਇਹ ਹੈ ਕਿ ਉਸ ਨੇ ਇਸ ਕਿਤਾਬ ਨੂੰ ਛਪਣ ਕਿਵੇਂ ਦਿੱਤਾ ਸੀ?

ਇਹ ਸਵਾਲ ਕਿਤਾਬ ਛਾਪਣ ਦੇ ਤੈਅਸ਼ੁਦਾ ਤੌਰ-ਤਰੀਕਿਆਂ ਬਾਰੇ ਹੈ। ਪ੍ਰਕਾਸ਼ਨ ਸੰਸਥਾ ਗੈਰਗਲਪੀ ਵਾਰਤਕ ਦੀਆਂ ਕਿਤਾਬਾਂ ਨੂੰ ਛਾਪਣ ਤੋਂ ਪਹਿਲਾਂ ਉਸ ਦੇ ਤੱਥਾਂ ਦੀ ਜਾਣਕਾਰੀ ਦੀ ਜ਼ਿੰਮੇਵਾਰੀ ਲੈਂਦੀ ਹੈ ਅਤੇ ਸੰਸਥਾ ਦੇ ਸੰਪਾਦਕਾਂ ਤੋਂ ਕਿਤਾਬ ਦੀ ਵਿਸ਼ਾ-ਵਸਤੂ ਦੇ ਸੱਚ ਦੀ ਜਾਂਚ ਕਰ ਲੈਣ ਦੀ ਉਮੀਦ ਕੀਤੀ ਜਾਂਦੀ ਹੈ। ਇਸ ਮਾਮਲੇ ਵਿਚ ਹੋਇਆ ਇਹ ਕਿ ਬਲੂਮਸਬਰੀ ਨੇ ਆਪਣੀ ਕਿਤਾਬ ਵਾਪਸ ਲੈ ਲਈ। ਬਹੁਤ ਸਾਰੇ ਲੋਕਾਂ ਨੇ ਇਸ ਨੂੰ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਦਾ ਘਾਣ ਕਰਾਰ ਦਿੱਤਾ - ਕੁਝ ਨੇ ਪ੍ਰਤੱਖ ਭੋਲੇਪਣ ਨਾਲ ਅਤੇ ਕੁਝ ਨੇ ਜਾਣ-ਬੁਝ ਕੇ ਘਚੋਲਾ ਪਾਉਣ ਦੀ ਮਨਸ਼ਾ ਨਾਲ। ਇਸ ਮਾਮਲੇ 'ਚ ਸਮੱਸਿਆ ਇਹ ਨਹੀਂ ਸੀ। ਬਲੂਮਸਬਰੀ ਦੀ ਕਿਤਾਬ ਬਾਜ਼ਾਰ ਤੋਂ ਵਾਪਸ ਲੈ ਲੈਣ ਦਾ ਫੈਸਲਾ ਇਹ ਦਾਅਪੇਚਕ ਇਕਬਾਲ ਸੀ ਕਿ ਜਿਸ ਤਰ੍ਹਾਂ ਇਹ ਕਿਤਾਬ ਲਿਖੀ ਗਈ ਹੈ ਜਾਂ ਇਸ ਦਾ ਸੰਪਾਦਨ ਕੀਤਾ ਗਿਆ ਹੈ, ਉਸ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ।

ਬਲੂਮਸਬਰੀ ਦੀ ਬਜਾਏ ਇਹ ਕਿਤਾਬ ਗਰੁੜ ਪ੍ਰਕਾਸ਼ਨ ਨੇ ਛਾਪਣ ਲਈ ਚੁਣ ਲਈ ਜੋ ਸੱਜੇਪੱਖੀ ਲੇਖਕਾਂ ਦਾ ਅੱਡਾ ਹੈ ਅਤੇ ਉਸ ਨੇ ਸਮੀਖਿਆ ਦੇ ਉਹ ਤਮਾਮ ਅਮਲ ਬਹੁਤ ਛੇਤੀ ਹੀ ਪੂਰੇ ਕਰ ਲਏ ਜੋ ਬਲੂਮਸਬਰੀ ਨੇ ਨਜ਼ਰਅੰਦਾਜ਼ ਕਰ ਦਿੱਤੇ ਸਨ। ਗਰੁੜ ਪ੍ਰਕਾਸ਼ਨ ਹੁਣ ਉਹ ਕਰਨ ਦਾ ਯਤਨ ਕਰ ਰਿਹਾ ਹੈ ਜੋ ਬਲੂਮਸਬਰੀ ਨੇ ਨਹੀਂ ਕੀਤਾ ਸੀ: ਕਿਤਾਬ ਨੂੰ ਸੱਚਾਈ ਦੇ ਕੰਮ ਵਜੋਂ ਪੇਸ਼ ਕਰਨਾ।

ਇਓਂ ਪ੍ਰਤੀਤ ਹੁੰਦਾ ਹੈ ਕਿ ਬਲੂਮਸਬਰੀ ਦਾ ਕਿਤਾਬ ਨੂੰ ਵਾਪਸ ਲੈਣ ਦਾ ਫੈਸਲਾ, ਜੋ ਇਸ ਮਾਮਲੇ ਵਿਚ ਪੈਦਾ ਹੋਏ ਵਿਵਾਦ ਦੇ ਆਪਣੇ ਆਲਮੀ ਸਦਰ-ਮੁਕਾਮ ਲੰਡਨ ਜਾ ਪਹੁੰਚਣ ਤੋਂ ਬਾਅਦ ਕੀਤਾ ਗਿਆ, ਆਪਣੀ ਸਥਾਨਕ ਸ਼ਾਖਾ ਦਾ ਫਿਕਰ ਕਰਨ ਦੀ ਬਜਾਏ ਕੌਮਾਂਤਰੀ ਪ੍ਰਕਾਸ਼ਕ ਦੇ ਰੂਪ ਵਿਚ ਸਥਾਪਤ ਆਪਣੇ ਮਾਪਦੰਡਾਂ ਦੇ ਮੱਦੇਨਜ਼ਰ ਕੀਤਾ ਗਿਆ।

ਇਸ ਤੋਂ ਭਾਰਤ ਵਿਚ ਪ੍ਰਕਾਸ਼ਕਾਂ ਦੇ ਕੰਮਕਾਰ ਦੇ ਅਮਲ ਅਤੇ ਮਾਪਦੰਡਾਂ ਬਾਰੇ ਪਤਾ ਲੱਗਦਾ ਹੈ ਕਿ ਜਦ ਤੱਕ ਉਨ੍ਹਾਂ ਦੇ ਕਾਰਨਾਮੇ ਜੱਗ ਜ਼ਾਹਿਰ ਨਾ ਹੋ ਜਾਣ, ਉਦੋਂ ਤੱਕ ਉਹ ਉਨ੍ਹਾਂ ਮੁੱਲਾਂ ਦੀ ਰਤਾ ਵੀ ਪ੍ਰਵਾਹ ਨਹੀਂ ਕਰਦੇ। ਕੌਮਾਂਤਰੀ ਪ੍ਰਕਾਸ਼ਨ ਵਿਚ ਸਚਾਈ ਅਤੇ ਨਿਰਪੱਖਤਾ ਦੇ ਸਵਾਲ ਅੱਜ ਵੀ ਮਾਇਨੇ ਰੱਖਦੇ ਹਨ ਜਦਕਿ ਭਾਰਤ ਵਿਚ ਇਨ੍ਹਾਂ ਨੂੰ ਨਜ਼ਰਅੰਦਾਜ਼ ਕਰਨ ਦੀਆਂ ਮਿਸਾਲਾਂ ਵਿਚ ਵਾਧਾ ਹੋ ਰਿਹਾ ਹੈ।




***ਇਹ ਸਵਾਲ ਕਿਤਾਬ ਛਾਪਣ ਦੇ ਤੈਅਸ਼ੁਦਾ ਤੌਰ-ਤਰੀਕਿਆਂ ਬਾਰੇ ਹੈ। ਪ੍ਰਕਾਸ਼ਨ ਸੰਸਥਾ ਗੈਰਗਲਪੀ ਵਾਰਤਕ ਦੀਆਂ ਕਿਤਾਬਾਂ ਨੂੰ ਛਾਪਣ ਤੋਂ ਪਹਿਲਾਂ ਉਸ ਦੇ ਤੱਥਾਂ ਦੀ ਜਾਣਕਾਰੀ ਦੀ ਜ਼ਿੰਮੇਵਾਰੀ ਲੈਂਦੀ ਹੈ ਅਤੇ ਸੰਸਥਾ ਦੇ ਸੰਪਾਦਕਾਂ ਤੋਂ ਕਿਤਾਬ ਦੀ ਵਿਸ਼ਾ-ਵਸਤੂ ਦੇ ਸੱਚ ਦੀ ਜਾਂਚ ਕਰ ਲੈਣ ਦੀ ਉਮੀਦ ਕੀਤੀ ਜਾਂਦੀ ਹੈ। ਇਸ ਮਾਮਲੇ ਵਿਚ ਹੋਇਆ ਇਹ ਕਿ ਬਲੂਮਸਬਰੀ ਨੇ ਆਪਣੀ ਕਿਤਾਬ ਵਾਪਸ ਲੈ ਲਈ। ਬਹੁਤ ਸਾਰੇ ਲੋਕਾਂ ਨੇ ਇਸ ਨੂੰ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਦਾ ਘਾਣ ਕਰਾਰ ਦਿੱਤਾ - ਕੁਝ ਨੇ ਪ੍ਰਤੱਖ ਭੋਲੇਪਣ ਨਾਲ ਅਤੇ ਕੁਛ ਨੇ ਜਾਣ-ਬੁਝ ਕੇ ਘਚੋਲਾ ਪਾਉਣ ਦੀ ਮਨਸ਼ਾ ਨਾਲ। ਇਸ ਮਾਮਲੇ 'ਚ ਸਮੱਸਿਆ ਇਹ ਨਹੀਂ ਸੀ। ਬਲੂਮਸਬਰੀ ਦੀ ਕਿਤਾਬ ਬਾਜ਼ਾਰ ਤੋਂ ਵਾਪਸ ਲੈ ਲੈਣ ਦਾ ਫੈਸਲਾ ਇਹ ਦਾਅਪੇਚਕ ਇਕਬਾਲ ਸੀ ਕਿ ਜਿਸ ਤਰ੍ਹਾਂ ਇਹ ਕਿਤਾਬ ਲਿਖੀ ਗਈ ਹੈ ਜਾਂ ਇਸ ਦਾ ਸੰਪਾਦਨ ਕੀਤਾ ਗਿਆ ਹੈ, ਉਸ ਨੂੰ ਸਹੀ ਨਹੀਂ ਠਹਿਰਾਇਆ ਜਾ ਸਕਦਾ।***

***ਬਲੂਮਸਬਰੀ ਦੀ ਬਜਾਏ ਦਿੱਲੀ ਦੰਗੇ-2020 ਕਿਤਾਬ ਗਰੁੜ ਪ੍ਰਕਾਸ਼ਨ ਨੇ ਛਾਪਣ ਲਈ ਚੁਣ ਲਈ ਜੋ ਸੱਜੇਪੱਖੀ ਲੇਖਕਾਂ ਦਾ ਅੱਡਾ ਹੈ ਅਤੇ ਉਸ ਨੇ ਸਮੀਖਿਆ ਦੇ ਉਹ ਤਮਾਮ ਅਮਲ ਬਹੁਤ ਛੇਤੀ ਹੀ ਪੂਰੇ ਕਰ ਲਏ ਜੋ ਬਲੂਮਸਬਰੀ ਵੱਲੋਂ ਨਜ਼ਰਅੰਦਾਜ਼ ਕਰ ਦਿੱਤੇ ਗਏ ਸਨ। ਗਰੁੜ ਪ੍ਰਕਾਸ਼ਨ ਹੁਣ ਉਹ ਕਰਨ ਦਾ ਯਤਨ ਕਰ ਰਿਹਾ ਹੈ ਜੋ ਬਲੂਮਸਬਰੀ ਨੇ ਨਹੀਂ ਕੀਤਾ ਸੀ: ਕਿਤਾਬ ਨੂੰ ਸੱਚਾਈ ਦੇ ਕੰਮ ਵਜੋਂ ਪੇਸ਼ ਕਰਨਾ।***

ਪੇਸ਼ੇਵਰ ਤਕਾਜ਼ਿਆਂ ਨੂੰ ਐਸੀ ਹਰੇਕ ਵਿਅਕਤੀਗਤ ਤਿਲਾਂਜਲੀ ਇਕ ਐਸੇ ਮੰਜ਼ਰ ਦੀ ਸਰਜ਼ਮੀਨ ਤਿਆਰ ਕਰਦੀ ਹੈ, ਜਿੱਥੇ ਬਲੂਮਸਬਰੀ ਅਤੇ ਗਰੁੜ ਪ੍ਰਕਾਸ਼ਨ ਦਰਮਿਆਨ ਅੰਤਰ ਮਿਟ ਜਾਂਦਾ ਹੈ। ਜੇ ਕਿਸੇ ਪਬਲਿਸ਼ਿੰਗ ਹਾਊਸ ਦਾ ਸੰਚਾਲਨ ਕੁਝ ਨਿਸ਼ਚਿਤ ਮਾਪਦੰਡਾਂ ਅਤੇ ਅਮਲਾਂ ਵੱਲੋਂ ਨਹੀਂ ਕੀਤਾ ਜਾਂਦਾ ਤਾਂ ਹਰ ਸੰਸਥਾ ਬਾਕੀ ਹੋਰਨਾਂ ਵਰਗੀ ਹੀ ਹੈ।

ਪੱਤਰਕਾਰੀ ਦੀਆਂ ਸੰਸਥਾਵਾਂ ਦੀ ਹਾਲਤ ਵੀ ਇਸੇ ਤਰ੍ਹਾਂ ਦੀ ਹੈ। ਜੇ ਕੋਈ ਸਪਸ਼ਟਤਾ ਨਾਲ ਆਪਣੇ ਨਿਊਜ਼ ਰੂਮ ਦੇ ਅਮਲਾਂ ਦੇ ਹੱਕ ਵਿਚ ਨਹੀਂ ਖੜ੍ਹਦਾ ਤਾਂ ਇਹ ਵਿਚਾਰ ਸਹਿਜੇ-ਸਹਿਜੇ ਗਲਬਾ ਪਾ ਲੈਂਦਾ ਹੈ ਕਿ ਤਮਾਮ ਪੱਤਰਕਾਰੀ ਓਨੀ ਹੀ ਮਾੜੀ ਹੈ ਜਿੰਨੀ ਕੋਈ ਮਾੜੀ ਪੱਤਰਕਾਰੀ ਹੋ ਸਕਦੀ ਹੈ। ਫਿਰ ਇਹ ਸਰਕਾਰ ਦੇ ਹੱਥਾਂ ਵਿਚ ਖੇਡਣਾ ਸ਼ੁਰੂ ਕਰ ਦਿੰਦੀ ਹੈ ਜਿਸ ਨੇ ਪੱਤਰਕਾਰੀ ਤੋਂ ਲੋਕਾਂ ਦਾ ਯਕੀਨ ਉਠਾਉਣ ਦਾ ਕੰਮ ਕੀਤਾ ਹੈ ਤਾਂ ਜੋ ਸੱਚੀ ਰਿਪੋਰਟਿੰਗ ਨੂੰ ਵੀ ਬਦਨਾਮ ਕੀਤਾ ਜਾ ਸਕੇ, ਖਾਸ ਕਰ ਕੇ ਉਦੋਂ ਜਦ ਉਸ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

ਫਿਰ ਭਾਰਤੀ ਮੀਡੀਆ ਵਿਚ ਕੌਣ-ਕੌਣ ਇਨ੍ਹਾਂ ਪੂਰਨਿਆਂ 'ਤੇ ਚੱਲਣਗੇ?

ਉਹ ਸੰਸਥਾਵਾਂ ਵੀ ਉਮੀਦ ਉਪਰ ਪੂਰੀਆਂ ਨਹੀਂ ਉਤਰੀਆਂ ਜਿਨ੍ਹਾਂ ਤੋਂ ਐਸੀ ਭੂਮਿਕਾ ਨਿਭਾਉਣ ਦੀ ਉਮੀਦ ਕੀਤੀ ਜਾਂਦੀ ਸੀ। ਐਮਰਜੈਂਸੀ ਦੌਰਾਨ ਇੰਡੀਅਨ ਐਕਸਪ੍ਰੈੱਸ ਦੇ ਕੰਮਕਾਜ ਨੂੰ ਅਕਸਰ ਹੀ ਮਾਡਲ ਦੇ ਰੂਪ 'ਚ ਪੇਸ਼ ਕਰਦੇ ਹੋਏ ਦੱਸਿਆ ਜਾਂਦਾ ਹੈ ਕਿ ਜਦ ਕਿਸੇ ਤਾਨਾਸ਼ਾਹ ਸਰਕਾਰ ਦਾ ਸਾਹਮਣਾ ਕਰਨਾ ਪਵੇ ਤਾਂ ਸੰਸਥਾਵਾਂ ਨੂੰ ਆਪਣਾ ਕੰਮ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ।

ਲੇਕਿਨ ਇਸੇ ਅਖਬਾਰ ਲਈ ਮੋਦੀ ਸਰਕਾਰ ਦੌਰਾਨ ਉਸ ਤਰ੍ਹਾਂ ਦਾ ਵਿਹਾਰ ਕਰਨਾ ਮੁਸ਼ਕਿਲ ਹੋ ਰਿਹਾ ਹੈ (ਖੁਲਾਸਾ: ਮੈਂ ਇੰਡੀਅਨ ਐਕਸਪ੍ਰੈੱਸ ਵਿਚ 1997 ਤੋਂ ਲੈ ਕੇ 2004 ਤੱਕ ਰਿਪੋਰਟਰ ਦੇ ਰੂਪ ਵਿਚ ਕੰਮ ਕੀਤਾ ਹੈ)।

ਸ਼ੋਮਾ ਚੌਧਰੀ ਨਾਲ ਇੰਟਰਵਿਊ ਵਿਚ ਗੋਇਨਕਾ 'ਮੀਡੀਆ ਵਿਚ ਹੋ ਰਹੀ ਕੁਲ ਅਰਾਜਕਤਾ' ਦਾ ਰੋਣਾ ਰੋਂਦੇ ਹਨ। ਉਹ 'ਇਸ ਇੰਡਸਟਰੀ ਦਾ ਹਿੱਸਾ ਹੋਣ 'ਤੇ ਸ਼ਰਮਿੰਦਗੀ' ਮਹਿਸੂਸ ਕਰਦੇ ਹਨ। ਉਹ ਕਹਿੰਦੇ ਹਨ, 'ਇਕ ਦਹਾਕਾ ਪਹਿਲਾਂ ਕਦੇ ਐਸਾ ਨਹੀਂ ਹੋਇਆ' ਜਦ ਤੋਂ ਉਹ ਰਸਮੀ ਤੌਰ 'ਤੇ ਐਕਸਪ੍ਰੈੱਸ ਨਾਲ ਜੁੜੇ ਹਨ ਅਤੇ ਜਿੱਥੋਂ ਤੱਕ ਉਸ ਨੂੰ ਚੇਤੇ ਹੈ।

ਗੋਇਨਕਾ ਨੇ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਮਾਮਲੇ ਤੋਂ ਜੋ ਸਬਕ ਲਿਆ, ਉਹ ਸੀ ਉਸ ਦਾ ਇਕ ਹੀ ਮੁੱਦੇ ਉਪਰ ਵਾਰ-ਵਾਰ ਆਉਣਾ। ਉਹ ਕਹਿੰਦੇ ਹਨ, "ਸਾਨੂੰ ਜੋ ਕਰਨਾ ਚਾਹੀਦਾ ਸੀ, ਉਸ ਤੋਂ ਉਲਟ ਕਵਰੇਜ ਹੋ ਰਹੀ ਸੀ। ਮੈਂ ਫਿਰ ਕਹਿੰਦਾ ਹਾਂ ਕਿ ਮੈਂ ਦਰਅਸਲ ਇਹ ਵਿਸ਼ਵਾਸ ਕਰਦਾ ਹਾਂ ਕਿ ਸਾਡੀ ਭੂਮਿਕਾ ਸਮਾਜ ਨੂੰ ਮਜ਼ਬੂਤ ਬਣਾਉਣ ਦੀ ਹੋਣੀ ਚਾਹੀਦੀ ਹੈ। ਸਾਨੂੰ ਸਮਾਜ ਨੂੰ ਟੁਕੜੇ-ਟੁਕੜੇ ਨਹੀਂ ਕਰਨਾ ਚਾਹੀਦਾ। ਸਾਨੂੰ ਲੋਕਾਂ ਨੂੰ ਇੰਤਹਾ ਸੋਚ ਵੱਲ ਨਹੀਂ ਲਿਜਾਣਾ ਚਾਹੀਦਾ। ਮੈਂ ਸੋਚਦਾ ਹਾਂ ਕਿ ਭਾਰਤ ਵਿਚ ਜ਼ਿਆਦਾਤਰ ਲੋਕ ਨਰਮ ਸੁਭਾਅ ਦੇ ਹਨ ਅਤੇ ਅਸੀਂ ਉਨ੍ਹਾਂ ਨੂੰ ਖਾਹ-ਮਖਾਹ ਇੰਤਹਾ ਸੋਚ ਵਾਲੇ ਬਣਾ ਰਹੇ ਹਾਂ।"

ਰਿਪਬਲਿਕ ਟੀ.ਵੀ. ਨੇ ਮੋਦੀ ਅਤੇ ਬੀਜੇਪੀ ਅਤੇ ਆਰ.ਐਸ.ਐਸ. ਜੋ ਇਨ੍ਹਾਂ ਦੋਹਾਂ ਦੀ ਜਣਨੀ ਹੈ, ਦੇ ਇੰਤਹਾਪਸੰਦ ਖਿਆਲਾਂ ਨੂੰ ਥੋਕ ਵਿਚ ਪ੍ਰਚਾਰਿਆ-ਪ੍ਰਸਾਰਿਆ ਹੈ; ਲੇਕਿਨ ਗੋਇਨਕਾ ਨੇ ਜ਼ਿੰਮੇਵਾਰੀ ਤੋਂ ਕੋਤਾਹੀ ਦੀ ਨਿਸ਼ਾਨਦੇਹੀ ਇਸ ਦੀ ਬਜਾਏ ਕਿਸੇ ਹੋਰ ਜਗ੍ਹਾ ਕੀਤੀ ਹੈ। ਉਸ ਨੇ ਮੀਡੀਆ ਦੀ ਅਜੋਕੀ ਦੁਰਦਸ਼ਾ ਤੱਕ ਪਹੁੰਚਣ ਬਾਰੇ ਆਪਣਾ ਇਹ ਵਿਚਾਰ ਪੇਸ਼ ਕੀਤਾ: "ਜਦ ਮੈਂ ਮੀਡੀਆ ਦੇ ਖੇਤਰ ਵਿਚ ਆਇਆ - ਇਹ 2012 ਦੀ ਗੱਲ ਹੈ - ਉਸ ਵਕਤ ਪੱਤਰਕਾਰੀ ਵਿਚ ਚਮਕਦੇ ਸਿਤਾਰਿਆਂ ਨੇ ਹੋਰ ਨਜ਼ਰੀਆਂ ਨੂੰ ਕਦੇ ਵੀ ਮੌਕਾ ਨਹੀਂ ਦਿੱਤਾ। ਪੱਤਰਕਾਰੀ ਦੇ ਮੁੱਖ ਸਿਧਾਂਤਾਂ ਵਿਚੋਂ ਇਕ, ਉਸ ਦੇ ਮੁੱਖ ਕਾਇਦੇ-ਕਾਨੂੰਨਾਂ ਵਿਚੋਂ ਇਕ, ਇਹ ਹੋਣਾ ਚਾਹੀਦਾ ਹੈ ਕਿ ਉਹ ਸਮਾਜ ਦਾ ਸ਼ੀਸ਼ਾ ਹੋਵੇ। ਜੇ ਉਸ ਸ਼ੀਸ਼ੇ ਦਾ ਹਿੱਸਾ ਹੋਣ ਕਾਰਨ ਕੁਝ ਚੀਜ਼ਾਂ ਆਪਣੇ ਮਨ ਦੀ ਪਸੰਦ ਅਨੁਸਾਰ ਹੁੰਦੀਆਂ ਨਜ਼ਰ ਨਹੀਂ ਆਉਂਦੀਆਂ ਤਾਂ ਤੁਹਾਨੂੰ ਉਸ ਉਪਰ ਫੈਸਲਾ ਨਹੀਂ ਸੁਣਾ ਦੇਣਾ ਚਾਹੀਦਾ। ਤੁਹਾਡੀ ਜਵਾਬਦੇਹੀ ਇਕ ਨਿਸ਼ਚਿਤ ਹਰਮਨਪਿਆਰੇ ਭਵਿੱਖਨਕਸ਼ੇ ਨੂੰ ਜਗ੍ਹਾ ਅਤੇ ਆਵਾਜ਼ ਦੇਣ ਦੀ ਹੈ। ਬਹੁਤ ਸਾਰੇ ਲੋਕਾਂ ਨੇ ਇਹ ਜ਼ਿੰਮੇਵਾਰੀ ਸਹੀ ਤਰੀਕੇ ਨਾਲ ਨਹੀਂ ਨਿਭਾਈ। ਮੈਂ ਸਮਝਦਾ ਹਾਂ, ਇਹੀ ਸਾਡੇ ਇੱਥੇ ਹੋਣ ਦੇ ਬਹੁਤ ਸਾਰੇ ਕਾਰਨਾਂ ਵਿਚੋਂ ਇਕ ਹੈ।"

ਗੋਇਨਕਾ ਦੇ ਇਸ 'ਹਰਮਨਪਿਆਰੇ ਭਵਿੱਖਨਕਸ਼ੇ' ਵਾਲੇ ਵਿਚਾਰ ਦਾ ਅੰਦਾਜ਼ਾ ਲਾਉਣਾ ਕੋਈ ਮੁਸ਼ਕਿਲ ਨਹੀਂ ਹੈ। ਇਸ ਅਰਸੇ ਦੌਰਾਨ ਜੋ ਮੀਡੀਆ ਵਿਚ ਨਹੀਂ ਆ ਸਕਿਆ, ਜਿਸ ਬਾਰੇ ਗੋਇਨਕਾ ਦੱਸਦੇ ਹਨ, ਉਹ ਦਰਅਸਲ ਮੋਦੀ ਅਤੇ ਸੰਘ ਦਾ ਮੁਲਕ ਦੇ ਰਖਵਾਲੇ ਦਾ ਅਕਸ ਹੈ। ਉਹ ਹਿੰਦੂ ਰਾਸ਼ਟਰ ਦੀ ਖੋਜ ਵਿਚ ਧਰਮਨਿਰਪੱਖ ਅਤੇ ਲੋਕਤੰਤਰੀ ਮੁੱਲਾਂ ਨੂੰ ਤਿਲਾਂਜਲੀ ਹੈ। ਗੋਇਨਕਾ ਦੀ ਅਜੀਬੋ-ਗਰੀਬ ਦਲੀਲ ਅਨੁਸਾਰ ਮੋਦੀ ਅਤੇ ਸੰਘ ਨੂੰ ਖੁੱਲ੍ਹੀ ਛੁੱਟੀ ਨਾ ਦੇ ਕੇ ਮੀਡੀਆ ਨੇ ਗਲਤੀ ਕੀਤੀ ਹੈ।

**(ਚਲਦਾ)**

# ਕਿਸਾਨੀ ਸੰਘਰਸ਼ ਦੇ ਨਾਂ

ਮਨਜੀਤ ਕੌਰ ਸੇਖੋਂ

ਮਹੀਨੇ ਤੋਂ ਵੱਧ ਹੋ ਗਿਆ ਮੇਰੇ ਦੇਸ਼ ਦੇ ਕਿਸਾਨ ਆਪਣੇ ਮਨਾਂ ਨੂੰ ਹਾਲੀ ਬਣਾ ਕੇ, ਆਪਣੇ ਕਰਮ ਨੂੰ ਕਿਸਾਨੀ ਕਰਕੇ, ਮਿਹਨਤ ਮੁਸ਼ੱਕਤਾਂ ਦਾ ਪਾਣੀ ਲਾ ਕੇ, ਆਪਣੇ ਪਿੰਡਿਆਂ ਨੂੰ ਖੇਤ ਬਣਾ ਕੇ ਅਸਮਾਨ ਦੀ ਛੱਤ ਥੱਲੇ ਦਿੱਲੀ ਦੀਆਂ ਹੱਦਾਂ ’ਤੇ ਆਰ-ਪਾਰ ਦੀ ਜੰਗ ਲੜ੍ਹ ਰਹੇ ਹਨ। ਮਾਘ ਦਾ ਮਹੀਨਾ ਸੜਕਾਂ ’ਤੇ ਹੰਢਾ ਰਹੇ ਹਨ। ਇਹ ਬਾਬੇ ਨਾਨਕ ਦੀ ਕਿਸਾਨੀ ਹੈ, ਇਸ ਨੂੰ ਮਿਟਾਉਣ ਵਾਲਾ ਕੋਈ ਅਜੇ ਤੱਕ ਪੈਦਾ ਨਹੀਂ ਹੋਇਆ। ਸਾਡੇ ਤਾਂ ਰੋਮ ਰੋਮ ਵਿਚ ਕਿਸਾਨੀ ਹੈ। ਕਿਸਾਨੀ ਸਾਡਾ ਕਿੱਤਾ ਨਹੀਂ, ਸਾਡੀ ਬੰਦਗੀ ਹੈ।

ਸਾਡੇ ਅੰਨਦਾਤਾ ਸੱਚ ਦੇ ਮਾਰਗ ’ਤੇ ਹਨ, ਇਸ ਕਰਕੇ ਇਸ ਸੰਘਰਸ਼ ਨੂੰ ਦੇਸ਼-ਵਿਦੇਸ਼ ਤੋਂ ਸਤ ਪ੍ਰਤੀਸ਼ਤ ਸਮਰਥਨ ਮਿਲ ਰਿਹਾ ਹੈ। ਮਾਤਾ ਗੁਜ਼ਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਦਾ ਠੰਢੇ ਬੁਰਜ ਵਿਚ ਰਹਿਣ ਦਾ ਅਹਿਸਾਸ ਅੱਜ ਇਨ੍ਹਾਂ ਮਰਜਿਊੜਿਆਂ ਨੂੰ ਵੀ ਹੋ ਰਿਹਾ ਹੈ। ਸੰਨ 1705 ਈ. ਵਿਚ ਵੀ ਅੱਤ ਦੇ ਪੰਜ ਮਹੀਨਿਆਂ ਬਾਅਦ ਖਾਲਸਾ ਰਾਜ ਦੀ ਸਥਾਪਨਾ ਹੋਈ। ਮੈਨੂੰ ਲੱਗਦਾ ਅਸੀਂ ਖਾਲਸਾ ਰਾਜ ਦੀ ਪਰਿਭਾਸ਼ਾ ਨੂੰ ਸੰਕੀਰਣ ਨਾ ਕਰੀਏ। ਖਾਲਸ ਤੋਂ ਭਾਵ ਇਸ ਵਿਚ ਵੱਸਣ ਵਾਲੇ ਲੋਕਾਂ ਦੀ ਸੋਚ ਵਿਚ ਖਾਲਿਸ ਭਾਵ ਸ਼ੁੱਧ ਸੋਚ ਹੋਵੇ, ਸ਼ੁਭ ਭਾਵਨਾਵਾਂ ਦੇ ਧਾਰਨੀ ਹੋਣ।

ਅਸੀਂ ਆਪਣੇ ਸੁਪਨਿਆਂ ਨੂੰ ਮੋਕਲੇ ਕਰੀਏ, ਧਰਤੀ ਦੇ ਇੱਕ ਟੋਟੇ ਦੀ ਥਾਂ ਸਾਰੀ ਧਰਤ ’ਤੇ ਖਾਲਸਾ ਰਾਜ ਦਾ ਸੁਪਨਾ ਤੱਕੀਏ। ਹਰਿਆਣਾ-ਪੰਜਾਬ ਇੱਕ ਹੋਣ ਦਾ ਸੁਪਨਾ ਲੈਣ ਦੇ ਨਾਲ-ਨਾਲ ਸਾਰੇ ਦੇਸ਼ ਨੂੰ ਪੰਜਾਬ ਨਾਲ ਜੋੜ ਲਈਏ, ਸਗੋਂ ਪਾਕਿਸਤਾਨ ਵੀ ਹੱਦਾਂ ਸਰਹੱਦਾਂ ਤੋਂ ਮੁਕਤ ਹੋ ਜਾਵੇ। ਹਿੰਦੂ, ਮੁਸਲਿਮ, ਸਿੱਖ, ਈਸਾਈ ਆਪਸ ’ਚ ਸਭ ਭਾਈ-ਭਾਈ ਬਣਨ ਦੇ ਸੰਕਲਪ ਨਾਲ ਇਸ ਵਕਤ ਨਿੱਜੀ ਰੰਜਿਸ਼ਾਂ ਨੂੰ ਮਿਟਾ ਸਿਰਫ ਤੇ ਸਿਰਫ ਇੱਕ ਦੂਸਰੇ ਦੇ ਨੈਣਾਂ ਵਿਚ ਕਿਸਾਨੀ ਨੂਰ ਤੱਕੀਏ। ਇਸ ਵੱਡੀ ਮੁਹਿੰਮ ਨੂੰ ਸਰ ਕਰਨ ਲਈ ਇੱਕਮੁੱਠ ਹੋ ਜਾਈਏ। ਸੋਚ ਦਾ ਸੁੱਚਾ ਹੋਣਾ, ਖਾਲਿਸ ਹੋਣਾ ਤੇ ਜੀਵਨ ਦਾ ਮਨੋਰਥ ਸਦਾ ‘ਸਿੱਖੀ’ ਜਾਣਾ ਹੋਵੇ ਤਾਂ ਫਿਰ ਕੀ ਫਰਕ ਪੈਂਦਾ ਕਿਸੇ ਦਾ ਵਿਸ਼ਵਾਸ ਕਿੱਥੇ ਹੈ, ਅਕੀਦਾ ਕਿੱਥੇ ਹੈ!

ਕੁਝ ਦਿਨ ਪਹਿਲਾਂ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ ਸੀ। ਕਿਸੇ ਨੇ ਸੁਭਾਵਿਕ ਹੀ ਕਿਸਾਨ ਧਰਨੇ ’ਤੇ ਬੈਠੇ ਮੁਸਲਮਾਨ ਵੀਰਾਂ ਵੱਲੋਂ ਲਾਏ ਲੰਗਰ ਦੀ ਪੋਸਟ ਸਾਂਝੀ ਕੀਤੀ। ਉਪਰੰਤ ਕੁਝ ਅਜਿਹੀਆਂ ਟਿੱਪਣੀਆਂ ਪੜ੍ਹੀਆਂ, ਜਿਨ੍ਹਾਂ ਨੂੰ ਪੜ੍ਹ ਕੇ ਖਦਸ਼ਾ ਜਿਹਾ ਹੋਣ ਲੱਗਾ ਮਤੇ ਸਾਡੀ ਏਕਤਾ ਨੂੰ ਖਰੋਂਚ ਨਾ ਆ ਜਾਵੇ। ਇੱਕ ਸੱਜਣ ਨੇ ਵੈਸੇ ਤਾਂ ਅਣਭੋਲ ਹੀ ਆਪਣੀ ਨਿਰਛਲ ਸ਼ਰਧਾ ’ਚੋਂ ਲਿਖਿਆ ਸੀ ਕਿ ਘੱਟੋ ਘੱਟ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਾਲੇ ਦਿਨ ਮੁਸਲਮਾਨਾਂ ਦੇ ਸਮਰਥਨ ਦੀ ਪੋਸਟ ਨਾ ਪਾਈ ਜਾਵੇ, ਪਰ ਜੇ ਅਸੀਂ ਆਪਣਾ ਤੀਸਰਾ ਨੇਤਰ ਖੋਲ੍ਹ ਕੇ ਵੇਖੀਏ ਤਾਂ ਉਨ੍ਹਾਂ ਮੁਸਲਮਾਨ ਵੀਰਾਂ ਦਾ ਇਤਿਹਾਸ ਫਰੋਲੀਏ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪੁੱਤਰਾਂ ਦਾ ਦਰਜਾ ਦਿੱਤਾ।

ਇਤਿਹਾਸ ਵਾਚੀਏ, ਅਸੀਂ ਨਿਹੰਗ ਖਾਂ ਦਾ ਦੇਣ ਕਦੀ ਨਹੀਂ ਮੋੜ ਸਕਦੇ। ਔਰੰਗਜ਼ੇਬ ਦੇ ਖੌਫ ਤੋਂ ਬੇਖੌਫ ਹੋ ਕੇ ਦਸ਼ਮੇਸ਼ ਪਿਤਾ ਨੂੰ ਬੇਨਤੀ ਕੀਤੀ, “ਮਹਾਰਾਜ! ਮੇਰੇ ਗ੍ਰਹਿ ਚਰਨ ਪਾਉ।” ਚੱਪਾ ਚੱਪਾ ਕਲਗੀਧਰ ਦਾ ਵੈਰੀ ਹੈ। ਦੁਸ਼ਮਣ ਸੂਹ ਲੈਂਦਾ ਫਿਰਦਾ ਹੈ। ਕਲਗੀਧਰ ਪਿਤਾ ਜ਼ਖਮੀ ਸਿੰਘਾਂ ਦੇ ਨਾਲ ਨਿਹੰਗ ਖਾਨ ਦੇ ਘਰ ਠਹਿਰਦੇ ਹਨ। ਭਾਈ ਬਚਿੱਤਰ ਸਿੰਘ ਦੀ ਹਾਲਤ ਗਹਿਰੇ ਜ਼ਖਮਾਂ ਕਾਰਨ ਬਹੁਤ ਹੀ ਨਾਜ਼ਕ ਹੈ। ਜਾਣ ਗਏ ਕਿ ਨਾਲ ਲਿਜਾਣ ਜੋਗੇ ਨਹੀਂ, ਉੱਥੇ ਹੀ ਛੱਡ ਕੇ ਅਗਾਂਹ ਨੂੰ ਕੂਚ ਕਰ ਗਏ। ਦੁਸ਼ਮਣ ਸੂਹੀਏ ਦਗੜ-ਦਗੜ ਕਰਦੇ ਆ ਪਹੁੰਚੇ। “ਪਤਾ ਲੱਗਾ ਤੇਰੇ ਘਰ ਗੁਰੂ ਗੋਬਿੰਦ ਸਿੰਘ ਠਹਿਰੇ ਨੇ?” ਘਰ ਦੀ ਤਲਾਸ਼ੀ ਹੋ ਰਹੀ ਹੈ। ਨਿਹੰਗ ਖਾਂ ਨੇ ਭਾਈ ਬਚਿੱਤਰ ਸਿੰਘ ਵਾਲਾ ਦਰਵਾਜਾ ਬੰਦ ਕਰਕੇ ਬੇਟੀ ਮੁਮਤਾਜ਼ ਨੂੰ ਦੇਖਭਾਲ ਲਈ, ਓਹੜ ਪੋਹੜ ਕਰਨ ਲਈ ਅੰਦਰ ਬਿਠਾ ਦਿੱਤਾ। ਕੋਤਵਾਲ ਤੇ ਸਿਪਾਈਆਂ ਨੇ ਪੁੱਛਿਆ, “ਦਰਵਾਜਾ ਕਿਉਂ ਬੰਦ ਹੈ?” ਕਿਹਾ, “ਇਸ ਵਿਚ ਮੇਰੀ ਧੀ ਤੇ ਜਵਾਈ ਹਨ।” ਜ਼ਰਾ ਸੋਚੋ ਨਿਹੰਗ ਖਾਂ ਨੇ ਇਹ ਸ਼ਬਦ ਕਿਸ ਜ਼ੁਰਅਤ ਨਾਲ ਆਖੇ ਹੋਣਗੇ! ਭਾਈ ਬਚਿੱਤਰ ਸਿੰਘ ਸ਼ਹਾਦਤ ਦੀ ਸਰਦਲ ’ਤੇ ਸਨ ਤੇ ਉਹ ਜ਼ਿਆਦਾ ਜੀਅ ਨਹੀਂ ਸਕੇ।

ਕੁਝ ਅਰਸੇ ਬਾਅਦ ਬਾਪ ਨੇ ਮੁਮਤਾਜ਼ ਦੇ ਨਿਕਾਹ ਦੀ ਗੱਲ ਤੋਰਨੀ ਚਾਹੀ ਤਾਂ ਮੁਮਤਾਜ਼ ਬੋਲੀ, “ਅੱਬਾ! ਮੈਂ ਭਾਈ ਬਚਿੱਤਰ ਸਿੰਘ ਦੀ ਵਿਧਵਾ ਹਾਂ। ਤੁਸੀਂ ਉਸ ਦਿਨ ਖੁਦ ਹੀ ਦਾਮਾਦ ਤਸਲੀਮ ਕੀਤਾ ਸੀ। ਹੁਣ ਮੈਂ ਉਸ ਦੀ ਵਿਧਵਾ ਬਣ ਕੇ ਪਤੀਬ੍ਰਤਾ ਹੋ ਕੇ ਜੀਵਾਂਗੀ। ਮੁਮਤਾਜ਼ ਨੇ ਇੱਕ ਸੌ ਪੱਚੀ ਸਾਲ ਉਮਰ ਭੋਗੀ। ਇਹ ਹੁੰਦੇ ਨੇ ਧੀਆਂ ਦੇ ਸਿਦਕ।

ਯਾਦ ਕਰੀਏ ਸਾਈਂ ਮੀਆਂ ਮੀਰ ਜੀ ਨੂੰ। ਗੁਰੂ ਸਾਹਿਬ ਨੇ ਉਨ੍ਹਾਂ ਤੋਂ ਸਿੱਖਾਂ ਦੇ ਮਰਕਜ਼ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰਖਵਾਇਆ। ਭਾਈ ਮਰਦਾਨਾ ਜੀ 56 ਸਾਲ ਗੁਰੂ ਨਾਨਕ ਦੇਵ ਜੀ ਨਾਲ ਰਹੇ। ਗ਼ਨੀ ਖਾਂ ਤੇ ਨਬੀ ਖਾਂ ਸਦਾ ਸਾਡੇ ਚੇਤਿਆਂ ਵਿਚ ਵੱਸਦੇ ਹਨ, ਜਿਹੜੇ ਗੁਰੂ ਪਾਤਿਸ਼ਾਹ ਨੂੰ ‘ਉੱਚ ਦਾ ਪੀਰ’ ਕਹਿ ਕੇ ਦੁਸ਼ਮਣ ਮੁਗਲਾਂ ਪਾਸੋਂ ਬਚਾ ਕੇ ਲੈ ਗਏ। ਸਾਹਿਬਜ਼ਾਦਿਆਂ ਦੇ ਹੱਕ ’ਚ ਹਾਅ ਦਾ ਨਾਅਰਾ ਮਾਰਨ ਵਾਲੇ ਨਵਾਬ ਸ਼ੇਰ ਖਾਂ ਮਲੇਰਕੋਟਲਾ ਅੱਗੇ ਅਸੀਂ ਸਦਾ ਨਤਮਸਤਕ ਰਹਾਂਗੇ।

ਅਸੀਂ ਇਨ੍ਹਾਂ ਪਾਕਿ ਰੂਹਾਂ ਨੂੰ ਸਿਜਦਾ ਕਰਨ ਦੀ ਥਾਂ ਔਰੰਗਜ਼ੇਬ ਬਾਰੇ ਕਿਉਂ ਸੋਚੀਏ? ਜਿਸ ਨੇ ਆਪਣੇ ਦੋ ਸਕੇ ਭਰਾਵਾਂ ਨੂੰ ਵੀ ਕਤਲ ਕਰਵਾਇਆ। ਇੱਕ ਦੀਆਂ ਅੱਖਾਂ ਕਢਵਾ ਦਿੱਤੀਆਂ। ਆਪਣੇ ਪਿਤਾ ਨੂੰ ਜੇਲ੍ਹ ਵਿਚ ਡੱਕਿਆ। ਆਪਣੀ ਸਕੀ ਭੈਣ ਨੂੰ ਪਿਤਾ ਦੀ ਦੇਖਭਾਲ ਕਰਨ ਬਹਾਨੇ ਜੇਲ੍ਹ ’ਚ ਸੁੱਟ ਦਿੱਤਾ। ਔਰੰਗਜ਼ੇਬ ਈਦ ਵਾਲੇ ਦਿਨ ਕੱਪੜੇ ਨਾਲ ਥਾਲੀ ਢੱਕ ਕੇ ਪਿਤਾ ਪਾਸ ਜੇਲ੍ਹ ਵਿਚ ਪਹੁੰਚਿਆ, ਪਿਤਾ ਨੇ ਸੋਚਿਆ ਕੋਈ ਈਦ ਦਾ ਨਜ਼ਰਾਨਾ ਲੈ ਕੇ ਆਇਐ, ਹੁਣ ਮੈਨੂੰ ਜੇਲ੍ਹ ਤੋਂ ਵੀ ਰਿਹਾ ਕਰ ਦੇਵੇਗਾ। ਕੱਪੜਾ ਚੁੱਕਿਆ ਤਾਂ ਵੇਖਿਆ ਔਰੰਗਜ਼ੇਬ ਆਪਣੇ ਸਕੇ ਭਰਾ ਦਾ ਸਿਰ ਕਲਮ ਕਰਕੇ ਪਿਤਾ ਨੂੰ ਪਰੋਸ ਰਿਹਾ ਸੀ। ਪਿਤਾ ਨੂੰ ਪਾਣੀ ਦੀ ਘੁੱਟ ਵੱਲੋਂ ਵੀ ਤਰਸਾ ਕੇ ਮਾਰਿਆ। ਔਰੰਗਜ਼ੇਬ ਨੇ ਨਾ ਕੋਈ ਭਾਣਜਾ ਬਖਸ਼ਿਆ, ਨਾ ਭਣੇਵਾਂ। ਫਿਰ ਉਹ ਗੁਰੂ ਸਾਹਿਬ ਦਾ ਕਿੱਥੋਂ ਸਕਾ ਹੋਣਾ ਸੀ, ਜੋ ਆਪਣੇ ਖ਼ੂਨ ਦੇ ਰਿਸ਼ਤਿਆਂ ਦਾ ਸਕਾ ਨਹੀਂ ਸੀ। ਉਹ ਮੋਰਚੇ ’ਤੇ ਬੈਠੇ ਇਨ੍ਹਾਂ ਮੁਸਲਮਾਨ ਵੀਰਾਂ ਦਾ ਵੀ ਨਹੀਂ ਸੀ।

ਆਓ, ਆਪਾਂ ਉਨ੍ਹਾਂ ਦੇ ਸਮਰਥਨ ‘ਚੋਂ ਬਾਬਾ ਫਰੀਦ ਜੀ ਦੇ ਦਰਸ਼ਨ ਕਰੀਏ, ਭਗਤ ਕਬੀਰ ਜੀ, ਸਾਈਂ ਮੀਆਂ ਮੀਰ ਦਾ, ਨਿਹੰਗ ਖਾਂ, ਗਨੀ ਖਾਂ, ਨਬੀ ਖਾਂ ਦਾ ਅਕਸ ਉਨ੍ਹਾਂ ਦੇ ਮਸਤਕ ਵਿਚੋਂ ਲੱਭੀਏ ਤੇ ਏਕੇ ਦਾ ਸਬੂਤ ਦੇ ਕੇ ਕੇਂਦਰ ਸਰਕਾਰ ਦੇ ਮਾੜੇ ਮਨਸੂਬਿਆਂ ਨੂੰ ਫੇਲ੍ਹ ਕਰੀਏ। ‘ਬਰਿਆਨੀ ਪਿੱਛੇ ਸ਼ਹਾਦਤ ਭੁਲਾ ਦਿੱਤੀ’ ਆਦਿ ਟਿੱਪਣੀਆਂ ਲਿਖ ਕੇ ਆਪਣੇ ’ਚ ਵਿਰਲਾਂ ਨਾ ਬਣਾ ਲਈਏ। ਇਸ ਕੜਾਕੇ ਦੀ ਠੰਢ ’ਚ ਇੱਕ ਦੂਜੇ ਦੀਆਂ ਸੁੱਚੀਆਂ ਭਾਵਨਾਵਾਂ ਨਾਲ ਨੇੜੇ-ਨੇੜੇ ਜੁੜ ਕੇ ਬੈਠੀਏ ਤੇ ਨਿੱਘ ਮਾਣੀਏ।

ਅੱਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥ (ਭਗਤ ਕਬੀਰ ਜੀ)

ਸਾਡੀ ਤੇ ਅਵੱਲ ਦੀ ਸਾਂਝ ਰਹੀ ਏ, ਅਜ਼ਲ ਦੀ ਸਾਂਝ ਏ। ਖ਼ੂਨ ਦੀ ਸਾਂਝ ਏ, ਮਿੱਟੀ ਦੀ ਸਾਂਝ ਏ। ਸਾਡੇ ਗੁਰੂਆਂ ਤੇ ਬਜੁਰਗਾਂ ਦੀ ਸਾਂਝ ਏ।

ਸਰੀਰ ਦੇ ਇੱਕ ਅੰਗ ’ਚ ਖਰਾਬੀ ਹੋਣ ’ਤੇ ਡਾਕਟਰ ਉਸ ਹਿੱਸੇ ਦੀ ਸਰਜਰੀ ਕਰ ਦਿੰਦਾ ਹੈ; ਸਾਰੇ ਸਰੀਰ ਨੂੰ ਕੱਟ ਕੇ ਨਹੀਂ ਸੁੱਟ ਦਿੰਦਾ। ਇਸ ਵੇਲੇ ਦੇਖਿਆ ਧਰਨੇ ’ਤੇ ਬੈਠੀਆਂ ਪਾਕ ਰੂਹਾਂ ’ਚ ਕੋਈ ਪਾਠ ਕਰ ਰਿਹਾ ਹੈ, ਕੋਈ ਹਵਨ ਕਰ ਰਿਹਾ, ਕੋਈ ਨਮਾਜ਼ ਪੜ੍ਹ ਰਿਹਾ ਹੈ। ਸਭ ਇੱਕ ਸਿਧਾਂਤ ’ਤੇ ਪਹਿਰਾ ਦੇ ਰਹੇ ਹਨ। ਇਹ ਕਿਰਤ ਕਰਨ ਵਾਲੇ ਹਨ, ਵੰਡ ਕੇ ਛੱਕਣ ਵਾਲੇ ਹਨ। ਅਨੇਕਤਾ ਵਿਚ ਏਕਤਾ ਪੈਦਾ ਕਰਨੀ ਹੀ ਸਾਡੀ ਯਕੀਨੀ ਜਿੱਤ ਦੀ ਪਹਿਲੀ ਪੌੜੀ ਹੈ।

ਖੁਆਰਿ ਹੋਇ ਸਭਿ ਮਿਲੇਂਗੇ
ਬਚੇ ਸ਼ਰਣਿ ਜੋ ਹੋਇ॥

ਅਸੀਂ ਬਹੁਤ ਖੁਆਰੀ ਹੰਢਾਈ ਹੈ, ਹੁਣ ਇੱਕਮਿੱਕ ਹੋਣ ਦਾ ਵੇਲਾ ਹੈ। “ਮਿਲਬੇ ਦੀ ਮਹਿਮਾ ਬਰਨਿ ਨ ਸਾਕਉ”, ਇੱਕ ਇਕੱਲਾ ਦੋ ਗਿਆਰਾਂ, ਹੁਣ ਆਪਣਾ ਇੱਕਮੁੱਠ ਹੋਣ ਦਾ ਵਕਤ ਹੈ। ਛੋਟੀਆਂ-ਮੋਟੀਆਂ ਰੰਜਿਸ਼ਾਂ ਨੂੰ ਇਸ ਵੱਡੇ ਕਾਰਜ ਦੀ ਫਤਹਿ ਬਾਅਦ ਸੁਲਝਾ ਲਵਾਂਗੇ।

ਕਹਿੰਦੇ ਨੇ, ਰੱਬ ਨੂੰ ਪੰਛੀ ਚੰਗੇ ਲੱਗੇ ਤਾਂ ਉਹ ਨੇ ਪੰਛੀਆਂ ਲਈ ਰੁੱਖ ਪੈਦਾ ਕਰ ਦਿੱਤੇ। ਇਨਸਾਨ ਨੂੰ ਵੀ ਪੰਛੀ ਚੰਗੇ ਲੱਗੇ, ਉਹਨੇ ਪੰਛੀਆਂ ਦੇ ਮੋਹ ’ਚ ਪਿੰਜਰੇ ਬਣਾ ਦਿੱਤੇ। ਆਪਾਂ ਤਾਂ ਖੁੱਲ੍ਹੀ-ਡੁੱਲ੍ਹੀ, ਆਜ਼ਾਦ ਤੇ ਸਾਕਾਰ ਸੋਚ ਦੇ ਧਾਰਨੀ ਬਣਨਾ। ਇਨਸਾਨ ਦਾ ਜਿੱਥੇ ਬਹਿਣ-ਖਲੋਣ ਹੋਵੇ, ਉਸ ਦਾ ਕਿਰਦਾਰ ਐਡਾ ਹੋਵੇ ਕਿ ਉਹਦੇ ਜਾਣ ਤੋਂ ਬਾਅਦ ਪਿਛਲੇ ਉਹਦੇ ਕਿਰਦਾਰ ਦੀ ਉੱਚਤਾ ਦੀ ਗੱਲ ਕਰਨ। ਸੈਕਰਾਮੈਂਟੋ ਵਿਚ ਕਿਸਾਨਾਂ ਦੇ ਹੱਕ ਵਿਚ ਕਾਰ ਰੈਲੀ ਹੋਈ। ਸਮਰਥਕਾਂ ਦੀ ਅਣਗਿਣਤ ਭੀੜ ਵੇਖ ਕੇ ਰੂਹ ਗਦਗਦ ਹੋਈ; ਪਰ ਕੁਝ ਕੁ ਨਾਂਹਵਾਚੀ ਬੈਨਰਾਂ ਤੇ ਬੋਲਾਂ ਨੇ ਬੇਚੈਨ ਵੀ ਕੀਤਾ। ਬੈਨਰ ’ਤੇ ‘ਐਫ’ ਸ਼ਬਦ ਚੰਗਾ ਨਹੀਂ ਲੱਗਾ। ਕੁਝ ਕੁ ਨੂੰ ਤਾਂ ਮੈਂ ਇੱਥੇ ਅੰਕਿਤ ਕਰਨ ਦਾ ਹੀਆ ਨਹੀਂ ਕਰ ਸਕਦੀ। ਭਾਰਤ ’ਚ ਵੀ ਉਹ ਨਾਹਰੇ ਸੁਣਦੇ ਹਨ...ਮਰ ਗਿਆ...ਰੰਡੀ ਕਰ ਗਿਆ। ਤੇਰੇ ਜੀਜੇ ਆਏ ਜਾਂ ਫੁੱਫੜ ਆਏ ਜਾਂ ਹਾਇ ਹਾਇ ਕਰਨ ਦੀ ਥਾਂ ਕਿਉਂ ਨਾ ਅਸੀਂ ਮਿਸ਼ਨ ਦੀ ਸਾਕਾਰਤਾ ਲੈ ਕੇ ਚੱਲੀਏ ਜਿਵੇਂ ਜਿੱਤਾਂਗੇ ਬਈ ਜਿੱਤਾਂਗੇ...ਕਿਰਸਾਨ ਮੋਰਚਾ ਜਿੱਤਾਂਗੇ।



ਧਰਨੇ ’ਤੇ ਬੈਠੀਆਂ ਪਾਕ ਰੂਹਾਂ ’ਚ ਕੋਈ ਪਾਠ ਕਰ ਰਿਹਾ ਹੈ, ਕੋਈ ਹਵਨ ਕਰ ਰਿਹਾ, ਕੋਈ ਨਮਾਜ਼ ਪੜ੍ਹ ਰਿਹਾ ਹੈ। ਸਭ ਇੱਕ ਸਿਧਾਂਤ ’ਤੇ ਪਹਿਰਾ ਦੇ ਰਹੇ ਹਨ। ਇਹ ਕਿਰਤ ਕਰਨ ਵਾਲੇ ਹਨ, ਵੰਡ ਕੇ ਛੱਕਣ ਵਾਲੇ ਹਨ। ਅਨੇਕਤਾ ਵਿਚ ਏਕਤਾ ਪੈਦਾ ਕਰਨੀ ਹੀ ਸਾਡੀ ਯਕੀਨੀ ਜਿੱਤ ਦੀ ਪਹਿਲੀ ਪੌੜੀ ਹੈ।

ਕਲਗੀਧਰ ਪਾਤਸ਼ਾਹ ਨੇ ਜਦੋਂ ਖੰਡੇ ਦੀ ਧਾਰ ’ਚੋਂ ਖਾਲਸਾ ਪੰਥ ਸਾਜ ਕੇ ਖੰਡੇ-ਬਾਟੇ ਦੀ ਪਾਹੁਲ ਦੇਣ ਦਾ ਸੰਕਲਪ ਕੀਤਾ ਤਾਂ ਮੇਰੇ ਅਲੋਕਾਰ ਗੁਰੂ ਦੀ ਦੂਰ ਅੰਦੇਸ਼ ਮਾਤਾ ਗੁਜਰੀ ਜੀ ਨੇ ਤਿਆਰ ਪਈ ਪਾਹੁਲ ਵਿਚ ਆ ਕੇ ਪਤਾਸੇ ਘੋਲ ਦਿੱਤੇ। ਇਸ਼ਾਰਾ ਸੀ, ਅਣਖ ਤੇ ਸੂਰਬੀਰਤਾ ਦੇ ਨਾਲ-ਨਾਲ ਜ਼ੁਬਾਨ ਦੀ ਮਿਠਾਸ ਵੀ ਅਤਿ ਲੋੜੀਂਦੀ ਹੈ। ਦਿੱਲੀ ਦੇ ਬਾਸ਼ਿੰਦਿਆਂ ਵਿਚ ਸਾਡੇ ਕਿਰਦਾਰ ਕਰਕੇ ਸਾਡੇ ਲਈ ਇੱਜਤ ਵਧੀ ਹੈ। ਇੱਕ ਬੀਬੀ ਤਾਂ ਮੋਹ ਵਿਚ ਆ ਕੇ ਇੱਥੋਂ ਤੱਕ ਵੀ ਕਹਿੰਦੀ ਸੁਣੀ ਗਈ ਕਿ ਮੈਂ ਚਾਹੁੰਦੀ ਹਾਂ ਕਿ ਮੋਦੀ ਇਹ ਮੰਗਾਂ ਨਾ ਮੰਨੇ। ਇਹ ਸਰਦਾਰ ਲੋਕ ਬਹੁਤ ਅੱਛੇ ਨੇ, ਸਾਨੂੰ ਛੱਡ ਕੇ ਨਾ ਜਾਣ। ਇੱਕ ਹੋਰ ਬੀਬਾ ਕਹਿ ਰਹੀ ਸੀ ਕਿ ਮੈਨੂੰ ਤਾਂ ਇਸ ਗੱਲ ਦਾ ਝੋਰਾ ਹੈ ਕਿ ਮੈਂ ਪੰਜਾਬ ਵਿਚ ਕਿਉਂ ਨਾ ਜੰਮੀ।

ਕੇਂਦਰ ਸਰਕਾਰ ’ਤੇ ਕੋਈ ਅਸਰ ਨਹੀਂ ਹੋ ਰਿਹਾ। ਹਰ ਰੋਜ਼ ਸਾਡੇ ਕਿਸਾਨਾਂ, ਸੰਘਰਸ਼ਕਾਰੀਆਂ ਦੀਆਂ ਸ਼ਹਾਦਤਾਂ ਹੋ ਰਹੀਆਂ ਨੇ। ਜਾਣਦੇ ਹਾਂ ਸਿਰ ਦਿੱਤਿਆਂ ਬਾਝ ਇਹ ਸਰਦਾਰੀਆਂ, ਇਹ ਹੱਕ ਬਹਾਲ ਕਰਨੇ ਸੌਖੇ ਨਹੀਂ।

ਦੇ ਦੇ ਕੁਰਬਾਨੀ ਵੀਰਾਂ ਦੀ,
ਹਰ ਕੌਮ ਚੜ੍ਹਦੀ ਜਵਾਨੀ ਏ।
ਕੌਮਾਂ ਦੇ ਸਿਰ ਤੇ ਰਹਿੰਦਾ ਏ,
ਹਰ ਦਮ ਅਹਿਸਾਨ ਸ਼ਹੀਦਾਂ ਦਾ।

ਚਾਹੇ ਇਹ ਸਿਰੜੀ ਯੋਧੇ ਇਤਿਹਾਸ ਸਿਰਜ ਰਹੇ ਨੇ, ਜੋ ਤਵਾਰੀਖ ਦੇ ਸੁਨਹਿਰੀ ਪੰਨਿਆਂ ’ਤੇ ਸ਼ਾਮਲ ਹੋ ਰਿਹਾ ਹੈ, ਇੰਜ ਅਮਰ ਹੋ ਜਾਣਾ ਸਿਦਕਵਾਨਾਂ ਦਾ ਹੀ ਨਸੀਬ ਹੁੰਦਾ, ਪਰ ਫਿਰ ਵੀ ਦੁਆ ਗੋ ਹਾਂ ਸਭ ਸੰਘਰਸ਼ਕਾਰੀ ਸਲਾਮਤ ਰਹਿਣ ਤੇ ਕੁਝ ਦਿਨਾਂ ਤੱਕ ਹੋਣ ਵਾਲੀ ਬਦੀ ’ਤੇ ਨੇਕੀ ਦੀ ਜਿੱਤ ਦਾ ਜਸ਼ਨ ਮਿਲ-ਜੁਲਕੇ ਮਨਾਉਣ। ਚਾਹੇ ਅੱਜ ਤਲਵਾਰਾਂ, ਗੋਲੀਆਂ, ਬੰਬਾਂ ਦਾ ਯੁੱਧ ਨਹੀਂ। ਕੰਪਿਊਟਰ ਯੁੱਗ ਵਿਚ ਜੰਗ ਦੇ ਤੌਰ ਤਰੀਕੇ ਤਾਂ ਬਦਲੇ ਨੇ, ਪਰ ਹੱਕ ਸੱਚ ਲਈ ਜੂਝਣ ਵਾਲਿਆਂ ਦੀ ਕੁਰਬਾਨੀ ਆਪਣਾ ਜਲੌਅ ਦਿਖਾਉਂਦੀ ਰਹਿੰਦੀ ਹੈ।

ਕਾਰਪੋਰੇਟ ਘਰਾਣਿਆਂ ਦੇ ਸਿਰ ’ਤੇ ਚੱਲਣ ਵਾਲੀ ਸਰਕਾਰ ਨਾਲ ਟੱਕਰ ਤਾਂ ਲੈਣੀ ਹੀ ਸੀ। ਜਿੱਤ ਜਾਣ ਜਾਂ ਮਿਟ ਜਾਣ ਦੇ ਪ੍ਰਣ ’ਤੇ ਇਹ ਸੰਘਰਸ਼ ਚੱਲ ਰਿਹਾ ਹੈ। ਇਸ ਵਿਚ ਕੋਈ ਵਿਚਾਲੇ ਸਮਝੌਤੇ ਦਾ ਰਸਤਾ ਨਹੀਂ। ਆਪਣੀ ਧਰਤੀ ਮਾਂ ਆਪਣੇ ਹੱਥੀਂ ਬਿਗਾਨੇ ਵੱਸ ਛੱਡ ਕੇ ਖਾਲੀ ਵਾਪਸ ਮੁੜਨ ਦਾ ਸੁਪਨਾ ਵੀ ਨਹੀਂ ਲਿਆ ਜਾ ਸਕਦਾ। ਧਰਤੀ ਦਾ ਹਰ ਜੀਅ ਧਰਤੀ ’ਤੇ ਪੈਦਾ ਹੋਣ ਵਾਲੀ ਰਿਜਕ ਨਾਲ ਜੁੜਿਆ। ਸੋ ਇਹ ਸਿਰਫ ਕਿਸਾਨਾਂ ਦਾ ਸੰਘਰਸ਼ ਨਹੀਂ, ਧਰਤੀ ’ਤੇ ਸਾਹ ਲੈਣ ਵਾਲੀ ਹਰ ਬਸ਼ਰ ਦਾ ਸੰਘਰਸ਼ ਹੈ।

ਰੱਬ ਦਾ ਕੋਈ ਵੀ ਜੀਅ ਜੋ ਤਿੰਨ-ਚਾਰ ਮਹੀਨਿਆਂ ਤੋਂ ਆਪਣੀ ਸਿਹਤ, ਉਮਰ, ਘਰ-ਬਾਰ ਦੀ ਪ੍ਰਵਾਹ ਨਾ ਕਰਦਾ ਹੋਇਆ ਸੰਘਰਸ਼ ਵਿਚ ਸੜਕਾਂ ’ਤੇ ਜੂਝ ਰਿਹਾ ਹੈ, ਚਾਹੇ ਉਹ ਆਮ ਕਿਸਾਨ ਹੈ ਜਾਂ ਕਿਸਾਨਾਂ ਦਾ ਨੇਤਾ ਹੈ। ਸਭ ਦਾ ਅਦਬ ਕਰੀਏ, ਇੱਕ ਦੂਜੇ ਲਈ ਸਹਿਣਸ਼ੀਲ ਰਹੀਏ। ਜੇ ਕਿਸੇ ਦੇ ਵਿਚਾਰ, ਸੁਝਾਅ ਪਸੰਦ ਨਹੀਂ ਵੀ ਆਉਂਦੇ, ਨਜ਼ਰਅੰਦਾਜ਼ ਕਰ ਦੇਈਏ। ਵਿਰੋਧ ਕਰਕੇ, ਬਹਿਸ ਕਰਕੇ, ਕਟਾਖਸ਼ੀ ਬੋਲਾਂ ਨਾਲ ਕਿਸੇ ਦਾ ਮਨੋਬਲ ਨਾ ਡੇਗੀਏ। ਬਹੁਤੀ ਵਾਰੀ ਅਗਲੇ ਦੀ ਭਾਵਨਾ ਗਲਤ ਨਹੀਂ ਹੁੰਦੀ, ਪਰ ਢੁਕਵੇਂ ਸ਼ਬਦ ਨਹੀਂ ਅਹੁੜਦੇ। ਜੇ ਕੋਈ ਕਿਸੇ ਤਰ੍ਹਾਂ ਦੀ ਕੁਤਾਹੀ ਕਰਨ ਬਾਅਦ, ਘਰ ਦੇ ਸੁੱਖ ਤਿਆਗ ਕੇ ਮੋਰਚੇ ’ਚ ਸ਼ਾਮਲ ਹੋਣ ਆ ਗਿਆ ਤਾਂ ਇਸ ਨਾਜ਼ੁਕ ਘੜੀ ਗਲ ਲਾ ਲੈਣਾ ਹੀ ਦਿਆਨਤਦਾਰੀ ਹੈ। ਮੁਆਫ ਕਰਨ ਵਾਲਾ ਹਮੇਸ਼ਾ ਮਹਾਨ ਹੁੰਦਾ ਹੈ। ਕਿਸੇ ਦਾ ਚੱਲ ਕੇ ਆ ਜਾਣਾ ਹੀ ਉਸ ਦੇ ਪਛਤਾਵੇ ਦਾ ਸੂਚਕ ਹੁੰਦਾ। ਉਂਜ ਵੀ ਜਦੋਂ ਕਿਸੇ ਬਾਹਰਲੀ ਆਫਤ ਨਾਲ ਜੂਝਣਾ ਪੈ ਜਾਵੇ ਤਾਂ ਪਰਿਵਾਰ ਦੇ ਆਪਣੇ ਅੰਦਰੂਨੀ ਮਸਲੇ ਨਿਗੂਣੇ ਹੋ ਜਾਂਦੇ ਹਨ।

ਕੋਈ ਚੀਜ਼ ਕਿੰਨੀ ਵੀ ਬੇਅਮਲੀ ਤੇ ਫਜ਼ੂਲ ਹੋਵੇ, ਫਿਰ ਵੀ ਉਸ ਦੀ ਹੋਂਦ ਕੋਈ ਅਰਥ ਰੱਖਦੀ ਹੈ। ਜੇ ਘੜੀ ਵਕਤ ਦੱਸਣਾ ਬੰਦ ਕਰ ਦੇਵੇ ਤਾਂ ਵੀ ਚੌਵੀ ਘੰਟਿਆਂ ’ਚ ਦੋ ਵਾਰੀ ਸਹੀ ਵਕਤ ਦੱਸੇਗੀ। ਇੰਜ ਹੀ ਜੇ ਪਾਣੀ ਪੀਣ ਲਾਇਕ ਨਾ ਰਹੇ, ਕੂਰੇ ਪੈ ਗਏ ਹੋਣ, ਸੜ੍ਹਿਆਂਦ ਮਾਰਨ ਲੱਗ ਜਾਵੇ ਤਾਂ ਵੀ ਕਿਸੇ ਘਰ ਅਚਾਨਕ ਲੱਗੀ ਅੱਗ ਨੂੰ ਬੁਝਾਉਣ ਲਈ ਵਰਤ ਕੇ ਕਿਸੇ ਦਾ ਨੁਕਸਾਨ ਹੋਣ ਤੋਂ ਬਚਾ ਦਿੰਦਾ ਹੈ। ਸੋ ਅਸੀਂ ਨਿੱਕੀਆਂ ਰੰਜਿਸ਼ਾਂ ਨੂੰ ਖਤਮ ਕਰਨਾ ਹੈ, ਕਿਉਂਕਿ ਸਾਡਾ ਮਨੋਰਥ ਵੱਡਾ ਹੈ। ਕੁੱਲ ਮਨੁੱਖਤਾ ਸਾਡੇ ਨਾਲ ਹੈ। ਹਰ ਕੋਈ ਆਪੋ-ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ। ਸਾਰੀ ਦੁਨੀਆਂ ਵਿਚ ਆਪੋ ਆਪਣੇ ਅਕੀਦੇ ਅਨੁਸਾਰ ਅਰਦਾਸਾਂ ਹੋ ਰਹੀਆਂ ਹਨ, ਪਾਠ ਹੋ ਰਹੇ ਹਨ। ਦੁਰਾਡੇ ਬੈਠੇ ਲੋਕ ਜੀਅ ਜਾਨ ਨਾਲ ਯੂ. ਐਨ. ਓ. ਨੂੰ ਪਟੀਸ਼ਨਾਂ ਪਾ ਰਹੇ ਹਨ। ਕੋਈ ਸਾਹਿਤ ਰਚ ਰਿਹਾ, ਕੋਈ ਜਾਨ ’ਤੇ ਖੇਡ ਕੇ ਇਤਿਹਾਸ ਰਚ ਰਿਹਾ ਹੈ।

ਇਹੋ ਜਿਹੇ ਘਾਤਕ ਕਾਨੂੰਨ ਬਹੁਤੇ ਮੁਲਕਾਂ ’ਚ ਪਹਿਲਾਂ ਹੀ ਲਾਗੂ ਹੋ ਚੁਕੇ ਹਨ। ਉਨ੍ਹਾਂ ਲਾਚਾਰ ਕੌਮਾਂ ਨੂੰ ਹੁਣ ਸਾਡੇ ਸੰਘਰਸ਼ ਦੀ ਕਾਮਯਾਬੀ ਨਾਲ ਬਹੁਤ ਸਾਰੀਆਂ ਉਮੀਦਾਂ ਹਨ। ਕਾਰਪੋਰੇਟ ਘਰਾਣਾ ਸਭ ਜਗ੍ਹਾ ਆਪਣੇ ਸਵਾਰਥ ਲਈ ਵਿਆਪਕ ਪੱਧਰ ’ਤੇ ਆਪਣੇ ਪੈਰ ਪਸਾਰ ਰਿਹਾ ਹੈ। ਐਮੇਜ਼ਾਨ ਦੇ ਪ੍ਰਭਾਵ ਥੱਲੇ ਬਹੁਤ ਵਧੀਆ ਚੱਲਦੇ ਸਟੋਰ ਬੰਦ ਹੋ ਚੁਕੇ ਹਨ। ਇੱਕ ਅਧਿਆਪਕ ਹੋਣ ਦੇ ਨਾਤੇ ਮੈਂ ਇੱਕ ਮਿਸਾਲ ਆਪਣੇ ਵਿਦਿਆਰਥੀਆਂ ਨਾਲ ਸਾਂਝੀ ਕੀਤੀ ਤਾਂ ਜੋ ਉਨ੍ਹਾਂ ਨੂੰ ਕਿਸਾਨ ਬਿੱਲਾਂ ਦੀ ਸਮਝ ਆ ਸਕੇ।

ਸਾਡੇ ਇੱਕ ਲੋਕਲ ਸਟੋਰ ’ਤੇ ਟੁੱਥਬਰੁੱਸ਼ ਦੋ ਡਾਲਰ ਦਾ ਮਿਲਦਾ ਸੀ। ਕਦੀ ਦਿੱਕਤ ਨਹੀਂ ਹੋਈ, ਆਰਾਮ ਨਾਲ ਖਰੀਦ ਲਈਦਾ ਸੀ। ਅਚਾਨਕ ਆਨਲਾਇਨ ਐਡ ਵੇਖੀ, ਦੋ ਡਾਲਰ ਦੇ ਚਾਰ ਬਰੁੱਸ਼ ਤੇ ਸ਼ਿਪਿੰਗ ਫਰੀ। ਬੇਹੱਦ ਸਕੂਨ ਮਿਲਿਆ ਕਿ ਕਿੰਨੀ ਬੱਚਤ ਹੈ, ਫੇਰ ਸਟੋਰ ਤੱਕ ਜਾਣ ਦੀ ਵੀ ਲੋੜ ਨਹੀਂ। ਘਰ ਬੈਠਿਆਂ ਚੀਜਾਂ ਦਾ ਸੁੱਖ ਲਵੋ। ਵੇਂਹਦੇ-ਵੇਂਹਦੇ ਕੁੱਲ ਸਮਾਨ ਹੁਣ ਫਰੀ ਸ਼ਿਪਿੰਗ ਨਾਲ ਘਰ ਪਹੁੰਚਣ ਲੱਗਾ। ਸਿੱਟੇ ਵਜੋਂ ਲੋਕਲ ਸਟੋਰ ਬੰਦ ਹੋਣ ਲੱਗੇ। ਖਾਲੀ ਇਮਾਰਤਾਂ ਭਾਂ-ਭਾਂ ਕਰਨ ਲੱਗੀਆਂ। ਲੋਕੀਂ ਬੇਰੁਜ਼ਗਾਰ ਹੋਣ ਲੱਗੇ। ਘਰਾਂ ਦੀਆਂ ਕਿਸ਼ਤਾਂ ਨਾ ਦੇ ਹੋਈਆਂ, ਘਰ ਬੈਂਕਾਂ ਨੂੰ ਮੁੜਨ ਲੱਗੇ। ਅਸੀਂ ਵੱਡੇ ਛੱਲ ਤੋਂ ਬੇਖਬਰ ਸਾਂ। ਆਨਲਾਈਨ ਸਮਾਨ ਅਸੀਂ ਟੋਹ ਕੇ ਨਹੀਂ ਦੇਖ ਸਕਦੇ। ਬਹੁਤੀ ਵਾਰੀ ਇਹ ਨਿਰਾ ਛਲਾਵਾ ਹੁੰਦਾ। ਬੇਪਸੰਦ ਚੀਜ਼ ਨੂੰ ਵਾਪਸ ਮੋੜਨ ਦਾ ਖਰਚਾ ਬਹੁਤ ਪੈਂਦਾ। ਫੇਰ ਉਹ ਗਾਰਬੇਜ਼ ਗਲ ਹੀ ਪੈ ਜਾਂਦਾ।

ਲੋਕਲ ਸਟੋਰਾਂ ਤੋਂ ਚੀਜਾਂ ਖਰੀਦਣ ਲਈ ਘਰੋਂ ਨਿਕਲਦੇ ਸਾਂ, ਲੋਕਾਂ ਨਾਲ ਮੇਲ-ਜੋਲ ਵੱਧਦਾ ਸੀ। ਤੁਰਦੇ-ਫਿਰਦਿਆਂ ਕਸਰਤ ਹੁੰਦੀ ਸੀ। ਸਭ ਕੁਝ ਖਤਮ ਹੋ ਗਿਆ। ਇਨਸਾਨ ਅੰਦਰੋਂ ਬਹੁਤ ਇਕੱਲਾ ਹੋ ਗਿਆ। ਕੁਦਰਤੀ ਹੋਣ ਵਾਲੀ ਕਸਰਤ, ਹਿਲਜੁੱਲ ਬੰਦ ਹੋ ਗਈ। ਹੁਣ ਜ਼ਿਆਦਾ ਸਮਾਂ ਬੰਦ ਕਮਰੇ ’ਚ, ਸੋਸ਼ਲ ਮੀਡੀਆ ’ਤੇ ਗੁਜ਼ਰਦਾ। ਇਨਸਾਨ ਤਣਾਓ ’ਚ ਹੈ, ਫੇਸਬੁੱਕ ’ਤੇ ਸੌ ਦੋਸਤ ਹਨ, ਪਰ ਅਸਲ ਜ਼ਿੰਦਗੀ ’ਚ ਕੋਈ ਨਹੀਂ। ਹੁਣ ਕਾਰਪੋਰੇਟ ਕੰਪਨੀ ਨੇ ਅਪਾਹਜ ਕਰਕੇ ਟੁੱਥਬਰੁਸ਼ ਚਾਰ ਡਾਲਰ ਦਾ ਕਰ ਦਿੱਤਾ ਹੈ। ਸੇਲ ਟੈਕਸ ਤੇ ਸ਼ਿਪਿੰਗ ਦੇ ਖਰਚੇ ਵੱਖਰੇ। ਕਈ ਵਾਰੀ ਚੋਰੀ ਹੋਣ ਦੇ ਡਰੋਂ ਜਾਂ ਤਾਂ ਚੀਜ਼ ’ਤੇ ਇੰਸ਼ੋਰੈਂਸ ਖਰੀਦੋ ਜਾਂ ਘਰ ਅੱਗੇ ਸੀ. ਸੀ. ਟੀ. ਵੀ. ਕੈਮਰੇ ਲਾਓ।

ਹੁਣ ਅਮੀਰ ਹੋਰ ਅਮੀਰ ਹੋ ਗਏ, ਜੋ ਕੁੱਲ ਆਬਾਦੀ ਦਾ ਇੱਕ ਅੱਧਾ ਪ੍ਰਤੀਸ਼ਤ ਹੁੰਦਾ। ਔਸਤਨ ਆਦਮੀ ਗੁਰਬਤ ਦੀ ਰੇਖਾ ਤੋਂ ਹੇਠਾਂ ਚਲਾ ਗਿਆ। ਮਾਨਸਿਕ ਤਣਾਓ ਵੱਖਰਾ। ਆਮਦਨ ਘੱਟ ਹੋਣ ਕਰਕੇ ਕਿਸੇ ਤਰ੍ਹਾਂ ਦੇ ਲੋਨ ਲਈ ਕੁਆਲੀਫਾਈ ਨਹੀਂ ਹੁੰਦਾ। ਸਭ ਪਾਸੇ ਆਮ ਬੰਦੇ ਦਾ ਸੋਸ਼ਣ।

ਇਹੀ ਕੁਝ ਕੇਂਦਰ ਸਰਕਾਰ ਕਿਸਾਨਾਂ ਨਾਲ ਕਰ ਰਹੀ ਹੈ। ਕਾਰਪੋਰਟ ਘਰਾਣੇ ਦੀਆਂ ਲਾਲਚੀ ਨਜ਼ਰਾਂ ਹੁਣ ਕਿਸਾਨਾਂ ਦੀ ਧਰੋਹਰ ਜ਼ਮੀਨ ’ਤੇ ਹਨ, ਕਿਉਂਕਿ ਕਿਸਾਨ ਤਾਂ ਕਰੋਨਾ ਮਹਾਮਾਰੀ ਸਮੇਂ ਵੀ ਸਭ ਦਾ ਪੇਟ ਪਾਲਦੇ ਰਹੇ। ਏਕੇ ਵਿਚ ਬਰਕਤ ਹੁੰਦੀ ਹੈ। ਅਸੀਂ ਖਮਿਆਜ਼ਾ ਭੁਗਤਣ ਵਾਲੇ ਜ਼ਿਆਦਾ ਹਾਂ। ਚਿੜੀਆਂ ਦੇ ਖੇਤ ਚੁੱਗ ਲੈਣ ਪਿੱਛੋਂ ਪਛਤਾਉਣ ਦਾ ਕੋਈ ਫਾਇਦਾ ਨਹੀਂ ਹੋਵੇਗਾ।

ਇਸ ਸੰਘਰਸ਼ ਨੇ ਜਵਾਨੀ ਤੇ ਕਿਸਾਨੀ ਨੂੰ ਇੱਕ ਕੀਤਾ ਹੈ। ਕੋਈ ਅਲੋਕਾਰ ਹੋ ਰਿਹਾ ਹੈ। ਸਵੇਰ ਦੇ ਭੁੱਲੇ ਸ਼ਾਮ ਨੂੰ ਘਰੀਂ ਪਰਤਣ ਲੱਗੇ ਨੇ। ਸ਼ਰੀਕਾਂ ਦੀਆਂ ਲੂੰਬੜ ਚਾਲਾਂ ਦੀ ਸਮਝ ਪੈਣ ਲੱਗੀ ਹੈ। ਭਾਈ ਨੇ ਭਾਈ ਨੂੰ ਪਛਾਣ ਲਿਆ ਹੈ। ਸਾਨੂੰ ਆਪਣੇ ਮੂਲ ਦੀ ਪਛਾਣ ਆਉਣ ਲੱਗੀ ਹੈ, ਅਸੀਂ ਆਪਣੇ ਵਿਰਸੇ ਵੱਲ ਮੁੜੇ ਹਾਂ। ਉਹ ਦਿਨ ਦੂਰ ਨਹੀਂ, ਜਦੋਂ ਜਿੱਤ ਸਾਡੇ ਨਾਂ ਹੋਵੇਗੀ ਤੇ ਅਸੀਂ ਸਾਰੇ ਕਿਸਾਨ ਚਾਈਂ-ਚਾਈਂ ਆਪਣੇ ਹੱਕ ਲੈ ਕੇ, ਆਪਣੀ ਜਿੱਤ ਲੈ ਕੇ, ਵਾਪਸ ਆਪਣੇ ਘਰੀਂ ਪਰਤਾਂਗੇ। ਉਸ ਰਾਤ ਸਾਡੀ ਦੀਵਾਲੀ ਦੀ ਰਾਤ ਹੋਵੇਗੀ, ਜਦ ਹਰ ਕਿਸਾਨ ਦੇ ਬਨੇਰੇ ’ਤੇ ਜਿੱਤ ਦੇ ਦੀਪ ਬਲਣਗੇ। ਆਮੀਨ! ਸ਼ਾਲਾ ਉਹ ਘੜੀ ਛੇਤੀ ਆਵੇ!

ਭਖਦਾ ਮੁੱਦਾ

# ਕਿਸਾਨ ਸੰਘਰਸ਼ ਬਨਾਮ ਸਰਕਾਰ ਦੀ ਨਿਰਲੱਜਤਾ

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਉਦੋਂ ਵੱਡੀ ਲੋੜ ਸੀ, ਇਕ ਅਜਿਹੇ ਦਸਤਾਵੇਜ਼ ਦੀ, ਜੋ ਦੇਸ਼ ਨੂੰ ਅਤੇ ਇਸ ਵਿਚ ਵਾਸ ਕਰਨ ਵਾਲੀ ਜਨਤਾ ਨੂੰ ਇਕ-ਸਾਰ ਤੇ ਬਰਾਬਰੀ ਦੇ ਆਧਾਰ 'ਤੇ ਚਲਾਉਣ ਦੇ ਦਿਸ਼ਾ ਨਿਰਦੇਸ਼ ਤੈਅ ਕਰੇ। ਇਸ ਕਾਰਜ ਲਈ ਡਾ. ਭੀਮ ਰਾਓ ਅੰਬੇਦਕਰ ਨੇ ਸੰਵਿਧਾਨ ਦੀ ਤਜਵੀਜ਼ ਲਿਖੀ। ਕਾਫੀ ਲੰਬਾ ਸਮਾਂ ਇਸ ਕਾਰਜ ਲਈ ਵਿਸ਼ੇਸ਼ ਤੌਰ 'ਤੇ ਬਣਾਈ ਸੰਵਿਧਾਨ ਸਭਾ ਨੇ ਉਸ ਤਜਵੀਜ਼ ਦੀ ਇੱਕ-ਇੱਕ ਲਾਈਨ 'ਤੇ ਲੰਮਾ ਸਮਾਂ ਲੰਮੀਆਂ ਬਹਿਸਾਂ ਕੀਤੀਆਂ। ਫਿਰ ਕਿਤੇ ਸੰਵਿਧਾਨ ਦਾ ਅਸਲ ਸਰੂਪ ਤਿਆਰ ਹੋਇਆ! ਡਾ. ਅੰਬੇਦਕਰ ਦੀ ਮੁੱਖ ਮਨਸ਼ਾ ਸੀ ਕਿ ਭਾਰਤ ਜਿਹੇ ਗਰੀਬ ਅਤੇ ਧਾਰਮਿਕ ਜਾਤ-ਪਾਤ ਦੇ ਵਿਤਕਰੇ ਨਾਲ ਡੰਗੇ ਹੋਏ ਦੇਸ਼ ਵਿਚ ਸੰਵਿਧਾਨਕ ਤੌਰ 'ਤੇ ਘੱਟੋ ਘੱਟ ਮਾਨਸ ਦੀ ਜਾਤ ਇੱਕ ਤੇ ਸਿਰਫ ਇੱਕ ਹੀ ਹੋਵੇ। ਸਮਾਜਿਕ ਤੌਰ 'ਤੇ ਕੋਈ ਵੀ ਉੱਚਾ ਜਾਂ ਨੀਵਾਂ ਨਾ ਹੋਵੇ; ਕੋਈ ਵੀ ਨਾ ਅਗੜਾ, ਨਾ ਪਿਛੜਾ ਹੋਵੇ, ਸਾਰੇ ਇੱਕ ਸਮਾਨ ਹੋਣ। ਸੰਵਿਧਾਨ ਦੇ ਵਰਕਿਆਂ 'ਤੇ ਮਨੁੱਖੀ ਬਰਾਬਰੀ ਬਾਰੇ ਬਹੁਤ ਕੁਝ ਲਿਖਿਆ ਗਿਆ। ਪਿਛਲੇ ਸੱਤ ਦਹਾਕਿਆਂ ਤੋਂ ਪੀੜ੍ਹੀ-ਦਰ-ਪੀੜ੍ਹੀ ਜਨਤਾ ਇਸ ਹਕੀਕਤ ਨੂੰ ਪਰਖ ਰਹੀ ਹੈ ਅਤੇ ਭੁਗਤ ਵੀ ਰਹੀ ਹੈ।

ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਆਪਣੀ ਸਮਰੱਥਾ ਤੇ ਕਾਬਲੀਅਤ ਅਨੁਸਾਰ ਦੇਸ਼ ਦੀ ਸਨਅਤੀ, ਆਰਥਿਕ , ਵਿੱਦਿਅਕ, ਸਿਹਤ ਅਤੇ ਖੇਤੀਬਾੜੀ ਦੀ ਉੱਨਤੀ ਲਈ ਕਾਫੀ ਉਪਰਾਲੇ ਕੀਤੇ। ਇਨ੍ਹਾਂ ਯਤਨਾਂ ਤਹਿਤ 1948 ਵਿਚ ਆਈ. ਟੀ. ਆਈ., 1950 ਵਿਚ ਯੋਜਨਾ ਕਮਿਸ਼ਨ, 1951 ਵਿਚ ਆਈ. ਆਈ. ਟੀ., 1952 ਵਿਚ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸ, 1954 ਵਿਚ ਸਟੀਲ ਅਥਾਰਟੀ ਆਫ ਇੰਡੀਆ, 1954 ਵਿਚ ਹੀ ਭਾਬਾ ਐਟਮੀ ਰਿਸਰਚ ਸੈਂਟਰ, 1955 ਵਿਚ ਭਿਲਾਈ ਸਟੀਲ ਪਲਾਂਟ (ਇਸ ਤੋਂ ਬਾਅਦ ਕਈ ਹੋਰ ਸਟੀਲ ਪਲਾਂਟ ਬਣੇ), 1956 ਵਿਚ ਓ. ਐਨ. ਜੀ. ਸੀ., 1958 ਵਿਚ ਡੀ. ਆਰ. ਡੀ. ਓ., 1961 ਵਿਚ ਆਈ. ਆਈ. ਐਮ., 1962 ਵਿਚ ਇਸਰੋ ਅਤੇ 1964 ਵਿਚ ਭੇਲ ਯਾਨਿ ਭਾਰਤ ਹੈਵੀ ਇਲੈਕਟ੍ਰੀਕਲਜ ਲਿਮੀਟੇਡ ਆਦਿ ਪਬਲਿਕ ਸੈਕਟਰ ਸੰਸਥਾਵਾਂ ਦੀ ਸਥਾਪਨਾ ਹੋਈ।

ਸਨਅਤੀ ਤਰੱਕੀ ਦੇ ਨਾਲ-ਨਾਲ ਖੇਤੀਬਾੜੀ ਦੇ ਖੇਤਰ ਵਿਚ ਉੱਨਤੀ ਲਈ ਸਾਲ 1948 ਦੌਰਾਨ ਭਾਖੜਾ ਡੈਮ ਦੀ ਉਸਾਰੀ ਸ਼ੁਰੂ ਹੋਈ, ਜਿਸ ਨੇ ਪੰਜਾਬ ਦੀ ਹਰੀ ਕ੍ਰਾਂਤੀ ਵਿਚ ਵੱਡਾ ਰੋਲ ਅਦਾ ਕੀਤਾ। ਸਾਲ 1957 ਵਿਚ ਉੜੀਸਾ ਵਿਚ ਮਹਾ ਨਦੀ ਦਰਿਆ ਤੇ ਹੀਰਾਕੁੰਡ ਡੈਮ ਬਣਿਆ, 1967 ਵਿਚ ਆਂਧਰਾ ਪ੍ਰਦੇਸ਼ ਦੀ ਕ੍ਰਿਸ਼ਨਾ ਨਦੀ ਨਾਗਾਰਜੁਨਾ ਸਾਗਰ ਡੈਮ ਬਣਿਆ, 2006 ਸਾਲ ਵਿਚ ਉੱਤਰਾਖੰਡ ਵਿਚ ਟਿਹਰੀ ਡੈਮ ਬਣਿਆ। ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਡੈਮ ਭਾਰਤ ਦੇ ਹੋਰਨਾਂ ਰਾਜਾਂ ਵਿਚ ਬਣੇ ਹੋਏ ਹਨ। ਗੁਜਰਾਤ ਵਿਚ ਸਰਦਾਰ ਵੱਲਭ ਭਾਈ ਪਟੇਲ ਦੇ ਨਾਮ 'ਤੇ ਬਣਿਆ ਸਰਦਾਰ ਸਰੋਵਰ ਡੈਮ, ਜਿਸ ਦੇ ਕੰਡੇ 'ਤੇ ਭਾਰਤ ਦੇ ਪਹਿਲੇ ਸ਼ੱਰੇਆਮ ਝੂਠ ਬੋਲਣ ਵਾਲੇ ਅਤੇ ਆਵਾਮ ਪ੍ਰਤੀ ਅਸਹਿਨਸ਼ੀਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਦਾਰ ਪਟੇਲ ਦੀ ਦਿਉ ਕੱਦ ਮੂਰਤੀ ਬਣਾਈ ਹੈ, ਦਾ ਨਿਰਮਾਣ ਵੀ ਕਾਂਗਰਸ ਸਰਕਾਰ ਵੱਲੋਂ ਹੀ ਕੀਤਾ ਗਿਆ ਹੈ। ਮੋਦੀ ਪਟੇਲ ਦੇ ਗੁਜਰਾਤੀ ਹੋਣ ਕਰਕੇ ਸਰਦਾਰ ਪਟੇਲ ਨੂੰ ਜਵਾਹਰ ਲਾਲ ਨਹਿਰੂ ਤੋਂ ਵੀ ਵੱਡਾ ਲੀਡਰ ਬਣਾਉਣ ਦੀ ਕਵਾਇਦ ਵਿਚ ਰੁੱਝਿਆ ਹੋਇਆ ਹੈ।

ਜਦੋਂ ਭਾਰਤ ਆਜ਼ਾਦ ਹੋਇਆ, ਉਸ ਵੇਲੇ ਖੇਤੀਬਾੜੀ ਦੀ ਸਥਿਤੀ ਕੋਈ ਖਾਸ ਨਹੀਂ ਸੀ। ਤਾਜ਼ੀ ਵੰਡ ਹੋਈ ਸੀ। ਪਹਿਲੇ ਕੁਝ ਸਾਲ ਤਾਂ ਪੰਜਾਬੀ ਕਿਸਾਨੀ ਨੂੰ ਪੈਰ ਜਮਾਉਣ ਵਿਚ ਹੀ ਲੱਗ ਗਏ। ਪੁਰਾਤਨ ਢੰਗ ਨਾਲ ਖੇਤੀ ਹੁੰਦੀ ਸੀ। ਫਸਲਾਂ ਦੇ ਝਾੜ ਵੀ ਕੁਝ ਖਾਸ ਨਹੀਂ ਸਨ ਹੁੰਦੇ। ਦੇਸ਼ ਵਿਚ ਅੰਨ ਦੀ ਸਮੱਸਿਆ ਸਮਾਂ ਪੈਣ 'ਤੇ ਵੱਧਦੀ ਜਾ ਰਹੀ ਸੀ। ਭਾਰਤ ਨੂੰ ਹਮੇਸ਼ਾ ਵਿਦੇਸ਼ੀ ਰਾਜਾਂ ਕੋਲੋਂ ਅੰਨ ਆਯਾਤ ਕਰਨਾ ਪੈਂਦਾ ਸੀ। ਖਾਦ ਪਦਾਰਥਾਂ ਦੀ ਘਾਟ ਕਾਰਨ ਹੀ ਕੇਂਦਰ ਸਰਕਾਰ ਨੂੰ ਦੇਸ਼ ਵਿਚ 1960 ਵਿਚ ਰਾਸ਼ਨ ਪ੍ਰਣਾਲੀ ਸ਼ੁਰੂ ਕਰਨੀ ਪਈ। ਉਸ ਤੋਂ ਪਹਿਲਾਂ ਪੱਛਮੀ ਬੰਗਾਲ ਵਿਚ ਖੱਬੇ ਪੱਖੀ ਪਾਰਟੀਆਂ ਦਾ ਹਿੰਸਕ ਅੰਨ ਅੰਦੋਲਨ ਹੋਇਆ, ਜਿਸ ਵਿਚ ਕਈ ਲੋਕਾਂ ਦੀਆਂ ਜਾਨਾਂ ਵੀ ਗਈਆਂ।

ਦੇਸ਼ ਦੀ ਅੰਨ ਦੀ ਘਾਟ ਨੂੰ ਪੂਰਾ ਕਰਨ ਲਈ ਪੰਜਾਬ ਦੇ ਕਿਸਾਨਾਂ ਨੇ 60ਵੇਂ ਦਹਾਕੇ ਦੌਰਾਨ ਇੱਕ ਵੱਡਾ ਹੰਭਲਾ ਮਾਰਿਆ, ਜਿਸ ਨੇ ਦੇਸ਼ ਦੀ ਅੰਨ ਦੀ ਤੋਟ ਨੂੰ ਤਾਂ ਪੂਰਾ ਕੀਤਾ ਹੀ, ਨਾਲ ਹੀ ਗੋਦਾਮ ਵੀ ਨੱਕੋ ਨੱਕ ਭਰ ਦਿੱਤੇ। ਇਸ ਹੰਭਲੇ ਨੂੰ ਹਰੀ ਕ੍ਰਾਂਤੀ ਵੀ ਕਹਿੰਦੇ ਹਾਂ। ਇਸ ਹਰੀ ਕ੍ਰਾਂਤੀ ਨੂੰ ਸਾਜਗਾਰ ਬਣਾਉਣ ਵਿਚ ਸਮੇਂ ਦੀ ਸਰਕਾਰ ਦਾ ਉਤਸ਼ਾਹ ਵੀ ਸ਼ਾਮਲ ਸੀ। ਕੇਂਦਰ ਸਰਕਾਰ ਨੇ ਦੇਸ਼ ਦੀ ਕਣਕ ਅਤੇ ਚੌਲਾਂ ਦੀ ਲੋੜ ਨੂੰ ਪੂਰਾ ਕਰਨ ਲਈ ਕਿਸਾਨਾਂ ਨੂੰ ਆਰਥਿਕ ਠੁੰਮਣਾ ਦੇਣ ਹਿਤ ਐਮ. ਐਸ. ਪੀ. ਦੀ ਸਹੂਲਤ ਵੀ ਦਿੱਤੀ। ਹਰੀ ਕ੍ਰਾਂਤੀ ਦੀ ਹਵਾ ਨਾਲ ਦੇਸ਼ ਦੇ ਹੋਰਨਾਂ ਰਾਜਾਂ ਨੇ ਵੀ ਖੇਤੀਬਾੜੀ ਵਿਚ ਪੁਲਾਂਘਾ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ। ਐਮ. ਐਸ. ਪੀ. ਨੇ ਪੰਜਾਬ ਦੇ ਕਿਸਾਨਾਂ ਨੂੰ ਫਸਲਾਂ ਦੀ ਉਪਜ ਵਧਾਉਣ ਲਈ ਉਤਸ਼ਾਹਿਤ ਕੀਤਾ। ਹਰੀ ਕ੍ਰਾਂਤੀ ਨਾਲ ਕਿਸਾਨੀ ਨੂੰ ਤਾਂ ਵਕਤੀ ਠੁੰਮਣਾ ਮਿਲਿਆ, ਪਰ ਨਾਲ-ਨਾਲ ਸਮਾਨੰਤਰ, ਕਈ ਹੋਰ ਸਨਅਤਾਂ ਤੇ ਵਪਾਰਕ ਧੰਦਿਆਂ ਨੇ ਵੀ ਇਸ ਦੌਰਾਨ ਆਪਣੇ ਪੈਰ ਮਜਬੂਤੀ ਨਾਲ ਜਮਾ ਲਏ।

ਸਿਰਫ ਕਿਸਾਨ ਤੇ ਕਿਸਾਨੀ ਦੀਆਂ ਉਪਜਾਂ ਦੇ ਆਧਾਰ' ਤੇ ਅਣਗਿਣਤ ਸਨਅਤਾਂ ਅਤੇ ਵਪਾਰ ਜਿਵੇਂ ਕਿ ਟਰੈਕਟਰ ਬਣਾਉਣ ਵਾਲੇ ਕਾਰਖਾਨੇ, ਖੇਤੀਬਾੜੀ ਦੇ ਸੰਦ ਅਤੇ ਉਪਕਰਣ ਤਿਆਰ ਕਰਨ ਵਾਲੀਆਂ ਸਨਅਤਾਂ, ਖਾਦਾਂ ਅਤੇ ਕੀਟਨਾਸ਼ਕ ਬਣਾਉਣ ਵਾਲੇ ਕਾਰਖਾਨੇ, ਹਾਈ ਬ੍ਰਿਡ ਬੀਜ ਨਿਰਮਾਤਾ, ਸਿੰਜਾਈ ਦੇ ਉਪਕਰਣ ਨਿਰਮਾਤਾ, ਵੱਖ-ਵੱਖ ਕਿਸਮ ਦੇ ਚੌਲਾਂ ਦਾ ਅਤੇ ਹੋਰ ਖਾਦ



ਪਦਾਰਥਾਂ ਦਾ ਨਿਰਯਾਤ ਕਰਨ ਵਾਲੇ ਬਹੁਰਾਸ਼ਟਰੀ ਐਕਸਪੋਰਟ ਹਾਊਸ, ਕਿਸਾਨਾਂ ਤੇ ਕਿਸਾਨੀ ਨਾਲ ਜੁੜੇ ਹੋਏ ਬੈਂਕ ਅਤੇ ਬੀਮਾ ਕੰਪਨੀਆਂ, ਕਿਸਾਨੀ ਉਪਜਾਂ ਦੀ ਖਰੀਦ ਤੇ ਵਿਕਰੀ ਨਾਲ ਜੁੜੇ ਹੋਏ ਲੱਖਾਂ ਛੋਟੇ ਤੇ ਵੱਡੇ ਵਪਾਰੀ ਆਦਿ; ਭਾਵ ਇਕ ਕਿਸਾਨ ਅਤੇ ਉਸ ਦੀ ਉਪਜ ਦੀ ਬਦੌਲਤ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਵੱਖ-ਵੱਖ ਕਿਸਮਾਂ ਦੇ ਕਿੰਨੇ ਵੱਡੇ-ਵੱਡੇ ਸਨਅਤੀ ਅਦਾਰੇ, ਐਕਸਪੋਰਟ ਹਾਊਸ, ਬੈਂਕਿਗ ਅਤੇ ਇੰਸ਼ੋਰੈਂਸ ਅਦਾਰਿਆਂ ਦੇ ਜਰੀਏ ਸਾਲਾਨਾ ਅਰਬਾਂ ਰੁਪਿਆਂ ਦਾ ਕਾਰੋਬਾਰ ਹੋ ਰਿਹਾ ਹੈ।

ਨੋਟ ਕਰਨ ਵਾਲੀ ਗੱਲ ਹੈ ਕਿ ਇਹ ਸਾਰੇ ਅਦਾਰੇ, ਜੋ ਕਿਸਾਨੀ ਨਾਲ ਜੁੜੇ ਹੋਏ ਹਨ, ਬਹੁਤ ਹੀ ਸ਼ਾਨਦਾਰ ਅਤੇ ਉੱਚ ਲਾਭਦਾਇਕ ਹਨ। ਇਨ੍ਹਾਂ ਨੂੰ ਸਰਕਾਰਾਂ ਅਤੇ ਬੈਂਕ ਵੀ ਖੁੱਲ੍ਹ ਕੇ ਕਰਜੇ ਦਿੰਦੇ ਹਨ। ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਕਾਰੋਬਾਰੀ ਬੈਕਾਂ ਤੋਂ ਲਿਆ ਕਰਜਾ ਮੋੜਦੇ ਵੀ ਨਹੀਂ, ਪਰ ਇਨ੍ਹਾਂ ਵਿਰੁੱਧ ਕਾਰਵਾਈਆਂ ਸਿਰਫ ਕਾਗਜਾਂ 'ਤੇ ਹੀ ਹੁੰਦੀਆਂ ਹਨ। ਸਰਕਾਰਾਂ ਇਨ੍ਹਾਂ ਦੇ ਵੱਡੇ-ਵੱਡੇ ਲੋਨ, ਜੋ ਬੈਂਕਾ ਤੋਂ ਲਏ ਹੁੰਦੇ ਹਨ, ਰਿਜ਼ਰਵ ਬੈਂਕ ਨੂੰ ਕਹਿ ਕੇ ਵੱਟੇ ਖਾਤੇ ਵਿਚ ਪੁਆ ਦਿੰਦੀਆਂ ਹਨ। ਉਹ ਰਾਜਨੀਤਕ ਪਾਰਟੀਆਂ ਨੂੰ ਚੰਦੇ ਦਿੰਦੇ ਰਹਿੰਦੇ ਹਨ ਅਤੇ ਲੀਡਰ ਉਨ੍ਹਾਂ ਚੰਦਿਆਂ ਦੇ ਇਵਜ਼ ਵਿਚ ਸਰਕਾਰਾਂ ਵਿਚ ਰਹਿ ਕੇ ਉਨ੍ਹਾਂ ਵੱਲੋਂ ਡਕਾਰੇ ਹੋਏ ਹਜ਼ਾਰਾਂ ਕਰੋੜਾਂ ਰੁਪਿਆਂ ਦੇ ਕਰਜੇ ਵੱਟੇ ਖਾਤਿਆਂ ਵਿਚ ਪੈ ਜਾਂਦੇ ਹਨ। ਇਹ ਜੋ ਪੈਸੇ ਕਾਰਪੋਰੇਟ ਘਰਾਣਿਆਂ ਦੇ ਵੱਟੇ ਖਾਤੇ ਵਿਚ ਪਾਏ ਜਾਂਦੇ ਹਨ, ਆਮ ਲੋਕਾਂ ਵੱਲੋਂ ਦਿੱਤੇ ਟੈਕਸ ਦੇ ਪੈਸੇ ਹੁੰਦੇ ਹਨ। ਉਹੀ ਡਿਫਾਲਟਰ ਸਨਅਤਕਾਰ ਮੁੜ ਕਿਸੇ ਹੋਰ ਨਾਮ 'ਤੇ ਫਿਰ ਬੈਂਕਾਂ ਤੋਂ ਵੱਡੇ-ਵੱਡੇ ਕਰਜੇ ਲੈਂਦੇ ਹਨ ਅਤੇ ਆਰਾਮ ਨਾਲ ਜੀਵਨ ਗੁਜ਼ਾਰਦੇ ਹਨ; ਪਰ ਇਸ ਦੇ ਉਲਟ ਬੈਂਕਾਂ ਦਾ ਕਿਸਾਨਾਂ ਨਾਲ ਵਿਹਾਰ ਕੋਈ ਸਨਮਾਨ ਵਾਲਾ ਨਹੀਂ ਹੁੰਦਾ। ਬੈਂਕ ਵਪਾਰੀਆਂ ਦੇ ਮੁਕਾਬਲੇ ਕਿਸਾਨਾਂ ਨੂੰ ਨਿਗੂਣੇ ਜਿਹੇ ਕਰਜਿਆਂ ਲਈ ਜਲੀਲ ਕਰਦੇ ਹਨ। ਕਈ ਕਿਸਾਨ ਤਾਂ ਬੇਇੱਜਤ ਹੋਣ ਦੀ ਸੂਰਤ ਵਿਚ ਖੁਦਕੁਸ਼ੀ ਕਰ ਲੈਂਦੇ ਹਨ।

ਕਿਸਾਨ ਲੰਮਾ ਸਮਾਂ ਕਰੜੀ ਮਿਹਨਤ ਮੁਸ਼ੱਕਤ ਕਰਕੇ ਇਕ ਫਸਲ ਤਿਆਰ ਕਰਦਾ ਹੈ, ਪਰ ਉਸ ਦਾ ਰੇਟ ਤੈਅ ਕਰਦੀ ਹੈ, ਸਮੇਂ ਦੀ ਸਰਕਾਰ। ਸਰਕਾਰ ਰੇਟ ਤੈਅ ਕਰਨ ਲੱਗਿਆਂ



ਕਿਸਾਨ ਦੀ ਅਣਥੱਕ ਘਾਲਣਾ, ਖਰਚੇ ਅਤੇ ਕਿਸਾਨ ਵੱਲੋਂ ਫਸਲ ਦੀ ਤਿਆਰ ਹੋਣ ਦੀ ਮਿਆਦ ਦੌਰਾਣ ਸਾਰੇ ਪਰਿਵਾਰ ਵੱਲੋਂ ਬੰਧੂਆ ਮਜ਼ਦੂਰ ਦੇ ਤੌਰ 'ਤੇ ਕੀਤੀ ਮਜ਼ਦੂਰੀ ਦਾ ਧਿਆਨ ਵੀ ਨਹੀਂ ਰੱਖਦੀਆਂ, ਸਿਰਫ ਆਮ ਉਪਭੋਗਤਾ ਦੇ ਨਾਮ ਫਸਲ ਦੇ ਰੇਟ ਵਿਚ ਨਿਗੂਣਾ ਜਿਹਾ ਵਾਧਾ ਕਰਦੀਆਂ ਹਨ। ਅਸਹਾਇ ਕਿਸਾਨ ਆਪਣੀ ਮਿਹਨਤ ਨਾਲ ਹੋਏ ਧੋਖੇ ਦੀ ਕਹਾਣੀ ਕੁਰਲਾਉਂਦਾ ਪਿੱਟ ਸਿਆਪਾ ਕਰਦਾ ਹੈ, ਪਰ ਸਰਕਾਰ ਅਸੰਵੇਦਨਸ਼ੀਲ ਬਣ ਕੇ ਡੰਗ ਟਪਾ ਲੈਂਦੀ ਹੈ। ਕਿੰਨਾ ਵੱਡਾ ਅਨਿਆਂ ਹੈ ਕਿ ਕਿਸਾਨ, ਜਿਸ ਨੇ ਦੁਨੀਆਂ ਭਰ ਦੇ ਜਫਰ ਝੱਲ ਕੇ ਫਸਲ ਨੂੰ ਜਨਮ ਦਿੱਤਾ ਹੈ, ਨੂੰ ਹੀ ਆਪਣੀ ਫਸਲ ਦੇ ਰੇਟ ਤੈਅ ਕਰਨ ਦਾ ਹੱਕ ਨਹੀਂ; ਪਰ ਵਪਾਰੀ, ਜਿਸ ਨੇ ਉਹ ਫਸਲ ਖਰੀਦੀ ਹੈ ਜਾਂ ਉਸ ਫਸਲ ਤੋਂ ਹੋਰ ਉਤਪਾਦਨ ਤਿਆਰ ਕਰਨੇ ਹਨ, ਨੂੰ ਪੂਰਾ ਅਧਿਕਾਰ ਹੈ ਕਿ ਉਹ ਆਪਣੇ ਉਤਪਾਦਨ ਦਾ ਰੇਟ ਤੈਅ ਕਰਨ ਲੱਗਿਆਂ ਹਰ ਕਿਸਮ ਦੇ ਖਰਚਿਆਂ ਨੂੰ ਜੋੜ ਕੇ ਫਿਰ ਉਸ ਵਿਚ ਆਪਣਾ ਵੱਡਾ ਮੁਨਾਫਾ ਜੋੜ ਸਕਦਾ ਹੈ। ਇੱਥੇ ਉਪਭੋਗਤਾ ਦੀ ਜੇਬ 'ਤੇ ਕਿੱਡਾ ਵੱਡਾ ਡਾਕਾ ਵੱਜਦਾ ਹੈ, ਇਸ ਦੀ ਪ੍ਰਵਾਹ ਕਿਸੇ ਨੂੰ ਵੀ ਨਹੀਂ ਹੈ। ਇਹ ਇੱਕ ਅਜਿਹੀ ਦਾਸਤਾਨ ਹੈ, ਜਿਸ ਵਿਚ ਅੰਨ ਦੇ ਜਨਮ ਦਾਤਾ ਅਤੇ ਉਪਭੋਗਤਾ ਦੀ ਕੋਈ ਨਹੀਂ ਸੁਣਦਾ। ਹਾਂ! ਵਿਚਕਾਰਲਾ ਖਰੀਦਣ ਵਾਲਾ ਵਪਾਰੀ ਹੀ ਮਲਾਈ ਦੀਆਂ ਕਈ ਤੈਹਾਂ ਛਕ ਜਾਂਦਾ ਹੈ, ਤੇ ਸਰਕਾਰਾਂ ਨੂੰ ਕੋਈ ਮਲਾਲ ਨਹੀਂ ਹੁੰਦਾ, ਸਗੋਂ ਖੁਸ਼ੀ ਹੁੰਦੀ ਹੈ ਕਿ ਵਪਾਰੀ ਨੇ ਸਸਤਾ ਮਾਲ ਖਰੀਦ ਕੇ ਮੋਟੀ ਕਮਾਈ ਕੀਤੀ ਹੈ। ਫਿਰ ਇਨ੍ਹਾਂ ਮੋਟੀਆਂ ਕਮਾਈਆਂ ਵਿਚੋਂ ਹੀ ਵਪਾਰੀ ਉਨ੍ਹਾਂ ਸਿਆਸਤਦਾਨਾਂ ਨੂੰ ਚੰਦਿਆਂ ਦੇ ਨਾਮ 'ਤੇ ਖੈਰਾਤ ਵੰਡਦੇ ਹਨ।

ਕਿਸਾਨ, ਜੋ ਦੇਸ਼ ਦੀ ਭੁੱਖ ਨੂੰ ਹੀ ਨਹੀਂ ਮਿਟਾਉਂਦਾ ਹੈ, ਸਗੋਂ ਆਪਣੇ ਜੰਮਿਆਂ ਨੂੰ ਸੈਨਾ ਵਿਚ ਭਰਤੀ ਕਰਵਾਉਂਦਾ ਹੈ ਅਤੇ ਕਿਸਾਨਾਂ ਦੇ ਜਾਏ ਜਾਨ 'ਤੇ ਖੇਲ ਕੇ ਸਰਹੱਦਾਂ ਦੀ ਰਾਖੀ ਵੀ ਕਰਦੇ ਹਨ। ਸ਼ਾਇਦ ਸਵਰਗੀ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸ਼ਤਰੀ ਦੇ ਦਿਮਾਗ ਵਿਚ ਕਿਸਾਨ ਦੀਆਂ ਦੇਸ਼ ਪ੍ਰਤੀ ਇਹ ਦੋ ਵੱਡੀਆਂ ਕੁਰਬਾਨੀ ਵਾਲਾ ਜਜ਼ਬਾ ਹਿਲੋਰੇ ਲੈ ਰਿਹਾ ਹੋਵੇਗਾ, ਜਦੋਂ ਉਨ੍ਹਾਂ ਦੇਸ਼ ਵਾਸੀਆਂ ਨੂੰ 'ਜੈ ਜਵਾਨ, ਜੈ ਕਿਸਾਨ' ਦਾ ਨਾਅਰਾ ਦਿੱਤਾ ਸੀ। ਵੇਖਿਆ ਜਾਵੇ ਤਾਂ ਦੇਸ਼ ਲਈ ਪਹਿਲਾਂ ਖੁਦ ਕਿਸਾਨ ਫਸਲ ਪੈਦਾ ਕਰਨ ਲੱਗਿਆਂ ਸੱਪਾਂ ਦੀਆਂ ਸਿਰੀਆਂ 'ਤੇ ਪੈਰ ਰੱਖ ਕੇ ਕੁਰਬਾਨੀ ਦੇ ਰਿਹਾ ਹੁੰਦਾ ਹੈ ਅਤੇ ਠੀਕ ਉਸੇ ਸਮੇਂ ਕਿਤੇ ਦੂਰ ਉਸ ਦਾ ਪੁੱਤਰ ਦੇਸ਼ ਦੀ ਸਰਹੱਦ 'ਤੇ ਕੁਰਬਾਨੀ ਲਈ ਤਿਆਰ ਖੜ੍ਹਾ ਹੁੰਦਾ ਹੈ। ਇਨ੍ਹਾਂ ਕੁਰਬਾਨੀਆਂ ਦਾ ਕੋਈ ਵੀ ਮੁੱਲ ਨਹੀਂ ਪਾ ਸਕਦਾ, ਪਰ ਅਫਸੋਸ ਕਿ ਭਾਰਤ ਵਿਚ ਸੱਤਾ ਪੱਖ ਇੰਨਾ ਅਸੰਵੇਦਨਸ਼ੀਲ ਹੋ ਗਿਆ ਹੈ ਕਿ ਕਿਸਾਨ ਨੂੰ ਦੇਸ਼ ਦੀ ਰਾਜਧਾਨੀ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਹੈ।

ਦੇਸ਼ ਦੀ ਰਾਜਧਾਨੀ ਦੇ ਬਾਰਡਰ 'ਤੇ ਲੱਖਾਂ ਬਜੁਰਗ ਤੇ ਜਵਾਨ ਕਿਸਾਨ ਆਪਣੇ ਪਰਿਵਾਰਾਂ ਨਾਲ ਆਪਣੀ ਹੋਂਦ ਦੀ ਲੜਾਈ ਲੜ ਰਹੇ ਹਨ ਅਤੇ ਆਪਣੇ ਕਾਰਜ ਲਈ ਮਰ ਮਿੱਟ ਰਹੇ ਹਨ, ਪਰ ਸਰਕਾਰ ਨੂੰ ਇਨ੍ਹਾਂ ਦੀ ਕੋਈ ਪ੍ਰਵਾਹ ਨਹੀਂ। ਉਜੱਡ ਤਬੀਅਤ ਵਾਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੱਤ ਸਮੁੰਦਰ ਪਾਰ ਅਮਰੀਕਾ ਦੀ ਰਾਜਧਾਨੀ ਵਿਚ ਹੋਏ ਗਦਰ ਵਿਚ ਮਰਿਆਂ ਲਈ ਟਵੀਟ ਦੇ ਰੂਪ ਵਿਚ ਸੰਵੇਦਨਾ ਪ੍ਰਗਟ ਕਰਦਾ ਹੈ। ਇੰਜ ਲੱਗਦਾ ਹੈ, ਨਰਿੰਦਰ ਮੋਦੀ ਦੀ ਨੇੜਲੀ ਨਜ਼ਰ ਕਮਜ਼ੋਰ ਹੋ ਗਈ ਹੈ। ਉਸ ਨੂੰ ਕੁਝ ਮੀਲ ਦੂਰ ਦਿੱਲੀ ਦੇ ਬਾਰਡਰ 'ਤੇ ਬੈਠੇ ਕਿਸਾਨ ਨਜ਼ਰ ਨਹੀਂ ਆਉਂਦੇ, ਪਰ ਸੈਂਕੜੇ ਮੀਲ ਦੂਰ ਬੈਠੇ ਗੁਜਰਾਤ ਦੇ ਕਿਸਾਨ ਦਿੱਸ ਪੈਂਦੇ ਹਨ।

ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੇ ਦੇਸ਼ ਦੀ ਅੰਨ ਦੀ ਭੁੱਖ ਨੂੰ ਜਲਦੀ ਤੋਂ ਜਲਦੀ ਖਤਮ ਕਰਨ ਲਈ ਅਤੇ ਵੱਧ ਤੋਂ ਵੱਧ ਪੈਦਾਵਾਰ ਕਰਨ ਲਈ ਰਸਾਇਣਕ ਖਾਦਾਂ ਦੀ ਵੱਧ ਵਰਤੋਂ ਕਰਕੇ ਕੋਈ ਗੁਨਾਹ ਨਹੀਂ ਕੀਤਾ ਸੀ। ਉਨ੍ਹਾਂ ਦੇ ਦਿਮਾਗ ਵਿਚ ਜੇ ਕਿਤੇ ਵੱਧ ਕਮਾਈ ਕਰਨ ਦੀ ਲਾਲਸਾ ਵੀ ਸੀ, ਤਾਂ ਕਿਤੇ ਉਨ੍ਹਾਂ ਦੇ ਦਿਮਾਗ ਵਿਚ ਦੇਸ਼ ਵੱਲੋਂ ਅਨਾਜ ਲਈ ਪਰਾਏ ਦੇਸ਼ਾਂ ਸਾਹਮਣੇ ਹੱਥ ਅੱਡਣ ਦੀ ਹਿਕਾਰਤ ਵੀ ਸੀ। ਇਹ ਗੱਲ ਸ਼ਾਇਦ ਕਿਸਾਨਾਂ ਦੇ ਚਿੱਤ ਵਿਚ ਵੀ ਨਹੀਂ ਸੀ ਕਿ ਜਿਸ ਦੇਸ਼ ਦੀ ਆਨ ਤੇ ਸ਼ਾਨ ਬਚਾਉਣ ਲਈ ਉਹ ਪਰਿਵਾਰ ਸਮੇਤ ਤਤਪਰ ਹੈ, ਉਸ ਦੇਸ਼ ਦੇ ਹਾਕਮ ਉਸ ਵੱਲ ਇੰਜ ਪਿੱਠ ਵੀ ਮੋੜ ਲੈਣਗੇ! ਲਗਾਤਾਰ ਵੱਧ ਰਸਾਇਣਕ ਖਾਦਾਂ ਅਤੇ ਰਸਾਇਣਕ ਕੀਟਨਾਸ਼ਕਾਂ ਦੀ ਵਰਤੋਂ ਨੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਇਕ ਕਿਸਮ ਅਰਧ ਬੰਜਰ ਤੇ ਜ਼ਹਿਰੀਲੀਆਂ ਬਣਾ ਦਿੱਤਾ ਹੈ। ਹਾਲ ਇਹ ਹੈ ਕਿ ਦੇਸ਼ ਦੀਆਂ ਖਾਦ ਪਦਾਰਥਾਂ ਦੀਆਂ ਲੋੜਾਂ ਪੂਰਾ ਕਰਦੇ ਕਿਸਾਨ ਨੇ ਜਾਣੇ-ਅਣਜਾਣੇ ਵਿਚ ਆਪਣੇ ਆਪ ਨੂੰ ਵੀ ਜ਼ਹਿਰੀਲੇ ਤੇ ਪ੍ਰਦੂਸ਼ਿਤ ਵਾਤਾਵਰਣ ਨਾਲ ਨੂੜ ਲਿਆ ਹੈ। ਉਹ ਪੰਜਾਬੀ ਕਿਸਾਨ ਜਿਸ ਤੋਂ ਬੀਮਾਰੀਆਂ ਵੀ ਡਰਦੀਆਂ ਨੇੜੇ ਨਹੀਂ ਸਨ ਫਟਕਦੀਆਂ, ਆਲਮ ਇਹ ਹੈ ਕਿ ਮਾਲਵੇ ਤੋਂ ਬੀਕਾਨੇਰ ਨੂੰ ਕੈਂਸਰ-ਟਰੇਨ ਜਾਣ ਲੱਗ ਪਈ ਹੈ। ਇਸ ਤੋਂ ਇਲਾਵਾ ਪੰਜਾਬ ਦੇ ਸਾਰੇ ਵੱਡੇ ਸ਼ਹਿਰਾਂ ਵਿਚ ਹਸਪਤਾਲਾਂ ਦਾ ਹੜ੍ਹ ਜਿਹਾ ਆ ਗਿਆ ਹੈ। ਪੰਜਾਬ ਦੇ ਹਸਪਤਾਲਾਂ ਵਿਚ ਭ੍ਰਿਸ਼ਟ ਡਾਕਟਰ ਮਰੇ ਹੋਏ ਮਰੀਜ਼ਾਂ ਨੂੰ ਵੀ ਪੈਸੇ ਬਣਾਉਣ ਦੇ ਲਾਲਚ ਵਿਚ ਦੋ-ਚਾਰ ਦਿਨ ਆਈ. ਸੀ. ਯੂ. ਆਕਸੀਜਨ ਲਾ ਛੱਡਦੇ ਹਨ।

ਛੋਟੇ ਹੁੰਦਿਆਂ ਹਰ ਸਾਲ ਗਰਮੀਆਂ ਦੀਆਂ ਛੁੱਟੀਆਂ 'ਚ ਜਦੋਂ ਪੰਜਾਬ ਜਾਈਦਾ ਸੀ, ਉਸ ਵੇਲੇ ਪਿੰਡਾਂ ਦੇ ਆਪਸੀ ਭਾਈਚਾਰੇ, ਰਹਿਣ-ਸਹਿਣ ਵਿਚ ਸਾਦਗੀ ਤੇ ਰਿਸ਼ਤਿਆਂ ਦੀ ਸੁੱਚਮਤਾ; ਖਾਣ ਲਈ ਦੇਸੀ ਕਣਕ ਦੀਆਂ ਰੋਟੀਆਂ ਅਤੇ ਦੇਸੀ ਬਾਸਮਤੀ ਦੇ ਚੌਲਾਂ ਦਾ ਸਵਾਦ ਤੇ ਸੁਗੰਧੀ ਅਤੇ ਸਭ ਤੋਂ ਅਹਿਮ 30 ਫੁੱਟ ਡੂੰਘੇ ਬੋਰ ਵਾਲੇ ਨਲਕਿਆਂ ਦਾ ਮਿੱਠਾ ਤੇ ਹਾਜ਼ਮੇ ਲਈ ਅਕਸੀਰ ਵਰਗੇ ਪਾਣੀ ਦਾ ਸੁਆਦ ਕਈ ਦਹਾਕੇ ਬੀਤ ਜਾਣ ਪਿਛੋਂ ਅੱਜ ਵੀ ਮੇਰੇ ਜ਼ਿਹਨ ਵਿਚ ਤਰੋ-ਤਾਜਾ ਹਨ। ਕਿਸਾਨੀ ਲਈ ਬਹੁਤਾਤ ਵਿਚ ਵਰਤੀਆਂ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਬਦੌਲਤ ਪਿੰਡਾਂ ਵਿਚ ਵੀ ਪਾਣੀ ਲਈ 300 ਫੁੱਟ ਡੂੰਘੇ ਬੋਰ ਕਰਵਾਉਣੇ ਪੈ ਰਹੇ ਹਨ। ਜ਼ਹਿਰੀਲੇ ਵਾਤਾਵਰਣ ਕਾਰਨ ਛੋਟੀਆਂ ਚਿੜੀਆਂ ਅਤੇ ਕਾਂਵਾਂ ਨੇ ਪੰਜਾਬ ਵਿਚ ਰਹਿਣਾ ਛੱਡ ਦਿੱਤਾ ਹੈ। ਝੋਨੇ ਦੀ ਲਗਾਤਾਰ ਖੇਤੀ ਕਾਰਨ ਰਾਜ ਵਿਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਦਿਨੋ ਦਿਨ ਹੋਰ ਵੀ ਹੇਠਾਂ ਜਾ ਰਿਹਾ ਹੈ। ਪੰਜਾਬ ਦੇ ਕਿਸਾਨਾਂ ਵੱਲੋਂ ਦੇਸ਼ ਲਈ ਕੀਤੀ ਕੁਰਬਾਨੀ ਅਤੇ ਘਾਲਣਾ ਦਾ ਨਤੀਜਾ ਸਨਮਾਨ ਦੀ ਥਾਂ ਹਿਕਾਰਤ ਨਾਲ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੇ ਅੰਦੋਲਨ ਨੂੰ ਸਰਕਾਰ ਢਾਅ ਲਾਉਣ ਲਈ ਬੜੇ ਘਟੀਆ ਅਤੇ ਹੋਛੇ ਹੱਥਕੰਡੇ ਵਰਤ ਰਹੀ ਹੈ, ਜੋ ਸਮੂਹਿਕ ਤੌਰ 'ਤੇ ਕਿਸਾਨੀ ਦਾ ਅਪਮਾਨ ਹੈ।

ਜੁਮਲਿਆਂ ਅਤੇ ਝੂਠੇ ਪ੍ਰਚਾਰ ਦੀ ਬੇੜੀ 'ਤੇ ਸਵਾਰ ਹੋ ਕੇ ਬਣਿਆ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਾਂ ਭਾਰਤ ਦੇ ਪਹਿਲਾਂ ਹੋਏ ਸਾਰੇ ਪ੍ਰਧਾਨ ਮੰਤਰੀਆਂ ਦੀ ਲਿਸਟ ਵਿਚ ਇਕ ਗਾਲ੍ਹ ਦੇ ਸਮਾਨ ਹੈ। ਇਹ ਜਦੋਂ ਦਾ ਪ੍ਰਧਾਨ ਮੰਤਰੀ ਬਣਿਆ ਹੈ, ਕੋਈ ਅਜਿਹਾ ਕੰਮ ਨਹੀਂ ਕੀਤਾ, ਜੋ 'ਬਹੁਜਨ ਸੁਖਾਏ, ਬਹੁਜਨ ਹਿਤਾਏ' ਹੋਵੇ। ਸਿਰਫ ਕਵੱਲੀਆਂ ਹੀ ਕੀਤੀਆਂ ਹਨ, ਜਿਸ ਦਾ ਨਤੀਜਾ ਆਮ ਨਾਗਰਿਕ ਅਤੇ ਦੇਸ਼ ਦੀ ਆਰਥਿਕਤਾ ਭੁਗਤ ਰਹੀ ਹੈ। ਪਿਛਲੇ ਸਾਲ ਕਰੋਨਾ ਮਹਾਮਾਰੀ ਦੌਰਾਨ ਸਾਰੇ ਦੇਸ਼ ਨੇ ਨਰਿੰਦਰ ਮੋਦੀ ਦੀਆਂ ਝੂਠ ਦੇ ਪੁਲੰਦੇ ਜਿਹੇ ਐਲਾਨਾਂ ਦੀ ਝੜੀ ਵੀ ਦੇਖੀ ਅਤੇ ਉਸ ਦਾ ਪ੍ਰਭਾਵ ਵੀ ਵੇਖਿਆ ਕਿ ਕਿਵੇਂ ਆਰਥਿਕਤਾ ਦਾ ਵੱਡਾ ਥੰਮ ਉਦਯੋਗ, ਜਿਨ੍ਹਾਂ ਨੂੰ ਸਰਕਾਰ ਨੇ ਆਰਥਿਕ ਗੱਫੇ ਵੀ ਦਿੱਤੇ, ਪਰ ਉਨ੍ਹਾਂ ਦੀ ਪਰਫਾਰਮੇਂਸ ਵੀ ਨੇਗੇਟਿਵ ਹੀ ਰਹੀ ਹੈ।

ਇਸ ਮਾੜੇ ਦੌਰ ਵਿਚ ਵੀ ਜੇ ਕਿਸੇ ਸੈਕਟਰ ਨੇ ਸ਼ਾਨਦਾਰ ਕੰਮ ਕਰਕੇ ਵਿਖਾਇਆ ਹੈ ਤਾਂ ਉਹ ਹੈ, ਐਗਰੀਕਲਚਰ। ਕਰੋਨਾ ਕਾਲ ਦੌਰਾਨ ਇਸ ਸੈਕਟਰ ਨੇ ਦੇਸ਼ ਦੇ ਨਿਰਯਾਤ ਵਿਚ ਸਭ ਤੋਂ ਵੱਡਾ ਹਿੱਸਾ ਪਾਇਆ। ਐਕਸਪੋਰਟਰਾਂ ਨੇ ਰੱਜ ਕੇ ਚੌਲ, ਕਣਕ ਅਤੇ ਦੂਜੇ ਕਿਸਾਨੀ ਉਤਪਾਦ ਸੰਸਾਰ ਦੇ ਵੱਖ-ਵੱਖ ਦੇਸ਼ਾਂ ਨੂੰ ਨਿਰਯਾਤ ਕੀਤਾ ਤੇ ਮੋਟੀਆਂ ਕਮਾਈਆਂ ਕੀਤੀਆਂ, ਪਰ ਇਨ੍ਹਾਂ ਦਾ ਉਤਪਾਦਕ ਕਿਸਾਨ ਹੱਡ ਵਿੰਨਦੀ ਠੰਡ ਵਿਚ ਦੇਸ਼ ਦੀ ਰਾਜਧਾਨੀ ਦਿੱਲੀ ਦੀਆਂ ਬਰੂਹਾਂ 'ਤੇ ਬੈਠਾ ਅਪਮਾਨ ਦੇ ਘੁੱਟ ਭਰਨ ਲਈ ਮਜਬੂਰ ਹੈ, ਕਿਉਂਕਿ ਨਰਿੰਦਰ ਮੋਦੀ ਨੇ ਆਪਣੇ ਗੁਜਰਾਤੀ ਭਾਈਆਂ-ਅੰਬਾਨੀ ਤੇ ਅਡਾਨੀ ਨਾਲ ਦੇਸ਼ ਦੀ ਸਾਰੀ ਕਿਸਾਨੀ ਨੂੰ ਉਨ੍ਹਾਂ ਦੇ ਪੈਰੀਂ ਝੁਕਾਉਣ ਦਾ ਵਾਅਦਾ ਜੋ ਕੀਤਾ ਹੈ...?

***ਦੇਸ਼ ਦੀ ਅੰਨ ਦੀ ਘਾਟ ਨੂੰ ਪੂਰਾ ਕਰਨ ਲਈ ਪੰਜਾਬ ਦੇ ਕਿਸਾਨਾਂ ਨੇ 60ਵੇਂ ਦਹਾਕੇ ਦੌਰਾਨ ਇੱਕ ਵੱਡਾ ਹੰਭਲਾ ਮਾਰਿਆ, ਜਿਸ ਨੇ ਦੇਸ਼ ਦੀ ਅੰਨ ਦੀ ਤੋਟ ਨੂੰ ਤਾਂ ਪੂਰਾ ਕੀਤਾ ਹੀ, ਨਾਲ ਹੀ ਗੋਦਾਮ ਵੀ ਨੱਕੋ ਨੱਕ ਭਰ ਦਿੱਤੇ। ਇਸ ਹੰਭਲੇ ਨੂੰ ਹਰੀ ਕ੍ਰਾਂਤੀ ਵੀ ਕਹਿੰਦੇ ਹਾਂ। ਇਸ ਹਰੀ ਕ੍ਰਾਂਤੀ ਨੂੰ ਸਾਜਗਾਰ ਬਣਾਉਣ ਵਿਚ ਸਮੇਂ ਦੀ ਸਰਕਾਰ ਦਾ ਉਤਸ਼ਾਹ ਵੀ ਸ਼ਾਮਲ ਸੀ। ਕੇਂਦਰ ਸਰਕਾਰ ਨੇ ਦੇਸ਼ ਦੀ ਕਣਕ ਅਤੇ ਚੌਲਾਂ ਦੀ ਲੋੜ ਨੂੰ ਪੂਰਾ ਕਰਨ ਲਈ ਕਿਸਾਨਾਂ ਨੂੰ ਆਰਥਿਕ ਠੁੰਮਣਾ ਦੇਣ ਹਿਤ ਐਮ. ਐਸ. ਪੀ. ਦੀ ਸਹੂਲਤ ਵੀ ਦਿੱਤੀ। ਹਰੀ ਕ੍ਰਾਂਤੀ ਦੀ ਹਵਾ ਨਾਲ ਦੇਸ਼ ਦੇ ਹੋਰਨਾਂ ਰਾਜਾਂ ਨੇ ਵੀ ਖੇਤੀਬਾੜੀ ਵਿਚ ਪੁਲਾਂਘਾ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ। ਐਮ. ਐਸ. ਪੀ. ਨੇ ਪੰਜਾਬ ਦੇ ਕਿਸਾਨਾਂ ਨੂੰ ਫਸਲਾਂ ਦੀ ਉਪਜ ਵਧਾਉਣ ਲਈ ਉਤਸ਼ਾਹਿਤ ਕੀਤਾ। ਹਰੀ ਕ੍ਰਾਂਤੀ ਨਾਲ ਕਿਸਾਨੀ ਨੂੰ ਤਾਂ ਵਕਤੀ ਠੁੰਮਣਾ ਮਿਲਿਆ, ਪਰ ਨਾਲ-ਨਾਲ ਸਮਾਨੰਤਰ, ਕਈ ਹੋਰ ਸਨਅਤਾਂ ਤੇ ਵਪਾਰਕ ਧੰਦਿਆਂ ਨੇ ਵੀ ਇਸ ਦੌਰਾਨ ਆਪਣੇ ਪੈਰ ਮਜਬੂਤੀ ਨਾਲ ਜਮਾ ਲਏ।***

# ਹਿੰਦ ਦੀ ਚਾਦਰ ਦੀ ਵਿਰਾਸਤ ਦਾ ਜ਼ਿੰਮਾ ਪੰਜਾਬ 'ਤੇ ਫਿਰ ਆਣ ਪਿਆ



**ਸੁਕੰਨਿਆਂ ਭਾਰਦਵਾਜ ਨਾਭਾ**
ਫੋਨ: 815-307-3112

ਜਦੋਂ ਕਿਸਾਨਾਂ ਨੇ 26 ਨਵੰਬਰ 2020 ਨੂੰ ਦਿੱਲੀ ਨੂੰ ਚਾਲੇ ਪਾਏ ਸਨ, ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਦੋ ਮਹੀਨੇ ਦੇ ਕਰੀਬ ਸਮਾਂ ਲੱਗ ਜਾਏਗਾ, ਉਨ੍ਹਾਂ ਦੀ ਹੱਕੀ ਮੰਗ ਨੂੰ ਮੰਨਵਾਉਣ ਲਈ; ਪਰ ਕਿਸਾਨਾਂ ਦੀ ਦੂਰ-ਅੰਦੇਸ਼ੀ ਦੀ ਦਾਦ ਦੇਣੀ ਬਣਦੀ ਹੈ ਕਿ ਉਹ ਪਹਿਲਾਂ ਹੀ ਘੱਟੋਘੱਟ ਛੇ ਮਹੀਨੇ ਦਾ ਆਪਣਾ ਹਰ ਕਿਸਮ ਦਾ ਬੰਦੋਬਸਤ ਕਰਕੇ ਆਏ ਸਨ। ਨਹੀਂ ਪਤਾ ਸੀ ਦਿੱਲੀ ਦੇ ਤਖਤ ਦੀ ਤਅਸਬੀ ਹਕੂਮਤ ਮਿੱਟੀ ਦੇ ਜਾਏ ਦੀਆਂ ਹੱਕੀ ਮੰਗਾਂ 'ਤੇ ਕੰਨ ਧਰਨ ਦੀ ਥਾਂ ਮੀਟਿੰਗ/ਮੀਟਿੰਗ ਦੀ ਤਲਿਸਮੀ ਖੇਡ ਰਾਹੀਂ ਉਸ ਦੇ ਸਬਰ ਸੰਤੋਖ ਦਾ ਇੰਨਾ ਕਰੜਾ ਇਮਤਿਹਾਨ ਲਵੇਗੀ। ਹੱਡ ਚੀਰਵੀਂ ਠੰਢ ਵਿਚ ਦਿੱਲੀ ਤਖਤ ਦੇ ਬਰੂਹਾਂ 'ਤੇ ਜ਼ਬਤ ਤਹੱਮਲ ਦੇ ਕੁੰਡੇ ਨਾਲ ਆਪਣੇ ਕੁਨਬੇ ਨੂੰ ਬੰਨੀਂ ਬੈਠਾ ਇਹ ਸਿਰੜੀ ਯੋਧਾ ਲੜਨ-ਮਰਨ ਦੀ ਬਾਜ਼ੀ ਲਾਈ ਬੈਠਾ ਹੈ। ਦੇਸ਼ ਦੀ ਸੁਪਰੀਮੋ ਵੀ ਉਸ ਦੀ ਬਾਤ ਸੁਣਨ ਦੀ ਥਾਂ ਆਪਣੇ ਤੰਤਰ ਦੀ ਹਾਂ ਵਿਚ ਹਾਂ ਮਿਲਾ ਰਹੀ ਹੈ। ਲੋਕ ਤਾਂ ਸ਼ਾਇਦ ਇਸ ਤੰਤਰ ਵਿਚੋਂ ਮਨਫੀ ਹੀ ਹੋ ਗਏ ਹਨ। 140 ਤੋਂ ਉਪਰ ਕਿਸਾਨ ਇਸ ਘੋਲ ਦੀ ਬਲੀ ਚੜ੍ਹ ਚੁਕੇ ਹਨ, ਪਰ ਵੇਲੇ ਦੀ ਸਰਕਾਰ ਨੇ ਇੱਕ ਲਫਜ਼ ਵੀ ਇਨ੍ਹਾਂ ਉਜੜੇ ਪਰਿਵਾਰਾਂ ਲਈ ਅਫਸੋਸ ਦਾ ਨਹੀਂ ਕਿਹਾ; ਕੋਈ ਮੁਆਵਜ਼ਾ ਤਾਂ ਕੀ ਦੇਣਾ ਸੀ! ਇਸ ਮਾਹੌਲ ਨੂੰ ਚੜ੍ਹਦੀਕਲਾ ਵਾਲਾ ਬਣਾਈ ਰੱਖਣ ਲਈ ਸਾਡੇ ਗਵੱਈਆਂ ਨੇ ਆਪਣੇ ਗੌਰਵਮਈ ਵਿਰਸੇ ਦੀਆਂ ਵਾਰਾਂ ਗੀਤਾਂ, ਵਿਖਿਆਨਾਂ ਰਾਹੀਂ ਗਰਮਾਈ ਰੱਖਣ ਲਈ ਪੂਰਾ ਤਾਣ ਲਾਇਆ ਹੋਇਆ ਹੈ। ਹਕੂਮਤ ਤਾਂ ਉਸ ਮੌਕੇ ਦੀ ਤਾੜ ਵਿਚ ਹੈ ਕਿ ਕਦੋਂ ਅੰਨਦਾਤੇ ਦੀ ਹਿੰਮਤ ਜੁਆਬ ਦੇਵੇ ਤੇ ਉਸ ਨੂੰ ਵਾਰ ਕਰਨ ਦਾ ਮੌਕਾ ਮਿਲੇ।

ਧਰਤੀ ਪੁੱਤਰ ਜਿਸ ਸ਼ਿੱਦਤ ਨਾਲ ਇਸ ਸੰਘਰਸ਼ ਨੂੰ ਲੜ ਰਿਹਾ ਹੈ, ਉਸ ਦੇ ਇਸ ਅਨੂਠੇ ਸਿਦਕ ਜਜ਼ਬੇ ਨੂੰ ਸਲਾਮ ਹੈ। ਕਿਸੇ ਨੂੰ ਲਗਦਾ ਹੋਵੇਗਾ ਕਿ ਪਿਛਲੇ ਲਗਭਗ ਪੰਜ ਮਹੀਨਿਆਂ ਤੋਂ ਲੜੇ ਜਾ ਰਹੇ ਕਿਸਾਨ ਸੰਘਰਸ਼ ਦੀ ਕੋਈ ਪ੍ਰਾਪਤੀ ਨਹੀਂ, ਪਰ ਜੇ ਨੀਝ ਲਾ ਕੇ ਦੇਖਿਆ ਜਾਵੇ ਤਾਂ ਪ੍ਰਾਪਤੀਆਂ ਦੀ ਫਹਿਰਿਸਤ ਲੰਬੀ ਹੈ। ਕਲਾਕਾਰਾਂ/ਗੀਤਕਾਰਾਂ ਦੀਆਂ ਲਿਖਤਾਂ ਵਿਚ ਹਥਿਆਰਾਂ, ਲੱਚਰਤਾ ਦੀ ਥਾਂ ਕਿਸਾਨੀ ਲਿਆ ਕੇ ਕਲਾ ਦੀ ਤਾਸੀਰ ਬਦਲ ਦਿੱਤੀ। ਸਦੀਆਂ ਲਗਦੀਆਂ ਹਨ ਇਸ ਬਦਲਾਅ ਨੂੰ, ਤੁਸੀਂ ਇਕੋ ਝਟਕੇ ਵਿਚ ਬਦਲ ਦਿੱਤਾ। ਸਭ ਤੋਂ ਵੱਡਾ ਕੰਮ ਪਿਛਲੇ 7 ਸਾਲਾਂ ਤੋਂ ਦੇਸ਼ ਦੀ ਫਿਜ਼ਾ ਵਿਚ ਘੋਲੀ ਜਾ ਰਹੀ ਫਿਰਕੂ ਰੰਗਤ ਨੂੰ ਬਰੇਕਾਂ ਲਾ ਦਿਤੀਆਂ। ਤੁਹਾਡੇ ਇਸ ਸੰਘਰਸ਼ ਵਿਚ ਹਿੰਦੂ, ਸਿੱਖ, ਇਸਾਈ, ਮੁਸਲਮਾਨ; ਦਲਿਤ, ਮਜ਼ਦੂਰ, ਦੁਕਾਨਦਾਰ-ਸਭ ਸ਼ਾਮਲ ਹਨ। ਇੱਕੋ ਝੰਡੇ ਹੇਠ ਇਕੋ ਮੰਤਵ ਦੀ ਲੜਾਈ ਲੜ ਰਹੇ ਹਨ। ਦੇਸ਼ ਵਿਚ ਵਿਰੋਧੀ ਧਿਰ ਤੇ ਮੀਡੀਆ ਦੀ ਖਤਮ ਹੋਈ ਆਵਾਜ਼ ਦੀ ਭੂਮਿਕਾ ਇਹ ਖੇਤਾਂ ਦੇ ਜਾਏ ਨੇ ਸਾਂਭ ਲਈ। ਫਿਰ ਜੀਵੰਤ ਕੀਤੀ ਇਹ ਬੁਲੰਦ ਆਵਾਜ਼। ਗੱਲ ਕੀ, ਦੇਸ਼ ਵਿਚੋਂ ਹਰ ਉਸ ਲੋਕ ਵਿਰੋਧੀ ਕਦਮ ਨੂੰ ਰੋਕ ਲਾ ਦਿੱਤੀ, ਜੋ ਆਮ ਲੋਕਾਂ ਦੇ ਵਸੋਂ ਬਾਹਰ ਸੀ। ਡੈਮੋਕਰੇਸੀ ਦੇ ਜਦੋਂ ਸਾਰੇ ਥੰਮ ਗਿਰ ਜਾਣ, ਉਸ ਸਮੇਂ ਜਿੰਮੇਵਾਰ ਨਾਗਰਿਕ ਹੀ ਉਠਦੇ ਹਨ, ਡੈਮੋਕਰੇਸੀ ਨੂੰ ਬਚਾਉਣ ਵਾਸਤੇ। ਸੋ, ਉਹ ਤੁਹਾਡੇ ਹਿੱਸੇ ਆਇਆ ਹੈ। ਇਨ੍ਹਾਂ ਦੀ ਹਰ ਗੱਲ ਰੋਕ ਦਿੱਤੀ ਹੈ, ਹਰ ਕਦਮ 'ਤੇ ਚੈਕ ਬਣ ਕੇ ਖੜ੍ਹ ਗਏ ਹੋ ਤੁਸੀਂ।

ਅਸਲ ਵਿਚ ਮਸਲਾ ਇਹ ਹੈ ਕਿ ਸਰਕਾਰਾਂ ਮਸਲੇ ਨੂੰ ਸਮਝ ਹੀ ਨਹੀਂ ਰਹੀਆਂ। ਜੋ ਜੋਸ਼ ਜਜ਼ਬਾ ਅਲੌਕਿਕਤਾ ਇਸ ਮੰਜ਼ਰ ਵਿਚੋਂ ਮਿਲੀ ਹੈ, ਉਹ ਗਿਣਤੀਆਂ ਮਿਣਤੀਆਂ ਤੋਂ ਪਰੇ ਹੈ। ਕਿਸਾਨ ਅਨਪੜ੍ਹ ਨਹੀਂ, ਕਿਸਾਨ ਨੇ ਤਾਂ ਇਸ ਮਸਲੇ ਵਿਚੋਂ ਉਹ ਚੀਜ਼ਾਂ ਵੀ ਪੜ੍ਹ ਲਈਆਂ, ਜੋ ਤੁਸੀਂ ਲਿਖੀਆਂ ਵੀ ਨਹੀਂ ਸਨ। ਜੋ ਵਾਪਰਨਾ ਸੀ, ਉਹ ਅਗਾਊਂ ਮਹਿਸੂਸ ਕਰ ਲਿਆ, ਸੁੰਘ ਲਿਆ। ਸੰਵਿਧਾਨਕ ਠੱਗੀ ਕਿਵੇਂ ਲੱਗੀ? ਜਦੋਂ ਖੇਤੀ ਰਾਜਾਂ ਦਾ ਵਿਸ਼ਾ ਹੈ, ਪਰ ਕਿਵੇਂ ਟ੍ਰੇਡ ਐਂਡ ਕਾਮਰਸ ਦੇ ਵਿਚ ਇੱਕ ਚੋਰ ਮੋਰੀ ਲੱਭ ਕੇ ਇਹ ਕਿਸਾਨ/ਖਪਤਕਾਰ ਮਾਰੂ ਕਾਰਨਾਮਾ ਕੀਤਾ ਗਿਆ। ਖੇਤੀ ਨੂੰ ਖਾਧ ਪਦਾਰਥਾਂ (ਪ੍ਰੋਸੈਸਡ) ਵਿਚ ਘੁਸੇੜ ਕੇ ਇਹ ਬਿਲਾਂ ਨੂੰ ਆਪਣੇ ਮਤਲਬ ਦਾ ਰੂਪ ਦਿੱਤਾ ਗਿਆ। ਖਾਣ ਵਾਲੀਆਂ ਵਸਤਾਂ ਵਿਚ ਜੇ ਖੇਤੀ ਉਤਪਾਦ (ਜਿਣਸ) ਸ਼ਾਮਲ ਕਰ ਲਊਗੇ ਤਾਂ ਖੇਤੀ ਰਾਜਾਂ ਦਾ ਵਿਸ਼ਾ ਕਿਵੇਂ ਰਹੂ? ਨਵੰਬਰ 2019 ਵਿਚ ਪੰਦਰਵਾਂ ਵਿੱਤ ਕਮਿਸ਼ਨ ਕਹਿੰਦਾ ਹੈ ਕਿ ਜੇ ਕੋਈ ਸਟੇਟ ਵਧੀਆ ਖੇਤੀ ਸੁਧਾਰ ਲੈ ਕੇ ਆਉਂਦਾ ਹੈ ਤਾਂ ਉਸ ਨੂੰ ਉਤਸ਼ਾਹਿਤ ਕਰੋ, ਸਨਮਾਨਤ ਕਰੋ। ਫਰਵਰੀ 2020 ਵਿਚ ਵਿੱਤ ਮੰਤਰੀ ਸੀਤਾ ਰਮਨ ਦਾ ਵੀ ਬਿਆਨ ਹੈ ਕਿ ਅਸੀਂ ਖੇਤੀ ਸੁਧਾਰ ਕਰਨ ਵਾਲੀਆਂ ਸਟੇਟਾਂ ਨੂੰ ਅਲੱਗ ਤੋਂ ਲਾਭ ਦੇਣ ਲਈ ਤਿਆਰ ਹਾਂ। ਸਰਕਾਰ ਮੰਨ ਰਹੀ ਸੀ ਕਿ ਖੇਤੀ ਸਟੇਟ ਸਬਜੈਕਟ ਹੈ, ਪਰ ਜੂਨ ਆਉਂਦੇ ਅਜਿਹਾ ਕੀ ਵਾਪਰਿਆ ਕਿ ਕਰੋਨਾ ਦੀ ਆੜ ਵਿਚ ਇਹ ਤਿੰਨ ਕਾਲੇ ਕਾਨੂੰਨਾਂ ਦਾ ਪੁਲੰਦਾ ਸਾਡੇ ਸਿਰ ਮੜ ਦਿੱਤਾ ਗਿਆ?

ਯੂ. ਏ. ਪੀ. ਏ. ਵਰਗੇ ਲੋਕ ਮਾਰੂ ਕਾਨੂੰਨ ਦੇ ਖਿਲਾਫ ਵੀ ਸਭ ਤੋਂ ਪਹਿਲਾਂ ਪੰਜਾਬ ਹੀ ਬੋਲਿਆ ਸੀ। ਉਥੋਂ ਵੀ ਸਾਡਾ ਖਦਸ਼ਾ ਸੱਚ ਨਿਕਲਿਆ ਸੀ, ਜਿਵੇਂ ਅੱਜ ਉਸ ਦੀ ਦੁਰਵਰਤੋਂ ਹੋ ਰਹੀ ਹੈ। ਕਾਲੇ ਖੇਤੀ ਕਾਨੂੰਨਾਂ 'ਤੇ ਵੀ ਪੰਜਾਬ ਹੀ ਬੋਲਿਆ ਹੈ ਤੇ ਇਹ ਵੀ ਦੇਰ ਅਵੇਰ ਸਹੀ ਸਾਬਤ ਹੋਵੇਗਾ। ਜਦੋਂ ਕਿਸਾਨਾਂ ਨੂੰ ਘੱਟੋ ਘੱਟ ਸਮਰਥਨ ਮੁੱਲ (ਐਮ. ਐਸ. ਪੀ.) ਦੇਣ ਬਾਰੇ ਗੱਲ ਚੱਲੀ ਤਾਂ ਗੋਦੀ ਮੀਡੀਆ ਨੇ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਕਰੀਬ 17 ਲੱਖ ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ ਸਰਕਾਰ ਉਤੇ। ਜਦੋਂ ਕਿ ਪੂਰੇ ਦੇਸ਼ ਦਾ ਬਜਟ 30 ਲੱਖ ਕਰੋੜ ਹੈ ਤਾਂ ਇਹ ਇੰਨਾ ਕਿਸਾਨ ਨੂੰ ਕਿਵੇਂ ਦਿੱਤਾ ਜਾਵੇਗਾ? ਇਹ ਸਰਾਸਰ ਝੂਠ ਪ੍ਰਚਾਰਿਆ ਗਿਆ। ਪਿਛਲੇ ਸਾਲ ਐਮ. ਐਸ. ਪੀ. 'ਤੇ 9 ਫੀਸਦੀ ਫਸਲ ਕੇਂਦਰ ਨੇ ਪ੍ਰਕਿਉਰ ਕੀਤੀ ਹੈ ਤੇ 91 ਫੀਸਦੀ ਪਹਿਲਾਂ ਹੀ ਖੁਲੀ ਮੰਡੀ ਵਿਚ ਜਾਂਦੀ ਹੈ। ਕੇਂਦਰ ਨੇ ਸਿਰਫ 2 ਲੱਖ 41 ਕਰੋੜ ਖਰਚਿਆ ਇਨ੍ਹਾਂ ਖੇਤੀ ਉਤਪਾਦਾਂ ਉੱਤੇ। ਇਸ ਰਕਮ ਨਾਲ ਕਿਸਾਨ ਦੀ ਜਿਣਸ ਖਰੀਦੀ ਗਈ, ਨਾ ਕਿ ਉਸ ਨੂੰ ਕੋਈ ਵਾਧੂ ਰਿਆਇਤ ਦਿੱਤੀ ਗਈ। ਅੱਜ ਦੇਸ਼ ਦੀ ਕਿਸਾਨੀ/ਮਜ਼ਦੂਰ ਭਾਰੀ ਕਰਜ਼ੇ ਦੀ ਮਾਰ ਹੇਠ ਹੈ। ਕੇਂਦਰ ਨੇ ਉਸ ਨੂੰ ਇਸ ਜਿਲਣ ਵਿਚੋਂ ਕੱਢਣ ਲਈ ਤਾਂ ਕੋਈ ਯਤਨ ਕੀ ਕਰਨੇ ਸਨ, ਉਲਟਾ ਉਸ ਦੀ ਸੰਘੀ ਨੱਪਣ ਲਈ ਇਹ ਕਾਲੇ ਖੇਤੀ ਕਾਨੂੰਨ ਥੋਪ ਦਿੱਤੇ।

ਇਨ੍ਹਾਂ ਕਾਲੇ ਕਾਨੂੰਨਾਂ ਦੀ ਵਕਾਲਤ ਕਰਦਿਆਂ ਸਰਕਾਰ ਕਹਿੰਦੀ ਹੈ ਕਿ ਉਸ ਨੇ ਵਿਚੋਲੀਆ ਖਤਮ ਕਰਕੇ ਕਿਸਾਨ ਨੂੰ ਸਿੱਧੇ ਤੌਰ 'ਤੇ ਫਸਲ ਵੇਚਣ ਦਾ ਅਧਿਕਾਰ ਦਿੱਤਾ ਹੈ। ਜਦੋਂਕਿ ਆੜਤੀ ਵਿਚੋਲੀਆ ਨਹੀਂ, ਸਾਡਾ ਏ. ਟੀ. ਐਮ. ਹੈ। ਦੇਰ ਸਵੇਰ ਜਦੋਂ ਵੀ ਪੈਸੇ ਦੀ ਜਰੂਰਤ ਹੁੰਦੀ ਹੈ, ਕਿਸਾਨ ਉਹਦਾ ਹੀ ਕੁੰਡਾ ਖੜਕਾਉਂਦਾ ਹੈ। ਉਹ ਉਸ ਦੀ ਫਸਲ ਸੰਭਾਲਣ ਵੇਚਣ ਤੇ ਉਸ ਦਾ ਪੈਸਾ ਖਰੀਦ ਏਜੰਸੀਆਂ ਤੋਂ ਇਕੱਠਾ ਕਰਕੇ ਉਸ ਨੂੰ ਮੁਹੱਈਆ ਕਰਾਉਣ ਤਕ ਦੇ ਸਾਰੇ ਕੰਮ ਕਰਵਾਉਂਦਾ ਹੈ। ਭਾਵੇਂ ਇਸ ਪੁਰਾਣੇ ਆੜਤੀਆ/ਮੰਡੀ ਸਿਸਟਮ ਵਿਚ ਵੀ ਕਾਫੀ ਸੁਧਾਰ ਦੀ ਲੋੜ ਹੈ, ਪਰ ਸਰਕਾਰ ਨੇ ਕਿਸਾਨ ਲਈ ਇਸ ਪੁਰਾਣੇ ਸਿਸਟਮ ਨੂੰ ਵੱਧ ਲਾਹੇਵੰਦ ਬਣਾਉਣ ਹਿੱਤ ਤਾਂ ਕੀ ਕੰਮ ਕਰਨਾ ਸੀ, ਸਗੋਂ ਅਜਿਹਾ ਸੇਹ ਦਾ ਤੱਕਲਾ ਗੱਡਿਆ ਕਿ ਉਹ ਸਭ ਕੁਝ ਛੱਡ ਛੁੜਾ ਕੇ ਇਨ੍ਹਾਂ ਕਨੂੰਨਾਂ ਨੂੰ ਰੱਦ ਕਰਾਉਣ ਲਈ ਦਿੱਲੀ ਦੀਆਂ ਠੰਢੀਆਂ ਸੁੰਨੀਆਂ ਸੜਕਾਂ ਤੇ ਵਗਦੀਆਂ ਸ਼ੀਤ ਲਹਿਰਾਂ ਵਿਚ ਆ ਬੈਠਿਆ ਹੈ। ਮਾੜੀ ਆਰਥਿਕਤਾ ਦਾ ਸਾਹਮਣਾ ਕਰਦਾ ਹੋਇਆ ਪਿਛਲੇ ਛੇ ਮਹੀਨੇ ਤੋਂ ਸੰਘਰਸ਼ਾਂ ਦੇ ਰਾਹ ਪੈ ਕੇ ਕਰਜ਼ੇ ਦੀ ਲੀਕ ਨੂੰ ਹੋਰ ਡੂੰਘਾ ਕੀਤੇ ਜਾਣ ਲਈ ਮਜਬੂਰ ਹੈ।

ਭੰਡੀ ਪ੍ਰਚਾਰ ਕੀਤਾ ਜਾਂਦਾ ਹੈ, ਉਸ ਦੇ ਰਹਿਣ-ਸਹਿਣ, ਖਾਣ-ਪੀਣ, ਵੱਡੀਆਂ ਗੱਡੀਆਂ, ਵੱਡੇ ਟਰੈਕਟਰਾਂ ਦਾ। ਹਰੀ ਕ੍ਰਾਂਤੀ ਵੇਲੇ ਅਸੀਂ ਆਪਣਾ ਸਾਰਾ ਕੁਝ ਗੁਆ ਕੇ ਇਹ ਵੱਡੀਆਂ ਗੱਡੀਆਂ, ਟਰੈਕਟਰ, ਵੱਡੇ ਘਰ ਬਣਾਏ। ਹਰੀ ਕ੍ਰਾਂਤੀ ਨੇ ਸਾਨੂੰ ਹਰ ਪੱਖ ਤੋਂ ਖਰਾਬ ਕੀਤਾ। ਸਾਡਾ ਹਵਾ ਪਾਣੀ ਪ੍ਰਦੂਸ਼ਿਤ ਹੋ ਗਿਆ। ਧਰਤੀ ਜ਼ਹਿਰੀਲੀ ਹੋ ਗਈ। ਪੰਜਾਬ ਮਹਾਂਮਾਰੀਆਂ ਦਾ ਘਰ ਹੋ ਗਿਆ। ਪਰ ਦੇਸ਼ ਦੇ ਅੰਨ ਭੰਡਾਰ ਮਾਲਾਮਾਲ ਕਰ ਦਿੱਤੇ। ਇਹ ਕਹਿੰਦੇ ਹਨ ਕਿ ਬਾਕੀ ਦੇਸ਼ ਦੇ ਕਿਸਾਨ ਤਾਂ ਬੋਲਦੇ ਨਹੀਂ, ਇਹ ਹਰਿਆਣਾ ਪੰਜਾਬ ਵਾਲੇ ਹੀ ਕਿਉਂ? ਗੱਲ ਇਹ ਨਹੀਂ, ਅਸਲ ਵਿਚ ਹਰਿਆਣਾ ਪੰਜਾਬ ਦੀ ਜ਼ਮੀਰ ਜਾਗੀ ਹੈ। ਸਾਡਾ ਖੇਤੀ ਦਾ ਕੁਦਰਤੀ ਮਾਡਲ ਸੀ, ਪਰ ਤੁਸੀਂ ਕੈਮੀਕਲ ਖਾਦਾਂ, ਕੀੜੇਮਾਰ ਜ਼ਹਿਰਾਂ, ਐਮ. ਐਸ. ਪੀ. ਦਾ ਫੰਡਾ ਦੇ ਕੇ ਸਾਨੂੰ ਇਸ ਰਸਤੇ ਪਾਇਆ, ਕਿਉਂਕਿ ਉਸ ਸਮੇਂ ਦੇਸ਼ ਭੁਖਮਰੀ ਦੀ ਕਗਾਰ ਉਤੇ ਖੜ੍ਹਾ ਸੀ। ਤੁਸੀਂ ਸਾਨੂੰ ਮਾਨ ਸਨਮਾਨ ਤਾਂ ਕੀ ਦੇਣੇ ਸੀ ਉਲਟਾ ਸਾਰੀਆਂ ਰਿਆਇਤਾਂ ਹਿਮਾਚਲ ਪ੍ਰਦੇਸ਼ ਨੂੰ ਦੇ ਦਿੱਤੀਆਂ ਗਈਆਂ। ਇੰਡਸਟਰੀ ਸਾਡੀ ਖਤਮ ਕਰ ਦਿੱਤੀ। ਪਾਣੀ ਸਾਡਾ ਖੋਹ ਲਿਆ। ਜਵਾਨੀ ਸਾਡੀ ਖਰਾਬ ਕਰ ਦਿੱਤੀ। ਅੱਜ ਜੇ ਅਸੀਂ ਆਪਣਾ ਬਣਦਾ ਹੱਕ ਮੰਗਦੇ ਹਾਂ ਤਾਂ ਕਦੀ ਐਨ. ਆਈ. ਏ., ਈ. ਡੀ., ਇੰਕਮ-ਟੈਕਸ ਦੇ ਨੋਟਿਸ ਅਤੇ ਕਦੇ ਅਤਿਵਾਦੀ, ਵੱਖਵਾਦੀ, ਅਲਟਰਾ ਖੱਬੇ-ਪੱਖੀ/ਸੱਜੇ-ਪੱਖੀ ਦੇ ਲਕਬ ਦਿੱਤੇ ਜਾਂਦੇ ਹਨ।



ਅਸਲ ਵਿਚ ਅਸੀਂ ਉਦੋਂ ਡੈਮੋਕਰੇਸੀ ਦੀ ਲੜਾਈ ਲੜ ਰਹੇ ਹਾਂ, ਜਦੋਂ ਸਾਰੇ ਸੁਸਰੀ ਵਾਂਗ ਸੁੱਤੇ ਪਏ ਸਨ। ਮੈਕਨਾਈਜੇਸ਼ਨ ਤੇ ਮੋਟੀਵੇਸ਼ਨ ਦਾ ਸੁਮੇਲ ਇਨ੍ਹਾਂ ਮੋਰਚਿਆਂ 'ਤੇ ਜਾ ਕੇ ਵੇਖੋ ਕਿਵੇਂ ਕਾਢਾਂ ਕੱਢੀਆਂ ਜਾ ਰਹੀਆਂ ਹਨ, ਜੁਗਾੜੀ ਮਸ਼ੀਨਾਂ ਦੀਆਂ। ਮੋਟੀਵੇਸ਼ਨ ਕੋਈ ਗੁਰਬਾਣੀ ਤੋਂ, ਕੋਈ ਮਾਰਕਸਇਜ਼ਮ ਤੋਂ ਲੈ ਰਿਹਾ ਹੈ। ਕੋਈ ਅੱਲ੍ਹਾਤਾਲਾ ਤੋਂ, ਕੋਈ ਹਵਨ ਯੱਗ ਤੋਂ। ਐਸਾ ਸੁਮੇਲ ਕਦੇ ਕਿਸੇ ਨੇ ਦੇਖਿਆ ਹੈ! ਪ੍ਰਾਪਤੀ ਨੂੰ ਦਰਸਾਉਣ ਦੀ ਥਾਂ ਤੁਸੀਂ ਗੋਦੀ ਮੀਡੀਆ ਵਾਲਿਆਂ ਨੇ ਭੰਡਣਾ ਸ਼ੁਰੂ ਕਰ ਦਿੱਤਾ। ਤੁਸੀਂ ਪੈਰ ਪੈਰ 'ਤੇ ਅਕ੍ਰਿਤਘਣਤਾ ਕੀਤੀ। ਪੰਜਾਬ ਨਾਲ ਧੱਕੇ ਕੀਤੇ। ਅੱਜ ਵੀ ਨਿਰਾਸ਼ਾ ਹੈ ਬੇਭਰੋਸਗੀ ਹੈ। ਸੁਪਰੀਮ ਕੋਰਟ ਨੇ ਜਿਸ ਤਰ੍ਹਾਂ ਬਿਨ ਮੰਗਿਆਂ ਕਮੇਟੀ ਦਿੱਤੀ, ਇਸੇ ਤਰਾਂ ਸਰਕਾਰ ਨੇ ਕਾਲੇ ਖੇਤੀ ਕਾਨੂੰਨ ਵੀ ਦਿੱਤੇ। ਜਦੋਂ ਕਿ ਉਸੇ ਕਮੇਟੀ ਵਿਚੋਂ ਨਿਕਲਿਆ ਇੱਕ ਮੈਂਬਰ ਕਹਿੰਦਾ ਹੈ ਕਿ ਉਹ ਤਾਂ ਕਿਸਾਨਾਂ ਨਾਲ ਖੜ੍ਹਾ ਹੈ। ਸੰਘਰਸ਼ ਦਾ ਦਬਾਅ ਇੰਨਾ ਹੈ ਕਿ ਮੋਦੀ ਸਰਕਾਰ ਨੂੰ ਹੱਥਾਂ ਪੈਰਾਂ ਦੀ ਪਈ ਹੋਈ ਹੈ ਕਿ ਇਹ ਬਣ ਕੀ ਗਿਆ। ਬੁਖਲਾਹਟ ਵਿਚ ਉਹ ਇਸ ਪਵਿੱਤਰ ਅੰਦੋਲਨ ਦਾ ਸਤ ਭੰਗ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਫਰੇਬ ਰਚ ਰਹੀ ਹੈ। ਕਦੇ ਮੋਰਚੇ ਵਿਚ ਨਸ਼ੇ, ਕਦੇ ਗਣਤੰਤਰ ਪਰੇਡ ਵਿਚ ਵਿਘਨ ਪਾਉਣ ਲਈ ਸ਼ਰਾਬੀ ਬੰਦੇ ਭੇਜਣ, ਕਦੇ ਕਿਸਾਨ ਆਗੂਆਂ ਦੀ ਕਥਿਤ ਹੱਤਿਆ ਕਰਨ ਦੇ ਮਨਸੂਬੇ, ਬਿਨਾ ਨੰਬਰ ਤੋਂ ਗੱਡੀ ਦੇ ਪੁਲਿਸ ਵਾਲਿਆਂ ਵਲੋਂ ਸਮੇਤ ਪੁਲਿਸ ਵਰਦੀ ਵਾਲੀ ਸ਼ੰਭੂ ਮੋਰਚੇ ਵਿਚ ਖੜਾ ਕੇ ਭੱਜਣ, ਨਕਲੀ ਕਿਸਾਨ, ਪਰਚੇ ਵੰਡਣ ਜਿਹੇ ਹਕੂਮਤੀ ਹਥਕੰਡੇ ਵਰਤੇ ਜਾ ਰਹੇ ਹਨ ਤਾਂ ਜੋ ਕਿਸਾਨਾਂ ਵਿਚ ਦਹਿਸ਼ਤ ਪਾ ਕੇ ਸੰਘਰਸ਼ ਨੂੰ ਕਿਵੇਂ ਨਾ ਕਿਵੇਂ ਫੇਲ੍ਹ ਕੀਤਾ ਜਾਵੇ।

ਦੂਜੇ ਪਾਸੇ ਆਪਣੇ ਚਹੇਤਿਆਂ ਨੂੰ ਕਿਵੇਂ ਨਜ਼ਰੇ-ਇਨਾਇਤ ਬਖਸ਼ਦੀ ਹੈ, ਉਸ ਦੀ ਤਾਜ਼ਾ ਮਿਸਾਲ ਇੱਕ ਟੀ. ਆਰ. ਪੀ. ਘੁਟਾਲੇ ਸਮੇਤ ਕਈ ਕੇਸਾਂ ਵਿਚ ਲਿਪਤ ਅਰਨਬ ਗੋਸਵਾਮੀ ਦੇ ਤਾਜ਼ਾ ਘਟਨਾਕ੍ਰਮ ਤੋਂ ਮਿਲਦੀ ਹੈ। ਅਰਨਬ ਸੀ. ਈ. ਓ. ਰਿਪਬਲਿਕ ਟੀ. ਵੀ., ਜੋ ਪੈਸੇ ਦੇਣ ਤੋਂ ਮੁਕਰਨ ਦੇ ਮਾਮਲੇ ਵਿਚ ਮੁੰਬਈ ਦੇ ਇੱਕ ਇੰਟੀਰੀਅਰ ਡੈਕੋਰੇਟਰ ਤੇ ਉਸ ਦੀ ਮਾਂ ਨੂੰ ਖੁਦਕਸ਼ੀ ਲਈ ਮਜਬੂਰ ਕਰਨ ਦੇ ਕੇਸ ਵਿਚ ਪਿਛਲੇ ਦਿਨੀਂ ਮੁੰਬਈ ਪੁਲਿਸ ਵਲੋਂ ਜੇਲ੍ਹ ਭੇਜਿਆ ਗਿਆ ਸੀ। ਕੇਂਦਰ ਸਰਕਾਰ ਦੇ ਗੁਰਗਿਆਂ ਨੇ ਇਸ ਨੂੰ ਪ੍ਰੈਸ ਦੀ ਆਜ਼ਾਦੀ 'ਤੇ ਹਮਲਾ ਕਰਾਰ ਦਿੰਦਿਆਂ ਹਾਲ ਪਾਹਰਿਆ ਕੀਤੀ ਸੀ। ਕੇਂਦਰ ਸਰਕਾਰ ਦੀ ਮਿਹਰਬਾਨੀ ਨਾਲ ਜਿਸ ਤਰੀਕੇ ਨਾਲ ਥੋੜ੍ਹੇ ਹੀ ਸਮੇਂ ਵਿਚ ਕਾਨੂੰਨ ਨੂੰ ਛਿੱਕੇ ਟੰਗ ਕੇ ਸੁਪਰੀਮ ਕੋਰਟ ਤੋਂ ਜ਼ਮਾਨਤ ਕਰਵਾ ਕੇ ਉਹ ਜੇਲ੍ਹ ਵਿਚੋਂ ਬਾਹਰ ਆਇਆ ਸੀ, ਦੀ ਅਜੇ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਲੀਕ ਹੋਈ ਆਪਣੀ ਹਜ਼ਾਰ ਪੰਨਿਆਂ ਦੀ ਵਟਸਐਪ ਚੈਟ ਕਾਰਨ ਅੱਜ ਕੱਲ੍ਹ ਫਿਰ ਚਰਚਾ ਵਿਚ ਹੈ।

ਇਹ ਚੈਟ 'ਬਰਾਡਕਾਸਟ ਔਡੀਐਂਸ ਰਿਸਰਚ ਕੌਂਸਲ' ਦੇ ਉਸ ਵੇਲੇ ਦੇ ਸੀ. ਈ. ਓ., ਪਰ ਅੱਜ ਕੱਲ੍ਹ ਪੁਲਿਸ ਹਿਰਾਸਤ ਵਿਚ ਪਾਰਥੋਦਾਸ ਗੁਪਤਾ ਨਾਲ ਹੈ। ਉਹ ਖੁੱਲ੍ਹੇਆਮ ਕਹਿ ਰਿਹਾ ਹੈ ਕਿ ਕਿਵੇਂ ਪ੍ਰਧਾਨ ਮੰਤਰੀ ਆਫਿਸ, ਸਰਕਾਰ ਦੇ ਮੰਤਰੀ, ਵੱਡੇ ਵੱਡੇ ਜੱਜ, ਵਕੀਲ ਉਸ ਦੇ ਇਸ਼ਾਰਿਆਂ 'ਤੇ ਨੱਚਦੇ ਹਨ। ਆਪਣੇ ਕੇਸ ਵਿਚ ਉਹ ਜੱਜਾਂ ਨੂੰ ਖਰੀਦਣ ਦੀ ਗੱਲ ਵੀ ਕਰਦਾ ਹੈ। ਵਟਸਐਪ ਚਰਚਾ ਵਿਚ ਉਸ ਨੂੰ ਇਹ ਪਹਿਲਾਂ ਹੀ ਪਤਾ ਸੀ ਕਿ ਬਾਲਾਕੋਟ ਸਰਜੀਕਲ ਸਟਰਾਇਕ ਹੋਣ ਵਾਲਾ ਹੈ। 14 ਫਰਵਰੀ 2019 ਨੂੰ ਪੁਲਵਾਮਾ ਵਿਚ ਸ਼ਹੀਦ ਹੋਏ 40 ਨੌਜਵਾਨਾਂ ਦਾ ਜਸ਼ਨ ਮਨਾ ਰਿਹਾ ਹੈ। ਪੁਲਵਾਮਾ ਕਾਂਡ ਨਾਲ ਆਪਣੇ ਟੀ. ਵੀ. ਚੈਨਲ ਦੀ ਟੀ. ਆਰ. ਪੀ. ਵਧਣ 'ਤੇ ਪ੍ਰਧਾਨ ਮੰਤਰੀ ਨੂੰ ਫਾਇਦਾ ਹੋਣ ਦੀ ਗੱਲ ਵੀ ਗੱਜ ਵਜ ਕੇ ਕਰ ਰਿਹਾ ਹੈ। ਜੰਮੂ ਕਸ਼ਮੀਰ ਵਿਚ ਆਰਟੀਕਲ 370 ਹਟਾਉਣ ਬਾਰੇ ਉਸ ਨੂੰ ਅਗਾਊਂ ਸੂਚਨਾ ਸੀ। ਕੇਂਦਰ ਸਰਕਾਰ ਤੇ ਫੌਜ ਦੇ ਬਹੁਤ ਸਾਰੇ ਖੁਫੀਆ ਰਾਜ਼ ਉਸ ਨੂੰ ਪਤਾ ਸਨ। ਕਿਸ ਤਰ੍ਹਾਂ ਇਸ ਆਦਮੀ ਨੇ ਨੰਬਰ ਇੱਕ ਬਣਨ ਲਈ ਪੂਰੇ ਸਿਸਟਮ ਨਾਲ ਖਿਲਵਾੜ ਕੀਤਾ, ਰਾਸ਼ਟਰੀ ਸੁਰੱਖਿਆ ਨੂੰ ਦਾਅ 'ਤੇ ਲਾਇਆ, ਸੱਤਾ ਤੇ ਮੀਡੀਆ ਵਿਚਲੇ ਫਰਕ ਨੂੰ ਖਤਮ ਕਰਨ ਦੇ ਪ੍ਰਕਰਮ ਨੂੰ ਇਸ ਵਟਸਐਪ ਚੈਟ ਨੇ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ।

'ਰਿਪਬਲਿਕ ਟੀ. ਵੀ. ਬਨਾਮ ਪਾਕਿਸਤਾਨ' ਕਹਿ ਕੇ ਪਾਕਿ ਸਦਰ ਜਨਾਬ ਇਮਰਾਨ ਖਾਨ ਨੇ ਕਿਹਾ ਕਿ ਅਸੀਂ ਜੋ ਬਾਲਾਕੋਟ ਸਰਜੀਕਲ ਤੇ ਪੁਲਵਾਮਾ ਅਟੈਕ ਬਾਰੇ ਕਿਹਾ ਸੀ ਕਿ ਇਹ ਕੰਮ ਉਨ੍ਹਾਂ ਦਾ ਨਹੀਂ, ਸਗੋਂ ਭਾਰਤ 'ਚ ਚੋਣਾਂ ਹਨ, ਇਹ ਉਨ੍ਹਾਂ ਦਾ ਹੀ ਕੀਤਾ ਕਰਾਇਆ ਹੈ, ਉਤੇ ਰਿਪਬਲਿਕ ਟੀ. ਵੀ. ਨੇ ਮੋਹਰ ਲਾ ਦਿੱਤੀ ਹੈ। ਮੁੰਬਈ ਪੁਲਿਸ ਨੇ ਉਸ ਦੇ ਖਿਲਾਫ ਝੂਠੀ ਟੀ. ਆਰ. ਪੀ. ਵਧਾਉਣ ਦੇ ਘਪਲੇ ਵਿਚ ਮੁਕੱਦਮਾ ਵੀ ਦਰਜ ਕੀਤਾ ਹੈ। ਇੰਨਾ ਕੁਝ ਪ੍ਰੈਸ, ਮੀਡੀਏ ਤੇ ਗੁਆਂਢੀ ਦੇਸ਼ ਵਲੋਂ ਬੋਲਣ ਦੇ ਬਾਵਜੂਦ ਸਾਡੇ ਦੇਸ਼ ਦੀ ਸਰਕਾਰ, ਉਸ ਦੇ ਮੰਤਰੀ ਸੰਤਰੀ ਜਾਂ ਹੋਰ ਜਿੰਮੇਵਾਰ ਸੰਸਥਾਵਾਂ ਨੇ ਅਰਨਬ ਖਿਲਾਫ ਅਜੇ ਤਕ ਮੂੰਹ ਨਹੀਂ ਖੋਲ੍ਹਿਆ, ਕਾਰਵਾਈ ਤਾਂ ਕੀ ਕਰਨੀ ਸੀ?

ਕਿਸਾਨ ਅੰਦੋਲਨ ਇਤਿਹਾਸ ਸਿਰਜ ਰਿਹਾ ਹੈ। 72ਵੇਂ ਗਣਤੰਤਰ ਦਿਵਸ 'ਤੇ ਦੇਸ਼ ਦੇ ਮੁਢਲੇ ਗਣ ਧਰਤੀ ਪੁੱਤਰ ਦੀ ਟਰੈਕਟਰ ਪ੍ਰੇਡ ਇਸ ਇਤਿਹਾਸ ਵਿਚ ਇੱਕ ਨਿਵੇਕਲਾ ਅਧਿਆਏ ਜੋੜਨ ਜਾ ਰਿਹਾ ਹੈ। ਸੁਪਰੀਮ ਕੋਰਟ ਦੇ ਵਕੀਲਾਂ ਸਣੇ ਦੇਸ਼ ਭਰ ਦਾ ਸਮੂਹ ਵਕੀਲ ਭਾਈਚਾਰਾ, ਸਾਬਕਾ ਜੱਜ, ਬੁੱਧੀਜੀਵੀ, ਯੂਨੀਵਰਸਿਟੀਆਂ ਦੇ ਪ੍ਰੋਫੈਸਰਾਂ, ਅਰਥ ਸ਼ਾਸਤਰੀ, ਸਮਾਜਕ ਰਾਜਨੀਤਕ ਪੰਡਿਤਾਂ ਨੇ ਵੀ ਗੁਰੂ ਤੇਗ ਬਹਾਦਰ ਮੈਮੋਰੀਅਲ ਸ਼ੰਭੂ ਬਾਰਡਰ ਤੇ 'ਕਿਸਾਨ ਸੰਸਦ' ਆਯੋਜਿਤ ਕਰਕੇ ਦੇਸ਼ ਦੀ ਫਾਸ਼ੀਵਾਦੀ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ। ਸਮਾਗਮ ਦੀ ਅਗਵਾਈ ਕਰ ਰਹੇ ਉਘੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਜਦੋਂ ਦੇਸ਼ ਦੀ ਸੰਸਦ ਦੇਸ਼ ਦੀ 99 ਫੀਸਦੀ ਜਨਤਾ ਨੂੰ ਅਣਦੇਖਾ ਕਰਕੇ 1 ਫੀਸਦੀ ਪੂੰਜੀਪਤੀਆਂ ਦੇ ਹੱਕ ਵਿਚ ਫੈਸਲਾ ਦੇਣਾ ਸ਼ੁਰੂ ਕਰ ਦੇਵੇ ਤਾਂ ਸਮਾਨਅੰਤਰ ਲੋਕਾਂ ਦੀ 'ਆਪਣੀ ਸੰਸਦ' ਆਯੋਜਿਤ ਕਰਨੀ ਸਮੇਂ ਦੀ ਲੋੜ ਹੈ।

ਕਿਸਾਨ ਵੀਰੋ! ਇਹ ਅਸਾਵੀਂ ਜੰਗ ਜੋ ਸਾਡੇ ਉਤੇ ਥੋਪ ਦਿੱਤੀ ਗਈ ਹੈ, ਇਸ ਵਿਚੋਂ ਜੇਤੂ ਹੋ ਕੇ ਨਿਕਲਣ ਲਈ ਮਣਾਂਮੂੰਹੀਂ ਧੀਰਜ ਦੀ ਲੋੜ ਹੈ। ਸਾਰਾ ਦੇਸ਼ ਤੁਹਾਡੇ 'ਤੇ ਟੇਕ ਰੱਖ ਕੇ ਇਸ ਮੈਦਾਨ ਵਿਚ ਕੁੱਦ ਪਿਆ ਹੈ। ਲਗਦਾ ਹੈ, 'ਹਿੰਦ ਦੀ ਚਾਦਰ' ਦੀ ਵਿਰਾਸਤ ਨੂੰ ਅੱਗੇ ਲੈ ਕੇ ਜਾਣ ਦਾ ਗੁਣਾ ਹੁਣ ਫਿਰ ਸਾਡੇ ਜਿੰਮੇ ਆ ਪਿਆ ਹੈ। ਉਦੋਂ ਤਾਂ ਸੂਚਨਾ ਦਾ ਵੀ ਕੋਈ ਸਾਧਨ ਨਹੀਂ ਸੀ, ਜੇ ਉਦੋਂ ਇਹ ਜਿੰਮਾ ਸਾਡੇ ਰਹਿਬਰਾਂ 'ਤੇ ਆਣ ਪਿਆ ਸੀ ਤਾਂ ਫਿਰ ਅੱਜ ਕਿਉਂ ਨਹੀਂ! ਹਕੂਮਤ ਦਾ ਰੂਪ ਵੀ ਉਹੋ ਹੈ ਤੇ ਉਸ ਦੇ ਹਥਕੰਡੇ ਵੀ। ਸੋ ਵੀਰੋ, ਜਿੰਮੇਵਾਰੀ ਤੁਹਾਡੀ ਵੱਡੀ ਹੈ। ਦੇਸ਼ ਵਾਸੀਆਂ ਦਾ ਭਰੋਸਾ ਤੁਹਾਡੇ 'ਤੇ ਹੈ। ਸੱਤਾ ਦੇ ਗਲਿਆਰਿਆਂ ਤੇ ਬੇਭਰੋਸਗੀ ਦਾ ਆਲਮ ਹੈ। ਤੁਹਾਡੀ ਦੂਰਅੰਦੇਸ਼ ਸੂਝ-ਬੂਝ ਯੁਕਤ ਅਗਵਾਈ ਸਮੁੱਚੇ ਦੇਸ਼ ਵਾਸੀਆਂ ਨੂੰ ਮਿਲੇ ਤੇ ਜੇਤੂ ਹੋ ਕੇ ਆਪਣੇ ਘਰਾਂ ਵੱਲ ਪਰਤੋ। ਆਲਮੀ ਦੁਆਵਾਂ ਤੁਹਾਡੇ ਨਾਲ ਹਨ।

## ਇਨਕਲਾਬ

ਵੇਖ, ਉਠ ਪਿਆ ਏ ਇਨਕਲਾਬ ਤੇਰੇ ਸ਼ਹਿਰ ਵਿਚ
ਦਬਾਈ ਜਾਣੀ ਨਹੀਂ ਤੈਥੋਂ ਆਵਾਜ਼ ਤੇਰੇ ਸ਼ਹਿਰ ਵਿਚ।

ਹੱਕਾਂ ਵਾਲੇ ਹੱਕ ਲੈਣ ਲਈ ਘਰਾਂ 'ਚੋਂ ਨਿਕਲ ਪਏ ਨੇ
ਹੋ ਰਿਹਾ ਏ ਨਵੇਂ ਜੁੱਗ ਦਾ ਆਗਾਜ਼ ਤੇਰੇ ਸ਼ਹਿਰ ਵਿਚ।

ਇਹ ਉਹ ਮਿਹਨਤਕਸ਼, ਕ੍ਰਿਤੀ, ਮਜ਼ਦੂਰ, ਕਿਸਾਨ ਨੇ
ਮੰਗ ਰਹੇ ਨੇ ਤੈਥੋਂ ਹੱਕ, ਇਨਸਾਫ ਤੇਰੇ ਸ਼ਹਿਰ ਵਿਚ।

ਇਹ ਸਿਰਲੱਥ, ਮਰਜੀਵੜਿਆਂ ਦਾ ਬੇਖੌਫ ਕਾਫਲਾ
ਮੁੰਤਜ਼ਿਰ ਹੈ ਮੰਜ਼ਿਲ ਦਾ ਦਿਨ ਰਾਤ ਤੇਰੇ ਸ਼ਹਿਰ ਵਿਚ।

ਪੰਛੀਆਂ ਦੀ ਗੂੰਜ ਰਹੀ ਚਹਿਚਹਾਟ ਤੋਂ ਸਮਝ ਜਾਹ
ਦਸਤਕ ਦੇ ਰਹੀ ਹੈ ਦਰ 'ਤੇ ਪ੍ਰਭਾਤ ਤੇਰੇ ਸ਼ਹਿਰ ਵਿਚ।

ਇਹ ਰੋਕਾਂ, ਇਹ ਪਾਬੰਧੀਆਂ, ਝੂਠੇ ਵਾਅਦੇ ਤੇਰੇ ਲਾਰੇ
ਰੋਕ ਨੀਂ ਸਕਦੇ ਇਹ ਜਨ-ਸੈਲਾਬ ਤੇਰੇ ਸ਼ਹਿਰ ਵਿਚ।

ਕੰਨ ਵਲੇਟ ਕੇ, ਅਣਜਾਣ ਬਣਨ ਦੀ ਕੋਸ਼ਿਸ਼ ਨਾ ਕਰ
ਸੁਣ, ਲੋਕ ਕਰ ਰਹੇ ਨੇ ਫਰਿਆਦ ਤੇਰੇ ਸ਼ਹਿਰ ਵਿਚ।

ਤੇਰੀ ਬਦਨੀਤੀ, ਬੇਈਮਾਨੀ ਜੱਗ ਜਾਹਰ ਹੋ ਗਈ ਹੈ
ਤੇਰੇ ਲਈ ਸਾਬਤ ਹੋਣੀ ਏਂ ਅਜ਼ਾਬ ਤੇਰੇ ਸ਼ਹਿਰ ਵਿਚ।

ਦੇਸ਼ ਦਾ ਹਰ ਅਦਾਰਾ ਦੀਵਾਲੀਏਪਨ ਦਾ ਸ਼ਿਕਾਰ ਹੈ
ਤੈਥੋਂ ਮੰਗ ਰਿਹਾ ਏ ਮੁਲਕ ਜੁਆਬ ਤੇਰੇ ਸ਼ਹਿਰ ਵਿਚ।

ਸਰਮਾਏਦਾਰੀ ਨਾਲ ਤੇਰੇ ਲਿਹਾਜ਼ ਤੇਰੀ ਬਿਆਲੀ ਨੇ
ਕੀਤਾ ਚਾ ਏ ਇਹ ਮੁਲਕ ਬਰਬਾਦ ਤੇਰੇ ਸ਼ਹਿਰ ਵਿਚ।

ਸੂਬੀ ਤੋਂ ਸੱਪ ਬਣਨ ਵਾਲਿਆ ਦਾ ਹਸ਼ਰ ਯਾਦ ਰੱਖੀਂ
ਛੱਡ ਦੇਹ ਲੈਣੇ ਤਾਨਾਸ਼ਾਹੀ ਦੇ ਖਾਬ ਤੇਰੇ ਸ਼ਹਿਰ ਵਿਚ।

ਨਾ ਸਯਾਦ ਹੀ ਲੱਭਣੈ ਕਿਤੇ, ਨਾ ਪਿੰਜਰਾ ਉਸ ਦਾ ਜਦੋਂ
ਭੰਨ੍ਹ ਤੋੜ ਕੇ ਭਰੀ ਪੰਛੀਆਂ ਪਰਵਾਜ਼ ਤੇਰੇ ਸ਼ਹਿਰ ਵਿਚ।

ਤੇਰੀ ਫਿਰਕਾਪ੍ਰਸਤੀ, ਤੇਰਾ ਜਨੂੰਨ, ਤੇਰੀ ਇਹ ਬੇਰੁਖੀ
ਮਿਟਾ ਨਹੀਂ ਸਕਦੀ ਇਹ ਲੋਕਰਾਜ ਤੇਰੇ ਸ਼ਹਿਰ ਵਿਚ।

ਵੇਲੇ ਦੀ ਦੀਵਾਰ 'ਤੇ ਲਿਖਿਆ ਪੜ੍ਹਨ ਦੀ ਕੋਸ਼ਿਸ਼ ਕਰ
ਜਾਣ ਹੂਲ ਕੇ ਆ ਬੈਠੇ ਨੇ ਜਾਂ-ਬਾਜ਼ ਤੇਰੇ ਸ਼ਹਿਰ ਵਿਚ।

-ਚੰਨ
ਫੋਨ: 908-788-8427

# ਬੇਘਰੇ ਕਰੋੜਪਤੀ

**ਸੁਰਿੰਦਰ ਸੂਨਰ**
ਫੋਨ: 530-921-0097




ਦਿੱਲੀ ਵਿਚ ਕਿਸਾਨ ਅੰਦੋਲਨ ਚੱਲ ਰਿਹਾ। ਭਾਰਤ ਸਰਕਾਰ ਨੇ ਵਿਰੋਧੀ ਧਿਰਾਂ ਦੇ ਰੌਲਾ ਪਾਉਂਦਿਆਂ ਖੇਤੀ ਦੇ ਤਿੰਨ ਕਾਨੂੰਨ ਬਣਾਏ। ਅਸਲ ਮੁੱਦਾ ਇਹ ਸੀ ਕਿ ਭਾਰਤ ਦੇ ਕਿਸਾਨ ਨੂੰ ਉਸ ਦੀਆਂ ਫਸਲਾਂ ਦਾ ਵਾਜਬ ਮੁੱਲ ਨਾ ਮਿਲਣ ਕਰਕੇ ਖੇਤੀ 'ਚੋਂ ਘਾਟਾ ਪੈ ਰਿਹਾ। ਇਹ ਘਾਟਾ ਹੁਣੇ ਤਾਜ਼ਾ ਨਹੀਂ ਪੈਣ ਲੱਗਾ, ਪਿਛਲੇ ਛੇ ਸੱਤ ਦਹਾਕਿਆਂ ਤੋਂ ਪੈ ਰਿਹਾ। ਕਿਸਾਨੀ ਕਿਸੇ ਸਮੇਂ ਸਭ ਤੋਂ ਉਤਮ ਧੰਦਾ ਗਿਣਿਆ ਜਾਂਦਾ ਸੀ। ਮਨੁੱਖ ਦੀਆਂ ਤਿੰਨ ਮੂਲ ਲੋੜਾਂ ਹਨ-ਕੁੱਲੀ, ਗੁੱਲੀ ਤੇ ਜੁੱਲੀ; ਭਾਵ ਰੋਟੀ, ਕੱਪੜਾ ਅਤੇ ਮਕਾਨ। ਹਰ ਕਿਸਾਨ ਕੋਲ ਤਿੰਨੇ ਹੀ ਆਪਣੇ ਸਨ। ਹਰ ਕਿਸਾਨ ਦਾ ਆਪਣੀ ਜ਼ਮੀਨ ਵਿਚ ਘਰ ਹੁੰਦਾ ਸੀ। ਆਪਣੇ ਖੇਤਾਂ 'ਚੋਂ ਦਰਖਤਾਂ ਦੀ ਲੱਕੜ ਨਾਲ ਬਣਾਇਆ ਘਰ ਹੁੰਦਾ ਸੀ। ਕਿਸਾਨ ਸਾਰੇ ਪਿੰਡ ਦੀ ਗਰਜ਼ ਪੂਰਨ ਦੇ ਹਰ ਤਰ੍ਹਾਂ ਸਮਰੱਥ ਸੀ। ਲੁਹਾਰ, ਤਰਖਾਣ ਤੇ ਚੰਮ ਦਾ ਕੰਮ ਕਰਨ ਵਾਲੇ, ਭਾਂਡੇ ਬਣਾਉਣ ਵਾਲੇ, ਗਹਿਣੇ ਬਣਾਉਣ ਵਾਲੇ, ਕੱਪੜਾ ਬਣਾਉਣ ਵਾਲੇ, ਵੱਡੇ ਤੋਂ ਵੱਡਾ ਨੌਕਰਸ਼ਾਹ, ਤੇਲੀ ਮਰਾਸੀ ਸਾਰੇ ਦੇ ਸਾਰੇ ਖੇਤੀ ਯਾਨਿ ਕਿਸਾਨ 'ਤੇ ਹੀ ਨਿਰਭਰ ਕਰਦੇ।

ਕਿਸਾਨ ਦੇ ਖੇਤਾਂ ਵਿਚ ਪੈਦਾ ਕਣਕ, ਮੱਕੀ, ਅਨਾਜ ਤੇ ਸਬਜ਼ੀਆਂ ਸਾਰੇ ਪਿੰਡ ਵਾਸਤੇ ਲੋੜ ਤੋਂ ਵੱਧ ਹੁੰਦੀਆਂ। ਸਾਰਾ ਪਿੰਡ ਜੱਟ ਦੀ ਹਾੜੀ-ਸੌਣੀ ਦੀ ਆਸ 'ਤੇ ਜੀਵਨ ਜੀਂਦੇ। ਸਰਦੇ ਕਿਸਾਨ ਅਨਾਜ ਨੂੰ ਭੜੋਲੇ-ਭੜੋਲੀਆਂ ਵਿਚ ਪਾ ਕੇ ਰੱਖ ਲੈਂਦੇ। ਸੁੱਸਰੀ ਬਗੈਰਾ ਤੋਂ ਬਚਣ ਵਾਸਤੇ ਇਕ ਦੋ ਵਾਰ ਅਨਾਜ ਨੂੰ ਧੁੱਪ ਵਿਚ ਸੁਕਾ ਲੈਂਦੇ। ਘਰਦੇ ਕਮਾਦ ਦਾ ਬਣਾਇਆ ਗੁੜ ਵੀ ਭੜੋਲੀਆਂ ਭਰ ਕੇ ਰੱਖ ਲੈਂਦੇ। ਜੇ ਕਿਸੇ ਮਾੜੇ ਮਹਾਤੜ ਕੋਲ ਦਾਣੇ ਜਾਂ ਗੁੜ ਮੁੱਕ ਜਾਂਦਾ ਤਾਂ ਵੱਡੇ ਕਿਸਾਨਾਂ ਕੋਲੋਂ ਉਧਾਰ ਲੈ ਲੈਂਦੇ। ਕਿਸਾਨ ਕਦੇ ਕਿਸੇ ਗਰੀਬ ਨੂੰ ਮਹਿਸੂਸ ਹੀ ਨਾ ਕਰਨ ਦਿੰਦੇ ਕਿ ਉਸ ਕੋਲ ਕੁਝ ਨਹੀਂ ਹੈ। ਕਿਸਾਨ ਨੂੰ ਸਾਰੇ ਸਰਦਾਰ ਜੀ ਕਹਿ ਕੇ ਬੁਲਾਉਂਦੇ। ਪਿੰਡਾਂ ਦਾ ਮੁਖੀਆ ਵੀ ਤਕੜੇ ਸਰਦਾਰ ਨੂੰ ਹੀ ਬਣਾਇਆ ਜਾਂਦਾ। ਕਿਸਾਨ ਕੋਲੋਂ ਕੁਝ ਨਾ ਕੁਝ ਪਿੰਡ ਦੇ ਹਰ ਵਾਸੀ ਨੂੰ ਚਾਹੀਦਾ ਹੁੰਦਾ। ਕਿਸਾਨ ਦੇ ਖੇਤਾਂ ਵਿਚ ਕੰਮ ਕਰਦੇ ਲੋਕ, ਸੀਰੀ ਰਲ ਜਾਂਦੇ, ਭੌਲੀ ਕਰਦੇ, ਠੇਕੇ 'ਤੇ ਕੰਮ ਕਰਦੇ ਪਿੰਡ ਦੇ ਲੋਕ। ਪਿੰਡ ਵਿਚ ਜੇ ਕਿਸੇ ਤੋਂ ਗਲਤੀ ਹੋ ਜਾਂਦੀ ਤਾਂ ਉਸ ਨੂੰ ਉਸ ਦੀ ਬਣਦੀ ਸਜ਼ਾ ਮਿਲਦੀ। ਇਸ ਤੋਂ ਵਧੀਆ ਸਵਰਗ ਕੀ ਹੋ ਸਕਦਾ ਹੈ!

ਦੁਨੀਆਂ 'ਤੇ ਜੇ ਕਿਤੇ ਸਵਰਗ ਸੀ ਤਾਂ ਪੰਜਾਬ ਵਿਚ ਸੀ, ਪਰ ਜਦ ਸਿਆਸਤ ਨੇ ਜਨਮ ਲਿਆ, ਸਿਆਣਪ ਨੇ ਜਨਮ ਲਿਆ ਤਾਂ ਲੋਕ ਸਿਆਸਤੀਆਂ ਦੀ ਸੁਣਨ ਲੱਗੇ। ਤਿੰਨ ਭਾਗਾਂ ਵਿਚ ਵੰਡਿਆ ਗਿਆ ਪੰਜਾਬ। ਸਿਆਸਤੀ ਲੋਕਾਂ ਨੇ ਬ੍ਰਹਮਚਾਰੀ ਬਣ ਕੇ ਆਪਣੇ ਆਪ ਨੂੰ ਬਾਕੀਆਂ ਤੋਂ ਵਧੀਆ ਕਹਾਉਣਾ ਸ਼ੁਰੂ ਕੀਤਾ। ਸਾਰੀ ਦੁਨੀਆਂ ਨੇ ਸਿਆਸਤ ਦੀ ਇਸ ਪਹਿਲੀ ਨਸਲ ਨੂੰ ਮੰਨ ਵੀ ਲਿਆ। ਸਿਆਸਤੀਆਂ ਨੂੰ ਲੋਕ ਵਧੀਆ ਡੇਰਾ ਬਣਾ ਕੇ ਦਿੰਦੇ, ਚੰਗੇ ਚੰਗੇ ਫਲ ਸਬਜ਼ੀਆਂ ਤੇ ਅਨਾਜ ਭੇਟ ਕਰ ਆਉਂਦੇ। ਸਿਆਣੀਆਂ ਗੱਲਾਂ ਸੁਣਨ ਜਾਂਦੇ ਲੋਕ ਤੇ ਸਿਆਣੀਆਂ ਗੱਲਾਂ ਨੂੰ ਯਾਦ ਕਰਨ ਦੀ ਕੋਸ਼ਿਸ਼ ਕਰਦੇ। ਸਨਾਤਨ ਸਹਿਜ ਸਿਆਣਪਾਂ ਦੀਆਂ ਕਹਾਣੀਆਂ ਅਤੇ ਨਾਟਕ ਬਣੇ, ਜੋ ਪੰਜਾਬੀਆਂ ਨੇ ਰੱਜ ਰੱਜ ਕੇ ਖੇਲੇ। ਕਿਸਾਨ ਜੱਟ ਜੋ ਖੇਤੀ ਕਰਦੇ, ਉਹ ਤੀਸਰੀ ਧਿਰ ਬਣੀ ਅਤੇ ਦੂਸਰੀ ਧਿਰ ਵਿਚ ਵਪਾਰੀ, ਜੋ ਫਿਰ ਤੁਰ ਕੇ ਵਸਤਾਂ ਖਰੀਦ-ਵੇਚ ਕੇ ਕੰਮ ਚਲਾਉਂਦੇ। ਵਪਾਰੀ ਦੂਰ ਨੇੜੇ ਵੀ ਚਲੇ ਜਾਂਦੇ, ਬੇਬੀਲੋਨਕ ਇਲਾਕਿਆਂ ਵਿਚ ਵੀ ਚਲੇ ਜਾਂਦੇ। ਉਤਰ ਪੂਰਬ ਅਤੇ ਉਤਰ ਪੱਛਮ ਵੱਲ ਵੀ ਚਲੇ ਜਾਂਦੇ, ਪਰ ਦਿਨ ਦਿਹਾਰ 'ਤੇ ਵਾਪਿਸ ਪੰਜਾਬ ਆ ਜਾਂਦੇ ਤੇ ਬ੍ਰਹਮਚਾਰੀਆਂ ਦੇ ਡੇਰਿਆਂ 'ਤੇ ਜਾ ਕੇ ਸਿਆਣੀਆਂ ਗੱਲਾਂ ਸੁਣਦੇ, ਨਾਟਕ ਦੇਖਦੇ।

ਇਕ ਸਮਾਂ ਆਇਆ ਕਿ ਇਕ ਪੰਜਾਬੀ ਸਵਾਮੀ ਪਾਣਨੀ ਨੇ ਸੋਚਿਆ ਕਿ ਇਹ ਜੋ ਨਾਟਕ ਹਨ, ਪੰਜਾਬੀ ਸਿਆਣਪਾਂ ਹਨ, ਇਹ ਸਭ ਨੂੰ ਤਾਂ ਯਾਦ ਨਹੀਂ ਹੋ ਸਕਦੀਆਂ, ਕਿਉਂ ਨਾ ਇਕ ਵਿਧੀ ਬਣੇ ਜਿਸ ਨਾਲ ਇਹ ਸਿਆਣਪਾਂ ਲਿਖੀਆਂ ਜਾਣ। ਪੰਜਾਬੀ ਪਾਣਨੀ ਨੇ ਲਿਖਣ ਦੀ ਵਿਧੀ ਤਿਆਰ ਕੀਤੀ। ਭਾਸ਼ਾ ਨੂੰ ਲਿਖਣਾ ਅਰੰਭ ਕੀਤਾ। ਦੁਨੀਆਂ ਦਾ ਪਹਿਲਾ ਸਕੂਲ, ਜਿਸ ਵਿਚ ਪਾਣਨੀ ਦੁਨੀਆਂ ਨੂੰ ਲਿਖਣ ਵਿਧੀ ਪੜ੍ਹਾਇਆ ਕਰਦਾ ਸੀ, ਉਸ ਸਕੂਲ ਵਿਚ ਬ੍ਰਹਮਚਾਰੀ ਸਿਆਸਤਦਾਨਾਂ ਨੇ ਪੜ੍ਹ ਕੇ ਲਿਖਣ ਦੀ ਵਿਧੀ ਸਿੱਖ ਕੇ ਪੁਰਾਤਨ ਸਿਆਣਪਾਂ ਨੂੰ ਲਿਖਿਆ। ਦੁਨੀਆਂ ਦਾ ਸਭ ਤੋਂ ਪਹਿਲਾ ਗ੍ਰੰਥ ਰਿਗ ਵੇਦ ਲਿਖਿਆ ਗਿਆ। ਵੇਦ ਤਿਆਰ ਕੀਤੇ, ਹੋਰ ਵੀ ਪ੍ਰਾਕ੍ਰਿਤਾਂ ਪੁਰਾਣ ਅਤੇ ਉਪਨਿਸ਼ਦ ਲਿਖੇ। ਸਾਰੇ ਪੰਜਾਬੀ ਪੂਰਬ ਪੱਛਮ ਵੱਲੋਂ ਵਣਜ ਵਪਾਰ ਕਰਦੇ/ਕਰਾਉਂਦੇ ਦਿਨ-ਦਿਹਾਰ ਨੂੰ ਵਾਪਿਸ ਬ੍ਰਹਮਚਾਰੀਆਂ ਸਿਆਸਤਦਾਨਾਂ ਦੇ ਦਰਸ਼ਨ ਕਰਨ ਸਿਆਣਪਾਂ ਸੁਣਨ ਨੂੰ ਜ਼ਰੂਰ ਆਉਂਦੇ। ਸਿਆਸਤ ਦਾ ਸਭ ਤੋਂ ਪਹਿਲਾ ਕਦਮ ਸੀ ਵੇਦਾਂ ਸ਼ਾਸਤਰਾਂ 'ਤੇ ਕਬਜ਼ਾ ਕਰਨਾ। ਸਾਰੀ ਦੁਨੀਆਂ ਵਾਸਤੇ ਲਿਖੀਆਂ ਸਹਿਜ ਸਿਆਣਪਾਂ 'ਤੇ ਕਾਬਜ਼ ਸਿਆਸਤ ਨੇ ਵੇਦਾਂ ਸ਼ਾਸਤਰਾਂ ਨੂੰ ਪੜ੍ਹਨ, ਸੁਣਨ ਤੇ ਪਾਬੰਦੀ ਲਾ ਦਿੱਤੀ।

ਬਸਰੇ ਬਗਦਾਦ ਦੇ ਇਲਾਕਿਆਂ ਵਿਚ ਬਹੁਤ ਪੰਜਾਬੀ ਜਾ ਵਸੇ ਸਨ। ਪੰਜਾਬੀ ਸਿਆਣਪਾਂ ਸੁਣਨ ਦਾ ਹਰ ਕਿਸੇ ਨੂੰ ਚਾਅ ਸੀ, ਪਰ ਜਦ ਆਮ ਲੋਕਾਂ ਕੋਲੋਂ ਵੇਦ ਸ਼ਾਸਤਰ ਖੋਹੇ ਤਾਂ ਲੋੜ ਕਾਢ ਦੀ ਮਾਂ ਹੁੰਦੀ ਹੈ, ਲੋਕਾਂ ਨੇ ਲਿਖਣਾਂ ਤਾਂ ਸਿੱਖ ਹੀ ਲਿਆ ਸੀ। ਭਾਸ਼ਾ ਨੂੰ ਲਿਖਣਾ ਤਾਂ ਪੰਜਾਬੀ ਪਾਣਨੀ ਨੇ ਸਾਰੀ ਦੁਨੀਆਂ ਨੂੰ ਸਿਖਾ ਦਿਤਾ ਸੀ, ਸੋ ਸਾਊਦੀ ਅਰਬ, ਸੀਰੀਆ ਇਲਾਕੇ ਦੇ ਲੋਕਾਂ ਨੇ ਭਾਸ਼ਾ ਨੂੰ ਦੂਸਰੇ ਪਾਸਿਓਂ ਲਿਖਣਾ ਸ਼ੁਰੂ ਕੀਤਾ, ਅਲਫ ਬੇ ਤਿਆਰ ਕੀਤਾ; ਉਰਦੂ ਲਿਖਣ ਦੀ ਵਿਧੀ ਵੀ ਸੰਸਕ੍ਰਿਤ ਨਾਲੋਂ ਉਲਟੀ ਸੀ, ਸੱਜਿਓਂ ਖੱਬੇ ਜਾਂਦੀ। ਸਿਆਸੀ ਪੰਜਾਬੀਆਂ ਨੇ ਤਾਂ ਰੱਬ ਦੇ ਬਹੁਤ ਰੂਪ ਬਣਾ ਰੱਖੇ ਸਨ, ਪਰ ਉਰਦੂ ਲਿਖਣ ਵਾਲਿਆਂ ਨੇ ਕਿਹਾ ਰੱਬ ਤਾਂ ਇਕ ਹੀ ਹੈ। ਸਮਾਂ ਪੈਣ 'ਤੇ ਇਲਾਹੀ ਫੁਰਮਾਨ ਕੁਰਾਨ ਵੀ ਹੋਂਦ ਵਿਚ ਆ ਗਿਆ। ਇਸਲਾਮ ਦਾ ਜਨਮ ਹੋਇਆ।

ਸਿਆਸਤੀ ਪੰਜਾਬੀਆਂ ਦੀ ਤਾਂ ਸੇਵਾ ਲੋਕ ਕਰਦੇ ਸਨ, ਇਸ ਕਰਕੇ ਉਹ ਖੁਦ ਹਿੰਮਤੀ ਨਹੀਂ ਸਨ। ਆਪਣੀ ਸਿਆਣਪ ਦੇ ਸਿਰ 'ਤੇ ਹੀ ਛਾਲਾਂ ਮਾਰਦੇ ਸਨ, ਪਰ ਵਪਾਰੀ ਲੋਕ ਹਿੰਮਤੀ ਸਨ। ਮਾਰਖੋਰੇ ਸੀ, ਖਤਰਿਆਂ ਨਾਲ ਖੇਲ ਸਕਦੇ ਸਨ, ਇਸ ਕਰਕੇ ਦਿਨੋਂ ਦਿਨ ਕਾਮਯਾਬੀ ਹਾਸਲ ਕੀਤੀ, ਤਕੜੇ ਸਨ, ਰਾਜੇ ਸਨ ਤੇ ਆਪਣੀ ਮਨਾ ਸਕਣ ਦੇ ਸਮਰੱਥ ਸਨ। ਉਰਦੂ ਵਿਚ ਲਿਖੇ ਧਾਰਮਕ ਗ੍ਰੰਥਾਂ ਦੀ ਭਾਸ਼ਾ ਨੂੰ ਅਰਬੀ ਭਾਸ਼ਾ ਦਾ ਨਾਮ ਦਿੱਤਾ ਗਿਆ। ਪੰਜਾਬੀਆਂ ਦੀ ਭਾਸ਼ਾ ਪੰਜਾਬੀ ਨੂੰ ਸ਼ਾਹਮੁਖੀ ਵਿਚ ਲਿਖੇ ਤਾਂ ਉਰਦੂ ਕਹਿੰਦੇ ਅਤੇ ਜੇ ਪੰਜਾਬੀ ਨੂੰ ਦੇਵਨਾਗਰੀ ਵਿਚ ਲਿਖੇ ਤਾਂ ਹਿੰਦੀ ਕਹਿੰਦੇ। ਪੰਜਾਬੀ ਭਾਸ਼ਾ ਦਾ ਪਹਿਲਾ ਲਿਖਤੀ ਜਾਮਾ ਦੇਵਨਾਗਰੀ ਸੀ ਤੇ ਦੂਸਰਾ ਸ਼ਾਹਮੁਖੀ ਸੀ। ਮਾਰਖੋਰੇ ਇਸਲਾਮਕ ਲੋਗ, ਜੋ ਸਿਆਸਤਦਾਨਾਂ ਦੀਆਂ ਸਿਆਣਪਾਂ 'ਤੇ ਕਬਜ਼ਾ ਕਰਨ ਤੋਂ ਬਾਅਦ ਆਪਣੀਆਂ ਸਿਆਣਪਾਂ ਬਣਾ ਚੁੱਕੇ ਸਨ, ਇਸਲਾਮ ਪ੍ਰਚਲਿਤ ਹੋ ਚੁੱਕਾ ਸੀ, ਉਹ ਹਿੰਦੂਆਂ ਨੂੰ ਦੰਦੀਆਂ ਚਿੜਾਉਣ ਲੱਗੇ, ਮੋਹਰੇ ਬੋਲਣ ਲੱਗੇ ਅਤੇ ਆਪਣੀ ਤਾਕਤ ਵਿਖਾਉਣ ਲੱਗੇ। ਗੌਰੀ ਗਜ਼ਨਵੀ ਹਮਲੇ ਕਰਨ ਲੱਗੇ, ਸਾਰੇ ਪੰਜਾਬ 'ਤੇ ਇਸਲਾਮ ਦਾ ਬੋਲਚਾਲ ਹੋ ਗਿਆ। ਕਾਂਸ਼ੀ ਵਿਚ ਵੱਸਦੇ ਪੰਜਾਬੀਆਂ ਨੇ ਇਸਲਾਮ ਤੋਂ ਡਰਦਿਆਂ ਭਾਰਤ ਦੇ ਦੱਖਣੀ ਪੂਰਵੀ ਹਿੱਸਿਆਂ ਵਿਚ ਜਾਣਾ ਸ਼ੁਰੂ ਕਰ ਦਿਤਾ। ਇਸਲਾਮੀਆਂ ਨੇ ਜਗਨਨਾਥਪੁਰੀ ਤੱਕ ਹਿੰਦੂਆਂ ਦਾ ਪਿਛਾ ਕੀਤਾ। ਹਿੰਦੂ ਇਸਲਾਮ ਵਿਚ ਵੰਡਿਆ ਗਿਆ ਦੇਸ਼।

ਇਸ ਦੁਖਾਂਤ ਨੂੰ ਠੱਲ੍ਹ ਪਾਉਣ ਵਾਸਤੇ ਗੁਰੂ ਨਾਨਕ ਪਾਤਸ਼ਾਹ ਨੇ ਆਵਾਜ਼ ਉਠਾ ਕੇ, "ਉਸ ਸੂਅਰ ਉਸ ਗਾਇ" ਸਮਝਾ ਕੇ, ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸੱਚ ਨੂੰ ਸਾੜਨ ਵਾਲੀ ਅੱਗ ਅਜੇ ਤੀਕ ਨਹੀਂ ਬਣੀ। ਇਸਲਾਮ ਜੋ ਕਿਸੇ ਵੀ ਹਿੰਦੂ ਨੂੰ ਮੰਨਣ ਵਾਸਤੇ ਤਿਆਰ ਨਹੀਂ ਸੀ, ਉਨ੍ਹਾਂ ਨੂੰ ਵੀ ਗੁਰੂ ਨਾਨਕ ਦੇ ਸਰਬ ਸਾਂਝੇ ਵਿਚਾਰ 'ਤੇ ਕਿੰਤੂ-ਪ੍ਰੰਤੂ ਕਰਨ ਦਾ ਕਾਰਨ ਨਾ ਲੱਭ ਸਕਿਆ। ਗੁਰੂ ਨਾਨਕ ਨੂੰ ਪੀਰ ਮੰਨਣ ਵਾਲੇ ਮੁਸਲਮਾਨਾਂ ਦੀ ਗਿਣਤੀ ਬਹੁਤ ਹੈ। ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਪੁਲ ਬਣਨ ਵਾਲੇ ਨਾਨਕ ਪਾਤਸ਼ਾਹ ਨੇ ਚਾਰ ਉਦਾਸੀਆਂ ਕੀਤੀਆਂ। ਜੇ ਜਗਨਨਾਥਪੁਰੀ ਪਹੁੰਚੇ ਤਾਂ ਮੱਕੇ ਵੀ ਪਹੁੰਚੇ। ਦੁਨੀਆਂ ਦੀਆਂ ਉਹ ਸਹਿਜ ਸਿਆਣਪਾਂ, ਜਿਨ੍ਹਾਂ 'ਤੇ ਨਾ ਹਿੰਦੂ ਕਾਬਜ ਸਨ ਤੇ ਨਾ ਹੀ ਇਸਲਾਮ ਕਾਬਜ ਸੀ, ਉਹ 15 ਭਗਤਾਂ ਦੀਆਂ ਬਾਣੀਆਂ ਇਕੱਤਰ ਕੀਤੀਆਂ। ਪਾਕਪਟਣ ਤੋਂ ਬਾਬਾ ਫਰੀਦ ਦੀ ਬਾਣੀ ਤੇ ਕਾਸ਼ੀ ਤੋਂ ਕਬੀਰ ਜੀ, ਰਾਮਾਨੰਦ ਜੀ ਅਤੇ ਹੋਰ ਭਗਤਾਂ ਦੀ ਬਾਣੀ ਨੂੰ ਧੁਰ ਕੀ ਬਾਣੀ ਗੁਰਬਾਣੀ ਦੇ ਬਰਾਬਰ ਰੁਤਬਾ ਦੇ ਕੇ ਇਕ ਪੋਥੀ ਤਿਆਰ ਕੀਤੀ। ਰਾਵੀ ਦੇ ਕੰਢੇ ਕਰਤਾਰਪੁਰ ਆਪਣੀ ਉਮਰ ਦੇ ਆਖਰੀ 18 ਸਾਲ ਖੇਤੀ ਕਿਰਸਾਣੀ ਕੀਤੀ। ਉਹ ਪੋਥੀ, ਜੋ ਸਤਿਗੁਰੂ ਨਾਨਕ ਨੇ ਇਕੱਤਰ ਕੀਤੀ, ਜਿਸ ਵਿਚ ਨਾਨਕ ਪਾਤਸ਼ਾਹ ਦੀ ਆਪਣੀ ਬਾਣੀ ਵੀ ਅੰਕਿਤ ਸੀ, ਉਹ ਵੱਖਰੇ ਧਰਮ ਵਜੋਂ ਜਾਣੀ ਜਾਣ ਲੱਗੀ। ਗੁਰਬਾਣੀ ਸਨਾਤਨ ਧਰਮ ਦੀਆਂ ਸਾਰੀਆਂ ਸਿਆਣਪਾਂ ਦਾ ਵਰਣਨ ਕਰਦੀ ਹੈ, ਪਰ ਜੇ ਹਿੰਦੂ ਧਰਮ ਦੇ ਮਹਾਪੁਰਖਾਂ ਦਾ ਵਰਨਣ ਕਰਦੀ ਹੈ ਤਾਂ 'ਮੁਸਲਮਾਨ ਕਹਾਵਣ ਮੁਸਕਲ' ਵੀ ਲਿਖਦੀ ਹੈ; ਰਾਮ ਰਾਮ ਹਰੀ ਹਰੀ ਵੀ ਕਰਦੀ ਹੈ ਤੇ ਗੁਰਬਾਣੀ ਵਿਚ ਬਾਬਾ ਫਰੀਦ ਅੱਲਾ ਅੱਲਾ ਵੀ ਕਰਦੇ ਹਨ।

ਇਹ ਸਰਬ ਸਾਂਝੀ ਬਾਣੀ ਜੇ ਗੁਰੂ ਨਾਨਕ ਦੇਵਨਾਗਰੀ ਲਿਪੀ ਵਿਚ ਹੀ ਲਿਖਦੇ ਤਾਂ ਸੁਭਾਵਕ ਸੀ ਕਿ ਹਿੰਦੂ ਸਿਆਸਤ ਨੇ ਕਬਜ਼ਾ ਕਰ ਲੈਣਾ ਸੀ। ਜੇ ਸ਼ਾਹਮੁਖੀ ਵਿਚ ਗੁਰਬਾਣੀ ਲਿਖੀ ਜਾਂਦੀ ਤਾਂ ਇਸਲਾਮ ਨੇ ਮੱਲ ਮਾਰ ਕੇ ਬਹਿ ਜਾਣਾ ਸੀ। ਇਸ ਕਰਕੇ ਦੇਵਨਾਗਰੀ ਅਤੇ ਸ਼ਾਹਮੁਖੀ ਤੋਂ ਵੱਖਰੀ ਗੁਰਮੁਖੀ ਲਿਪੀ ਸਤਿਗੁਰਾਂ ਨੇ ਤਿਆਰ ਕੀਤੀ ਤਾਂ ਕਿ ਇਸ 'ਤੇ ਕਬਜ਼ਾ ਨਾ ਹੋ ਜਾਵੇ ਤੇ ਸਾਰੇ ਪੰਜਾਬੀ ਸਾਰੀ ਦੁਨੀਆਂ ਇਸ ਨੂੰ ਪੜ੍ਹ ਸੁਣ ਸਕੇ। ਲੇਕਿਨ ਦੇਵਨਾਗਰੀ ਵਿਚ ਲਿਖੀ ਵੀ ਪੰਜਾਬੀ ਹੈ, ਸ਼ਾਹਮੁਖੀ ਵਿਚ ਤੇ ਗੁਰਮੁਖੀ ਵਿਚ ਲਿਖੀ ਵੀ ਪੰਜਾਬੀ ਹੈ। (1966 ਵਿਚ ਜਦ ਹਰਿਆਣਾ ਬਣਿਆਂ ਤਾਂ ਪੰਜਾਬੀ ਭਾਸ਼ਾ ਨੂੰ ਤੀਜਾ ਚੌਥਾ ਦਰਜਾ ਵੀ ਨਾ ਦਿੱਤਾ ਗਿਆ। ਇਸ 'ਤੇ ਸਟਿੰਸ਼ੂਦਾਸ ਨੇ ਲਿਖਿਆ ਸੀ, "ਦਿੱਲੀ ਤੋਂ ਚੰਬਾ, ਚੰਬੇ ਤੋਂ ਜੰਮੂ, ਜੰਮੂ ਤੋਂ ਸਿਆਲਕੋਟ, ਸਿਆਲਕੋਟ ਤੋਂ ਗੰਗਾਨਗਰ ਤੇ ਗੰਗਾਨਗਰ ਤੋਂ ਦਿੱਲੀ ਦੇ ਵਿਚਕਾਰ ਵੱਸਦੇ ਸਾਰੇ ਲੋਕ ਜਾਂ ਤਾਂ ਪੰਜਾਬੀ ਬੋਲਦੇ ਹਨ ਤੇ ਜਾਂ ਝੂਠ ਬੋਲਦੇ ਹਨ।") ਪੰਜਾਬੀ ਹਰ ਧਰਮ ਦੇ ਪੈਰੋਕਾਰ ਹਨ।

ਪੰਜਾਬੀ ਵਿਰੋਧੀ ਨਹੀਂ ਹਨ, ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਕਿਸੇ ਦੇ ਵਿਰੋਧੀ ਹੋ ਹੀ ਨਹੀਂ ਸਕਦੇ। ਮੰਨੇ ਪ੍ਰਮੰਨੇ ਵੱਸਦੇ ਸਰਦੇ ਤੇ ਅਤੀ ਸਤਿਕਾਰਯੋਗ ਕਰਤਾਰਪੁਰ ਤੋਂ ਦੂਸਰੀ ਪਾਤਸ਼ਾਹੀ ਖਡੂਰ ਸਾਹਿਬ ਇਸ ਕਰਕੇ ਜਾ ਵਸੇ ਸਨ ਕਿ ਉਹ ਕਿਸੇ ਨਾਲ ਕਿਸੇ ਕਿਸਮ ਦਾ ਵਿਰੋਧ ਨਹੀਂ ਸਨ ਕਰਨਾ ਚਾਹੁੰਦੇ। ਗੁਰੂ ਅਮਰਦਾਸ ਜੀ ਖਡੂਰ ਸਾਹਿਬ ਨੂੰ ਛੱਡ ਕੇ ਗੋਇੰਦਵਾਲ ਇਸ ਕਰਕੇ ਜਾ ਵਸੇ ਸਨ ਕਿ ਉਹ ਵਿਰੋਧ ਕਰਨਾ ਨਹੀਂ ਸੀ ਚਾਹੁੰਦੇ ਕਿਸੇ ਨਾਲ। ਗੁਰੂ ਰਾਮਦਾਸ ਜੀ ਬਾਬੇ ਮੋਹਨ ਨਾਲ ਵਿਰੋਧ ਨਹੀਂ ਸਨ ਕਰਨਾ ਚਾਹੁੰਦੇ, ਇਸ ਵਾਸਤੇ ਅੰਮ੍ਰਿਤਸਰ ਜਾ ਵਸਾਇਆ। ਗੁਰੂ ਅਰਜਨ ਪਾਤਸ਼ਾਹ ਪ੍ਰਿਥੀ ਚੰਦ ਨਾਲ ਵਿਰੋਧ ਨਹੀਂ ਸਨ ਕਰਨਾ ਚਾਹੁੰਦੇ, ਇਸ ਕਰਕੇ ਗੁਰੂ ਜੀ ਤਰਨਤਾਰਨ ਜਾ ਵਿਰਾਜੇ। ਨਾ ਗੁਰੂ, ਨਾ ਗੁਰਬਾਣੀ ਤੇ ਨਾ ਗੁਰੂ ਦਾ ਸਿੱਖ ਕਿਸੇ ਦਾ ਵਿਰੋਧ ਕਰਦਾ ਹੈ; ਪਰ ਜੇ ਕਿਸੇ ਸਿੱਖ ਗੁਰੂ ਦੇ ਪਿਤਾ ਨੂੰ ਜ਼ਾਲਮ ਤੱਤੀ ਤਵੀ 'ਤੇ ਬਿਠਾਉਂਦਾ ਹੈ, ਤੱਤੀ ਰੇਤ ਸੀਸ ਵਿਚ ਪਾਉਂਦਾ ਹੈ ਤਾਂ ਛੇਵੀ ਪਾਤਸ਼ਾਹੀ ਗੁਰੂ ਹਰਗੋਬਿੰਦ ਜੀ ਦਾ ਉਸ ਜ਼ਾਲਮ 'ਤੇ ਤਲਵਾਰ ਚੁੱਕਣਾ ਇਕ ਧਰਮ ਬਣ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਵਿਰੋਧ ਨਹੀਂ ਸਨ ਕਰਨਾ ਚਾਹੁੰਦੇ, ਇਸ ਕਰਕੇ ਦਸਮ ਪਿਤਾ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਵੀ ਨਹੀਂ ਪਹੁੰਚੇ, ਪਰ ਜਦ ਧਰਮ ਸੰਕਟ ਪੈਦਾ ਹੁੰਦਾ ਹੈ, ਹੋਰ ਚਾਰਾ ਨਹੀਂ ਚੱਲਦਾ ਤਾਂ ਤਲਵਾਰ ਚੁੱਕਣਾ ਧਰਮ ਬਣ ਜਾਂਦਾ ਹੈ, ਹਰ ਸਿੱਖ ਦਾ। ਦਸਮ ਪਿਤਾ ਤਲਵਾਰ ਚੁੱਕਣ ਦੀ ਗੁੜਤੀ ਵਿਰੋਧ ਕਰਨ ਵਾਸਤੇ ਨਹੀਂ ਦਿੰਦੇ। ਖੰਡੇ ਬਾਟੇ ਦਾ ਅੰਮ੍ਰਿਤ ਵਿਰੋਧ ਕਰਨ ਵਾਸਤੇ ਨਹੀਂ ਪਿਲਾਉਂਦੇ, ਆਪਣੀ ਅਤੇ ਨਿਰਬਲ ਦੀ ਹਿਫਾਜ਼ਤ ਵਾਸਤੇ ਛਕਾਉਂਦੇ ਹਨ।

ਗੁਰੂ ਗੋਬਿੰਦ ਸਿੰਘ, ਜਿਨ੍ਹਾਂ ਨੇ ਹਿੰਦੂ ਧਰਮ ਬਚਾਉਣ ਵਾਸਤੇ ਪਿਤਾ ਵਾਰੇ, ਧਰਮ ਦੀ ਖਾਤਰ ਸਾਰਾ ਪਰਿਵਾਰ ਵਾਰਿਆ, ਉਨ੍ਹਾਂ ਦੀ 42 ਸਾਲ ਉਮਰ ਵਿਚੋਂ 33 ਸਾਲ ਦੀ ਉਮਰ ਤੱਕ ਉਨ੍ਹਾਂ ਦਾ ਨਾਮ ਗੋਬਿੰਦ ਰਾਇ ਸੀ। ਜੇ ਗੁਰੂ ਪੰਜ ਕੱਕਾਰ ਬਖਸ਼ਿਸ਼ ਕਰਦੇ ਹਨ ਤਾਂ ਉਹ ਕਿਸੇ ਦੇ ਵਿਰੋਧ ਵਾਸਤੇ ਨਹੀਂ ਬਖਸ਼ਦੇ। ਕੇਸ ਤਾਂ ਅਕਾਲ ਪੁਰਖ ਦੀ ਬਖਸ਼ਿਸ਼ ਹੈ। ਕਿਰਪਾਨ ਵੀ ਹਿਫਜ਼ਤ ਕਰਨ ਵਾਸਤੇ ਗੁਰੂ ਆਗਮਨ ਤੋਂ ਪਹਿਲਾਂ ਹੀ ਮੌਜੂਦ ਸੀ। ਕਛਹਿਰਾ ਨੰਗੇਜ਼ ਕੱਜਣ ਵਾਸਤੇ ਹੈ। ਨੰਗੇਜ਼ ਪਹਿਲਾਂ ਵੀ ਲੋਕ ਕੱਜਦੇ ਸਨ। ਤਲਵਾਰ ਦੇ ਵਾਰ ਤੋਂ ਬਚਾਓ ਵਾਸਤੇ ਕੜਾ ਅਤੇ ਵਾਲ ਸੰਵਾਰਨ ਵਾਸਤੇ ਕੰਘਾ, ਜੋ ਪੰਜ ਕੱਕਾਰਾਂ ਵਿਚ ਸ਼ਾਮਲ ਹੈ, ਉਹ ਵੀ ਗੁਰਾਂ ਤੋਂ ਪਹਿਲਾਂ ਮੌਜੂਦ ਸੀ। ਦਸਮ ਪਿਤਾ ਤਾਂ ਅਕਾਲ ਪੁਰਖ ਦੀਆਂ ਦਿੱਤੀਆਂ ਦਾਤਾਂ 'ਤੇ ਪੂਰਨ ਵਿਸ਼ਵਾਸ ਦੀ ਗੁੜਤੀ ਦੇਂਦੇ ਹਨ। ਜੇ ਸਿਖ ਤਲਵਾਰ ਚੁੱਕਦਾ ਹੈ ਤਾਂ ਉਹ ਕਿਸੇ ਧਰਮ ਦੇ ਖਿਲਾਫ ਨਹੀਂ ਚੁੱਕਦਾ ਜ਼ੁਲਮ ਦੇ ਖਿਲਾਫ ਚੁੱਕਦਾ ਹੈ।

ਅੱਜ ਦਿੱਲੀ ਜਾ ਕੇ ਜੋ ਕਿਸਾਨਾਂ ਨੇ ਅੰਦੋਲਨ ਕੀਤਾ ਹੈ ਤਾਂ ਇਹ ਖਾਲਿਸਤਾਨੀ ਅੰਦੋਲਨ ਨਹੀਂ ਹੈ। ਕਿਸਾਨੀ ਅੰਦੋਲਨ ਹੈ। ਗੁਰੂ ਨਾਨਕ ਦੇ ਕਰ ਕਮਲਾਂ ਨਾਲ ਕੀਤੀ ਕਿਸਾਨੀ ਕਰਨ ਵਾਲੇ ਕਿਸਾਨਾ ਦਾ ਅੰਦੋਲਨ ਹੈ। ਹਰ ਕਿਸਾਨ ਗੁਰੂ ਨਾਨਕ ਵਿਚਾਰਧਾਰਾ ਨੂੰ ਸਜਦਾ ਕਰਦਾ ਹੈ। ਹਾਂ ਇਹ ਕਹਿ ਸਕਦੇ ਹਾਂ ਕਿ ਵਾਰਾਨਸੀ ਤੋਂ ਆਇਆ ਕਿਸਾਨ, ਅੰਮ੍ਰਿਤਸਰ ਤੋਂ ਆਇਆ ਕਿਸਾਨ, ਬਿਹਾਰ, ਰਾਜਸਥਾਨ ਹਰਿਆਣੇ ਜਾਂ ਕਿਸੇ ਵੀ ਹੋਰ ਸੂਬੇ ਤੋਂ ਆਇਆ ਕਿਸਾਨ ਇਕ ਹੈ ਤੇ ਉਸ ਦੀ ਖੇਤੀ ਹੀ ਉਸ ਦਾ ਕਰਮ ਹੈ, ਖੇਤੀ ਹੀ ਉਸ ਦਾ ਧਰਮ ਹੈ। ਕਿਸੇ ਧਰਮ ਦੇ ਖਿਲਾਫ ਨਹੀਂ ਹੈ, ਇਹ ਅੰਦੋਲਨ। ਇਸ ਅੰਦੋਲਨ ਨੂੰ ਧਾਰਮਕ ਰੰਗ ਦੇਣ ਵਾਲੀ ਸਿਆਸਤ ਦੀ ਇਹ ਧਰਮ 'ਤੇ ਕਾਬਜ਼ ਹੋਣ ਦੀ ਗਲਤੀ ਦੁਹਰਾ ਹੋ ਰਹੀ ਹੈ। ਧਰਮ 'ਤੇ ਸਿਆਸਤ ਕਬਜ਼ਾ ਨਾ ਕਰਦੀ ਤਾਂ ਹੋਰ ਕਿਸੇ ਧਰਮ ਦੀ ਲੋੜ ਹੀ ਨਾ ਪੈਂਦੀ। ਦਿੱਲੀ ਵਿਚ ਅੰਦੋਲਨ ਕਰ ਰਹੇ ਕਿਸਾਨਾਂ ਦਾ 80% ਹਿੰਦੂ ਧਰਮ ਵਿਚ ਵਿਸ਼ਵਾਸ ਹੈ। ਮੁਸਲਮਾਨ ਵੀ ਕਿਸਾਨ ਹਨ, ਪਰ ਬਹੁਤ ਘੱਟ ਗਿਣਤੀ ਹੈ ਦਿੱਲੀ ਦੇ ਕਿਸਾਨ ਅੰਦੋਲਨ ਵਿਚ। ਸਿੱਖ ਕਦੇ ਵੀ ਹਿੰਦੂ ਵਿਰੋਧੀ ਨਹੀਂ ਹੈ, ਪਰ ਸਿਆਸਤ ਹਿੰਦੂ ਨੂੰ ਸਿੱਖ ਵਿਰੋਧੀ ਬਣਾਉਣ ਦਾ ਯਤਨ ਕਰ ਰਹੀ ਹੈ। ਹਿੰਦੂ ਕਿਸਾਨ ਕਦੇ ਵੀ ਸਿੱਖ ਵਿਰੋਧੀ ਨਹੀਂ ਹੈ।

ਫਤਵਾ ਲਾ ਰਹੀ ਹੈ ਸਿਆਸਤ ਕਿ ਅੰਦੋਲਨਕਾਰੀ ਖਾਂਦੇ ਪੀਂਦੇ ਬਹੁਤ ਵਧੀਆ ਹਨ, ਪਰ ਸਿਆਸਤ ਇਹ ਕਿਉਂ ਭੁੱਲੀ ਕਿ ਇਹ ਉਹ ਹੀ ਕਿਸਾਨ ਹਨ, ਜੋ ਪਿੰਡ ਦੇ ਕਿਸੇ ਜੀਅ ਨੂੰ ਕਦੇ ਭੁੱਖਾ ਦੇਖ ਹੀ ਨਹੀਂ ਸਕਦੇ। ਹਾਂ, ਕਿਰਤੀ ਕਿਸਾਨ ਬਹੁਤੇ ਅੱਜ ਕਲ੍ਹ ਸਿਆਸਤ ਨੇ ਆਰਥਕ ਤੌਰ 'ਤੇ ਕਮਜ਼ੋਰ ਕਰ ਦਿਤੇ ਹਨ, ਪਰ ਇਨ੍ਹਾਂ ਕਿਸਾਨਾਂ ਵਿਚ ਪਿਤਾ ਪੁਰਖੀ ਸਰਦਾਰ ਵੀ ਹਨ, ਜੋ ਅੰਦੋਲਨਕਾਰੀਆਂ ਨੂੰ ਕੀ, ਸਾਰੀ ਦਿੱਲੀ ਨੂੰ ਵਧੀਆ ਭੋਜਨ ਛਕਾ ਸਕਣ ਦੇ ਸਮਰੱਥ ਹਨ।

ਗੁਰੂ ਨਾਨਕ ਨੇ 20 ਰੁਪਏ ਦਾ ਨਿਵੇਸ਼ ਕੀਤਾ ਸੀ, ਉਹ ਰਹਿੰਦੀ ਦੁਨੀਆਂ ਕੋਲੋਂ ਮੁੱਕ ਹੀ ਨਹੀਂ ਸਕਦਾ। ਪੰਜਾਬੀ ਕਿਸਾਨੀ ਨੂੰ ਦਿੱਲੀ ਦੀਆਂ ਸਰਕਾਰਾਂ ਨੇ ਦੋਹੀਂ ਹੱਥੀਂ ਲੁੱਟਿਆ, ਪਰ ਪੰਜਾਬੀ ਮਰਦੇ ਮਰਦੇ ਵੀ ਦੁਨੀਆਂ ਦੀ ਹਰ ਕੌਮ ਤੋਂ ਤਕੜੇ ਹਨ। ਦੇਸ਼ ਭਗਤ ਹਨ। ਬਿਨਾ ਵਜ੍ਹਾ ਨਹੀਂ ਕੈਨੇਡਾ ਵਰਗੇ ਦੇਸ਼ ਸਿੱਖ ਨੂੰ ਰੱਖਿਆ ਮੰਤਰੀ ਬਣਾ ਦਿੰਦੇ। ਹਾਥੀ ਜੇ ਤਿਹਾਇਆ ਹੋਵੇ ਤਾਂ ਵੀ ਉਸ ਦੇ ਢਿਡ ਵਿਚ ਗੋਡੇ ਗੋਡੇ ਪਾਣੀ ਜ਼ਰੂਰ ਹੁੰਦਾ ਹੈ। ਕਿਸਾਨੀ ਅੰਦੋਲਨ ਵਿਚ ਸ਼ਾਂਤੀ ਨਾਲ ਬੈਠੇ ਅਣਗਿਣਤ ਕਿਸਾਨ ਅੱਜ ਵੀ ਕਰੋੜਪਤੀ ਹਨ। ਬੇਘਰ ਹੋ ਕੇ ਬੈਠੇ ਆਪਣੀਆਂ ਫਸਲਾਂ ਦਾ ਵਾਜਬ ਮੁੱਲ ਮੰਗਦੇ ਬਹੁਤ ਸਾਰੇ ਕਿਸਾਨਾਂ ਦੇ ਘਰ ਲਗਜ਼ਰੀ ਕਾਰਾਂ ਖੜ੍ਹੀਆਂ ਹਨ। ਇਹ ਕਰੋੜਪਤੀਆਂ ਦਾ ਧਰਨਾ ਹੈ, ਇਨ੍ਹਾਂ ਨੂੰ ਮੰਗਤੇ ਨਾ ਸਮਝਿਓ।

## ਮਿਨੀ ਕਹਾਣੀ

## ਹੱਡ ਹਰਾਮੀ

ਸੀਤਾ ਨੂੰ ਘਰ ਦੇ ਨਜ਼ਦੀਕ ਹੀ ਬੈਂਕ ਵਿਚ ਨੌਕਰੀ ਮਿਲ ਗਈ ਸੀ। ਉਹ ਪੈਦਲ ਹੀ ਡਿਊਟੀ 'ਤੇ ਜਾਣ ਲੱਗ ਪਈ। ਦੁਪਹਿਰ ਦਾ ਖਾਣਾ ਵੀ ਡੱਬੇ ਵਿਚ ਨਾਲ ਲੈ ਕੇ ਜਾਂਦੀ ਸੀ। ਰਸਤੇ ਵਿਚ ਇਕ ਔਰਤ ਬਹੁਤ ਹੀ ਗਰੀਬਣੀ, ਜਿਸ ਦੇ ਤਨ 'ਤੇ ਲੀਰਾਂ ਲਮਕਦੀਆਂ ਸਨ। ਸੀਤਾ ਦੀ ਨਜ਼ਰ ਉਸ ਉਤੇ ਜਾ ਪਈ। ਸੀਤਾ ਨੇ ਝੱਟ ਆਪਣਾ ਰੋਟੀ ਵਾਲਾ ਡੱਬਾ ਖੋਲ੍ਹਿਆ ਤੇ ਤਿੰਨ-ਚਾਰ ਫੁਲਕੇ ਸਬਜ਼ੀ ਦੇ ਨਾਲ ਉਸ ਨੂੰ ਦੇ ਦਿਤੇ। ਉਸ ਔਰਤ ਨੇ ਝੱਟ ਨਾ ਲਾਇਆ, ਉਸ ਦੇ ਵੇਖਦੇ ਵੇਖਦੇ ਖਾ ਗਈ।

ਹੁਣ ਸੀਤਾ ਹਰ ਰੋਜ਼ ਆਪਣੀ ਮਾਂ ਕੋਲੋਂ ਤਿੰਨ-ਚਾਰ ਰੋਟੀਆਂ ਵੱਧ ਲੈ ਕੇ ਜਾਣ ਲਗ ਪਈ, ਪਰ ਹੁਣ ਉਹ ਔਰਤ ਉਸ ਕੋਲੋਂ ਜ਼ਿਆਦਾ ਰੋਟੀਆਂ ਦੀ ਮੰਗ ਕਰਨ ਲੱਗ ਪਈ। ਸੀਤਾ ਆਪਣੀ ਰੋਟੀ ਵਿਚੋਂ ਵੀ ਕੁਝ ਰੋਟੀਆਂ ਹੋਰ ਉਸ ਨੂੰ ਖੁਆਉਣ ਲੱਗ ਪਈ। ਕਾਫੀ ਦਿਨਾਂ ਬਾਅਦ ਸੀਤਾ ਦਾ ਪਿਤਾ ਬਾਹਰੋਂ ਆਇਆ। ਸੀਤਾ ਦੀ ਸਿਹਤ ਕਮਜ਼ੋਰ ਵੇਖ ਕੇ ਪਿਤਾ ਨੇ ਪੁੱਛਿਆ, "ਕੀ ਤੈਨੂੰ ਤੇਰੀ ਮਾਂ ਘੱਟ ਖੁਰਾਕ ਦਿੰਦੀ ਹੈ?"

"ਨਹੀਂ ਪਿਤਾ ਜੀ, ਮੈਨੂੰ ਤਾਂ ਮੇਰੀ ਮਾਂ ਪਹਿਲਾਂ ਨਾਲੋਂ ਜ਼ਿਆਦਾ ਕੁਝ ਖਾਣ ਨੂੰ ਦਿੰਦੀ ਹੈ।"

"ਫਿਰ ਬੇਟਾ ਤੇਰੀ ਸਿਹਤ ਇੰਨੀ ਕਮਜ਼ੋਰ ਕਿਉਂ ਹੋ ਗਈ ਹੈ?"

"ਪਿਤਾ ਜੀ ਮੇਰੇ ਰਸਤੇ ਵਿਚ ਇਕ ਗਰੀਬਣੀ ਔਰਤ ਰਹਿੰਦੀ ਹੈ। ਮੈਂ ਆਪਣੀ ਰੋਟੀ ਦਾ ਕੁਝ ਹਿੱਸਾ ਉਸ ਨੂੰ ਹਰ ਰੋਜ਼ ਦਿੰਦੀ ਹਾਂ।"

ਇਹ ਸੁਣ ਕੇ ਪਿਤਾ ਨਾਰਾਜ਼ ਹੋ ਗਿਆ। ਸੀਤਾ ਨੂੰ ਹੈਰਾਨੀ ਹੋਈ ਕਿ ਪਿਤਾ ਜੀ ਇਹ ਸੁਣ ਕੇ ਮੈਨੂੰ ਸ਼ਾਬਾਸ਼ ਦੇਣਗੇ, ਪਰ ਉਸ ਤਰ੍ਹਾਂ ਨਾ ਹੋਇਆ। "ਪਿਤਾ ਜੀ ਕੀ ਮਨੁੱਖਤਾ ਦੀ ਸੇਵਾ ਕਰਨਾ ਗੁਨਾਹ ਹੈ?"

"ਨਹੀਂ ਸੀਤਾ ਕੋਈ ਗੁਨਾਹ ਨਹੀਂ, ਪਰ ਸੇਵਾ ਉਨ੍ਹਾਂ ਦੀ ਕਰਨੀ ਚਾਹੀਦੀ ਹੈ, ਜੋ ਤੁਰ ਫਿਰ ਸਕਦੇ ਨਾ ਹੋਣ। ਬਹੁਤੀ ਦੁਨੀਆਂ ਤਾਂ ਅੱਜ ਕੱਲ੍ਹ ਹੱਡ ਹਰਾਮੀ ਬਣ ਗਈ ਹੈ। ਸੀਤਾ ਤੂੰ ਉਸ ਔਰਤ ਨੂੰ ਖੁਆਉਣ ਦੇ ਨਾਲ ਨਾਲ ਕਮਾਉਣ ਦੀ ਆਦਤ ਵੀ ਪਾ।"

ਪਿਤਾ ਦੀ ਗੱਲ ਸੁਣ ਕੇ ਅਗਲੇ ਦਿਨ ਫਿਰ ਜਦੋਂ ਉਸ ਔਰਤ ਕੋਲ ਪਹੁੰਚੀ, ਉਸ ਨੇ ਰੋਟੀ ਲੈਣ ਵਾਸਤੇ ਹੱਥ ਅਗੇ ਵਧਾਏ। ਸੀਤਾ ਨੇ ਉਸ ਦੇ ਹੱਥ ਫੜ੍ਹ ਕੇ ਕਿਹਾ, "ਅੰਟੀ ਜੇ ਤੁਸੀਂ ਇਨ੍ਹਾਂ ਹੱਥਾਂ ਨਾਲ ਕੰਮ ਕਰਨ ਲਗ ਪਉ ਤਾਂ ਫਿਰ ਤੁਹਾਨੂੰ ਕਿਸੇ ਅੱਗੇ ਖਾਣ ਪੀਣ ਲਈ ਹੱਥ ਨਹੀਂ ਅੱਡਣੇ ਪੈਣਗੇ।"

ਸੀਤਾ ਦੀ ਗੱਲ ਉਹ ਮੰਨ ਗਈ ਤੇ ਕਹਿੰਦੀ ਮੈਨੂੰ ਕੰਮ ਕਿੱਥੇ ਮਿਲੇਗਾ?

"ਅੰਟੀ ਕੰਮ ਕਰਨ ਵਾਲਿਆਂ ਦੀ ਥੁੜ੍ਹ ਹੈ, ਕੰਮ ਦੀ ਨਹੀਂ। ਚੱਲ ਮੇਰੇ ਨਾਲ, ਸਾਡੇ ਘਰ ਦੀ ਸਾਫ ਸਫਾਈ ਕਰਿਆ ਕਰੀਂ।"

ਉਸ ਦਿਨ ਤੋਂ ਬਾਅਦ ਉਸ ਔਰਤ ਦੀ ਜ਼ਿੰਦਗੀ ਬਦਲ ਗਈ। ਸੀਤਾ ਦਾ ਪਿਤਾ ਸੀਤਾ 'ਤੇ ਬਹੁਤ ਖੁਸ਼ ਹੋਇਆ, "ਇਹ ਹੈ ਪਰਉਪਕਾਰ ਦਾ ਕੰਮ, ਐਵੇ ਵਿਹਲੜਾਂ ਤੇ ਹੱਡ ਹਰਾਮੀਆਂ ਨੂੰ ਖਾਣ ਨੂੰ ਨਾ ਦਿੱਤਾ ਜਾਵੇ। ਇਹ ਲੋਕ ਸਮਾਜ 'ਤੇ ਬੋਝ ਬਣ ਕੇ ਘੁੰਮਦੇ ਹਨ। ਇਨ੍ਹਾਂ ਨੂੰ ਵੀ ਖੁਆਉਣ ਦੀ ਥਾਂ ਕੰਮ ਕਰਾਉਣ ਦੀ ਪਿਰਤ ਪਾਈ ਜਾਵੇ।"

*-ਜਸਵਿੰਦਰ ਸਿੰਘ ਭੁਲੇਰੀਆ*
*ਫੋਨ: 91-75891-55501*

# ਬਾਤਾਂ ਪੁਆਧ ਕੀਆਂ

**ਵਕਤ ਨਾਲ ਜ਼ਮਾਨਾ ਬਦਲ ਰਿਹਾ ਹੈ ਅਤੇ ਇਸ ਤਬਦੀਲੀ ਦਾ ਸਭ ਤੋਂ ਵੱਧ ਅਸਰ ਸਥਾਨਕ ਭਾਸ਼ਾਵਾਂ ਉਤੇ ਦਿਸ ਰਿਹਾ ਹੈ। ਪੁਆਧੀ ਬੋਲੀ ਪੰਜਾਬੀ ਦੀ ਉਪ-ਬੋਲੀ ਹੋਣ ਦੇ ਬਾਵਜੂਦ ਕਾਫੀ ਵੱਖਰੀ ਜਾਪਦੀ ਹੈ ਪਰ ਹੁਣ ਇਸ ਅੰਦਰ ਵੀ ਰਲਾ ਆਰੰਭ ਹੋ ਗਿਆ ਹੈ। ਗੁਰਪ੍ਰੀਤ ਸਿੰਘ ਅੰਟਾਲ ਨੇ ਆਪਣੇ ਇਸ ਲੇਖ ਵਿਚ ਪੁਆਧ ਦੇ ਇਲਾਕੇ ਅਤੇ ਇਸ ਇਲਾਕੇ ਦੀ ਬੋਲੀ ਬਾਰੇ ਵਿਸਥਾਰ ਸਹਿਤ ਲਿਖਿਆ ਹੈ ਅਤੇ ਭੁਲਾਈ ਜਾ ਰਹੀ ਇਸ ਬੋਲੀ ਦੀ ਸੰਭਾਲ ਲਈ ਹਾਅ ਦਾ ਨਾਅਰਾ ਮਾਰਿਆ ਹੈ। -ਸੰਪਾਦਕ**

ਕਲਾ ਪਰਿਕਰਮਾ

**ਗੁਰਪ੍ਰੀਤ ਸਿੰਘ ਅੰਟਾਲ**
ਫੋਨ: +91-98154-24647

ਪੰਜਾਬ ਇਲਾਕਾਈ ਵੰਨ-ਸਵੰਨਤਾ ਦੇ ਹਿਸਾਬ ਨਾਲ ਮੁੱਖ ਤੌਰ ਤੇ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਹੈ। ਇਹ ਚਾਰ ਹਿੱਸੇ ਹਨ: ਮਾਝਾ, ਮਾਲਵਾ, ਦੁਆਬਾ ਤੇ ਪੁਆਧ (ਇਸ ਲਿਹਾਜ਼ ਨਾਲ ਪੋਠੋਹਾਰ ਪੰਜਵਾਂ ਪੰਜਾਬੀ ਇਲਾਕਾ ਹੈ ਜੋ ਲਹਿੰਦੇ ਪੰਜਾਬ ਹਿੱਸੇ ਆਇਆ ਹੈ)। ਇਨ੍ਹਾਂ ਇਲਾਕਿਆਂ ਵਿਚੋਂ ਮਾਝੇ ਵਿਚ ਮਾਝੀ, ਮਾਲਵੇ ਵਿਚ ਮਲਵਈ, ਦੁਆਬੇ ਵਿਚ ਦੁਆਬੀ ਤੇ ਪੁਆਧ ਵਿਚ ਪੁਆਧੀ ਬੋਲੀ ਜਾਂਦੀ ਹੈ। ਪੰਜਾਬ ਵਿਚ ਘੱਗਰ ਪਾਰ ਦੇ ਇਲਾਕੇ ਨੂੰ ਪੁਆਧੀ ਕਿਹਾ ਜਾਂਦਾ ਹੈ। ਇਸ ਵਿਚ ਰੂਪਨਗਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਪਟਿਆਲੇ ਦਾ ਪੂਰਬੀ ਭਾਗ, ਸੰਗਰੂਰ ਦਾ ਕੁਝ ਖੇਤਰ, ਫਤਹਿਗੜ੍ਹ ਸਾਹਿਬ ਦਾ ਪੂਰਬੀ ਹਿੱਸਾ ਤੇ ਅੰਬਾਲੇ ਦਾ ਪੱਛਮੀ ਹਿੱਸਾ ਆਉਂਦਾ ਹੈ। ਪੁਆਧੀ ਬੋਲੀ ਪੰਜਾਬੀ ਮਾਂ ਬੋਲੀ ਦੇ ਗਲ ਪਏ ਉਪ ਬੋਲੀਆਂ ਦੇ ਹਾਰ ਦਾ ਬੇਸ਼ਕੀਮਤੀ ਮਣਕਾ ਹੈ।

ਪੁਆਧੀ ਬੋਲੀ ਪੰਜਾਬੀ ਦੀ ਉਪ ਬੋਲੀ ਹੋਣ ਦੇ ਬਾਵਜੂਦ ਕਾਫੀ ਵੱਖਰੀ ਜਿਹੀ ਜਾਪਦੀ ਹੈ। ਪੁਆਧ ਇਲਾਕੇ ਦੇ ਬਹੁਤ ਸਾਰੇ ਲੋਕ ਵੀ ਇਹ ਨਹੀਂ ਜਾਣਦੇ ਕਿ ਇਹ ਬੋਲੀ ਪੰਜਾਬੀ ਦੀ ਉਪ ਬੋਲੀ ਹੈ। ਬਹੁਤੇ ਪੰਜਾਬੀ ਲੋਕ ਵੀ ਇਸ ਨੂੰ ਹਿੰਦੀ ਦਾ ਇੱਕ ਰੂਪ ਸਮਝਦੇ ਹਨ। ਪੁਆਧੀ ਬੋਲੀ ਵਿਚ ਸਾਡੇ, ਤੁਹਾਡੇ ਨੂੰ 'ਮਾਰਾ', 'ਥਾਰਾ' ਕਹਿ ਕੇ ਸੰਬੋਧਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਪਿੰਡ ਨੂੰ 'ਗੌਂ' ਕਿਹਾ ਜਾਂਦਾ ਹੈ। ਟਕਸਾਲੀ ਪੰਜਾਬੀ ਅਤੇ ਪੁਆਧੀ ਦਾ ਸਭ ਤੋਂ ਉਘੜਵਾਂ ਫਰਕ ਇਹ ਹੈ ਕਿ ਪੁਆਧੀ ਬੋਲੀ ਵਿਚ ਪੰਜਾਬੀ ਦੀ 'ਸ਼', 'ਵ' ਧੁਨੀਆਂ ਹੁੰਦੀਆਂ ਹੀ ਨਹੀਂ। ਪੁਆਧੀ ਲੋਕ ਸ਼ਹਿਰ ਨੂੰ 'ਸਹਿਰ' ਹੀ ਬੋਲਦੇ ਹਨ। ਇਸ ਤਰ੍ਹਾਂ ਆਸ਼ਾ ਨੂੰ ਆਸਾ ਬੋਲਿਆ, ਲਿਖਿਆ ਜਾਂਦਾ ਹੈ। ਪੁਆਧੀ ਬੋਲਣ ਵਾਲੇ ਵਾਲੀਬਾਲ ਨੂੰ 'ਬਾਲੀਬਾਲ' ਹੀ ਬੋਲਦੇ ਹਨ; ਭਾਵ ਇਹ ਕੁਝ ਵਖਰੇਵੇਂ ਪੁਆਧੀ ਨੂੰ ਪੰਜਾਬੀ ਤੋਂ ਵੱਖ ਕਰਦੇ ਹਨ, ਬਾਕੀ ਬਹੁਤ ਸਾਰੇ ਸ਼ਬਦ ਪੰਜਾਬੀ ਵਾਲੇ ਵੀ ਬੋਲੇ ਜਾਂਦੇ ਹਨ।

ਪੁਆਧੀ ਬੋਲੀ ਵਿਚ ਭਗਤ ਆਸਾ ਰਾਮ ਬੈਦਵਾਨ ਸੋਹਾਣਾ ਦਾ ਬਹੁਤ ਉਚਾ ਨਾਂ ਹੈ। ਅੱਜ ਵੀ ਪੁਆਧੀ ਅਖਾੜਿਆਂ ਵਿਚ ਉਨ੍ਹਾਂ ਦੀਆਂ ਲਿਖਤਾਂ ਨੂੰ ਜਥੇ ਗਾਉਂਦੇ ਹਨ। ਅੱਜਕੱਲ੍ਹ ਚਰਨ ਪੁਆਧੀ, ਲਖਵੀਰ ਦੌਦਪੁਰ, ਮੋਹਨੀ ਤੂਰ ਵਰਗੇ ਪੁਆਧੀ ਮਾਂ ਬੋਲੀ ਦੇ ਧੀ-ਪੁੱਤ ਕਵਿਤਾ ਲਿਖ ਕੇ ਗਾ ਰਹੇ ਹਨ ਤੇ ਸਹਿਕ ਰਹੀ ਪੁਆਧੀ ਨੂੰ ਬਚਾਉਣ ਦਾ ਯਤਨ ਕਰ ਰਹੇ ਹਨ। ਇਨ੍ਹਾਂ ਦੇ ਯਤਨਾਂ ਨੂੰ ਫੇਸਬੁੱਕ 'ਤੇ ਹੁੰਗਾਰਾ ਵੀ ਮਿਲ ਰਿਹਾ ਹੈ, ਪਰ ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਪੁਆਧੀ ਬੋਲੀ ਦੀ ਤ੍ਰਾਸਦੀ ਨੂੰ ਮੈਂ ਆਪਣੇ ਪਿੰਡ ਦੇ ਪ੍ਰਸੰਗ ਵਿਚ ਬਿਆਨ ਕੇ ਪੂਰੇ ਇਲਾਕੇ ਦੇ ਦਰਦ ਨੂੰ ਪੰਜਾਬੀ ਤੇ ਪੁਆਧੀ ਪਿਆਰਿਆਂ ਦੀ ਨਜ਼ਰ ਵਿਚ ਲਿਆਉਣਾ ਚਾਹੁੰਦਾ ਹਾਂ। ਪੁਆਧ ਦੇ ਇਲਾਕੇ ਵਿਚ ਘੁੱਗ ਵਸਦਾ ਮੇਰਾ ਪਿੰਡ ਨਲਿਓਲਾ ਇਸ ਇਲਾਕੇ ਦਾ ਸਿਰ ਕੱਢਵਾਂ ਪਿੰਡ ਹੈ। ਅੱਜ ਤੋਂ ਤਕਰੀਬਨ ਪੰਦਰਾਂ ਵੀਹ ਸਾਲ ਪਹਿਲਾਂ ਆਪਣੀ ਬੋਲੀ ਪੁਆਧੀ ਦੇ ਪ੍ਰਭਾਵ ਹੇਠ ਪੰਜਾਬੀ ਰੰਗ ਵਿਚ ਰੰਗਿਆ ਨਜ਼ਰ ਆਉਂਦਾ ਸੀ। ਸਾਈਨ ਬੋਰਡ, ਟੂਰਨਾਮੈਂਟਾਂ ਦੇ ਇਸ਼ਤਿਹਾਰ, ਖੁਸ਼ੀ ਗਮੀ ਦੇ ਕਾਰਡ ਪੰਜਾਬੀ ਵਿਚ ਲਿਖੇ ਜਾਂਦੇ ਸਨ। ਇਸ ਤਰ੍ਹਾਂ ਪੂਰੇ ਪੁਆਧ ਦੇ ਇਲਾਕੇ ਵਿਚ ਹੁੰਦਾ ਸੀ ਪਰ ਹੁਣ ਇਹ ਸਭ ਪੁਆਧ ਤੇ ਹਰਿਆਣੇ ਵਾਲੇ ਇਲਾਕੇ ਵਿਚ ਹਿੰਦੀ ਵਿਚ ਲਿਖਿਆ ਨਜ਼ਰ ਆਉਂਦਾ ਹੈ। ਭਾਸ਼ਾਵਾਂ ਸਾਰੀਆਂ ਚੰਗੀਆਂ ਨੇ ਤੇ ਲਿਖੀਆਂ ਜਾਣੀਆਂ ਚਾਹੀਦੀਆਂ ਹਨ ਪਰ ਆਪਣੀ ਮਾਂ ਬੋਲੀ ਨੂੰ ਤਿਆਗ ਕੇ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਪੁਆਧੀ ਬੋਲੀ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਇਸ ਦੇ ਜਾਏ ਇਸ ਨੂੰ ਗੰਵਾਰਾਂ ਦੀ ਬੋਲੀ ਸਮਝ ਕੇ ਛੱਡ ਰਹੇ ਹਨ। ਨੌਕਰੀ ਪੇਸ਼ਾ ਜਾਂ ਕਿਸੇ ਕਾਰੋਬਾਰ ਕਾਰਨ ਸ਼ਹਿਰਾਂ ਨੂੰ ਚਲੇ ਗਏ ਲੋਕ ਉਥੇ ਜਾ ਕੇ ਉਥੋਂ ਦੀ ਭਾਸ਼ਾ ਬੋਲਣ ਲੱਗ ਪਏ ਹਨ। ਜਿਵੇਂ ਅੰਬਾਲੇ ਜਾ ਵਸੇ ਪੁਆਧੀ ਬੋਲਣ ਵਾਲੇ ਲੋਕ ਹਿੰਦੀ ਤੇ ਪਟਿਆਲੇ ਜਾ ਵਸਣ ਵਾਲੇ ਪੰਜਾਬੀ ਬੋਲਣ ਲੱਗੇ ਹਨ। ਇਨ੍ਹਾਂ ਦੇ ਬੱਚਿਆਂ ਦੇ ਕੰਨੀਂ ਤਾਂ ਪੁਆਧੀ ਬੋਲੀ ਪਈ ਹੀ ਨਹੀਂ। ਇਉਂ ਆਉਣ ਵਾਲੀਆਂ ਪੀੜ੍ਹੀਆਂ ਪੁਆਧੀ ਬੋਲੀ ਤੋਂ ਵਾਂਝੀਆਂ ਰਹਿ ਜਾਣਗੀਆਂ। ਵਿਦੇਸ਼ ਵਿਚ ਜਾ ਕੇ ਵਸਣ ਵਾਲੇ ਪੁਆਧੀ ਲੋਕ ਠੇਠ ਪੰਜਾਬੀ ਜਾਂ ਹਿੰਦੀ ਵਿਚ ਗੱਲ ਕਰ ਕੇ ਬਹੁਤ ਖੁਸ਼ ਹੁੰਦੇ ਹਨ। ਜਿਸ ਬੋਲੀ ਦੇ ਪੁੱਤ, ਕਪੁੱਤ ਹੋ ਜਾਣ ਉਹ ਬੋਲੀ ਬਹੁਤਾ ਚਿਰ ਜਿਉਂਦੀ ਨਹੀਂ ਰਹਿ ਸਕਦੀ।

ਆਧੁਨਿਕਤਾ ਦੀ ਦੌੜ ਹੁਣ ਸਾਡੇ ਪੁਆਧ ਦੇ ਪਿੰਡਾਂ ਤੱਕ ਪਹੁੰਚ ਗਈ ਹੈ ਜੋ ਸਾਡੀ ਮਾਂ ਬੋਲੀ ਨੂੰ ਆਪਣੇ ਇਲਾਕੇ ਵਿਚ ਹੀ ਬੇਗਾਨੀ ਬਣਾ ਰਹੀ ਹੈ। ਪਹਿਲਾਂ ਪਿੰਡਾਂ ਦੇ ਕੁਝ ਬੱਚੇ ਹੀ ਸ਼ਹਿਰਾਂ ਦੇ ਸਕੂਲ ਜਾਂਦੇ ਸਨ। ਉਥੇ ਹਿੰਦੀ ਤੇ ਠੇਠ ਪੰਜਾਬੀ ਬੋਲ ਕੇ ਪਿੰਡ ਆ ਕੇ ਆਪਣੇ ਘਰਦਿਆਂ ਨਾਲ ਪੁਆਧੀ ਬੋਲਦੇ ਸਨ ਪਰ ਹੁਣ ਤਾਂ ਪਬਲਿਕ ਸਕੂਲ ਪਿੰਡਾਂ ਤੱਕ ਪਹੁੰਚ ਗਏ ਹਨ ਜਿੱਥੇ ਪੁਆਧੀ ਛੱਡੋ, ਪੰਜਾਬੀ ਬੋਲਣ ਦੀ ਵੀ ਮਨਾਹੀ ਹੈ। ਇਸ ਤਰ੍ਹਾਂ ਇਸ ਉਪ-ਬੋਲੀ 'ਤੇ ਬਹੁਤ ਵੱਡਾ ਹਮਲਾ ਹੋ ਰਿਹਾ ਹੈ।

ਸਾਥੋਂ ਪਹਿਲੀ ਪੀੜ੍ਹੀ ਨੂੰ ਆਪਣੀ ਮਾਂ ਬੋਲੀ ਦਾ ਸ਼ਿੱਦਤ ਨਾਲ ਪਿਆਰ ਹੁੰਦਾ ਸੀ। ਜਿਹੜੇ ਬਜ਼ੁਰਗ ਆਪਣੇ ਧੀਆਂ ਪੁੱਤਰਾਂ ਨਾਲ ਮਜਬੂਰੀਵੱਸ ਸ਼ਹਿਰ ਆਏ ਹਨ ਉਹ ਅੱਜ ਵੀ ਪੁਆਧੀ ਹੀ ਬੋਲਦੇ ਹਨ। ਮੇਰੀ ਮਾਂ ਨੂੰ ਮੇਰੇ ਨਾਲ ਪਿੰਡ ਤੋਂ ਸ਼ਹਿਰ ਆਇਆਂ ਪੰਦਰਾਂ ਸਾਲ ਹੋ ਗਏ ਪਰ ਉਨ੍ਹਾਂ ਕਦੇ ਵੀ ਪੁਆਧੀ ਨੂੰ ਛੱਡ ਕੇ ਗੱਲ ਨਹੀਂ ਕੀਤੀ।

ਇਸੇ ਤਰ੍ਹਾਂ ਮੇਰੇ ਨਾਲ ਵੀ ਆਪਣੀ ਬੋਲੀ ਨਾਲ ਪਿਆਰ ਦੀ ਘਟਨਾ ਵਾਪਰੀ। ਮੇਰੀ ਪਤਨੀ ਮਾਝੇ ਤੋਂ ਹੈ। ਮੇਰਾ ਨਵਾਂ-ਨਵਾਂ ਵਿਆਹ ਹੋਇਆ ਤੇ ਮੈਂ ਆਪਣੀ ਪਤਨੀ ਦੇ ਪ੍ਰਭਾਵ ਹੇਠ ਉਸ ਨਾਲ ਪੰਜਾਬੀ ਵਿਚ ਗੱਲ ਕਰਦਾ ਕਰਦਾ ਚਾਚੇ ਦੇ ਮੁੰਡੇ ਨਾਲ ਵੀ ਪੰਜਾਬੀ ਵਿਚ ਗੱਲ ਕਰਨ ਲੱਗਾ। ਇਹ ਗੱਲਬਾਤ ਮੇਰੇ ਚਾਚਾ ਜੀ ਨੇ ਸੁਣੀ। ਉਹ ਗਜ਼ਟਡ ਅਫਸਰ ਸਨ ਤੇ ਆਪਣੇ ਦਫਤਰ ਵਿਚ ਵੀ ਪੁਆਧੀ ਬੋਲਦੇ ਸਨ। ਉਨ੍ਹਾਂ ਦੇ ਕਹਿਣ 'ਤੇ ਹੀ ਹਰਿਆਣੇ ਵਿਚ ਛੇਵੀਂ ਤੋਂ ਲੱਗਦੇ ਚੋਣਵੇਂ ਵਿਸ਼ਿਆਂ ਵਿਚ ਪੰਜਾਬੀ ਨੂੰ ਮੈਂ ਵਿਸ਼ੇ ਵਜੋਂ ਪੜ੍ਹਿਆ ਸੀ। ਮੇਰੀ ਗੱਲ ਸੁਣ ਕੇ ਉਹ ਗੁੱਸੇ ਵਿਚ ਆ ਕੇ ਮੈਨੂੰ ਕਹਿਣ ਲੱਗੇ, "ਸਹੁਰਿਆਂ ਦੇ ਥੱਲੇ ਇੰਨਾ ਵੀ ਨਹੀਂ ਲੱਗੀਦਾ ਕਿ ਆਪਣੀ ਭਾਸ਼ਾ ਹੀ ਛੱਡ ਦੇਵੋ।" ਇਹ ਗੱਲ ਸੁਣ ਕੇ ਮੈਨੂੰ ਅਹਿਸਾਸ ਹੋਇਆ ਕਿ ਮਾਂ ਬੋਲੀ ਨਿਰਾ ਮਨ ਦੇ ਭਾਵ ਪ੍ਰਗਟਾਵੇ ਦਾ ਸਾਧਨ ਹੀ ਨਹੀਂ ਸਗੋਂ ਸਵੈਮਾਣ ਦਾ ਪ੍ਰਤੀਕ ਵੀ ਹੁੰਦੀ ਹੈ। ਉਸ ਦਿਨ ਤੋਂ ਮੈਂ ਫੈਸਲਾ ਕੀਤਾ ਕਿ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਪੁਆਧੀ ਜ਼ਰੂਰ ਸਿਖਾਵਾਂਗਾ ਤੇ ਆਪ ਵੀ ਮਾਣ ਨਾਲ ਬੋਲਿਆ ਕਰਾਂਗਾ। ਅੱਜ ਮੇਰੇ ਬੱਚੇ ਭਾਵੇਂ ਪਟਿਆਲੇ ਰਹਿੰਦੇ ਤੇ ਪੜ੍ਹਦੇ ਹਨ ਤਾਂ ਵੀ ਪੁਆਧੀ ਬੜੇ ਮਾਣ ਨਾਲ ਤੇ ਚੰਗੀ ਤਰ੍ਹਾਂ ਬੋਲ ਲੈਂਦੇ ਹਨ।

ਅੱਜ ਇਸ ਉਪ-ਬੋਲੀ ਨੂੰ ਪ੍ਰਫੁੱਲਤ ਕਰਨ ਦੀ ਲੋੜ ਹੈ ਤੇ ਸਾਰੇ ਪੁਆਧੀਆਂ ਨੂੰ ਇਸ ਨੂੰ ਮਾਣ ਨਾਲ ਬੋਲਣਾ ਚਾਹੀਦਾ ਹੈ। ਕੁਝ ਸੰਸਥਾਵਾਂ ਜਿਵੇਂ ਕੌਮਾਂਤਰੀ ਪੁਆਧੀ ਮੰਚ, ਪੁਆਧੀ ਪੰਜਾਬੀ ਸੱਥ ਮੁਹਾਲੀ, ਜਵੰਤ ਪੂਨੀਆ ਦੀ ਪੁਆਧੀ ਸੱਥ ਤੇ ਰਾਜਪੁਰੇ ਵਾਲੇ ਮਨਜੀਤ ਵਰਗੇ ਪੁਆਧੀ ਪਿਆਰੇ ਟੀ.ਵੀ. ਚੈਨਲ ਚਲਾ ਕੇ ਇਸ ਨੂੰ ਬਚਾਉਣ ਤੇ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸਭ ਦੇ ਯਤਨ ਸ਼ਲਾਘਾਯੋਗ ਹਨ ਪਰ ਕਾਫੀ ਨਹੀਂ। ਮੇਰੀ ਮਾਂ ਬੋਲੀ ਨੂੰ ਆਪਣਿਆਂ ਦੀ ਬੇਰੁਖੀ ਤੋਂ ਬਚਾਉਣ ਤੇ ਇਸ ਤਰਾਸਦੀ 'ਚੋਂ ਕੱਢਣ ਲਈ ਸਭ ਲਿਖਾਰੀਆਂ, ਪੁਆਧੀ ਮੰਚਾਂ ਤੇ ਵਿਦਵਾਨਾਂ ਨੂੰ ਰਲ ਕੇ ਪਿੰਡ-ਪਿੰਡ ਸੈਮੀਨਾਰ ਕਰਨੇ ਚਾਹੀਦੇ ਹਨ ਤੇ ਲੋਕਾਂ ਨੂੰ ਆਪਣੀ ਇਸ ਬੋਲੀ ਦੀ ਅਮੀਰੀ ਬਾਰੇ ਦੱਸਣਾ ਚਾਹੀਦਾ ਹੈ ਤਾਂ ਜੋ ਪੁਆਧੀ ਪੰਜਾਬੀ ਮਾਂ ਬੋਲੀ ਦੇ ਮੁਕਟ ਦਾ ਸ਼ਿੰਗਾਰ ਹਮੇਸ਼ਾ ਬਣੀ ਰਹੇ। ਮੋਹਨੀ ਤੂਰ ਦੀ ਪੁਆਧੀ ਵਿਚ ਲਿਖੀ ਕਵਿਤਾ ਦੇ ਕੁਝ ਬੋਲ ਸਾਂਝੇ ਕਰ ਰਿਹਾ ਹਾਂ ਤਾਂ ਜੋ ਸਾਰੇ ਸਮਝ ਸਕਣ ਕਿ ਇਹ ਕਿੰਨੀ ਮਿੱਠੀ ਤੇ ਸੁਆਦਲੀ ਭਾਸ਼ਾ ਹੈ:

ਮੈਂ ਦਸਾਂ ਕਿਆ ਕਿਆ ਥਾਨੂੰ ਬਾਤਾਂ
ਰੈ ਲੋਕੋ ਮਾਰੇ ਪੁਆਧ ਕੀਆਂ।
ਕੋਈ ਕੋਈ ਹੋਏ ਤਾ ਦਿਲ ਕਾ ਖੋਟਾ
ਮੇਲਿਆ ਪਰ ਚਲੈ ਤਾ ਢਾਂਗ ਔਰ ਸੋਟਾ।
ਓਟਿਆਂ ਪਾ ਆਏ ਕਰਾਂ ਤੀਆਂ ਲਪਟਾਂ
ਜੀ ਗੰਦਲਾਂ ਕੇ ਸਾਗ ਕੀਆਂ।
ਮੈਂ ਦਸਾਂ ਕਿਆ ਕਿਆ ਥਾਨੂੰ ਬਾਤਾਂ
ਰੈ ਲੋਕੋ ਮਾਰੇ ਪੁਆਧ ਕੀਆਂ।



ਲਾਲ ਘੇਰੇ ਅੰਦਰ ਦਿਸਦਾ ਪੁਆਧ ਦਾ ਇਲਾਕਾ।


ਪੁਆਧ ਦੇ ਇਲਾਕੇ 'ਚੋਂ ਲੰਘਦੇ ਘੱਗਰ ਦਰਿਆ ਦਾ ਅੰਬਰੀ ਨਜ਼ਾਰਾ।

**ਪੁਆਧੀ ਬੋਲੀ ਵਿਚ ਭਗਤ ਆਸਾ ਰਾਮ ਬੈਦਵਾਨ ਸੋਹਾਣਾ ਦਾ ਬਹੁਤ ਉਚਾ ਨਾਂ ਹੈ। ਅੱਜ ਵੀ ਪੁਆਧੀ ਅਖਾੜਿਆਂ ਵਿਚ ਉਨ੍ਹਾਂ ਦੀਆਂ ਲਿਖਤਾਂ ਨੂੰ ਜਥੇ ਗਾਉਂਦੇ ਹਨ...**

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਫਰਵਰੀ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-467



*ਖੁਸ਼ੀ-ਖੁਸ਼ੀ ਸਵਾਰੀਆਂ ਚੱਲੀਆਂ ਨੇ,*
*ਜਾਣਾ ਕਿੱਥੇ ਹੈ ਇਸ ਦਾ ਹਿਸਾਬ ਕੋਈ ਨਾ।*
*ਰੈਲੀ ਹੋਣੀ ਹੈ ਕੋਈ ਸਿਆਸਤਾਂ ਦੀ,*
*ਵੋਟ ਕੀਹਦੀ ਹੈ? ਇਸ ਦਾ ਜਵਾਬ ਕੋਈ ਨਾ।*

### ਕੈਪਸ਼ਨ ਮੁਕਾਬਲਾ-465



ਪਾ ਕੇ ਕੁੜਤੇ ਲਾਏ ਚਾਦਰੇ
ਸਿਰ 'ਤੇ ਸਜਦੇ ਸ਼ਮਲੇ।
ਤੇਲ ਮਲ ਡਾਂਗ ਲਿਸ਼ਕਾਈ
ਹੱਥੀਂ ਫੜ ਬਣੇ ਯਮਲੇ।
ਵੇਸ 'ਕੱਲਾ ਨਾ ਜੰਗਾਂ ਜਿੱਤੇ
ਅਕਲਮੰਦ ਮੱਲਾਂ ਮਾਰੇ।
ਸੂਰਤ, ਸੀਰਤ ਦੋਵੇਂ ਚਾਹੀਏ
ਜੇਰਾ ਕਰੇ ਪਾਰ ਉਤਾਰੇ।
***-ਸੇਵਾ ਸਿੰਘ ਨੂਰਪੁਰੀ***

---

ਕੱਢਵੀਂ ਜੁੱਤੀ, ਤੇੜ ਚਾਦਰੇ
ਪੱਗ ਸਾਡੀ ਦੀ ਠੁੱਕ ਨਿਆਰੀ।
ਕੋਕੇ ਜੜਿਆ ਖੂੰਡਾ ਹੱਥ ਵਿਚ
ਨਾਢੂਖਾਹਾਂ ਦੀ ਭੁਗਤ ਸੁਆਰੀ।
ਖੇਤਾਂ ਦੇ ਅਸੀਂ ਪੁੱਤ ਕਹਾਈਏ
ਰਾਖੀ ਕਰਨ ਦੀ ਕਰੀ ਤਿਆਰੀ।
***-ਜਗਮੀਤ ਸਿੰਘ ਪੰਧੇਰ***
***ਪਿੰਡ ਕਲਾਹੜ (ਲੁਧਿਆਣਾ)***
***ਫੋਨ: 91-98783-37222***

---

ਦੇਸਾਂ ਵਿਚੋਂ ਦੇਸ ਪੰਜਾਬ
ਜਿਵੇਂ ਫੁੱਲਾਂ ਵਿਚੋਂ ਗੁਲਾਬ।
ਭੂੰਡ ਕੋਈ ਜੇ ਬੈਠਣਾ ਚਾਹੇ,
ਦੇਣਾ ਜਾਣਦੇ ਹਾਂ ਜਵਾਬ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ।***
***ਫੋਨ: 91-94176-49275***

---

ਚੜ੍ਹਦੀ ਕਲਾ ਵਿਚ ਸਦਾ ਹੀ ਰਹਿੰਦੇ
ਬੰਨ੍ਹ ਕੇ ਰੰਗ-ਬਰੰਗੀਆਂ ਦਸਤਾਰਾਂ।
ਜੁੱਤੀ ਦੀ ਨੋਕ 'ਤੇ ਰੱਖਣ ਦੋਖੀਆਂ ਨੂੰ,
ਹੱਥ ਵਿਚ ਖੂੰਡੇ, ਮਾਰਨ ਲਲਕਾਰਾਂ।
ਬੰਨ੍ਹਦੇ ਚਾਦਰੇ ਸ਼ੌਕੀਨ ਗੱਭਰੂ
ਪੰਜਾਬ ਦੇ ਜੰਮਿਆਂ ਨੂੰ ਨਿੱਤ ਵੰਗਾਰਾਂ।
***-ਦਵਿੰਦਰ ਕੌਰ***

---

ਛੈਲ-ਛਬੀਲੇ ਅਣਖੀਲੇ ਗੱਭਰੂ
ਤਿਆਰ-ਬਰ-ਤਿਆਰ ਮੇਰੇ ਦੇਸ਼ ਦੇ।
ਮੌਤ ਨੂੰ ਕਰਨ ਮਖੌਲਾਂ
ਪਰਵਾਨੇ ਆਜ਼ਾਦੀ ਦੇ ਪਰ ਦਰਵੇਸ਼ ਨੇ।
ਸੇਵਾ ਭਾਵ ਵਾਲੇ,
ਬਿਪਤਾ 'ਚ ਕੰਮ ਆਉਣ ਵਾਲੇ।
ਤੁਹਮਤਾਂ ਲੱਗਣ 'ਤੇ ਵੀ
ਜ਼ਾਬਤੇ 'ਚ ਰਹਿੰਦੇ ਹਮੇਸ਼ ਨੇ।
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾ, ਪਟਿਆਲਾ।***
***ਫੋਨ: 91-98784-69639***

---

ਸਾਦਾ ਹੈ ਸਾਡਾ ਪਹਿਰਾਵਾ
ਦਸਤਾਰ ਹੈ ਸਾਡੀ ਸ਼ਾਨ।
ਡਾਂਗਾਂ ਲਿਸ਼ਕਦੀਆਂ ਰੱਖਦੇ
ਬਚਾਉਣ ਲਈ ਆਪਣੀ ਆਨ।
ਹੱਕ-ਸੱਚ ਇਨਸਾਫ ਲਈ
ਹੋ ਸਕਦੇ ਹਾਂ ਕੁਰਬਾਨ।
***-ਇੰਦਰਜੀਤ ਮੰਗਾ, ਪਿਟਸਬਰਗ***

---

ਰੰਗ-ਬਰੰਗੇ ਕੁੜਤੇ-ਚਾਦਰੇ
ਰੰਗ-ਬਰੰਗੀਆਂ ਦਸਤਾਰਾਂ,
ਖਿੜ੍ਹੇ ਫੁੱਲਾਂ ਵਾਂਗ ਦੂਰੋਂ ਨਜ਼ਰੀਂ ਆਉਣ।
ਚਾਰ ਹੀ ਹੋਵਣ ਹੱਥੀਂ ਡਾਂਗਾਂ।
ਦੁੱਗਣੀ ਗਿਣਤੀ, ਰੋਅਬ ਵੀ ਦੂਣਾ।
ਤੁਰ ਪੈਣ ਜੇ ਹੱਕਾਂ ਲਈ ਸੀਨਾ ਤਾਣ
ਤੁਕ ਹੀ ਨਹੀਂ ਰਹਿ ਜਾਂਦੀ ਕਿ ਹੱਕ ਨਾ ਮਿਲੇ।
***-ਦਰਸ਼ਨਪਾਲ ਦੋਸਾਂਝ***

*To Advertise with Punjab Times Call: 847-359-0746*
*Fax:847-705-9388, e-mail:punjabtimes1@gmail.com*
*Visit us on the web:wwwpunjabtimesusa.com*

ਗੁਰਬਾਣੀ ਚਰਚਾ

# ਆਪੀਨੈ ਰਚਿਓ ਨਾਉ

ੴ ਸਤਿਨਾਮੁ

ਜਪੁਜੀ ਸਾਹਿਬ ਵਿਚ ਸਭ ਤੋਂ ਪਹਿਲਾ ਸਿੱਖ ਧਰਮ ਦਾ ਮੂਲ ਸਿਧਾਂਤ ਹੈ। ਸੰਖੇਪ ਵਿਚ ਵਿਚਾਰੀਏ ਤਾਂ ਇਕ ਹੀ ਪਰਮਾਤਮਾ ਨਿਰਗੁਣ ਅਤੇ ਸਰਗੁਣ ਰੂਪ ਵਿਚ ਵਿਆਪਕ ਹੈ। ਜੋ ਸਦਾ ਇਕਰਸ ਹੈ ਤੇ ਆਪਣੇ ਆਪ ਤੋਂ ਹੀ ਵਿਆਪਕ ਹੋਇਆ ਅਤੇ ਨਾਮ ਜਾਂ ਹੁਕਮ ਦੇ ਰੂਪ ਵਿਚ ਹਰ ਜੜ੍ਹ ਤੇ ਚੇਤਨ ਵਿਚ ਆਪ ਹੀ ਵਰਤ ਰਿਹਾ ਹੈ। ਗੁਰਬਾਣੀ ਵਿਚ ਇਸ ਨੂੰ ਸ਼ਬਦ ਕਿਹਾ ਗਿਆ ਹੈ। ਇਸੇ ਹੀ ਸ਼ਬਦ, ਹੁਕਮ ਜਾਂ ਨਾਮ ਤੋਂ ਸਾਰੇ ਬ੍ਰਹਿਮੰਡ ਦੀ ਰਚਨਾ ਹੋਈ ਹੈ ਅਤੇ ਸੰਭਾਲ ਹੋ ਰਹੀ ਹੈ। ਇਹ ਨਾਮ ਹੀ ਸਾਰੀ ਕਾਇਨਾਤ ਦਾ ਆਧਾਰ ਹੈ। ਨਾਮ ਹੀ ਬਿਜਲੀ ਵਾਂਗ ਸਭ ਜਗ੍ਹਾ ਪਰਿਪੂਰਨ ਹੈ, ਸਰਬ ਸ਼ਕਤੀਮਾਨ ਅਤੇ ਬੀਜ ਰੂਪ ਵਿਚ ਸਭ ਦਾ ਕਾਰਨ ਹੈ ਅਤੇ ਸਾਰਿਆਂ ਦੀ ਸੰਭਾਲ ਕਰ ਰਿਹਾ ਹੈ।

ਸੰਸਾਰ ਵਿਚ ਨਾਮ ਤੋਂ ਬਿਨਾ ਗੁਜ਼ਾਰਾ ਨਹੀਂ ਹੈ। ਹਰ ਪਦਾਰਥ, ਜੜ੍ਹ ਅਤੇ ਚੇਤਨ ਸਭ ਆਪਣੇ ਨਾਮ ਕਾਰਨ ਹੀ ਪਛਾਣੇ ਜਾਂਦੇ ਹਨ। ਪਦਾਰਥ

ਸੇਵਕ ਸਿੰਘ ਕੋਟਕਪੂਰਾ
ਫੋਨ: 661-444-3657

ਆਪਣੇ ਨਾਮ ਦੇ ਕਾਰਨ ਹੀ ਇਕ ਦੂਸਰੇ ਤੋਂ ਨਿਖੇੜੇ ਜਾਂਦੇ ਹਨ। ਜਦੋਂ ਵੀ ਕੋਈ ਵਸਤੂ ਖੋਜੀ ਜਾਂਦੀ ਹੈ, ਸਭ ਤੋਂ ਪਹਿਲਾਂ ਉਸ ਦਾ ਨਾਮਕਰਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਮ ਨਾਮੀ ਤੋਂ ਵੀ ਮਹੱਤਵਪੂਰਨ ਹੈ। ਨਾਮ ਤੋਂ ਬਿਨਾ ਕਿਸੇ ਵੀ ਵਸਤੂ ਦੀ ਪਛਾਣ ਹੀ ਨਹੀਂ ਹੋ ਸਕਦੀ। ਕਿਸੇ ਵੀ ਵਸਤੂ ਦਾ ਰੂਪ, ਰੰਗ, ਗੁਣ ਅਤੇ ਸੁਭਾਅ ਵਿਚਾਰ ਕੇ ਹੀ ਉਸ ਦਾ ਨਾਮਕਰਨ ਕੀਤਾ ਜਾਂਦਾ ਹੈ। ਵੱਖ ਵੱਖ ਬੋਲੀਆਂ ਵਿਚ ਇਕ ਹੀ ਵਸਤੂ ਨੂੰ ਵੱਖ-ਵੱਖ ਨਾਂਵਾਂ ਨਾਲ ਪੁਕਾਰਿਆ ਜਾਂਦਾ ਹੈ, ਪਰ ਮਕਸਦ ਉਸ ਦੀ ਪਛਾਣ ਕਰਨੀ ਹੀ ਹੁੰਦਾ ਹੈ। ਇਸੇ ਤਰ੍ਹਾਂ ਹੀ ਪਰਮਾਤਮਾ ਦੇ ਵੱਖੋ-ਵੱਖਰੇ ਗੁਣਾਂ ਅਤੇ ਕਰਮਾਂ ਕਰਕੇ ਹੀ ਹਰ ਬੋਲੀ ਵਿਚ ਅਨੇਕਾਂ ਹੀ ਨਾਮ ਰੱਖੇ ਗਏ ਹਨ, ਜੋ ਵੱਖ-ਵੱਖ ਹੁੰਦੇ ਹੋਏ ਵੀ ਉਸ ਇਕ ਹੀ ਪਰਮਾਤਮਾ ਦੇ ਨਾਮ ਹਨ ਅਤੇ ਉਸ ਦੇ ਗੁਣਾਂ ਅਤੇ ਕਰਮਾਂ ਨੂੰ ਹੀ ਪ੍ਰਗਟ ਕਰਦੇ ਹਨ; ਪਰ ਅਸਲ ਵਿਚ ਉਸ ਦਾ ਆਪਣਾ ਕੋਈ ਨਾਮ ਹੀ ਨਹੀਂ ਹੈ। ਉਸ ਨੂੰ ਤਾਂ ਕਿਸੇ ਵੀ ਨਾਮ ਦੀ ਲੋੜ ਨਹੀਂ ਹੈ। ਉਹ ਤਾਂ ਸ਼ਬਦ ਜਾਂ ਨਾਮ ਰੂਪ ਹੋ ਕੇ ਸਭ ਵਿਚ ਵਿਆਪਕ ਹੈ। ਵਿਅਕਤੀ ਨੇ ਹੀ ਉਸ ਨਾਲ ਜੁੜ ਕੇ ਉਸੇ ਨੂੰ ਹੀ ਆਪਣੇ ਅੰਦਰ ਪ੍ਰਗਟ ਕਰਨਾ ਹੈ। ਇਹੋ ਹੀ ਧਰਮ ਦਾ ਮੁੱਖ ਮੰਤਵ ਹੈ। ਜੀਵ ਅਸਲੀ ਅਤੇ ਪਰਮ ਧਰਮ ਹੈ। ਹੁਣ ਇਸ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

**ਪਉੜੀ**

ਆਪੀਨੈ ਆਪੁ ਸਾਜਿਓ
ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ
ਕਰਿ ਆਸਣੁ ਡਿਠੋ ਚਾਉ॥
ਦਾਤਾ ਕਰਤਾ ਤੂੰ ਤੁਸਿ
ਦੇਵਹਿ ਕਰਹਿ ਪਸਾਉ॥
ਤੂੰ ਜਾਣੋਈ ਸਭਸੈ ਦੇ
ਲੈਸਹਿ ਜਿੰਦੁ ਕਵਾਉ॥
ਕਰਿ ਆਸਣੁ ਡਿਠੋ ਚਾਉ॥1॥

ਆਸਾ ਕੀ ਵਾਰ ਦੀ ਪਹਿਲੀ ਪਉੜੀ ਵਿਚ ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਉਸ ਨਿਰਗੁਣ ਨਿਰੰਕਾਰ ਨੇ ਆਪ ਹੀ ਆਪਣੇ ਆਪ ਨੂੰ ਪ੍ਰਗਟ ਕੀਤਾ ਅਤੇ ਆਪਣੇ ਨਾਮ ਦੀ ਸਿਰਜਣਾ ਵੀ ਆਪ ਹੀ ਕੀਤੀ ਹੈ। ਉਸ ਨਾਮ ਤੋਂ ਹੀ ਇਸ ਸਾਰੀ ਕੁਦਰਤ ਦੀ ਸਾਜਨਾ ਕੀਤੀ ਹੈ ਅਤੇ ਆਪ ਹੀ ਆਪਣੀ ਰਚਨਾ ਵਿਚ ਵਿਆਪਕ ਹੋ ਕੇ ਵੱਸਿਆ ਹੋਇਆ ਹੈ, ਪਰ ਇਸ ਤੋਂ ਨਿਰਲੇਪ ਹੋ ਕੇ ਇਸ ਸਾਰੇ ਵਰਤਾਰੇ, ਜੋ ਨਾਮ ਰੂਪੀ ਹੁਕਮ ਅਨੁਸਾਰ ਵਰਤ ਰਿਹਾ ਹੈ, ਨੂੰ ਅਨੰਦ ਪੂਰਵਕ ਦੇਖ ਵੀ ਰਿਹਾ ਹੈ। ਪਰਮਾਤਮਾ ਆਪ ਹੀ ਕਰਤਾ ਅਤੇ ਆਪ ਹੀ ਸਭ ਦਾਤਾਂ ਦੇਣ ਵਾਲਾ ਹੈ। ਆਪ ਹੀ ਸੰਸਾਰ ਨੂੰ ਆਪਣੀ ਪ੍ਰਸੰਨਤਾ ਨਾਲ ਉਸ ਦੇ ਕੀਤੇ ਕਰਮਾਂ ਅਨੁਸਾਰ ਬਿਨਾ ਕਿਸੇ ਵਿਤਕਰੇ ਦੇ ਦਾਤਾਂ ਦੇ ਰਿਹਾ ਹੈ। ਪਰਮਾਤਮਾ ਅੰਤਰਜਾਮੀ ਹੈ, ਸਭ ਦੇ ਦਿਲਾਂ ਦੀਆਂ ਭਾਵਨਾਵਾਂ ਅਤੇ ਵਾਸ਼ਨਾਵਾਂ ਨੂੰ ਵੀ ਜਾਣਦਾ ਹੈ। ਸਾਰੇ ਹੀ ਜੀਵਾਂ ਨੂੰ ਜੀਵਨ ਦੇਣ ਵਾਲਾ, ਪਾਲਣਾ ਕਰਨ ਵਾਲਾ ਅਤੇ ਜੀਵਨ ਦਾ ਅੰਤ ਕਰਨ ਵਾਲਾ ਵੀ ਉਹ ਹੀ ਹੈ। ਇਸ ਬ੍ਰਹਿਮੰਡ ਵਿਚ ਵਿਆਪਕ ਹੈ ਅਤੇ ਨਿਰਲੇਪ ਹੋ ਕੇ ਸਾਰੀ ਰਚਨਾ ਨੂੰ ਦੇਖ ਵੀ ਰਿਹਾ ਹੈ।

**ਪਉੜੀ**

ਨਾਨਕ ਜੀਅ ਉਪਾਇ ਕੈ
ਲਿਖਿ ਨਾਵੈ ਧਰਮੁ ਬਹਾਲਿਆ॥
ਓਥੈ ਸਚੇ ਹੀ ਸਚਿ ਨਿਬੜੈ
ਚੁਣ ਵਖਿ ਕਢੇ ਜਜਮਾਲਿਆ॥
ਥਾਉ ਨ ਪਾਇਨਿ
ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥
ਤੇਰੈ ਨਾਇ ਰਤੇ ਸੇ ਜਿਣਿ ਗਏ
ਹਾਰਿ ਗਏ ਸਿ ਠਗਣ ਵਾਲਿਆ॥
ਲਿਖਿ ਨਾਵੈ ਧਰਮੁ ਬਹਾਲਿਆ॥2॥

ਫਿਰ ਇਸੇ ਹੀ ਵਿਚਾਰ ਨੂੰ ਅੱਗੇ ਵਧਾਉਂਦੇ ਹੋਏ ਦੂਸਰੀ ਪਉੜੀ ਵਿਚ ਫਰਮਾਉਂਦੇ ਹਨ ਕਿ ਪਰਮਾਤਮਾ ਦੀ ਰਚੀ ਹੋਈ ਰਚਨਾ ਆਪਣੇ ਆਪ ਅਤੇ ਬਿਨਾ ਕਿਸੇ ਅਸੂਲ ਤੋਂ ਨਹੀ ਚੱਲ ਰਹੀ ਹੈ। ਸਭ ਕੁਝ ਹੁਕਮ ਅਨੁਸਾਰ ਹੀ ਚਲ ਰਿਹਾ ਹੈ। ਉਸ ਨੇ ਆਪਣੇ ਨਾਮ ਰੂਪੀ ਹੁਕਮ ਰਾਹੀਂ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ-ਜੋਖਾ ਕਰਨ ਲਈ ਧਰਮਰਾਜ ਰੂਪੀ ਨਿਆਂਕਾਰ ਵੀ ਸਥਾਪਿਤ ਕਰ ਦਿੱਤਾ ਹੈ। ਧਰਮਰਾਜ ਦੇ ਦਰਬਾਰ ਵਿਚ ਸੱਚਾ ਅਤੇ ਸਹੀ ਨਿਆਂ ਕੀਤਾ ਜਾਂਦਾ ਹੈ। ਬੁਰੇ ਕੰਮ ਕਰਨ ਵਾਲਿਆਂ ਨੂੰ ਵੱਖ ਕਰ ਲਿਆ ਜਾਂਦਾ ਹੈ। ਮਾਇਕ ਪਦਾਰਥਾਂ ਵਿਚ ਖਚਿਤ ਹੋ ਕੇ ਬੁਰੇ ਕੰਮ ਕਰਨ ਵਾਲਿਆਂ ਨੂੰ ਮੂੰਹ ਕਾਲੇ ਕਰਕੇ ਨਰਕਾਂ ਵਿਚ ਪਾਇਆ ਜਾਂਦਾ ਹੈ। ਹੇ ਪ੍ਰਭੂ, ਤੇਰੇ ਨਾਮ ਵਿਚ ਰੰਗੇ ਹੋਏ ਭਗਤ ਆਪਣੀ ਜੀਵਨ ਰੂਪੀ ਬਾਜ਼ੀ ਜਿੱਤ ਕੇ ਆਪ ਨੂੰ ਪ੍ਰਵਾਨ ਹੋ ਜਾਂਦੇ ਹਨ, ਪਰ ਠੱਗੀਆਂ ਧੋਖੇ ਕਰਨ ਵਾਲੇ ਇਹ ਜਨਮ ਰੂਪੀ ਬਾਜ਼ੀ ਹਾਰ ਗਏ ਅਤੇ ਆਪ ਜੀ ਦਰਗਾਹ ਪ੍ਰਵਾਨ ਨਾ ਹੋ ਸਕੇ। ਸੋ ਇਹ ਧਰਮਰਾਜ ਰੂਪੀ ਨਿਆਂਕਾਰ ਵੀ ਤੇਰਾ ਥਾਪਿਆ ਹੋਇਆ ਤੇਰੇ ਹੁਕਮ ਅਨੁਸਾਰ ਹੀ ਸਾਰੀ ਕਾਰ ਕਰ ਰਿਹਾ ਹੈ।

> **ਜਦੋਂ ਤੋਂ ਸੰਸਾਰ ਦੀ ਰਚਨਾ ਹੋਈ ਹੈ, ਸਾਰੇ ਹੀ ਜੀਵ ਪਰਮ ਸੁਖ ਦੀ ਖੋਜ ਵਿਚ ਹਨ। ਸੁਖ ਦੀ ਪ੍ਰਾਪਤੀ ਦਾ ਸਾਧਨ ਸਿਰਫ ਨਾਮ ਹੀ ਹੈ। ਨਾਮ ਸਿਮਰਨ ਰਾਹੀਂ ਸੁਰਤਿ ਸੰਸਾਰ ਅਤੇ ਸਰੀਰ ਵਲੋਂ ਮੁੜ ਕੇ ਅੰਤਰਮੁਖੀ ਹੋ ਕੇ ਇਸਥਿਤ ਹੋ ਜਾਂਦੀ ਹੈ। ਇਸ ਦੇ ਸਥਿਰ ਹੋਣ ਨਾਲ ਅਨਹਦ ਸ਼ਬਦ ਦੀ ਧੁਨੀ ਪ੍ਰਗਟ ਹੋ ਜਾਂਦੀ ਹੈ। ਨਾਮ ਦੇ ਅਭਿਆਸ ਨਾਲ ਸੁਰਤ ਸ਼ਬਦ ਵਿਚ ਲੀਨ ਹੋ ਜਾਂਦੀ ਹੈ। ਸ਼ਬਦ ਰਾਹੀਂ ਪਰਮਾਤਮਾ ਵਿਚ ਲੀਨ ਹੋ ਕੇ ਹੀ ਪਰਮ ਸੁਖ ਪ੍ਰਾਪਤ ਹੁੰਦਾ ਹੈ। ਸੁਖਮਨੀ ਸਾਹਿਬ ਦੀ ਰਹਾਉ ਦੀਆਂ ਦੋ ਤੁਕਾਂ ਇਸ ਨੂੰ ਪ੍ਰਗਟ ਕਰਦੀਆਂ ਹਨ।**

ਜਦੋਂ ਤੋਂ ਸੰਸਾਰ ਦੀ ਰਚਨਾ ਹੋਈ ਹੈ, ਸਾਰੇ ਹੀ ਜੀਵ ਪਰਮ ਸੁਖ ਦੀ ਖੋਜ ਵਿਚ ਹਨ। ਸੁਖ ਦੀ ਪ੍ਰਾਪਤੀ ਦਾ ਸਾਧਨ ਸਿਰਫ ਨਾਮ ਹੀ ਹੈ। ਨਾਮ ਸਿਮਰਨ ਰਾਹੀਂ ਸੁਰਤਿ ਸੰਸਾਰ ਅਤੇ ਸਰੀਰ ਵਲੋਂ ਮੁੜ ਕੇ ਅੰਤਰਮੁਖੀ ਹੋ ਕੇ ਇਸਥਿਤ ਹੋ ਜਾਂਦੀ ਹੈ। ਇਸ ਦੇ ਸਥਿਰ ਹੋਣ ਨਾਲ ਅਨਹਦ ਸ਼ਬਦ ਦੀ ਧੁਨੀ ਪ੍ਰਗਟ ਹੋ ਜਾਂਦੀ ਹੈ। ਨਾਮ ਦੇ ਅਭਿਆਸ ਨਾਲ ਸੁਰਤ ਸ਼ਬਦ ਵਿਚ ਲੀਨ ਹੋ ਜਾਂਦੀ ਹੈ। ਸ਼ਬਦ ਰਾਹੀਂ ਪਰਮਾਤਮਾ ਵਿਚ ਲੀਨ ਹੋ ਕੇ ਹੀ ਪਰਮ ਸੁਖ ਪ੍ਰਾਪਤ ਹੁੰਦਾ ਹੈ। ਸੁਖਮਨੀ ਸਾਹਿਬ ਦੀ ਰਹਾਉ ਦੀਆਂ ਦੋ ਤੁਕਾਂ ਇਸ ਨੂੰ ਪ੍ਰਗਟ ਕਰਦੀਆਂ ਹਨ।

ਸੁਖਮਨੀ ਸਾਹਿਬ ਦਾ ਮੂਲ ਮੰਤਰ ਇਸ ਦੀ ਰਹਾਉ ਦੀਆਂ ਦੋ ਤੁਕਾਂ ਹਨ, ਜਿਸ ਦੇ ਇਰਦ ਗਿਰਦ ਸਾਰਾ ਸੁਖਮਨੀ ਸਾਹਿਬ ਦਾ ਪਾਸਾਰ ਪਸਰਿਆ ਹੋਇਆ ਹੈ, ਉਹ ਹੈ,

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥
ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥

ਪ੍ਰਭੂ ਦਾ ਨਾਮ ਅੰਮ੍ਰਿਤ ਹੈ ਅਤੇ ਸਭ ਸੁਖਾਂ ਦੀ ਮਣੀ ਹੈ। ਭਾਵ ਇਹ ਕਿ ਪਰਮੇਸ਼ੁਰ ਦਾ ਅੰਮ੍ਰਿਤ ਰੂਪੀ ਨਾਮ ਹੀ ਸੱਚੇ ਸੁੱਖਾਂ ਦਾ ਭੰਡਾਰ ਹੈ ਅਤੇ ਇਸ ਨਾਮ ਦਾ ਨਿਵਾਸ ਪ੍ਰਭੂ ਦੇ ਭਗਤ ਜਨਾਂ ਦੇ ਮਨ ਵਿਚ ਹੁੰਦਾ ਹੈ।

ਹਰਿ ਕਾ ਜਨੁ ਕਉ ਮੁਕਤਿ ਜੁਗਤਿ॥
ਹਰਿ ਕੈ ਨਾਮਿ ਜਨ ਕਉ ਤ੍ਰਿਪਤਿ ਭੁਗਤਿ॥
ਹਰਿ ਕਾ ਨਾਮੁ ਜਨ ਕਾ ਰੂਪ ਰੰਗੁ॥
ਹਰਿ ਨਾਮੁ ਜਪਤ ਕਬ ਪਰੈ ਨ ਭੰਗੁ॥
ਹਰਿ ਕਾ ਨਾਮੁ ਜਨ ਕੀ ਵਡਿਆਈ॥
ਹਰਿ ਕੈ ਨਾਮਿ ਜਨ ਸੋਭਾ ਪਾਈ॥
ਹਰਿ ਕਾ ਨਾਮੁ ਜਨ ਕਉ ਭੋਗ ਜੋਗ॥
ਹਰਿ ਨਾਮੁ ਜਪਤ ਕਛੁ ਨਾਹਿ ਬਿਓਗੁ॥
ਜਨੁ ਰਾਤਾ ਹਰਿ ਨਾਮ ਕੀ ਸੇਵਾ॥
ਨਾਨਕ ਪੂਜੈ ਹਰਿ ਹਰਿ ਦੇਵਾ॥6॥

ਅੱਗੇ ਫਿਰ ਦੂਜੀ ਅਸ਼ਟਪਦੀ ਦੇ ਛੇਵੇਂ ਪਦ ਵਿਚ ਗੁਰੂ ਅਰਜਨ ਦੇਵ ਜੀ ਉਪਦੇਸ਼ ਦਿੰਦੇ ਹਨ ਕਿ ਹਰੀ ਦਾ ਨਾਮ ਹੀ ਮੁਕਤੀ ਪ੍ਰਾਪਤ ਕਰਨ ਦੀ ਅਸਲ ਜੁਗਤੀ ਹੈ। ਹਰੀ ਦਾ ਨਾਮ ਹੀ ਭਗਤ ਦਾ ਅਸਲੀ ਭੋਜਨ ਹੈ, ਜਿਸ ਨਾਲ ਤ੍ਰਿਪਤੀ ਅਤੇ ਸ਼ਾਂਤੀ ਮਿਲਦੀ ਹੈ। ਹਰੀ ਦੇ ਭਗਤ ਦਾ ਰੰਗ ਰੂਪ ਵੀ ਹਰੀ ਦਾ ਨਾਮ ਹੀ ਹੁੰਦਾ ਹੈ ਤੇ ਹਰੀ ਦਾ ਨਾਮ ਜਪਣ ਨਾਲ ਸਾਰੇ ਵਿਘਨਾਂ ਦਾ ਨਾਸ਼ ਹੋ ਜਾਂਦਾ ਹੈ। ਅਤੇ ਉਸ ਦੇ ਕਿਸੇ ਵੀ ਕੰਮ ਵਿਚ ਕੋਈ ਰੁਕਾਵਟ ਨਹੀਂ ਆਉਂਦੀ। ਭਗਤ ਦੀ ਸੱਚੀ ਵਡਿਆਈ ਵੀ ਹਰੀ ਦਾ ਨਾਮ ਹੀ ਹੁੰਦੀ ਹੈ ਅਤੇ ਨਾਮ ਦੁਆਰਾ ਹੀ ਭਗਤ ਨੂੰ ਸ਼ੋਭਾ ਮਿਲਦੀ ਹੈ। ਉਸ ਦੇ ਅਤੇ ਉਸ ਦੇ ਪਰਿਵਾਰ ਦਾ ਜੀਵਨ ਨਿਰਵਾਹ ਕਰਨ ਦਾ ਸਾਧਨ ਵੀ ਨਾਮ ਤੋਂ ਹੀ ਪ੍ਰਾਪਤ ਹੁੰਦਾ ਹੈ ਅਤੇ ਨਾਮ ਹੀ ਭਗਤ ਦੀ ਮੁਕਤੀ ਦਾ ਸਾਧਨ ਬਣਦਾ ਹੈ। ਨਾਮ ਜਪਣ ਵਾਲੇ ਭਗਤ ਨੂੰ ਪਲ ਭਰ ਲਈ ਵੀ ਹਰੀ ਦਾ ਵਿਛੋੜਾ ਨਹੀਂ ਸਹਿਣਾ ਪੈਂਦਾ। ਜੋ ਭਗਤ ਨਾਮ ਸਿਮਰਨ ਕਰਦਾ ਹੈ, ਉਹ ਭਗਤੀ ਹੀ ਹਰੀ ਦੀ ਸੇਵਾ ਅਤੇ ਹਰੀ ਦੀ ਸੱਚੀ ਪੂਜਾ ਹੈ। ਹਰੀ ਪਰਮਾਤਮਾ ਦਾ ਭਗਤ ਹਰੀ ਤੋਂ ਬਿਨਾ ਹੋਰ ਕਿਸੇ ਦੀ ਵੀ ਪੂਜਾ ਅਰਚਨਾ ਨਹੀਂ ਕਰਦਾ।

ਬੀਜ ਮੰਤ੍ਰੁ ਸਰਬ ਕੋ ਗਿਆਨੁ॥
ਚਹੁ ਵਰਨਾ ਮਹਿ ਜਪੈ ਕੋਊ ਨਾਮੁ॥
ਜੋ ਜੋ ਜਪੈ ਤਿਸ ਕੀ ਗਤਿ ਹੋਇ॥
ਸਾਧਸੰਗਿ ਪਾਵੈ ਜਨੁ ਕੋਇ॥
ਕਰਿ ਕਿਰਪਾ ਅੰਤਰਿ ਉਰ ਧਾਰੈ॥
ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ॥
ਸਰਬ ਰੋਗ ਕਾ ਅਉਖਦੁ ਨਾਮੁ॥
ਕਲਿਆਣ ਰੂਪ ਮੰਗਲ ਗੁਣ ਗਾਮ॥
ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ॥
ਨਾਨਕ ਤਿਸੁ ਮਿਲੈ
ਜਿਸੁ ਲਿਖਿਆ ਧੁਰਿ ਕਰਮਿ॥5॥

ਅੱਗੇ ਨੌਵੀਂ ਅਸ਼ਟਪਦੀ ਦੇ ਪੰਜਵੇਂ ਪਦ ਵਿਚ ਉਪਦੇਸ਼ ਕਰਦੇ ਹਨ ਕਿ ਸਾਰੇ ਕਿਸਮ ਦੇ ਗਿਆਨ ਅਤੇ ਮੰਤਰਾਂ ਦਾ ਬੀਜ ਰੂਪੀ ਕਾਰਨ ਤੇ ਸੱਚੇ ਗਿਆਨ ਦਾ ਸਰੋਤ ਨਾਮ ਹੀ ਹੈ। ਸਾਰੀਆਂ ਹੀ ਜਾਤੀਆਂ ਅਤੇ ਵਰਨਾਂ ਵਿਚੋਂ ਜੋ ਵੀ ਵਿਅਕਤੀ ਨਾਮ ਜਪਦਾ ਹੈ, ਉਹ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਕਿਸੇ ਵਿਰਲੇ ਵਿਅਕਤੀ ਨੂੰ ਹੀ ਸਾਧੂ ਜਨਾਂ ਦੀ ਸੰਗਤਿ ਵਿਚੋਂ ਨਾਮ ਦੀ ਪ੍ਰਾਪਤੀ ਹੁੰਦੀ ਹੈ ਅਤੇ ਜੋ ਵਿਅਕਤੀ ਹਰੀ ਦੀ ਕਿਰਪਾ ਸਦਕਾ ਹਿਰਦੇ ਵਿਚ ਨਾਮ ਵਸਾ ਲੈਂਦਾ ਹੈ, ਉਸ ਦਾ ਪਾਰ ਉਤਾਰਾ ਹੋ ਜਾਂਦਾ ਹੈ। ਨਾਮ ਵਿਚ ਹੀ ਇਹ ਸਮਰੱਥਾ ਹੈ ਕਿ ਪਸ਼ੂ, ਪ੍ਰੇਤ ਆਦਿ ਜੂਨੀਆਂ ਅਤੇ ਮੂਰਖ ਤੇ ਪੱਥਰ ਹਿਰਦਿਆਂ ਵਾਲੇ ਵਿਅਕਤੀਆਂ ਦਾ ਵੀ ਕਲਿਆਣ ਕਰ ਸਕੇ। ਨਾਮ ਹਰ ਕਿਸਮ ਦੇ ਰੋਗਾਂ ਦਾ ਇਲਾਜ ਕਰਨ ਦੇ ਸਮਰੱਥ ਹੈ। ਪਰਮੇਸੁਰ ਦਾ ਨਾਮ ਸਿਮਰਨ ਅਤੇ ਅਭਿਆਸ ਅਨੰਦਮਈ ਤੇ ਕਲਿਆਣਕਾਰੀ ਹੈ। ਅਜਿਹੀ ਸਮਰੱਥਾ ਵਾਲਾ ਪ੍ਰਭੂ ਦਾ ਨਾਮ ਸਧਾਰਨ ਉਕਤੀਆਂ ਅਤੇ ਜੁਗਤੀਆਂ ਰਾਹੀਂ ਪ੍ਰਾਪਤ ਨਹੀਂ ਹੁੰਦਾ। ਇਹ ਸਿਰਫ ਪ੍ਰਭੂ ਦੀ ਦਇਆ ਅਤੇ ਮਿਹਰ ਨਾਲ ਤੇ ਉਸ ਦੀ ਰਜ਼ਾ ਸਦਕਾ ਪ੍ਰਾਪਤ ਹੁੰਦਾ ਹੈ।

ਨਾਮ ਕੇ ਧਾਰੇ ਸਗਲੇ ਜੰਤ॥
ਨਾਮ ਕੇ ਧਾਰੇ ਖੰਡ ਬ੍ਰਹਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥
ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥
ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥
ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
ਕਰਿ ਕਿਰਪਾ ਜਿਸੁ ਆਪਨੈ ਨਾਮਿ ਲਾਏ॥
ਨਾਨਕ ਚਉਥੇ ਪਦ ਮਹਿ
ਸੋ ਜਨੁ ਗਤਿ ਪਾਏ॥5॥

ਫਿਰ ਅੱਗੇ 16ਵੀਂ ਅਸ਼ਟਪਦੀ ਦੇ ਪੰਜਵੇਂ ਪਦ ਵਿਚ ਉਪਦੇਸ਼ ਦਿੰਦੇ ਹਨ ਕਿ ਨਾਮ ਦੇ ਆਸਰੇ ਹੀ ਸਾਰੇ ਜੀਵ ਜੰਤੂ ਕਾਇਮ ਹਨ ਅਤੇ ਸਾਰੇ ਹੀ ਖੰਡਾਂ ਤੇ ਬ੍ਰਹਿਮੰਡਾਂ ਦਾ ਆਧਾਰ ਅਤੇ ਆਸਰਾ ਪ੍ਰਭੂ ਦਾ ਨਾਮ ਹੀ ਹੈ। ਸਾਰੇ ਹੀ ਵੇਦ ਪੁਰਾਣ ਅਤੇ ਸਿਮਰਤੀਆਂ ਇਸ ਨਾਮ ਤੋਂ ਹੀ ਉਤਪੰਨ ਹੋਏ ਹਨ। ਗਿਆਨ, ਧਿਆਨ ਅਤੇ ਹੋਰ ਸਾਧਨਾਂ ਦਾ ਆਧਾਰ ਅਤੇ ਮੂਲ ਵੀ ਪ੍ਰਭੂ ਦਾ ਨਾਮ ਹੀ ਹੈ। ਇਹ ਸਾਰੇ ਸਾਧਨ ਪ੍ਰਭੂ ਅਤੇ ਨਾਮ ਦੀ ਪ੍ਰਾਪਤੀ ਦਾ ਸਾਧਨ ਹੀ ਹਨ। ਸਾਰੇ ਹੀ ਆਕਾਸ਼ ਅਤੇ ਪਾਤਾਲ ਆਦਿ ਲੋਕ ਨਾਮ ਦੇ ਆਸਰੇ ਹੀ ਸਥਿਤ ਹਨ। ਗੁਰਮੁਖਾਂ ਦੀ ਸੰਗਤ ਅਤੇ ਅਨਹਦ ਨਾਮ ਨੂੰ ਸੁਣਨ ਕਰਕੇ ਹੀ ਭਗਤ ਜਨ ਇਸ ਸੰਸਾਰ ਰੂਪੀ ਸਾਗਰ ਤੋਂ ਪਾਰ ਹੁੰਦੇ ਹਨ। ਜਿਸ ਵਿਅਕਤੀ ਨੂੰ ਪ੍ਰਭੂ ਕਿਰਪਾ ਕਰਕੇ ਆਪਣੇ ਨਾਮ ਨਾਲ ਜੋੜ ਲੈਂਦਾ ਹੈ, ਉਹ ਚੌਥਾ ਪਦ ਭਾਵ ਪ੍ਰਕਿਰਤੀ ਦੇ ਤਿੰਨਾਂ ਗੁਣਾਂ ਨੂੰ ਪਾਰ ਕਰਕੇ ਮਾਇਆ ਦੇ ਜੰਜਾਲ ਤੋਂ ਮੁਕਤ ਹੋ ਜਾਂਦਾ ਹੈ।

ਸੰਤਸੰਗਿ ਅੰਤਰਿ ਪ੍ਰਭੁ ਡੀਠਾ॥
ਨਾਮੁ ਪ੍ਰਭੂ ਕਾ ਲਾਗਾ ਮੀਠਾ॥
ਸਗਲ ਸਮਿਗ੍ਰੀ ਏਕਸੁ ਘਟ ਮਾਹਿ॥
ਅਨਿਕ ਰੰਗ ਨਾਨਾ ਦ੍ਰਿਸਟਾਹਿ॥
ਨਉਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥
ਦੇਹੀ ਮਹਿ ਇਸ ਕਾ ਬਿਸ੍ਰਾਮੁ॥
ਸੁੰਨ ਸਮਾਧਿ ਅਨਹਤ ਤਹ ਨਾਦ॥
ਕਹਨੁ ਨ ਜਾਈ ਅਚਰਜ ਬਿਸਮਾਦ॥
ਤਿਨਿ ਦੇਖਿਆ ਜਿਸੁ ਆਪਿ ਦਿਖਾਏ॥
ਨਾਨਕ ਤਿਸੁ ਜਨ ਸੋਝੀ ਪਾਏ॥1॥

ਹੁਣ 23ਵੀਂ ਅਸ਼ਟਪਦੀ ਦੇ ਪਹਿਲੇ ਪਦ ਵਿਚ ਫਰਮਾਨ ਕਰਦੇ ਹਨ ਕਿ ਸੰਤ ਪੁਰਸ਼ਾਂ ਦੀ ਸੰਗਤ ਕਰਨ ਨਾਲ ਪਰਮਾਤਮਾ ਦਾ ਨਾਮ ਮਿੱਠਾ ਅਤੇ ਪਿਆਰਾ ਲੱਗਣ ਲੱਗ ਪਿਆ। ਨਾਮ ਨਾਲ ਪ੍ਰੀਤ ਹੋਣ ਕਰਕੇ ਆਪਣੇ ਅੰਤਰ ਆਤਮੇ ਹੀ ਉਸ ਪ੍ਰਭੂ ਦਾ ਦਰਸ਼ਨ ਹੋ ਗਿਆ ਹੈ। ਇਸ ਸਰੀਰ ਦੇ ਅੰਦਰ ਹੀ ਅਨੰਤ ਰੰਗਾਂ ਰੂਪਾਂ ਵਾਲੀ ਸ੍ਰਿਸ਼ਟੀ ਦਿਖਾਈ ਦੇਣ ਲੱਗ ਪਈ ਹੈ। ਸਾਰੇ ਹੀ ਖਜ਼ਾਨਿਆਂ ਨਾਲ ਭਰਪੂਰ ਪ੍ਰਭੂ ਦਾ ਨਾਮ ਵੀ ਅੰਤਰ ਆਤਮਾ ਦੀ ਸੁੰਨ ਸਮਾਧੀ ਅਵਸਥਾ ਵਿਚ ਦਿਖਾਈ ਦੇਣ ਲੱਗ ਪਿਆ ਹੈ। ਇਸੇ ਅਵਸਥਾ ਵਿਚ ਹੀ ਅਨਹਦ ਨਾਦ ਦਾ ਅਨੁਭਵ ਵੀ ਹੋ ਰਿਹਾ ਹੈ। ਇਸ ਵਿਸਮਾਦੀ ਅਵਸਥਾ ਨੂੰ ਅਤੇ ਇਸ ਦੇ ਅਨੰਦ ਨੂੰ ਬਿਆਨ ਹੀ ਨਹੀਂ ਕੀਤਾ ਜਾ ਸਕਦਾ। ਜਿਸ ਵਡਭਾਗੀ ਵਿਅਕਤੀ 'ਤੇ ਪ੍ਰਭੂ ਕਿਰਪਾ ਕਰਦਾ ਹੈ, ਉਸ ਨੂੰ ਇਹ ਸਭ ਨਜ਼ਾਰੇ ਅੰਤਰ ਆਤਮਾ ਵਿਚ ਹੀ ਦਿਖਾ ਦਿੰਦਾ ਹੈ।

ਹੋਰ ਕਿੰਨੀਆਂ ਮਿਸਾਲਾਂ ਦਿੱਤੀਆਂ ਜਾਣ ਸਾਰਾ ਹੀ ਗੁਰੂ ਗ੍ਰੰਥ ਸਾਹਿਬ ਜਿਥੋਂ ਚਾਹੋ ਖੋਲ ਲਵੋ, ਪਰਮਾਤਮਾ ਅਤੇ ਉਸ ਦੇ ਨਾਮ ਦੀ ਹੀ ਮਹਿਮਾ ਕਰ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦੇ ਦਰ ਤਾਂ ਨਾਮ ਅਭਿਆਸ ਅਤੇ ਭਗਤੀ ਹੀ ਪ੍ਰਵਾਨ ਹੈ। ਇਸ ਦਾ ਕੋਈ ਦਾਅਵਾ ਨਹੀਂ ਕਿ ਗੁਰੂ ਸਾਹਿਬਾਨ ਦੇ ਭਾਵਾਂ ਦੀ ਸਹੀ ਤਰਜਮਾਨੀ ਹੋ ਸਕੀ ਹੈ ਜਾਂ ਨਹੀਂ, ਪਰ ਜੋ ਗੁਰੂ ਸਾਹਿਬ ਨੇ ਸਮਝ ਬਖਸ਼ੀ, ਉਸ ਅਨੁਸਾਰ ਕਹਿ ਦਿੱਤਾ ਹੈ। ਹੁਣ ਇਸ ਸਾਰੀ ਚਰਚਾ ਨੂੰ ਜਪੁਜੀ ਸਾਹਿਬ ਦੇ ਅਖੀਰਲੇ ਸਲੋਕ ਦੀਆਂ ਅੰਤਿਮ ਤੁਕਾਂ ਨਾਲ ਸਮੇਟਦੇ ਹਾਂ,

ਜਿਨੀ ਨਾਮੁ ਧਿਆਇਆ
ਗਏ ਮਸਕਤਿ ਘਾਲਿ॥
ਨਾਨਕ ਤੇ ਮੁਖ ਉਜਲੇ
ਕੇਤੀ ਛੁਟੀ ਨਾਲਿ॥1॥

ਗੁਰਬਾਣੀ ਗਿਆਨ

## ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ

**ਬਿਲਾਵਲ ਮਹਲਾ ੧॥**
ਗੁਰ ਬਚਨੀ ਮਨੁ ਸਹਿਜ ਧਿਆਨੇ॥
ਹਰਿ ਕੈ ਰੰਗਿ ਰਤਾ ਮਨੁ ਮਾਨੇ॥
ਮਨਮਖ ਭਰਮਿ ਭੁਲੇ ਬਉਰਾਨੇ॥
ਹਰਿ ਬਿਨੁ ਕਿਉ ਰਹੀਐ ਗੁਰ ਸਬਦਿ ਪਛਾਨੇ॥
ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ॥
ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ
ਸਤਿਗੁਰਿ ਬੂਝ ਬੁਝਾਈ॥ ਰਹਾਉ॥
ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ॥
ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ॥
ਸਦ ਬੈਰਾਗਨਿ ਹਰਿਨਾਮੁ ਨਿਹਾਲੀ॥
ਅਬ ਜਾਨੇ ਗੁਰਮੁਖਿ ਹਰਿ ਨਾਲੀ॥
ਅਕਥ ਕਥਾ ਕਹੀਐ ਗੁਰ ਭਾਇ॥
ਪ੍ਰਭੁ ਅਗਮ ਅਗੋਚਰੁ ਦੇਇ ਦਿਖਾਇ॥
ਬਿਨੁ ਗੁਰ ਕਰਣੀ ਕਿਆ ਕਾਰ ਕਮਾਇ॥
ਹਉਮੈ ਮੇਟਿ ਚਲੈ ਗੁਰ ਸਬਦਿ ਸਮਾਇ॥
ਮਨਮੁਖੁ ਵਿਛੁੜੈ ਖੋਟੀ ਰਾਸਿ॥
ਗੁਰਮੁਖਿ ਨਾਮਿ ਮਿਲੈ ਸਾਬਾਸਿ॥
ਹਰਿ ਕਿਰਪਾ ਧਾਰੀ ਦਾਸਨਿ ਦਾਸ॥
ਜਨ ਨਾਨਕ ਹਰਿ ਨਾਮ ਧਨੁ ਰਾਸਿ॥

ਗੁਰੂ ਨਾਨਕ ਪਿਤਾ ਜੀ ਬਖਸ਼ਿਸ਼ ਕਰਦਿਆਂ ਉਪਦੇਸ਼ ਕਰਦੇ ਹਨ, ਗੁਰੂ ਦੇ ਬਚਨਾਂ ਨੂੰ ਮੰਨ ਕੇ ਜਿਨ੍ਹਾਂ ਦਾ ਮਨ ਅਡੋਲਤਾ ਦੀ ਸਮਾਧੀ ਲਾ ਲੈਂਦਾ ਹੈ ਭਾਵ ਵਿਕਾਰਾਂ ਵੱਲ ਜਾਣੋਂ ਹੱਟ ਜਾਂਦਾ ਹੈ, ਮਿਹਰਬਾਨ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਉਹ ਮਨ ਪ੍ਰਭੂ ਵਿਚ ਹੀ ਜੁੜਿਆ ਰਹਿੰਦਾ ਹੈ; ਮਨਮੁਖ, ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ ਭਟਕਣਾ ਵਿਚ ਪੈ ਕੇ ਕੁਰਾਹੇ ਪਏ ਰਹਿੰਦੇ ਹਨ, ਪਰ ਗੁਰੂ ਦੇ ਸ਼ਬਦ ਰਾਹੀਂ ਜਿਨ੍ਹਾਂ ਦੀ ਪ੍ਰੀਤ ਪ੍ਰਭੂ ਨਾਲ ਬਣ ਜਾਂਦੀ ਹੈ, ਉਹ ਜੀਵ ਪ੍ਰਭੂ ਦੀਦਾਰ ਤੋਂ ਬਿਨਾ ਰਹਿ ਨਹੀਂ ਸਕਦੇ ਜੀ,

ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ॥
ਹਰਿ ਬਿਨੁ ਜੀਅਰਾ ਰਹਿ ਨ ਸਕੈ ਖਿਨੁ
ਸਤਿਗੁਰਿ ਬੂਝ ਬੁਝਾਈ॥ ਰਹਾਉ॥

ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਗੁਰੂ ਨਾਨਕ ਪਿਤਾ ਜੀ ਉਸ ਵਿਛੋੜੇ ਦਾ ਜ਼ਿਕਰ ਕਰਦੇ ਹਨ, ਜੋ ਮਾਲਕ ਨਾਲੋਂ ਪਿਆ ਹੋਇਆ ਹੈ; ਹੇ ਮੇਰੀ ਮਾਂ! ਮੈਂ ਉਸ ਮਿਹਰਬਾਨ ਪ੍ਰਭੂ ਪ੍ਰੀਤਮ ਦੇ ਦਰਸ਼ਨ ਬਗੈਰ ਰਹਿ ਨਹੀਂ ਸਕਦੀ, ਜਦੋਂ ਤੋਂ ਮੇਰੇ ਸਤਿਗੁਰ ਨੇ ਮੈਨੂੰ ਇਹ ਸੁਮੱਤ ਸਮਝਾ ਦਿੱਤੀ ਹੈ, ਉਦੋਂ ਦੀ ਮੇਰੀ ਜਿੰਦ ਜਾਨ ਪ੍ਰਭੂ ਦੇ ਦਰਸ਼ਨ ਤੋਂ ਬਿਨਾ ਵਿਆਕੁਲ ਹੋ ਉਠਦੀ ਹੈ।

ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ॥
ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ॥
ਸਦ ਬੈਰਾਗਨਿ ਹਰਿਨਾਮੁ ਨਿਹਾਲੀ॥
ਅਬ ਜਾਨੇ ਗੁਰਮੁਖਿ ਹਰਿ ਨਾਲੀ॥

ਮਾਂ! ਗੁਰੂ ਦੀ ਸ਼ਰਨ ਵਿਚ ਪੈ ਕੇ ਮੈਨੂੰ ਸਮਝ ਪਈ ਹੈ ਕਿ ਉਹ ਮਾਲਕ ਪ੍ਰਭੂ ਤਾਂ ਹਰ ਵੇਲੇ ਮੇਰੇ ਅੰਗ-ਸੰਗ ਹੈ; ਹੁਣ ਜੇ ਕਦੇ ਮੈਨੂੰ ਮੇਰਾ ਪ੍ਰਭੂ ਵਿੱਸਰ ਜਾਏ ਤਾਂ ਮੈਂ ਮਰਨ ਵਾਲੀ ਹੋ ਜਾਂਦੀ ਹਾਂ। ਮਾਂ! ਇਕ ਇਕ ਸਾਹ ਅਤੇ ਇਕ ਇਕ ਗਰਾਹੀ ਦੇ ਨਾਲ ਝੱਲੀ ਹੋ ਆਪਣੇ ਪ੍ਰਭੂ ਨੂੰ ਯਾਦ ਕਰਦੀ ਹਾਂ ਅਤੇ ਉਸ ਨੂੰ ਭਾਲਦੀ ਰਹਿੰਦੀ ਹਾਂ, ਦੁਨੀਆਂ ਦੇ ਸਾਰੇ ਸੁੱਖਾਂ ਨੂੰ ਛੱਡ ਕੇ ਮੈਂ ਆਪਣੇ ਪ੍ਰਭੂ ਦੇ ਨਾਮ ਨੂੰ ਹੀ ਪਿਆਰ ਕਰਦੀ ਹਾਂ,

ਅਕਥ ਕਥਾ ਕਹੀਐ ਗੁਰ ਭਾਇ॥
ਪ੍ਰਭੁ ਅਗਮ ਅਗੋਚਰੁ ਦੇਇ ਦਿਖਾਇ॥
ਬਿਨੁ ਗੁਰ ਕਰਣੀ ਕਿਆ ਕਾਰ ਕਮਾਇ॥
ਹਉਮੈ ਮੇਟਿ ਚਲੈ ਗੁਰ ਸਬਦਿ ਸਮਾਇ॥

ਮਾਂ ਉਸ ਮਾਲਕ ਦੀ ਸਿਫਤਿ ਸਾਲਾਹ ਗੁਰੂ ਦੀ ਮੱਤ ਨਾਲ ਹੀ ਕੀਤੀ ਜਾ ਸਕਦੀ ਹੈ, ਗੁਰੂ ਉਸ ਪ੍ਰਭੂ ਨਾਲ ਮਿਲਾਪ ਕਰਾ ਦਿੰਦਾ ਹੈ, ਜੋ ਇੰਦਰਿਆਂ ਦੀ ਪਹੁੰਚ ਤੋਂ ਬਹੁਤ ਪਰੇ ਹੈ, ਗੁਰੂ ਦੀ ਦੱਸੀ ਹੋਈ ਜੀਵਨ ਜੁਗਤ ਤੋਂ ਬਿਨਾ ਆਤਮਕ ਜੀਵਨ ਦੇ ਰਸਤੇ ਦੀ ਕੋਈ ਹੋਰ ਕਾਰ ਕਰਨੀ ਵਿਅਰਥ ਹੈ, ਜੋ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਜਾਂਦਾ ਹੈ ਉਹ ਆਪਣੀ ਹਉਮੈ ਨੂੰ ਦੂਰ ਭਾਵ ਖਤਮ ਕਰਕੇ ਜੀਵਨ ਦੇ ਸੁਚੱਜੇ ਰਾਹ 'ਤੇ ਤੁਰਦਾ ਹੈ।

ਮਨਮੁਖੁ ਵਿਛੁੜੈ ਖੋਟੀ ਰਾਸਿ॥
ਗੁਰਮੁਖਿ ਨਾਮਿ ਮਿਲੈ ਸਾਬਾਸਿ॥
ਹਰਿ ਕਿਰਪਾ ਧਾਰੀ ਦਾਸਨਿ ਦਾਸ॥
ਜਨ ਨਾਨਕ ਹਰਿ ਨਾਮ ਧਨੁ ਰਾਸਿ॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਆਖਦੇ ਹਨ, ਭਾਈ! ਜੋ ਮਨੁੱਖ ਗੁਰੂ ਦੇ ਦੱਸੇ ਹੋਏ ਰਾਹ 'ਤੇ ਤੁਰਨ ਦੀ ਥਾਂ ਆਪਣੇ ਮਨ ਦੇ ਪਿੱਛੇ ਤੁਰਦਾ ਹੈ, ਉਹ ਸਦਾ ਹੀ ਪ੍ਰਭੂ ਤੋਂ ਵਿਛੜਿਆ ਰਹਿੰਦਾ ਹੈ ਅਤੇ ਉਸ ਦੇ ਪੱਲੇ ਆਤਮਕ ਜੀਵਨ ਦੇ ਸਫਰ ਵਾਸਤੇ ਖੋਟੀ ਪੂੰਜੀ ਹੈ, ਉਸ ਖੋਟੀ ਪੂੰਜੀ ਵਿਚੋਂ ਉਹਦੇ ਕੁਝ ਵੀ ਕੰਮ ਨਹੀਂ ਆਵੇਗਾ, ਜੋ ਮਨੁੱਖ ਗੁਰੂ ਦੇ ਸਨਮੁਖ ਰਹਿੰਦਾ ਹੈ, ਨਾਮ ਜਪਦਾ ਹੈ, ਉਸ ਨੂੰ ਸੋਭਾ ਮਿਲਦੀ ਹੈ। ਨਾਨਕ! ਪ੍ਰਭੂ ਮਿਹਰ ਕਰਕੇ ਜਿਸ ਨੂੰ ਆਪਣੇ ਸੇਵਕਾਂ ਦਾ ਦਾਸ ਬਣਾਉਂਦਾ ਹੈ, ਉਸ ਨੂੰ ਨਾਮ ਦੀ ਦਾਤ ਮਿਲਦੀ ਹੈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

# ਧਾਰਮਿਕ ਆਗੂਆਂ ਦੀ ਬੇਇਖਲਾਕੀ ਤੇ ਵਿਹਾਰਕ ਊਣਤਾਈਆਂ

## ਨੈਤਿਕਤਾ ਅਤੇ ਧਰਮ-2

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਧਰਮਾਂ ਵਲੋਂ ਪੈਦਾ ਕੀਤੀਆਂ ਹਰ ਕਿਸਮ ਦੀਆਂ ਬੰਦਿਸ਼ਾਂ ਦੇ ਬਾਵਜੂਦ ਮਨੁੱਖ ਦੀ ਸੋਚ ਵਿਚ ਲਗਾਤਾਰ ਤਬਦੀਲੀ ਆਉਂਦੀ ਰਹਿੰਦੀ ਹੈ, ਜਿਸ ਨਾਲ ਸਮਾਜ ਵੀ ਬਦਲਦੇ ਰਹਿੰਦੇ ਹਨ ਭਾਵੇਂ ਇਸ ਬਦਲੀ ਦੀ ਰਫਤਾਰ ਵੱਧ ਘੱਟ ਹੋ ਸਕਦੀ ਹੈ। ਜਿਹੜੇ ਲੋਕ ਅਤੇ ਜਿਹੜੇ ਸਮਾਜ ਮਨੁੱਖ ਦੀ ਵਿਗਿਆਨਕ ਸੂਝ ਨਾਲ ਬਦਲ ਰਹੀ ਸੋਚ ਅਨੁਸਾਰ ਨਹੀਂ ਬਦਲਦੇ, ਉਹ ਇਨਸਾਨ ਵੀ ਤੇ ਸਮਾਜ ਵੀ, ਪਿੱਛੇ ਰਹਿ ਜਾਂਦੇ ਹਨ। ਉਨ੍ਹਾਂ ਦੇ ਧਾਰਮਿਕ ਆਗੂਆਂ ਵਲੋਂ ਸਦੀਆਂ ਪਹਿਲਾਂ ਦਿੱਤੀਆਂ ਗਈਆਂ ਸਿੱਖਿਆਵਾਂ ਅਨੁਸਾਰ ਸਮਾਜ ਵਿਚ ਦੂਜੇ ਵਿਅਕਤੀਆਂ ਵਾਲਾ ਰਵੱਈਆ ਅਤੇ

**ਸਾਧੂ ਬਿਨਿੰਗ**
ਫੋਨ: 778-773-1886
sadhu.binning@gmail.com

ਵਿਹਾਰ ਅਜੋਕੇ ਸਮੇਂ ਨੈਤਿਕ ਨਹੀਂ ਕਹਾ ਸਕਦੇ। ਮਿਸਾਲ ਵਜੋਂ, ਲੰਮੇ ਸਮੇਂ ਤੱਕ ਬੰਦੇ ਦਾ ਬੰਦੇ ਨੂੰ ਗੁਲਾਮ ਬਣਾ ਕੇ ਰੱਖਣਾ ਧਾਰਮਿਕ ਸੋਚ ਵਾਸਤੇ ਕੋਈ ਸਮੱਸਿਆ ਨਹੀਂ ਸੀ। ਦੁਨੀਆਂ ਦੇ ਦੋਵੇਂ ਵੱਡੇ ਧਰਮਾਂ ਇਸਾਈਅਤ ਅਤੇ ਇਸਲਾਮ ਨੇ ਲੰਮਾ ਸਮਾਂ ਗੁਲਾਮੀ ਦੀ ਰਵਾਇਤ ਨੂੰ ਪੂਰੀ ਤਰ੍ਹਾਂ ਕਾਇਮ ਰੱਖਿਆ।

ਮਾਈਕਲ ਓਨਫੇਅਰ ਅਨੁਸਾਰ, "ਅਸਲ ਵਿਚ ਗੁਲਾਮਾਂ ਦੇ ਵਪਾਰ ਦੀ ਕਾਢ ਲਈ ਅਸੀਂ ਇਸਲਾਮ ਦੇ ਦੇਣਦਾਰ ਹਾਂ। ਸਾਲ 1000 ਈਸਵੀ ਵਿਚ ਕੀਨੀਆ ਅਤੇ ਚੀਨ ਦਰਮਿਆਨ ਗੁਲਾਮਾਂ ਦਾ ਲਗਾਤਾਰਤਾ ਨਾਲ ਵਪਾਰ ਹੁੰਦਾ ਸੀ।...ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਅੱਲਾ (ਦਇਆਵਾਨ, ਸਰਬਸ਼ਕਤੀਮਾਨ ਤੇ ਸਭ ਤੋਂ ਸਿਆਣਾ) ਦੇ ਭਗਤਾਂ ਨੇ ਬਾਰਾਂ ਸੌ ਸਾਲਾਂ ਦੌਰਾਨ ਦਸ ਮਿਲੀਅਨ ਇਨਸਾਨਾਂ ਦਾ ਵਪਾਰ ਕੀਤਾ।"

ਇਸਾਈਆਂ ਦੀ ਪਵਿੱਤਰ ਪੁਸਤਕ ਬਾਈਬਲ ਵਿਚ ਗੁਲਾਮਾਂ ਸਬੰਧੀ ਅਨੇਕਾਂ ਹਦਾਇਤਾਂ ਦਰਜ ਹਨ। ਡੇਢ ਕੁ ਸੌ ਸਾਲ ਪਹਿਲਾਂ ਤੱਕ ਵੀ ਇਸਾਈ ਮੱਤ ਦੇ ਲੋਕਾਂ ਦਾ ਇਹ ਮੰਨਣਾ ਸੀ ਕਿ ਅਫਰੀਕਾ ਦੇ ਕਾਲੇ ਲੋਕਾਂ ਨੂੰ ਗੁਲਾਮ ਬਣਾਉਣਾ ਹਰ ਪੱਖੋਂ ਸਹੀ ਸੀ, ਕਿਉਂਕਿ ਉਨ੍ਹਾਂ ਵਿਚ ਯੂਰਪ ਦੇ ਗੋਰੇ ਲੋਕਾਂ ਵਾਂਗ ਰੂਹ ਨਹੀਂ ਸੀ ਅਤੇ ਉਨ੍ਹਾਂ ਨੂੰ ਇਨਸਾਨਾਂ ਵਾਂਗ ਦੁੱਖ ਮਹਿਸੂਸ ਨਹੀਂ ਸੀ ਹੁੰਦਾ। ਇਸ ਕਰਕੇ ਉਨ੍ਹਾਂ ਤੋਂ ਪਸ਼ੂਆਂ ਵਾਂਗ ਕੰਮ ਲਿਆ ਜਾ ਸਕਦਾ ਸੀ ਤੇ ਉਨ੍ਹਾਂ ਨੂੰ ਵੇਚਿਆ ਖਰੀਦਿਆ ਜਾ ਸਕਦਾ ਸੀ। ਅਮਰੀਕਾ ਵਿਚ ਗੁਲਾਮੀ ਦੇ ਹੱਕ ਵਿਚ ਬੋਲਣ ਤੇ ਲਿਖਣ ਵਾਲੇ ਵੱਡੀ ਗਿਣਤੀ ਇਸਾਈ ਪਾਦਰੀ ਸਨ ਤੇ ਉਹ ਆਪਣੀ ਪਵਿੱਤਰ ਪੁਸਤਕ ਦੇ ਅਧਾਰ 'ਤੇ ਪੂਰੇ ਦਾਅਵੇ ਨਾਲ ਇਹ ਗੱਲ ਕਰਦੇ ਸਨ।

ਇਸ ਕਿਸਮ ਦੇ ਪਿਛੋਕੜ ਤੋਂ ਤੁਰ ਕੇ ਜੇ ਅਜੋਕੇ ਇਨਸਾਨ ਵਿਚ ਮਨੁੱਖੀ ਆਜ਼ਾਦੀ ਅਤੇ ਬਰਾਬਰੀ ਦਾ ਅਹਿਸਾਸ ਪੈਦਾ ਹੋਇਆ ਹੈ ਤਾਂ ਉਸ ਦੀ ਸੂਝ ਕਿਸੇ ਵੀ ਧਰਮ ਜਾਂ ਧਾਰਮਿਕ ਆਗੂ ਕੋਲੋਂ ਪ੍ਰਾਪਤ ਨਹੀਂ ਹੋਈ। ਇਸ ਵਿਕਾਸ ਦਾ ਮੁੱਖ ਕਾਰਨ ਇਨਸਾਨ ਦਾ ਧਾਰਮਿਕ ਜਕੜ ਤੋਂ ਪਾਸੇ ਹੋ ਕੇ ਆਪਣੇ ਆਲੇ-ਦੁਆਲੇ ਨੂੰ ਤਰਕ ਨਾਲ ਦੇਖ, ਘੋਖ ਸਕਣਾ ਹੈ। ਵਿਗਿਆਨਕ ਸੂਝ ਅਨੁਸਾਰ ਇਸ ਵੇਲੇ ਸਮੁੱਚੀ ਦੁਨੀਆਂ ਵਿਚ ਅੱਠ ਬਿਲੀਅਨ ਨੂੰ ਢੁਕ ਰਹੀ ਆਬਾਦੀ ਦਾ ਹਰ ਵਿਅਕਤੀ ਹਰ ਪੱਖੋਂ ਬਰਾਬਰ ਹੈ।

ਅਮਰੀਕੀ ਲੇਖਕ ਸੈਮ ਹੈਰਿਸ ਆਪਣੀ ਕਿਤਾਬ 'ਨੈਤਿਕ ਭੂ-ਦ੍ਰਿਸ਼' (ਦਾ ਮੌਰਲ ਲੈਂਡਸਕੇਪ) ਵਿਚ ਲਿਖਦਾ ਹੈ, "ਜਿਨਸੀ ਸਬੂਤ (ਜੈਨੇਟਿਕ ਐਵੀਡੈਂਸ) ਇਹ ਇਸ਼ਾਰਾ ਕਰਦੇ ਹਨ ਕਿ 150 ਕੁ ਲੋਕਾਂ ਦਾ ਕਾਫਲਾ (ਪੰਜਾਹ ਹਜ਼ਾਰ ਸਾਲ ਪਹਿਲਾਂ) ਅਫਰੀਕਾ ਤੋਂ ਤੁਰਿਆ, ਜਿਹਨੇ ਦੁਨੀਆਂ ਦੀ ਬਾਕੀ ਲੋਕਾਈ ਨੂੰ ਜਨਮ ਦਿੱਤਾ।" ਭੂਗੋਲਿਕ ਸਥਿਤੀਆਂ ਤੇ ਵਾਤਾਵਰਨ ਨੇ ਉਨ੍ਹਾਂ ਦੀ ਚਮੜੀ ਦੇ ਰੰਗ ਅਤੇ ਸਰੀਰਕ ਬਣਤਰ 'ਤੇ ਅਸਰ ਪਾਇਆ; ਪਰ ਚਮੜੀ ਦੇ ਵੱਖਰੇ ਰੰਗ, ਨਸਲ ਜਾਂ ਸਰੀਰਕ ਬਣਤਰ ਨਾਲ ਉਨ੍ਹਾਂ ਦੇ ਇਨਸਾਨ ਹੋਣ ਵਿਚ ਕਿਸੇ ਕਿਸਮ ਦਾ ਕੋਈ ਫਰਕ ਨਹੀਂ ਪਿਆ। ਪੁਰਾਣੇ ਵਿਸ਼ਵਾਸਾਂ ਦੇ ਅਸਰ ਥੱਲੇ ਅਤੇ ਆਰਥਕ ਤੇ ਸਮਾਜਕ ਕਾਰਨਾਂ ਵੱਸ ਕਾਫੀ ਗਿਣਤੀ ਗੋਰੇ ਲੋਕਾਂ ਵਲੋਂ ਗੈਰ-ਗੋਰੇ ਲੋਕਾਂ ਨਾਲ ਨਸਲੀ ਤੇ ਰੰਗ ਆਧਾਰਤ ਵਿਤਕਰਾ ਅਜੇ ਵੀ ਲਗਾਤਾਰ ਜਾਰੀ ਹੈ ਅਤੇ ਇਹ ਅਕਸਰ ਦੇਖਣ ਵਿਚ ਆਇਆ ਹੈ ਕਿ ਅਜਿਹਾ ਵਿਤਕਰਾ ਕਰਨ ਵਾਲੇ ਲੋਕਾਂ ਵਿਚ ਧਾਰਮਿਕ ਲੋਕਾਂ ਦੀ ਮੁਕਾਬਲਤਨ ਗਿਣਤੀ ਵੱਧ ਹੁੰਦੀ ਹੈ।

ਇਸੇ ਤਰ੍ਹਾਂ ਧਰਮਾਂ ਅਨੁਸਾਰ ਇਹ ਵੀ ਮੰਨਿਆ ਜਾਂਦਾ ਸੀ ਕਿ ਰਾਜੇ ਪਰਮਾਤਮਾ ਵਲੋਂ ਰਾਜ ਕਰਨ ਲਈ ਭੇਜੇ ਗਏ ਸਨ ਤੇ ਪਰਜਾ ਉਨ੍ਹਾਂ ਦੀ ਜੀਅ ਹਜ਼ੂਰੀ ਲਈ ਸੀ। ਭਾਵੇਂ ਅਜੇ ਵੀ ਅਜੋਕੇ ਆਰਥਕ ਢਾਂਚੇ ਵਿਚ ਇਸ ਸੋਚ ਦੀ ਰਹਿੰਦ-ਖੂੰਹਦ ਦੇਖਣ ਨੂੰ ਮਿਲਦੀ ਹੈ, ਪਰ ਹੁਣ ਇਸ ਨੂੰ ਪਹਿਲਾਂ ਵਾਲੀ ਮਾਨਤਾ ਪ੍ਰਾਪਤ ਨਹੀਂ। ਜਿੱਥੇ ਪਹਿਲਾਂ ਰਾਜੇ ਨੂੰ ਪਰਮਾਤਮਾ ਵਲੋਂ ਭੇਜਿਆ ਸਮਝ ਕੇ ਉਹਦੇ ਅੱਗੇ ਝੁਕਣਾ ਨੈਤਿਕ ਸਮਝਿਆ ਜਾਂਦਾ ਸੀ, ਹੁਣ ਇਸ ਨੂੰ ਵੱਖਰੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਵਿਗਿਆਨਕ ਸੂਝ ਨਾਲ ਬਹੁਤੇ ਲੋਕ ਹੁਣ ਇਹ ਗੱਲ ਭਲੀਭਾਂਤ ਸਮਝਦੇ ਹਨ ਕਿ ਸਾਰੇ ਇਨਸਾਨ ਬਰਾਬਰ ਹਨ ਅਤੇ ਕਿਸੇ ਨੂੰ ਵੀ ਦੂਜਿਆਂ ਉੱਪਰ ਭਾਰੀ ਹੋਣ ਦਾ ਜਮਾਂਦਰੂ ਹੱਕ ਹਾਸਲ ਨਹੀਂ ਹੋ ਸਕਦਾ। ਅਜੋਕੇ ਸਮੇਂ ਦੌਰਾਨ ਸਮਾਜ ਜਾਂ ਦੇਸ਼ਾਂ ਦੇ ਕੰਮਕਾਰ ਚਲਾਉਣ ਵਾਸਤੇ ਲੋਕ ਖੁਦ ਆਪਣੇ ਵਿਚੋਂ ਕੁਝ ਵਿਅਕਤੀਆਂ ਨੂੰ ਚੁਣਦੇ ਹਨ। ਭਾਵੇਂ ਸਰਕਾਰ ਚੁਣਨ ਜਾਂ ਸਰਕਾਰੀ ਪ੍ਰਬੰਧ ਚਲਾਉਣ ਦੇ ਢੰਗ ਤਰੀਕਿਆਂ ਵਿਚ ਅਨੇਕਾਂ ਸੁਧਾਰਾਂ ਦੀ ਲੋੜ ਹੈ, ਪਰ ਹੁਣ ਜੇ ਕੋਈ ਇਹ ਸੁਝਾਅ ਦੇਵੇ ਕਿ ਕਿਸੇ ਵਿਅਕਤੀ ਨੂੰ ਰੱਬ ਵਲੋਂ ਇਹ ਹੱਕ ਹਾਸਲ ਹੈ ਤਾਂ ਇਸ ਗੱਲ ਨੂੰ ਕਿਸੇ ਪੱਖੋਂ ਵੀ ਨੈਤਿਕ ਵਿਚਾਰ ਨਹੀਂ ਮੰਨਿਆ ਜਾਵੇਗਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦੁਨੀਆਂ ਦੇ ਮੌਜੂਦਾ ਪੂੰਜੀਵਾਦੀ ਆਰਥਕ ਢਾਂਚੇ ਵਿਚ ਸਮਾਜ ਦੀ ਵਾਗ ਡੋਰ ਅਮੀਰ ਜਮਾਤ ਦੇ ਹੱਥਾਂ ਵਿਚ ਹੈ। ਇਹ ਜਮਾਤ ਆਮ ਲੋਕਾਂ ਨੂੰ ਗਰੀਬੀ ਦੀ ਪੱਧਰ ਤੋਂ ਹੇਠਾਂ ਰੱਖਣ ਵਿਚ ਕਾਮਯਾਬ ਹੈ ਅਤੇ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਅਮੀਰ ਜਮਾਤ ਇਸ ਕੰਮ ਲਈ ਸ਼ੱਰੇਆਮ ਧਰਮ ਦੀ ਵਰਤੋਂ ਕਰਦੀ ਹੈ। ਬੜੇ ਯੋਜਨਾਬੱਧ ਤਰੀਕੇ ਨਾਲ ਆਮ ਲੋਕਾਂ ਨੂੰ ਵਿਗਿਆਨਕ ਸੂਝ ਤੋਂ ਦੂਰ ਰੱਖਿਆ ਜਾਂਦਾ ਹੈ ਅਤੇ ਜਥੇਬੰਦ ਧਰਮ ਨੂੰ ਆਰਥਕ ਮਦਦ ਦੇ ਕੇ ਲੋਕਾਂ ਨੂੰ ਪੁਰਾਣੀ ਸੋਚ ਵਿਚ ਗਲਤਾਨ ਰੱਖਿਆ ਜਾਂਦਾ ਹੈ। ਨਤੀਜੇ ਵਜੋਂ ਬਹੁਤੇ ਲੋਕ ਆਪਣੀ ਹਾਲਤ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਬਣਨ ਦੀ ਥਾਂ ਇਸ ਨੂੰ ਪਰਮਾਤਮਾ ਦੀ ਦੇਣ ਜਾਂ ਕਿਸਮਤ ਮੰਨ ਕੇ ਉਸ ਅਨੁਸਾਰ ਜੀਵਨ ਜਿਉਣ ਦੀ ਕੋਸ਼ਿਸ਼ ਕਰਦੇ ਹਨ। ਇਹ ਗੱਲ ਖਾਸ ਕਰ ਭਾਰਤ ਵਰਗੇ ਮੁਲਕ ਵਿਚ ਸਾਫ ਦੇਖਣ ਨੂੰ ਮਿਲਦੀ ਹੈ, ਜਿੱਥੇ ਪੁਜਾਰੀ ਜਮਾਤ ਵਲੋਂ ਸੁਝਾਇਆ ਵਿਸ਼ਵਾਸ ਕਿ ਉਨ੍ਹਾਂ ਦੀ ਸਥਿਤੀ ਦਾ ਕਾਰਨ ਰੱਬ ਵਲੋਂ ਤੈਅ ਕੀਤੀ ਉਨ੍ਹਾਂ ਦੀ ਕਿਸਮਤ ਹੈ ਜਾਂ ਉਨ੍ਹਾਂ ਦੇ ਪਿਛਲੇ ਜਨਮਾਂ ਦੇ ਕੰਮ ਇਸ ਦਾ ਕਾਰਨ ਹਨ।

***ਇਸ ਵਿਚ ਕੋਈ ਸ਼ੱਕ ਨਹੀਂ ਕਿ ਦੁਨੀਆਂ ਦੇ ਮੌਜੂਦਾ ਪੂੰਜੀਵਾਦੀ ਆਰਥਕ ਢਾਂਚੇ ਵਿਚ ਸਮਾਜ ਦੀ ਵਾਗ ਡੋਰ ਅਮੀਰ ਜਮਾਤ ਦੇ ਹੱਥਾਂ ਵਿਚ ਹੈ। ਇਹ ਜਮਾਤ ਆਮ ਲੋਕਾਂ ਨੂੰ ਗਰੀਬੀ ਦੀ ਪੱਧਰ ਤੋਂ ਹੇਠਾਂ ਰੱਖਣ ਵਿਚ ਕਾਮਯਾਬ ਹੈ ਅਤੇ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਅਮੀਰ ਜਮਾਤ ਇਸ ਕੰਮ ਲਈ ਸ਼ੱਰੇਆਮ ਧਰਮ ਦੀ ਵਰਤੋਂ ਕਰਦੀ ਹੈ। ਬੜੇ ਯੋਜਨਾਬੱਧ ਤਰੀਕੇ ਨਾਲ ਆਮ ਲੋਕਾਂ ਨੂੰ ਵਿਗਿਆਨਕ ਸੂਝ ਤੋਂ ਦੂਰ ਰੱਖਿਆ ਜਾਂਦਾ ਹੈ ਅਤੇ ਜਥੇਬੰਦ ਧਰਮ ਨੂੰ ਆਰਥਕ ਮਦਦ ਦੇ ਕੇ ਲੋਕਾਂ ਨੂੰ ਪੁਰਾਣੀ ਸੋਚ ਵਿਚ ਗਲਤਾਨ ਰੱਖਿਆ ਜਾਂਦਾ ਹੈ। ਨਤੀਜੇ ਵਜੋਂ ਬਹੁਤੇ ਲੋਕ ਆਪਣੀ ਹਾਲਤ ਨੂੰ ਬਦਲਣ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਬਣਨ ਦੀ ਥਾਂ ਇਸ ਨੂੰ ਪਰਮਾਤਮਾ ਦੀ ਦੇਣ ਜਾਂ ਕਿਸਮਤ ਮੰਨ ਕੇ ਉਸ ਅਨੁਸਾਰ ਜੀਵਨ ਜਿਉਣ ਦੀ ਕੋਸ਼ਿਸ਼ ਕਰਦੇ ਹਨ।***



ਸਮਾਜ ਵਿਚ ਔਰਤ ਦੀ ਸਥਿਤੀ ਬਾਰੇ ਵੀ ਇਹ ਗੱਲ ਕਹੀ ਜਾ ਸਕਦੀ ਹੈ ਕਿ ਕਰੀਬ ਸਾਰੇ ਹੀ ਧਰਮ ਵੱਖੋ ਵੱਖਰੇ ਤਰੀਕੇ ਨਾਲ ਔਰਤ ਨੂੰ ਮਰਦ ਨਾਲੋਂ ਥੱਲੇ ਦੀ ਸ਼ੈਅ ਵਜੋਂ ਦੇਖਦੇ ਸਨ ਅਤੇ ਕੁਝ ਹੱਦ ਤੱਕ ਅਜੇ ਵੀ ਦੇਖਦੇ ਹਨ। ਲਗਭਗ ਸਾਰੇ ਹੀ ਧਰਮ ਆਦਮੀਆਂ ਦੇ ਦਿਮਾਗਾਂ ਦੀ ਕਾਢ ਹਨ ਅਤੇ ਇਨ੍ਹਾਂ ਨੂੰ ਸਥਾਪਤ ਕਰਨ ਵਿਚ ਔਰਤ ਦਾ ਯੋਗਦਾਨ ਨਾ-ਬਰਾਬਰ ਹੈ। ਇਸਾਈ ਧਰਮ ਦੇ ਪੈਰੋਕਾਰਾਂ ਵਲੋਂ ਯੂਰਪ ਵਿਚ ਲੰਮਾ ਸਮਾਂ ਔਰਤਾਂ ਨੂੰ ਭੂਤਨੀਆਂ (ਵਿਚਜ਼) ਕਹਿ ਕੇ ਜ਼ਿੰਦਾ ਜਲਾਇਆ ਜਾਂਦਾ ਰਿਹਾ। ਇਸਲਾਮ ਵਿਚ ਅਜੇ ਵੀ ਔਰਤ ਨੂੰ ਬਰਾਬਰ ਦੇ ਹੱਕ ਪ੍ਰਾਪਤ ਨਹੀਂ ਹਨ। ਕਈ ਥਾਂਵੀਂ ਉਹ ਪੜ੍ਹ-ਲਿਖ ਨਹੀਂ ਸਕਦੀ ਤੇ ਕਈ ਥਾਵੀਂ ਕਾਰ ਤੱਕ ਨਹੀਂ ਚਲਾ ਸਕਦੀ। ਜਿੱਥੇ ਧਰਮ ਮਰਦ ਨੂੰ ਇੱਕ ਤੋਂ ਵੱਧ ਵਿਆਹ ਕਰਾਉਣ ਦੀ ਇਜਾਜ਼ਤ ਦਿੰਦਾ ਹੈ, ਉੱਥੇ ਔਰਤ ਜੇ ਮਰਦ ਦੀ ਵਾਹੀ ਲਕੀਰ ਤੋਂ ਇੱਧਰ-ਉੱਧਰ ਹੋ ਜਾਵੇ ਤਾਂ ਉਸ ਨੂੰ ਧਰਤੀ ਵਿਚ ਗੱਡ ਕੇ ਪੱਥਰਾਂ ਨਾਲ ਮੌਤ ਦੇ ਘਾਟ ਉਤਾਰਿਆ ਜਾਂਦਾ ਹੈ।

ਭਾਰਤ ਵਿਚ ਤਾਂ ਔਰਤ ਦੀ ਸਥਿਤੀ ਹੋਰ ਵੀ ਭਿਆਨਕ ਰਹੀ ਹੈ ਅਤੇ ਕਾਫੀ ਹੱਦ ਤੱਕ ਅਜੇ ਵੀ ਹੈ। ਮਰਦ ਦੇ ਬਰਾਬਰ ਔਰਤ ਦੇ ਅਤੇ ਖਾਸ ਕਰ ਅਖੌਤੀ ਛੋਟੀਆਂ ਜਾਤਾਂ ਦੀਆਂ ਔਰਤਾਂ ਦੇ ਹੱਕ ਬਹੁਤ ਘੱਟ ਸਨ। ਗਰੀਬ ਲੋਕਾਂ ਨੂੰ ਆਪਣੀਆਂ ਧੀਆਂ ਦੇਵਦਾਸੀ ਪ੍ਰਥਾ ਅਨੁਸਾਰ ਪੁਜਾਰੀਆਂ ਦੀ ਸੇਵਾ ਕਰਨ ਲਈ ਮੰਦਿਰਾਂ ਨੂੰ ਦੇਣੀਆਂ ਪੈਂਦੀਆਂ ਸਨ, ਜਿੱਥੇ ਉਹ ਪੁਜਾਰੀਆਂ ਅਤੇ ਅਮੀਰ ਲੋਕਾਂ ਦੀ ਕਾਮ ਪੂਰਤੀ ਲਈ ਵਰਤੀਆਂ ਜਾਂਦੀਆਂ ਸਨ। ਔਰਤਾਂ ਨੂੰ ਆਪਣੇ ਮਰਦ ਦੀ ਮੌਤ ਸਮੇਂ ਸਤੀ ਹੋਣਾ ਪੈਂਦਾ ਸੀ। ਵਿਧਵਾ ਔਰਤਾਂ ਨੂੰ ਦੁਬਾਰਾ ਸ਼ਾਦੀ ਕਰਨ ਦਾ ਹੱਕ ਨਹੀਂ ਸੀ। ਅਨੇਕਾਂ ਥਾਂਵਾਂ 'ਤੇ ਔਰਤ ਨੂੰ ਇੱਜਤ ਦੇ ਨਾਂ 'ਤੇ ਕਤਲ ਕਰ ਦਿੱਤਾ ਜਾਂਦਾ ਹੈ ਤੇ ਕਈ ਵਾਰੀ ਜੰਮਣ ਤੋਂ ਪਹਿਲਾਂ ਹੀ ਕੁੱਖ ਵਿਚ ਖਤਮ ਕਰ ਜਾਂ ਕਰਵਾ ਦਿੱਤਾ ਜਾਂਦਾ ਸੀ ਤੇ ਹੈ। ਇਨ੍ਹਾਂ ਸਭ ਪੂੰਜ ਕੇ ਅਨੈਤਿਕ ਵਿਹਾਰਾਂ ਨੂੰ ਧਰਮ ਵਲੋਂ ਪੂਰੀ ਮਾਨਤਾ ਮਿਲਦੀ ਰਹੀ ਹੈ। ਦੁਨੀਆਂ ਦੇ ਉਹ ਹਿੱਸੇ, ਜਿੱਥੇ ਧਰਮ ਦੀ ਪਕੜ ਜ਼ਿਆਦਾ ਹੈ, ਉੱਥੇ ਔਰਤ ਦੇ ਹੱਕ ਨਾ ਹੋਣ ਬਰਾਬਰ ਹਨ। ਜਿੱਥੇ ਧਰਮ ਤੇ ਰਾਜ ਵਿਚ ਦੂਰੀ ਸਥਾਪਤ ਕੀਤੀ ਜਾ ਚੁਕੀ ਹੈ ਅਤੇ ਕਾਨੂੰਨਾਂ ਦਾ ਆਧਾਰ ਧਰਮ ਨਹੀਂ, ਉੱਥੇ ਵੀ ਔਰਤ ਨੂੰ ਮਰਦ ਦੇ ਬਰਾਬਰ ਹੱਕ ਪ੍ਰਾਪਤ ਕਰਨ ਲਈ ਲਗਾਤਾਰ ਜੱਦੋਜਹਿਦ ਕਰਨੀ ਪੈ ਰਹੀ ਹੈ। ਔਰਤ ਪ੍ਰਤੀ ਧਰਮਾਂ ਵਲੋਂ ਪ੍ਰਚਾਰੀ ਤੇ ਸਤਿਕਾਰੀ ਜਾਂਦੀ ਅਜਿਹੀ ਸੋਚ ਨੂੰ ਅਜੋਕੇ ਸਮੇਂ ਕਿਸੇ ਵੀ ਪੱਧਰ 'ਤੇ ਨੈਤਿਕ ਨਹੀਂ ਮੰਨਿਆ ਜਾ ਸਕਦਾ। ਵਿਗਿਆਨਕ ਸੋਚ ਨੇ ਇਸ ਦਰਜਾਬੰਦੀ ਨੂੰ ਖਤਮ ਕਰਨ ਵੱਲ ਬਹੁਤ ਤੇਜ਼ੀ ਨਾਲ ਕਦਮ ਪੁੱਟੇ ਹਨ।

ਧਾਰਮਿਕ ਸੋਚ ਦੇ ਵਿਸ਼ਾਲ ਪੱਧਰ 'ਤੇ ਅਨੈਤਿਕ ਹੋਣ ਦੀ ਸਭ ਤੋਂ ਵੱਡੀ ਤੇ ਅਤਿ ਘਿਨਾਉਣੀ ਮਿਸਾਲ ਭਾਰਤ ਦਾ ਜਾਤ-ਪਾਤੀ ਢਾਂਚਾ ਹੈ। ਇਸ ਸੋਚ ਅਨੁਸਾਰ ਇੱਕੀਵੀਂ ਸਦੀ ਵਿਚ ਵੀ ਸਮਾਜ ਦੇ ਇੱਕ ਵਰਗ ਨੂੰ ਬਰਾਬਰ ਦੇ ਇਨਸਾਨ ਨਹੀਂ ਸਮਝਿਆ ਜਾ ਰਿਹਾ ਤੇ ਨਾ ਹੀ ਉਨ੍ਹਾਂ ਨਾਲ ਇਨਸਾਨਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਜਿਸ ਤਰੀਕੇ ਨਾਲ ਭਾਰਤ ਦੀ ਮੌਜੂਦਾ ਹਿੰਦੂ ਸਰਕਾਰ ਦੀ ਸਹਿਮਤੀ ਨਾਲ ਅਖੌਤੀ ਛੋਟੀਆਂ ਜਾਤਾਂ ਨਾਲ ਸ਼ੱਰੇਆਮ ਵਿਤਕਰਾ ਤੇ ਹਿੰਸਾ ਕੀਤੀ ਜਾ ਰਹੀ ਹੈ, ਉਸ ਨੂੰ ਕਿਸੇ ਤਰ੍ਹਾਂ ਵੀ ਨੈਤਿਕ ਨਹੀਂ ਕਿਹਾ ਜਾ ਸਕਦਾ। ਭਾਵੇਂ ਲੰਮੇ ਸਮੇਂ ਤੋਂ ਜਾਤ-ਪਾਤ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਪਰ ਇਸ ਦੇ ਕਾਇਮ ਰਹਿਣ ਪਿੱਛੇ ਸਭ ਤੋਂ ਵੱਡਾ ਕਾਰਨ ਬਿਨਾ ਸ਼ੱਕ ਲੋਕਾਂ ਦੀ ਸੋਚ ਉੱਤੇ ਧਰਮ ਦੀ ਜਕੜ ਹੈ।

ਵਿਗਿਆਨਕ ਸੂਝ ਤੋਂ ਪਹਿਲਾਂ ਮਨੁੱਖ ਨੂੰ ਲੱਗਦੀਆਂ ਬੀਮਾਰੀਆਂ ਬਾਰੇ ਜੋ ਸਮਝ ਸੀ ਤੇ ਉਸ ਸਮਝ ਅਨੁਸਾਰ ਬੀਮਾਰੀਆਂ ਦੇ ਇਲਾਜ ਨਾਲ ਜੁੜਿਆ ਬਹੁਤ ਕੁਝ ਸੀ, ਜੋ ਅਜੋਕੇ ਸਮੇਂ ਅਨੈਤਿਕਤਾ ਦੇ ਘੇਰੇ ਵਿਚ ਆਉਂਦਾ ਹੈ। ਜਿਵੇਂ ਜੋਤਿਸ਼, ਭੂਤਾਂ ਅਤੇ ਰੂਹਾਂ ਆਦਿ ਵਿਚ ਵਿਸ਼ਵਾਸ ਤੇ ਭੂਤ ਕੱਢਣ ਲਈ ਵਰਤੇ ਜਾਂਦੇ ਤੌਰ ਤਰੀਕੇ ਕਿਸੇ ਵੀ ਕੋਨ ਤੋਂ ਨੈਤਿਕ ਨਹੀਂ ਕਹੇ ਜਾ ਸਕਦੇ। ਆਪਣੀਆਂ ਮੁਸ਼ਕਿਲਾਂ ਦੇ ਹੱਲ ਲਈ ਜਾਦੂ, ਟੂਣੇ ਤੇ ਮੰਤਰ ਆਦਿ ਵੀ ਸਿੱਧੇ ਤੌਰ 'ਤੇ ਅਨੈਤਿਕ ਕਾਰਜ ਹਨ, ਕਿਉਂਕਿ ਉਹ ਵਿਅਕਤੀ ਵਲੋਂ ਆਪਣੇ ਮੁਫਾਦ ਲਈ ਦੂਜੇ ਦਾ ਨੁਕਸਾਨ ਕਰਨ ਦੀ ਮਨਸ਼ਾ ਨਾਲ ਕੀਤੇ ਜਾਂਦੇ ਹਨ। ਲੋਕਾਂ ਵਿਚ ਅਜੇ ਵੀ ਅਨੇਕਾਂ ਅੰਧ-ਵਿਸ਼ਵਾਸਾਂ ਦੇ ਹੋਣ ਵਿਚ ਧਰਮ ਭਾਵੇਂ ਸਿੱਧੇ ਤੌਰ 'ਤੇ ਜ਼ਿੰਮੇਵਾਰ ਨਾ ਹੋਵੇ, ਅਸਿੱਧੇ ਤੌਰ 'ਤੇ ਜ਼ਰੂਰ ਜ਼ਿੰਮੇਵਾਰ ਹੈ। ਲੋਕਾਂ ਦੀ ਅਗਿਆਨਤਾ ਨੂੰ ਆਪਣੀ ਕਮਾਈ ਦਾ ਹਿੱਸਾ ਬਣਾਉਣ ਵਾਲੇ ਹਰ ਕਿਸਮ ਦੇ ਧੋਖੇਬਾਜ਼ ਲੋਕਾਂ ਨੂੰ ਧਰਮ ਦੀ ਪੂਰੀ ਹਮਾਇਤ ਮਿਲਦੀ ਹੈ। ਨਾਲ ਹੀ ਲੋਕਾਂ ਦੀ ਧਰਮ ਵਿਚ ਸ਼ਰਧਾ ਤੇ ਵਿਗਿਆਨਕ ਸੂਝ ਤੋਂ ਦੂਰੀ ਵੀ ਉਨ੍ਹਾਂ ਦੀਆਂ ਸਥਿਤੀਆਂ ਲਈ ਜ਼ਿੰਮੇਵਾਰ ਹੈ। ਸ਼ਰਧਾ ਬਿਨਾ ਅੰਧ-ਵਿਸ਼ਵਾਸ ਸੰਭਵ ਹੀ ਨਹੀਂ।

ਅਜੋਕੇ ਸਮੇਂ ਦੌਰਾਨ ਖਾਸ ਕਰਕੇ ਪੰਜਾਬੀ ਭਾਈਚਾਰੇ ਵਿਚ ਧਾਰਮਿਕ ਸੰਸਥਾਵਾਂ, ਹਰ ਕਿਸਮ ਦੇ ਧਾਰਮਿਕ ਆਗੂਆਂ ਅਤੇ ਬਹੁਤੇ ਪੰਜਾਬੀ ਮੀਡੀਏ ਵਲੋਂ ਲੋਕਾਂ ਨੂੰ ਚੰਗੇ, ਇਮਾਨਦਾਰ, ਹਮਦਰਦ ਇਨਸਾਨ ਬਣਨ ਦੀ ਸਿੱਖਿਆ 'ਤੇ ਮੁਕਾਬਲਤਨ ਵੱਧ ਸ਼ਕਤੀ ਤੇ ਸੋਮੇ ਲਾਏ ਜਾਂਦੇ ਹਨ। ਹਰ ਪਾਸੇ ਹਰ ਵੇਲੇ ਸਾਨੂੰ ਧਰਮ ਦੀ ਚਰਚਾ ਸੁਣਨ ਨੂੰ ਮਿਲਦੀ ਹੈ। ਆਮ ਲੋਕ ਵੀ ਤੇ ਸਮਾਜ ਵਿਚ ਵੱਖ ਵੱਖ ਖੇਤਰਾਂ ਵਿਚ ਪਛਾਣ ਰੱਖਣ ਵਾਲੇ ਲੋਕ, ਖਾਸ ਕਰ ਪੰਜਾਬੀ ਗਾਇਕ ਤੇ ਕਲਾਕਾਰ ਆਪਣੀ ਹਰ ਗੱਲ ਵਿਚ ਪਰਮਾਤਮਾ ਦਾ ਜ਼ਿਕਰ ਕਰਨਾ, ਹਰ ਗੱਲ ਲਈ ਉਹਦਾ ਸ਼ੁਕਰੀਆਂ ਅਦਾ ਕਰਨਾ ਆਪਣਾ ਮੁੱਖ ਕਰਤਵ ਸਮਝਦੇ ਹਨ। ਇਸ ਨਾਲ ਆਮ ਲੋਕਾਂ ਦੇ ਮਨਾਂ ਵਿਚੋਂ ਧਰਮ ਦਾ ਤੇ ਰੱਬ ਦਾ ਖਿਆਲ ਇੱਕ ਪੱਲ ਲਈ ਵੀ ਪਾਸੇ ਨਹੀਂ ਜਾਣ ਦਿੰਦੇ। ਧਰਮ ਦਾ ਏਨਾ ਜ਼ਿਆਦਾ ਬੋਲਬਾਲਾ ਹੋਣ ਦੇ ਬਾਵਜੂਦ ਵੱਡੀ ਗਿਣਤੀ ਪੰਜਾਬੀਆਂ ਵਲੋਂ ਇਹ ਗੱਲ ਵੀ ਮੰਨੀ ਜਾਂਦੀ ਹੈ ਕਿ ਬਹੁਤੇ ਪੰਜਾਬੀ ਦੂਜੇ ਲੋਕਾਂ ਦੇ ਮੁਕਾਬਲੇ ਘੱਟ ਇਮਾਨਦਾਰ ਅਤੇ ਨੈਤਿਕ ਹਨ। ਅਸੀਂ ਆਮ ਦੇਖਦੇ, ਸੁਣਦੇ, ਪੜ੍ਹਦੇ ਹਾਂ ਕਿ ਸਾਡੇ ਧਾਰਮਿਕ, ਸਿਆਸੀ ਤੇ ਵਪਾਰੀ (ਬਿਜਨਸ) ਖੇਤਰਾਂ ਵਿਚਲੇ ਆਗੂ ਅਕਸਰ ਆਪਣੇ ਕਾਰਜਾਂ ਵਿਚ ਅਨੈਤਿਕ ਹੁੰਦੇ ਹਨ। ਆਮ ਲੋਕ ਵੀ ਲੋੜ ਅਨੁਸਾਰ ਆਪਣਾ ਕੰਮ ਕੱਢਣ ਵਾਸਤੇ ਜੇ ਕੋਈ ਅਨੈਤਿਕ ਗੱਲ ਕਰਨੀ ਪਵੇ ਤਾਂ ਬਹੁਤੀ ਸੋਚ ਵਿਚਾਰ ਤੋਂ ਬਿਨਾ ਹੀ ਕਰ ਲੈਂਦੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕਾਂ ਦੀ ਜੀਵਨ ਜਾਚ ਧਾਰਮਿਕ ਸਿੱਖਿਆ 'ਤੇ ਆਧਾਰਤ ਹੁੰਦੀ ਹੈ। ਅਨੈਤਿਕ ਕੰਮ ਕਰਨ ਸਮੇਂ ਉਹ ਅੰਦਰੋਂ ਡਰਦੇ ਵੀ ਹਨ ਕਿ ਰੱਬ ਉਨ੍ਹਾਂ ਦੇ ਇਸ ਕਾਰਜ ਨੂੰ ਦੇਖ ਰਿਹਾ ਹੈ। ਉਹ ਆਪਣੇ ਰੱਬ ਦੀ ਤੇ ਧਰਮ ਦੀ ਆਪਣੀ ਆਰਥਕ ਸ਼ਕਤੀ ਨਾਲ ਪੂਜਾ ਕਰ ਜਾਂ ਕਰਵਾ ਕੇ ਆਪਣੇ ਇਸ ਡਰ ਤੋਂ ਛੁਟਕਾਰਾ ਪਾਉਂਦੇ ਹਨ। ਇਸ ਨਾਲ ਅਨੈਤਿਕਤਾ ਦਾ ਇੱਕ ਨਾ ਟੁੱਟਣ ਵਾਲਾ ਚੱਕਰ ਚੱਲਦਾ ਰਹਿੰਦਾ ਹੈ।

ਇਸ ਸਥਿਤੀ ਦਾ ਮੁਕਾਬਲਾ ਅਸੀਂ ਦੁਨੀਆਂ ਦੇ ਕੁਝ ਉਨ੍ਹਾਂ ਸਮਾਜਾਂ ਨਾਲ ਕਰ ਸਕਦੇ ਹਾਂ, ਜਿੱਥੇ ਬਹੁ-ਗਿਣਤੀ ਲੋਕ ਗੈਰ-ਧਾਰਮਿਕ ਹਨ ਜਾਂ ਨਾਸਤਿਕ ਹਨ। ਮਿਸਾਲ ਵਜੋਂ, ਸਕੈਂਡੇਨੇਵੀਅਨ ਮੁਲਕਾਂ-ਡੈੱਨਮਾਰਕ, ਨੌਰਵੇ ਅਤੇ ਸਵੀਡਨ ਦੇ ਲੋਕ ਪਝੱਤਰ ਪ੍ਰਤੀਸ਼ਤ ਤੋਂ ਉੱਪਰ ਕਿਸੇ ਕਿਸਮ ਦੇ ਰੱਬ ਜਾਂ ਅਣਦਿਸਦੀ ਸ਼ਕਤੀ ਵਿਚ ਯਕੀਨ ਨਹੀਂ ਕਰਦੇ ਅਤੇ ਉਨ੍ਹਾਂ ਵਿਚੋਂ ਸਿਰਫ ਤਿੰਨ ਤੋਂ ਪੰਜ ਪ੍ਰਤੀਸ਼ਤ ਤੱਕ ਹੀ ਨੇਮ ਨਾਲ ਚਰਚ ਜਾਂਦੇ ਹਨ। ਉਨ੍ਹਾਂ ਦੇ ਰੋਜ਼ਾਨਾ ਜੀਵਨ ਵਿਚ ਧਰਮ ਜਾਂ ਧਾਰਮਿਕ ਗੱਲਾਂ ਬਾਤਾਂ ਦੀ ਕੋਈ ਬਹੁਤੀ ਅਹਿਮੀਅਤ ਨਹੀਂ। ਇਨ੍ਹਾਂ ਮੁਲਕਾਂ ਦੇ ਲੋਕਾਂ ਬਾਰੇ ਪੜ੍ਹਨ-ਸੁਣਨ ਨੂੰ ਆਮ ਮਿਲਦਾ ਹੈ ਕਿ ਇਹ ਮੁਕਾਬਲਤਨ ਜ਼ਿਆਦਾ ਨੈਤਿਕ ਹਨ ਤੇ ਬਾਕੀਆਂ ਨਾਲੋਂ ਜ਼ਿਆਦਾ ਸਾਫ ਸੁਥਰਾ ਤੇ ਖੁਸ਼ੀ ਵਾਲਾ ਜੀਵਨ ਜਿਉਂਦੇ ਹਨ।

ਇਨ੍ਹਾਂ ਦੇਸ਼ਾਂ ਬਾਰੇ ਪ੍ਰਾਪਤ ਇੱਕ ਜਾਣਕਾਰੀ ਅਨੁਸਾਰ, "ਜਦੋਂ ਦਇਆ ਜਾਂ ਦਾਨ ਦੀ ਗੱਲ ਆਉਂਦੀ ਹੈ ਤਾਂ ਗਰੀਬ ਮੁਲਕਾਂ ਨੂੰ ਮਦਦ ਦੇਣ ਦੇ ਮਾਮਲੇ ਵਿਚ ਇਹ ਤਿੰਨੋਂ ਮੁਲਕ ਦੁਨੀਆਂ ਦੇ ਉੱਪਰਲੇ ਚਾਰ ਮੁਲਕਾਂ ਵਿਚ ਆਉਂਦੇ ਹਨ। ਬੇਹੱਦ ਧਾਰਮਿਕ ਅਮਰੀਕਾ ਨੇ 2010 ਵਿਚ ਗਰੀਬ ਮੁਲਕਾਂ ਦੀ ਮਦਦ ਵਜੋਂ 97 ਡਾਲਰ ਪ੍ਰਤੀ ਵਿਅਕਤੀ ਦਿੱਤੇ, ਜੋ ਏਨਾ ਮਾੜਾ ਨਹੀਂ ਕਿਹਾ ਜਾ ਸਕਦਾ, ਪਰ ਗੈਰ-ਧਾਰਮਿਕ ਸਵੀਡਨ ਨੇ 483 ਡਾਲਰ ਪ੍ਰਤੀ ਵਿਅਕਤੀ ਦਿੱਤੇ, ਡੈਨਮਾਰਕ ਨੇ 517 ਡਾਲਰ ਤੇ ਨੌਰਵੇ ਨੇ ਆਪਣੇ ਮੁਲਕ ਦੇ ਹਰ ਆਦਮੀ, ਔਰਤ ਤੇ ਬੱਚੇ ਮਗਰ 936 ਡਾਲਰ ਪ੍ਰਤੀ ਵਿਅਕਤੀ ਗਰੀਬ ਮੁਲਕਾਂ ਦੀ ਮਦਦ ਲਈ ਦਿੱਤੇ, ਜੋ ਕਿ ਅਮਰੀਕਾ ਨਾਲੋਂ ਦਸ ਗੁਣਾ ਵਾਧੂ ਹੈ।"


ਉੱਪਰ ਵਿਚਾਰੀਆਂ ਕੁਝ ਮਿਸਾਲਾਂ ਵਰਗੀਆਂ ਅਨੇਕਾਂ ਹੋਰ ਸਮਾਜਕ ਸਥਿਤੀਆਂ ਹਨ, ਜਿੱਥੇ ਧਰਮ ਦੀ ਸਿੱਖਿਆ ਨੈਤਿਕਤਾ ਤੋਂ ਬਿਲਕੁਲ ਹੀ ਉਲਟ ਹੈ। ਜੇ ਅਜੋਕੇ ਸਮੇਂ ਅਸੀਂ ਆਪਣੇ ਨਿੱਤ ਦੇ ਜੀਵਨ ਵੱਲ ਝਾਤ ਮਾਰੀਏ ਤਾਂ ਕਰੀਬ ਸਭ ਕੁਝ ਹੀ ਜੋ ਅਸੀਂ ਕਰਦੇ ਹਾਂ ਜਾਂ ਜਿਉਂਦੇ ਹਾਂ, ਉਹ ਵਿਗਿਆਨਕ ਸੂਝ ਅਨੁਸਾਰ ਪੈਦਾ ਕੀਤੀਆਂ ਵਸਤਾਂ ਤੇ ਸਥਿਤੀਆਂ ਅਨੁਸਾਰ ਹੈ। ਜੇ ਅਸੀਂ ਕਾਰ ਚਲਾਉਂਦੇ ਲਾਲ ਬੱਤੀ 'ਤੇ ਰੁਕਦੇ ਹਾਂ ਤਾਂ ਇਸ ਕਰਕੇ ਨਹੀਂ ਕਿ ਕਿਸੇ ਪਰਮਾਤਮਾ ਜਾਂ ਉਸ ਪਰਮਾਤਮਾ ਦੇ ਭੇਜੇ ਦੂਤ ਨੇ ਸਾਨੂੰ ਇਹ ਸਿੱਖਿਆ ਦਿੱਤੀ ਹੈ ਕਿ ਲਾਲ ਬੱਤੀ 'ਤੇ ਰੁਕਣਾ ਪੁੰਨ ਦਾ ਕੰਮ ਹੈ ਤੇ ਨਾ ਰੁਕਣਾ ਪਾਪ। ਅਸੀਂ ਰੁਕਦੇ ਹਾਂ, ਕਿਉਂਕਿ ਸਾਨੂੰ ਪਤਾ ਹੈ ਕਿ ਨਾ ਰੁਕਣ ਨਾਲ ਸਾਡਾ ਆਪਣਾ ਤੇ ਦੂਜਿਆਂ ਦਾ ਨੁਕਸਾਨ ਹੋਵੇਗਾ।

ਨੈਤਿਕਤਾ ਦੇ ਸਬੰਧ ਵਿਚ ਇੱਕ ਗੱਲ ਹੋਰ ਵਿਚਾਰਨ ਵਾਲੀ ਹੈ। ਕਈ ਵਾਰੀ ਅਸੀਂ ਮੌਜੂਦਾ ਆਰਥਕ ਢਾਂਚੇ ਕਾਰਨ ਮਨੁੱਖਤਾ ਤੇ ਵਾਤਾਵਰਨ ਲਈ ਪੈਦਾ ਹੋਈਆਂ ਬੇਸ਼ੁਮਾਰ ਮੁਸ਼ਕਿਲਾਂ; ਜ਼ੁਰਮ ਅਤੇ ਨਸ਼ਿਆਂ ਵਿਚ ਵਾਧਾ; ਕੰਮਾਂ ਕਾਰਾਂ ਵਿਚ ਇਮਾਨਦਾਰੀ ਦੀ ਘਾਟ; ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਲੜਾਈ ਵਰਗੀਆਂ ਵੱਡੀਆਂ ਸਮੱਸਿਆਵਾਂ; ਆਸ ਪਾਸ ਦੇ ਲੋਕਾਂ ਦੀਆਂ ਆਮ ਨਾਂਹਵਾਚਕ ਗੱਲਾਂ; ਸਮਾਜ ਵਿਚ ਲਗਾਤਾਰ ਵਾਪਰਦੀਆਂ ਅਨੇਕਾਂ ਮਾੜੀਆਂ ਘਟਨਾਵਾਂ ਆਦਿ ਤੋਂ ਡਰੇ ਤ੍ਰਭਕੇ ਇਹ ਮਹਿਸੂਸ ਕਰਨ ਲੱਗਦੇ ਹਾਂ ਕਿ ਹੁਣ ਦੁਨੀਆਂ ਵਿਚ ਕੁਝ ਵੀ ਚੰਗਾ ਹੋਣ ਦੀ ਆਸ ਨਹੀਂ ਹੈ। ਹੁਣ ਜਦੋਂ ਕਿ ਸਮੁੱਚੀ ਮਨੁੱਖਤਾ ਕੋਵਿਡ-19 ਦੇ ਕਹਿਰ ਦਾ ਨਿਸ਼ਾਨਾ ਬਣੀ ਹੋਈ ਹੈ ਅਤੇ ਅਸੀਂ ਸੰਸਾਰ ਪੱਧਰ 'ਤੇ ਡੌਨਲਡ ਟਰੰਪ ਅਤੇ ਨਰਿੰਦਰ ਮੋਦੀ ਵਰਗੇ ਹੱਦ ਦੇ ਅਨੈਤਿਕ ਨੇਤਾਵਾਂ ਵਲੋਂ ਧਰਮਾਂ ਦੀ ਆੜ ਵਿਚ ਹਰ ਕਿਸਮ ਦੇ ਝੂਠ ਤੇ ਬੇਇਮਾਨੀ ਨਾਲ ਤਾਕਤ ਵਿਚ ਡਟੇ ਰਹਿਣ ਦਾ 'ਕ੍ਰਿਸ਼ਮਾ' ਦੇਖ ਰਹੇ ਹਾਂ ਤਾਂ ਮਨੁੱਖਤਾ ਦੇ ਭਵਿੱਖ ਲਈ ਘੋਰ ਨਿਰਾਸ਼ਾ ਦਾ ਅਹਿਸਾਸ

*(ਬਾਕੀ ਅਗਲੇ ਸਫੇ 'ਤੇ)*

# ਸ਼ਹੀਦੀ ਸਾਕਾ ਨਨਕਾਣਾ ਸਾਹਿਬ ਅਤੇ ਹੱਕ-ਸੱਚ ਲਈ ਜੂਝਦੇ ਕਿਸਾਨ

ਧਰਤਿ ਪੰਜਾਬ ਦੇ ਮੱਥੇ ਦੀਆਂ ਲਕੀਰਾਂ 'ਤੇ ਕਰਤਾਰ ਨੇ ਧੁਰ-ਦਰਗਾਹੋਂ ਸਦਾ ਜੂਝਣਾ ਹੀ ਲਿਖਿਆ ਲਗਦਾ ਹੈ। ਇਥੇ ਸ਼ਹੀਦੀ ਦੀਆਂ ਫਸਲਾਂ ਵੀ ਉਗਦੀਆਂ ਨੇ ਅਤੇ ਲਹੂ ਦੇ ਫੁੱਲ ਵੀ ਖਿੜਦੇ ਨੇ। ਇੱਥੇ ਨਰਾਇਣ ਆਪ ਕਲਾ ਧਾਰ ਕੇ ਪ੍ਰਵਿਰਤ ਹੋਇਆ ਹੈ। ਧਰਤ ਲੋਕਾਈ ਨੂੰ ਸੋਧਣ ਦਾ ਆਗਾਜ਼ ਇਸੇ ਧਰਤੀ ਤੋਂ ਹੋਇਆ। ਇੱਥੋਂ ਅਗਿਆਨ ਦੀ ਧੁੰਦ ਮਿਟਾ ਕੇ ਚਾਨਣ ਦੀ ਖੇਡ ਵਰਤਾਉਣ ਦੇ ਕੌਤਕ ਹੋਏ। ਉਸ ਆਪ ਨਰਾਇਣ ਲਈ ਸਾਰੀ ਸ੍ਰਿਸ਼ਟੀ ਵਿਚ ਚਹੁੰ ਪਾਸੀਂ ਨਾਨਕ ਨਾਨਕ ਦੀ ਧੁਨੀ ਗੂੰਜਣ ਲੱਗ ਪਈ। ਜਗਤ ਗੁਰੂ ਨਾਨਕ ਸਾਹਿਬ ਦੇ ਆਉਣ ਨਾਲ ਬ੍ਰਹਮ-ਗਿਆਨੀ ਰਾਇ ਬੁਲਾਰ ਦੀ ਧਰਤ ਸੁਹਾਗਣ ਹੋ ਗਈ।




ਡਾ. ਓਅੰਕਾਰ ਸਿੰਘ

ਫੀਨਿਕਸ (ਅਮਰੀਕਾ)

ਫੋਨ: 602-303-4765

kesgarh@yahoo.com


ਇੱਥੋਂ ਹੀ ਚਾਨਣ ਦੀਆਂ ਮਸ਼ਾਲਾਂ ਬਲਣੀਆਂ ਸ਼ੁਰੂ ਹੋ ਗਈਆਂ। ਬੇਬੇ ਨਾਨਕੀ, ਭਾਈ ਮਰਦਾਨਾ ਅਤੇ ਹੋਰ ਅਨੇਕਾਂ ਰੂਹਾਂ ਇਸ ਚਾਨਣ ਦੀਆਂ ਗਵਾਹ ਬਣਦੀਆਂ ਗਈਆਂ ਅਤੇ ਇਹ ਚਾਨਣ ਹੋਰ ਬਿਖਰਦਾ ਗਿਆ, ਹੋਰ ਬਿਖਰਦਾ ਗਿਆ, ਸਗਲੀ ਧਰਤੀ ਚਾਨਣ ਚਾਨਣ ਹੋ ਗਈ।

ਰਾਇ ਭੋਇੰ ਦੀ ਤਲਵੰਡੀ ਸਹਿਜੇ ਸਹਿਜੇ ਨਨਕਾਣਾ ਬਣ ਗਈ। ਜਿਵੇਂ ਕੁਦਰਤ ਦਾ ਨਿਯਮ ਹੈ, ਨਿਰਮਲ ਪਾਣੀਆਂ ਦੇ ਫੁੱਟਦੇ ਚਸ਼ਮੇ ਸਮੇਂ ਦੀ ਚਾਲ ਨਾਲ ਮਲੀਨਤਾ ਦੀ ਜ਼ਦ ਹੇਠ ਆ ਜਾਂਦੇ ਹਨ, ਇਵੇਂ ਹੀ ਨਨਕਾਣੇ ਦੀ ਪਾਵਨ-ਪਵਿੱਤਰ ਧਰਤੀ ਨਾਲ ਵੀ ਹੋਇਆ। ਇਸ ਚਾਨਣ ਦੀ ਸਥਾਪਤੀ ਲਈ ਗੁਰੂ ਨਾਨਕ ਪਾਤਸ਼ਾਹ ਹਜ਼ੂਰ ਨੇ ਘਰ ਘਰ ਅੰਦਰ ਧਰਮਸ਼ਾਲਾਵਾਂ ਬਣਾਉਣੀਆਂ ਅਰੰਭੀਆਂ। ਕਰਤਾਰਪੁਰ ਤੋਂ ਅਰੰਭ ਹੋਈ ਪ੍ਰਥਾ ਸਭ ਸੰਸਾਰ ਅੰਦਰ ਫੈਲਦੀ ਗਈ। ਸਹਿਜੇ ਸਹਿਜੇ ਇਨ੍ਹਾਂ ਚਾਨਣ-ਘਰਾਂ ਨੂੰ ਗੁਰਦੁਆਰਾ ਸਾਹਿਬ ਦਾ ਨਾਂ ਦਿੱਤਾ ਗਿਆ। ਇਹ ਗੁਰਦੁਆਰਾ ਸਾਹਿਬਾਨ ਸਿੱਖ ਸੰਗਤਾਂ ਦੀਆਂ ਵਧੀਆਂ ਧਾਰਮਿਕ ਸਰਗਰਮੀਆਂ ਦਾ ਕੇਂਦਰ ਬਣਨ ਲੱਗ ਪਏ। ਦਸਵੰਧ ਅਤੇ ਹੋਰ ਭੇਟਾਵਾਂ ਆਉਣੀਆਂ ਸ਼ੁਰੂ ਹੋ ਗਈਆਂ। ਸਰਗਰਮੀਆਂ ਵਧਣ ਕਾਰਨ ਇਨ੍ਹਾਂ ਦੇ ਪ੍ਰਬੰਧ ਦਾ ਸਿਲਸਿਲਾ ਵੀ ਸ਼ੁਰੂ ਹੋਇਆ। ਸਤਿਗੁਰੂ ਸਾਹਿਬਾਨ ਵੱਲੋਂ ਆਪ ਹੀ ਧਰਮ-ਪ੍ਰਚਾਰ ਅਤੇ ਪ੍ਰਬੰਧ ਲਈ ਮਸੰਦ ਪ੍ਰਥਾ ਸ਼ੁਰੂ ਕੀਤੀ ਗਈ। ਬਹੁਤ ਜੀਵਨ ਵਾਲੇ ਸਿੰਘ-ਸਿੰਘਣੀਆਂ ਨੂੰ ਇਹ ਅਗਵਾਈ ਸੌਂਪੀ ਗਈ, ਜਿਹੜੇ ਉਸ ਵੇਲੇ ਸਿੱਧੇ ਸਤਿਗੁਰੂ ਸਾਹਿਬ ਨਾਲ ਜੁੜੇ ਹੋਏ ਸਨ। ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਹਜ਼ੂਰ ਦੇ ਸਮੇਂ ਤੱਕ ਇਸ ਵਿਚੋਂ ਮੂਲ ਭਾਵਨਾ ਗੁਆਚ ਗਈ ਅਤੇ ਇਸ ਉਤੇ ਭ੍ਰਿਸ਼ਟਤਾ ਦਾ ਚਿੰਨ੍ਹ ਲੱਗ ਗਿਆ। ਗੁਰੂ ਸਾਹਿਬ ਦੇ ਸਮੇਂ ਵਿਚ ਹੀ ਇਹ ਮਸੰਦ ਆਪਣੇ ਆਪ ਨੂੰ ਗੁਰੂ ਸਮਝਣ ਲੱਗ ਪਏ। ਜਨਮ ਸਾਖੀ ਸਾਹਿਤ ਰਾਹੀਂ ਹੰਦਾਲੀਆਂ ਅਤੇ ਨਿਰੰਜਨੀਆਂ ਵੱਲੋਂ ਫੈਲਾਇਆ ਗਿਆ ਅਗਿਆਨ ਦਾ ਹਨੇਰਾ ਇਸ ਦੀ ਵੱਡੀ ਮਿਸਾਲ ਹੈ। ਇਨ੍ਹਾਂ ਕਾਰਨਾਂ ਕਰਕੇ ਗੁਰੂ ਗੋਬਿੰਦ ਸਿੰਘ ਨੂੰ ਆਪ ਹੀ ਬਹੁਤ ਸਖਤੀ ਨਾਲ ਇਸ ਪ੍ਰਬੰਧ ਨੂੰ ਬੰਦ ਕਰਨਾ ਪਿਆ।

ਦਸਮ ਪਾਤਸ਼ਾਹ ਹਜ਼ੂਰ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸਿੱਖ ਜਗਤ ਨੂੰ ਇੱਕ ਵਾਰੀ ਫਿਰ ਆਪਣੀ ਹੋਂਦ ਦੀ ਲੜਾਈ ਲੜਨੀ ਪਈ। ਜੰਗਲਾਂ ਵਿਚ ਨਿਵਾਸ ਕਰਨ ਕਰਕੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਉਦਾਸੀ ਅਤੇ ਨਿਰਮਲੇ ਸਿੱਖਾਂ ਦੇ ਹੱਥਾਂ ਵਿਚ ਚਲਾ ਗਿਆ। ਅਰੰਭ ਵਿਚ ਇਹ ਉਦਾਸੀ ਅਤੇ ਨਿਰਮਲੇ ਸਿੱਖ ਸਤਿਗੁਰੂ ਦੇ ਭਰੋਸੇ ਅਤੇ ਉਚ ਜੀਵਨ ਵਾਲੇ ਹੁੰਦੇ ਸਨ। ਧਰਮ-ਪ੍ਰਚਾਰ ਅਤੇ ਵਿੱਦਿਆ ਦੇ ਪ੍ਰਸਾਰ ਪੱਖੋਂ ਵੀ ਇਨ੍ਹਾਂ ਦਾ ਕਾਰਜ ਵਰਣਨਯੋਗ ਹੈ। ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਯੋਗ ਤਰੀਕੇ ਨਾਲ ਚਲਾਉਣ ਅਤੇ ਆਏ ਗਏ ਦੀ ਸੇਵਾ-ਸੰਭਾਲ ਤੇ ਲੰਗਰ ਆਦਿ ਦੀ ਨਿਰਵਿਘਨ ਸੇਵਾ ਲਈ ਸਿੱਖ ਮਿਸਲਾਂ ਅਤੇ ਮਾਹਰਾਜਾ ਰਣਜੀਤ ਸਿੰਘ ਵੱਲੋਂ ਗੁਰਦੁਆਰਾ ਸਾਹਿਬਾਨ ਦੇ ਨਾਂ ਬਹੁਤ ਸਾਰੀਆਂ ਜਾਗੀਰਾਂ ਲਾ ਦਿੱਤੀਆਂ ਗਈਆਂ। ਸਹਿਜੇ ਸਹਿਜੇ ਜਿਉਂ ਜਿਉਂ ਆਮਦਨ ਵਿਚ ਵਾਧਾ ਹੋਣ ਲੱਗਾ, ਤਿਵੇਂ ਤਿਵੇਂ ਇਨ੍ਹਾਂ ਧਾਰਮਿਕ ਅਸਥਾਨਾਂ 'ਤੇ ਭ੍ਰਿਸ਼ਟਾਚਾਰ ਅਤੇ ਵਿਭਚਾਰ ਵਿਚ ਵੀ ਵਾਧਾ ਹੋਣ ਲੱਗ ਪਿਆ।

ਅੰਗਰੇਜ਼ਾਂ ਦੇ ਆਉਣ ਤੋਂ ਬਾਅਦ ਇਨ੍ਹਾਂ ਦੇ ਕੁਕਰਮਾਂ ਵਿਚ ਹੋਰ ਵਾਧਾ ਹੋਣਾ ਸ਼ੁਰੂ ਹੋ ਗਿਆ। ਅੰਗਰੇਜ਼ਾਂ ਨੇ ਆਪਣੇ ਸਿਆਸੀ ਹਿੱਤਾਂ ਦੀ ਖਾਤਰ ਮਹੰਤਾਂ ਨਾਲ ਰਾਬਤਾ ਕਾਇਮ ਕਰਨਾ ਸ਼ੁਰੂ ਕਰ ਦਿੱਤਾ, ਜਿਸ ਤੋਂ ਇਨ੍ਹਾਂ ਨੂੰ ਹੋਰ ਸ਼ਹਿ ਮਿਲਣੀ ਸ਼ੁਰੂ ਹੋ ਗਈ। ਮਹੰਤਾਂ ਨੇ ਗੁਰਦੁਆਰਾ ਸਾਹਿਬਾਨ ਅਤੇ ਜਾਗੀਰਾਂ ਨੂੰ ਆਪਣੀ ਨਿੱਜੀ ਮਲਕੀਅਤ ਸਮਝਣਾ ਸ਼ੁਰੂ ਕਰ ਦਿੱਤਾ, ਜਿਸ ਕਾਰਨ ਇਨ੍ਹਾਂ ਦੇ ਪਾਪਾਂ ਦਾ ਘੜਾ ਦਿਨੋ ਦਿਨ ਹੋਰ ਜ਼ਿਆਦਾ ਭਰਨਾ ਸ਼ੁਰੂ ਹੋ ਗਿਆ। ਇਨ੍ਹਾਂ ਵੱਲੋਂ ਆਪਣੀ ਨਿੱਜੀ ਪੂਜਾ ਅਤੇ ਗੁਰਦੁਆਰਾ ਸਾਹਿਬਾਨ ਵਿਚ ਸਿੱਖ ਪਰੰਪਰਾਵਾਂ ਤੇ ਮਰਿਆਦਾ ਤੋਂ ਉਲਟ ਗਤੀਵਿਧੀਆਂ ਅਰੰਭ ਕਰ ਦਿੱਤੀਆਂ ਗਈਆਂ।


ਗੁਰਦੁਆਰਾ ਸਾਹਿਬਾਨ ਉਪਰ ਕਾਬਜ਼ ਮਹੰਤਾਂ ਵਿਚੋਂ ਸਭ ਤੋਂ ਕੁਕਰਮੀ ਅਤੇ ਅਯਾਸ਼ ਨਨਕਾਣਾ ਸਾਹਿਬ ਦਾ ਮਹੰਤ ਨਰੈਣ ਦਾਸ ਸੀ। ਉਹ ਆਪ ਅਤੇ ਉਸ ਦੇ ਰੱਖੇ ਹੋਏ ਗੁੰਡਾ ਕਿਸਮ ਦੇ ਚੇਲੇ-ਚਾਟੜੇ ਗੁਰਦੁਆਰਾ ਸਾਹਿਬ ਵਿਚ ਆਉਣ ਵਾਲੇ ਮੁਸਾਫਿਰਾਂ ਅਤੇ ਸ਼ਰਧਾਲੂਆਂ ਦੀ ਲੁੱਟ-ਖਸੁੱਟ ਤੇ ਬੇਪੱਤੀ ਕਰਿਆ ਕਰਦੇ ਸਨ। ਗੁਰਦੁਆਰਾ ਸਾਹਿਬ ਵਿਚ ਆਉਣ ਵਾਲੀਆਂ ਔਰਤਾਂ ਦੀ ਛੇੜ-ਛਾੜ ਅਤੇ ਇੱਜਤ ਲੁੱਟਣ ਤੋਂ ਵੀ ਗੁਰੇਜ਼ ਨਹੀਂ ਸੀ ਕੀਤਾ ਜਾਂਦਾ। ਮੱਸਿਆ ਦੇ ਇੱਕ ਇਕੱਠ ਵਿਚ ਲਾਇਲਪੁਰ ਸ਼ਹਿਰ ਤੋਂ ਆਈਆਂ ਛੇ ਔਰਤਾਂ ਨੂੰ ਇਸ ਮਹੰਤ ਦੇ ਗੁੰਡੇ ਚੇਲਿਆਂ ਨੇ ਬੇਇੱਜਤ ਕੀਤਾ। ਇੱਕ ਸਿੰਧੀ ਸੈਸ਼ਨ ਜੱਜ ਦੀ ਕੁਆਰੀ ਬੇਟੀ ਦਾ ਚੇਲਿਆਂ ਨੇ ਬਲਾਤਕਾਰ ਕੀਤਾ। ਇਸ ਤਰ੍ਹਾਂ ਦੀਆਂ ਘਟਨਾਵਾਂ ਅਕਸਰ ਹੀ ਨਨਕਾਣਾ ਸਾਹਿਬ ਦੇ ਗੁਰਦੁਆਰੇ ਵਿਚ ਹੁੰਦੀਆਂ ਰਹਿੰਦੀਆਂ ਸਨ।

ਮਹੰਤਵਾਦ ਦਾ ਇਹ ਸਿਸਟਮ ਸਾਰੇ ਸਿੱਖ ਜਗਤ ਲਈ ਦਿਨੋ ਦਿਨ ਚਿੰਤਾ ਦਾ ਕਾਰਨ ਬਣਦਾ ਗਿਆ ਅਤੇ ਮਸੰਦਾਂ ਵਾਂਗ ਸਹਿਜੇ ਸਹਿਜੇ ਗੁਰਦੁਆਰਾ ਸਾਹਿਬਾਨ ਨੂੰ ਇਨ੍ਹਾਂ ਦੀ ਚੁੰਗਲ ਵਿਚੋਂ ਆਜ਼ਾਦ ਕਰਵਾਉਣ ਲਈ ਇੱਕ ਚੇਤਨਾ-ਲਹਿਰ ਅਰੰਭ ਹੋ ਗਈ, ਜਿਸ ਅਧੀਨ ਦਰਬਾਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦਾ ਕਬਜ਼ਾ ਲੈ ਲਿਆ ਗਿਆ। ਅਕਤੂਬਰ 1920 ਵਿਚ ਮਹੰਤ ਨਰੈਣ ਦਾਸ ਦੀਆਂ ਕਰਤੂਤਾਂ ਨੂੰ ਵੇਖਦਿਆਂ ਧਾਰੋਵਾਲ



ਪਿੰਡ ਵਿਚ ਇੱਕ ਇਕੱਤਰਤਾ ਹੋਈ ਅਤੇ ਇਸ ਮਹੰਤ ਨੂੰ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਤੇ ਆਪਣੇ ਆਚਾਰ-ਵਿਹਾਰ ਨੂੰ ਠੀਕ ਕਰਨ ਲਈ ਮਤਾ ਪਾਸ ਕੀਤਾ ਗਿਆ। ਜਦੋਂ ਇਸ ਦੀ ਸੂਚਨਾ ਮਹੰਤ ਨਰੈਣ ਦਾਸ ਨੂੰ ਮਿਲੀ ਤਾਂ ਉਸ ਨੇ ਠੀਕ ਹੋਣ ਦੀ ਥਾਂ ਉਲਟਾ ਸਿੱਖਾਂ ਨੂੰ ਹੀ ਸਬਕ ਸਿਖਾਉਣ ਦੇ ਮਨਸੂਬੇ ਘੜਨੇ ਸ਼ੁਰੂ ਕਰ ਦਿੱਤੇ। ਕਰੀਬ 400 ਪਠਾਣ, ਡਕੈਤ ਅਤੇ ਹੋਰ ਬਦਮਾਸ਼ ਭਰਤੀ ਕਰ ਲਏ। ਸਰਕਾਰ ਨਾਲ ਮਿਲ ਕੇ ਅਨੇਕਾਂ ਹਥਿਆਰਾਂ ਦੇ ਲਾਈਸੈਂਸ ਲਏ ਤੇ ਭਾਰੀ ਮਾਤਰਾ ਵਿਚ ਅਸਲਾ ਖਰੀਦਿਆ ਗਿਆ।

ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਿਚ ਸੁਧਾਰ ਲਿਆਉਣ ਹਿੱਤ 20 ਫਰਵਰੀ 1921 ਨੂੰ ਭਾਈ ਲਛਮਣ ਸਿੰਘ ਕੋਈ 150 ਸਿੰਘਾਂ ਦੇ ਜਥੇ ਨਾਲ ਗੁਰਦੁਆਰਾ ਨਨਕਾਣਾ ਸਾਹਿਬ ਗਏ ਅਤੇ ਬਹੁਤ ਸ਼ਾਂਤੀ ਪੂਰਨ ਢੰਗ ਨਾਲ ਦੀਵਾਨ ਸਜਾਇਆ ਗਿਆ।



ਜਥੇਦਾਰ ਕਰਤਾਰ ਸਿੰਘ ਝੱਬਰ

ਭਾਈ ਸਾਹਿਬ ਲਛਮਣ ਸਿੰਘ ਆਪ ਮਾਹਰਾਜ ਦੀ ਹਜ਼ੂਰੀ ਵਿਚ ਬੈਠ ਗਏ ਅਤੇ ਬਾਕੀ ਦੇ ਸਿੰਘਾਂ ਨੇ ਸ਼ਬਦ-ਗਾਇਨ ਅਰੰਭ ਕਰ ਦਿੱਤਾ। ਮਹੰਤ ਵੱਲੋਂ ਪਹਿਲਾਂ ਹੀ ਮਿਲੀ ਸੂਚਨਾ ਅਤੇ ਬਣਾਏ ਪ੍ਰੋਗਰਾਮ ਅਨੁਸਾਰ ਗੁਰਦੁਆਰਾ ਸਾਹਿਬ ਦੀ ਛੱਤ ਤੋਂ ਗੋਲੀਆਂ ਵਰ੍ਹਾਉਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ, ਜਿਸ ਨਾਲ ਅਨੇਕਾਂ ਸਿੰਘ ਸ਼ਹੀਦ ਹੋ ਗਏ। ਇਨ੍ਹਾਂ ਗੁੰਡਿਆਂ ਨੇ ਫਿਰ ਥੱਲੇ ਉਤਰ ਕੇ ਤੇਜ਼ ਧਾਰ ਹਥਿਆਰਾਂ ਨਾਲ ਸਿੰਘਾਂ ਦੀ ਵੱਢ-ਟੁੱਕ ਸ਼ੁਰੂ ਕਰ ਦਿੱਤੀ ਅਤੇ ਅੰਦਰ ਬੈਠੇ ਸਾਰੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਗਿਆ।

ਇੰਨੇ ਚਿਰ ਵਿਚ ਮਹੰਤ ਆਪ ਵੀ ਘੋੜੇ ਤੇ ਚੜ੍ਹ ਕੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਪਾਸੇ ਆ ਗਿਆ ਅਤੇ ਬਾਹਰੋਂ ਆ ਰਹੇ ਹੋਰ ਸਿੰਘਾਂ ਨੂੰ ਆਪਣੀ ਦੇਖ-ਰੇਖ ਵਿਚ ਮਰਵਾਉਣਾ ਸ਼ੁਰੂ ਕਰ ਦਿੱਤਾ। ਗੁਰਦੁਆਰਾ ਸਾਹਿਬ ਵਿਚੋਂ ਆਉਂਦੀ ਗੋਲੀਆਂ ਦੀ ਆਵਾਜ਼ ਸੁਣ ਕੇ ਭਾਈ ਉਤਮ ਸਿੰਘ ਦੇ ਕਾਰਖਾਨੇ 'ਚੋਂ ਭਾਈ ਦਲੀਪ ਸਿੰਘ ਉਥੇ ਪਹੁੰਚੇ ਅਤੇ ਉਨ੍ਹਾਂ ਨੇ ਮਹੰਤ ਨੂੰ ਇਸ ਘਿਨਾਉਣੀ ਹਰਕਤ ਤੋਂ ਬਾਜ਼ ਆਉਣ ਲਈ ਕਿਹਾ। ਇਸ 'ਤੇ ਮਹੰਤ ਨੇ ਆਪਣੇ ਪਿਸਤੌਲ ਨਾਲ ਖੁਦ ਉਨ੍ਹਾਂ ਨੂੰ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਅਤੇ ਉਨ੍ਹਾਂ ਦੇ ਨਾਲ ਆਏ ਭਾਈ ਵਰਿਆਮ ਸਿੰਘ ਨੂੰ ਵੀ ਆਪਣੇ ਗੁੰਡਿਆਂ ਤੋਂ ਮਰਵਾ ਦਿੱਤਾ।

ਸਾਰੀਆਂ ਲਾਸ਼ਾਂ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਹੀ ਇਕੱਠਾ ਕੀਤਾ ਗਿਆ ਅਤੇ ਮਿੱਟੀ ਦਾ ਤੇਲ ਪਾ ਕੇ ਅੱਗ ਲਾ ਦਿੱਤੀ ਗਈ। ਭਾਈ ਲਛਮਣ ਸਿੰਘ ਦੇ ਸਰੀਰ ਨੂੰ ਗੁਰਦੁਆਰਾ ਸਾਹਿਬ ਦੇ ਨਾਲ ਲਗਦੇ ਜੰਡ ਦੇ ਇੱਕ ਦਰਖਤ ਨਾਲ ਬੰਨ੍ਹ ਕੇ ਸਾੜ ਦਿੱਤਾ ਗਿਆ। ਇਸ ਸ਼ਹੀਦੀ ਸਾਕੇ ਨਾਲ ਸਾਰੇ ਸਿੱਖ ਜਗਤ ਵਿਚ ਹਾਹਾਕਾਰ ਮਚ ਗਈ। ਟੈਲੀਗ੍ਰਾਮਾਂ ਭੇਜ ਕੇ ਸਰਕਾਰ ਅਤੇ ਸਿੱਖ ਲੀਡਰਾਂ ਨੂੰ ਸੂਚਿਤ ਕੀਤਾ ਗਿਆ। ਤੁਰੰਤ ਹੀ ਕਰਤਾਰ ਸਿੰਘ ਝੱਬਰ ਵੀ ਆਪਣਾ ਜਥਾ ਲੈ ਕੇ ਉਥੇ ਪਹੁੰਚ ਗਏ। ਹਰਬੰਸ ਸਿੰਘ ਅਟਾਰੀ ਅਤੇ ਭਾਈ ਜੋਧ ਸਿੰਘ ਆਦਿ ਗੁਰਸਿੱਖ ਆਗੂ ਵੀ ਇਸ ਸਾਕੇ ਤੋਂ ਤੁਰੰਤ ਬਾਅਦ ਉਥੇ ਪਹੁੰਚ ਗਏ। ਆਲੇ-ਦੁਆਲੇ ਦੇ ਪਿੰਡਾਂ ਤੋਂ ਸਿੱਖ ਸੰਗਤਾਂ ਨੇ ਵਹੀਰਾਂ ਘੱਤ ਕੇ ਗੁਰਦੁਆਰਾ ਸਾਹਿਬ ਵੱਲ ਪਹੁੰਚਣਾ ਸ਼ੁਰੂ ਕਰ ਦਿੱਤਾ। ਸਿੱਖ ਆਗੂਆਂ ਨੇ ਸਰਕਾਰ ਨਾਲ ਇਸ ਮਸਲੇ ਬਾਰੇ ਬਹੁਤ ਗੰਭੀਰਤਾ ਨਾਲ ਗੱਲਬਾਤ ਕੀਤੀ, ਜਿਸ ਸਦਕੇ 21 ਅਕਤੂਬਰ 1920 ਨੂੰ ਕਮਿਸ਼ਨਰ ਕਿੰਗ ਨੇ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸਿੱਖ ਸੰਗਤ ਨੂੰ ਦੇਣ ਦਾ ਫੈਸਲਾ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਹਰਬੰਸ ਸਿੰਘ ਅਟਾਰੀਵਾਲੇ ਨੇ ਆਪਣੀ ਕਮੇਟੀ ਦੇ ਛੇ ਮੈਂਬਰਾਂ ਸਮੇਤ ਗੁਰਦੁਆਰੇ ਦਾ ਕਬਜ਼ਾ ਆਪਣੇ ਹੱਥ ਲੈ ਲਿਆ।

23 ਫਰਵਰੀ 1921 ਨੂੰ ਸ਼ਹੀਦ ਹੋਏ ਸਾਰੇ ਸਿੰਘਾਂ ਦਾ ਸਸਕਾਰ ਕੀਤਾ ਗਿਆ। ਮਹੰਤ ਨਰੈਣ ਦਾਸ ਅਤੇ ਉਸ ਦੇ ਗੁੰਡੇ ਸਾਥੀਆਂ ਵਿਰੁਧ ਮੁਕੱਦਮਾ ਚਲਾਇਆ ਗਿਆ। 12 ਅਕਤੂਬਰ 1921 ਨੂੰ ਮਹੰਤ ਨਰੈਣ ਦਾਸ ਅਤੇ ਉਸ ਦੇ ਹੋਰ ਸੱਤ ਸਾਥੀਆਂ ਨੂੰ ਮੌਤ ਦੀ ਸਜ਼ਾ ਦਾ ਐਲਾਨ ਹੋਇਆ। ਅੱਠ ਹੋਰਨਾਂ ਨੂੰ ਜਲਾਵਤਨੀ ਦੀ ਸਜ਼ਾ ਦਿੱਤੀ ਗਈ। 16 ਪਠਾਣਾਂ ਨੂੰ 7 ਸਾਲ ਦੀ ਬਾਮੁਸ਼ੱਕਤ ਕੈਦ ਦੀ ਸਜ਼ਾ ਹੋਈ। ਮਹੰਤ ਵੱਲੋਂ ਹਾਈਕੋਰਟ 'ਚ ਅਪੀਲ ਕਰਨ 'ਤੇ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ 'ਚ ਬਦਲ ਦਿੱਤਾ ਗਿਆ।

ਇਸ ਸ਼ਹੀਦੀ ਸਾਕੇ ਵਿਚ ਸ਼ਹੀਦ ਹੋਏ ਗੁਰਸਿੱਖਾਂ ਦੀ ਯਾਦ ਵਿਚ ਸਾਕੇ ਵਾਲੇ ਅਸਥਾਨ ਤੇ 'ਸ਼ਹੀਦ ਗੰਜ' ਬਣਾਇਆ ਗਿਆ। ਇਸ ਸਾਕੇ ਨਾਲ ਸਬੰਧਿਤ ਸਾਰੀ ਘਟਨਾ ਦੇ ਵੇਰਵੇ ਨੂੰ ਅੰਗਰੇਜ਼ੀ, ਫਾਰਸੀ, ਉਰਦੂ, ਹਿੰਦੀ ਆਦਿ ਭਾਸ਼ਾਵਾਂ ਵਿਚ ਲਿਖ ਕੇ ਉਥੇ ਭੋਰੇ ਹੇਠ ਦਬਾਇਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਅੰਮ੍ਰਿਤਸਰ ਸਾਹਿਬ ਵਿਖੇ ਖਾਲਸਾ ਕਾਲਜ ਦੇ ਨਜ਼ਦੀਕ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਖੋਲ੍ਹਿਆ ਗਿਆ।

ਜਿਵੇਂ ਮੈਂ ਅਰੰਭ ਵਿਚ ਜ਼ਿਕਰ ਕੀਤਾ ਹੈ ਕਿ ਧਰਤਿ ਪੰਜਾਬ ਦੀ ਕਿਸਮਤ ਦੀਆਂ ਲਕੀਰਾਂ ਲਹੂ ਨਾਲ ਲਿਖੀਆਂ ਹੋਈਆਂ ਹਨ। ਹਰੇਕ ਹੱਕ-ਸੱਚ ਦੀ ਆਵਾਜ਼ ਲਈ ਇੱਥੋਂ ਦੇ ਜੰਮਪਲ ਹੀ ਮੋਹਰੀ ਹੋ ਕੇ ਜੂਝਦੇ ਹਨ। ਭਾਰਤ ਦੀ ਗੁਲਾਮੀ ਦੀਆਂ ਜੰਜ਼ੀਰਾਂ ਨੂੰ ਕੱਟਣ ਲਈ ਹਾਅ ਦਾ ਨਾਅਰਾ ਨਨਕਾਣੇ ਦੀ ਧਰਤੀ ਤੋਂ ਹੀ ਮਾਰਿਆ ਗਿਆ ਸੀ। 'ਪਾਪ ਕੀ ਜੰਞ ਲੈ ਕਾਬਲੋਂ ਧਾਇਆ' ਦੀ ਆਵਾਜ਼ ਇੱਥੋਂ ਹੀ ਬੁਲੰਦ ਹੋਈ ਸੀ। 'ਕੂੜ ਫਿਰੇ ਪਰਧਾਨ ਵੇ ਲਾਲੋ' ਦੀ ਵੰਗਾਰ ਵੀ ਇੱਥੋਂ ਹੀ ਪਾਈ ਗਈ ਸੀ; ਪਰ ਸੱਚ ਇਹ ਵੀ ਹੈ ਕਿ ਸਤਿਗੁਰੂ ਨਾਨਕ ਸਾਹਿਬ ਦੀ ਵਰੋਸਾਈ ਇਸ ਧਰਤੀ 'ਤੇ ਸਮੇਂ ਦੇ ਬਦਲਣ ਨਾਲ ਮਸੰਦਾਂ ਅਤੇ ਮਹੰਤਾਂ ਨੇ ਵੀ ਵੱਖਰਾ ਰੂਪ ਧਾਰਨ ਕਰਕੇ ਗੁਰਦੁਆਰਿਆਂ ਉਤੇ ਕਬਜ਼ਾ ਕੀਤਾ ਹੋਇਆ ਹੈ। ਉਸੇ ਤਰ੍ਹਾਂ ਸਿੱਖ ਪਰੰਪਰਾਵਾਂ ਅਤੇ ਸਿੱਖ ਮਰਿਆਦਾਵਾਂ ਦਾ ਘਾਣ ਇਨ੍ਹਾਂ ਗੁਰਦੁਆਰਿਆਂ ਵਿਚ ਕੀਤਾ ਜਾ ਰਿਹਾ ਹੈ।

ਨਨਕਾਣਾ ਸਾਹਿਬ ਦੇ ਸਾਕੇ ਨੂੰ 100 ਸਾਲ ਹੋ ਗਏ ਹਨ। ਵਿਦਵਾਨ ਹੁਣ ਫਿਰ ਇੱਕ ਨਵੀਂ ਗੁਰਦੁਆਰਾ ਸੁਧਾਰ ਲਹਿਰ ਦੀ ਗੱਲ ਕਰ ਰਹੇ ਹਨ। ਸਾਰੇ ਪੰਜਾਬ ਵਿਚ ਇੱਕ ਨਵਾਂ ਉਭਾਰ ਵੇਖਣ ਨੂੰ ਮਿਲ ਰਿਹਾ ਹੈ, ਜਿਸ ਦੀ ਨਿਸ਼ਾਨਦੇਹੀ ਸਿੰਘੂ ਬਾਰਡਰ 'ਤੇ ਲੱਗੇ ਕਿਸਾਨ ਮੋਰਚੇ ਤੋਂ ਬਾਅਦ ਦਿੱਲੀ ਦੀਆਂ ਬਰੂਹਾਂ 'ਤੇ ਲੱਗੇ ਕਿਸਾਨੀ ਮੋਰਚੇ ਵਿਚੋਂ ਕੀਤੀ ਜਾ ਸਕਦੀ ਹੈ। ਕਹਿਣ ਨੂੰ ਤਾਂ ਭਾਵੇਂ ਇਹ ਕਿਸਾਨ ਮੋਰਚਾ ਹੈ, ਪਰ ਜਿਵੇਂ ਇਸ ਵਿਚੋਂ ਸਿੱਖ ਕਦਰਾਂ ਕੀਮਤਾਂ ਦੀ ਤਸਵੀਰ ਉਭਰ ਕੇ ਸਾਹਮਣੇ ਆ ਰਹੀ ਹੈ, ਉਸ ਨਾਲ ਇਹ ਇੱਕ ਗੁਰਦੁਆਰਾ ਸੁਧਾਰ ਲਹਿਰ ਵਾਂਗ ਹੀ ਲੱਗਣ ਲੱਗ ਪਿਆ ਹੈ। ਉਥੇ ਲੰਗਰ ਲੱਗ ਰਹੇ ਹਨ, ਦੀਵਾਨ ਸਜ ਰਹੇ ਹਨ ਅਤੇ ਆਜ਼ਾਦੀ ਦੀਆਂ ਗੱਲਾਂ ਹੋ ਰਹੀਆਂ ਹਨ। ਇੱਥੇ ਗੁਰਾਂ ਦੇ ਨਾਮ 'ਤੇ ਜਿਉਂਦੀ ਧਰਤ ਦੇ ਪ੍ਰਤੱਖ ਦੀਦਾਰੇ ਕੀਤੇ ਜਾ ਸਕਦੇ ਹਨ। ਦੇਸ਼ ਪੰਜਾਬ ਦੀ ਤੜਪਦੀ ਵਿਲਕਦੀ ਰੂਹ ਦੇ ਨੰਗੇ ਜ਼ਖਮਾਂ ਦੀ ਪੀੜਾ ਨੂੰ ਅਨੁਭਵ ਕੀਤਾ ਜਾ ਸਕਦਾ ਹੈ। ਇਸ ਦੀ ਰੂਹ ਦਾ ਛਲਕਦਾ ਹੋਇਆ ਦਰਦ ਹੁਣ ਫਿਰ ਉਛਾਲੇ ਮਾਰ ਰਿਹਾ ਹੈ। ਲਗਦਾ ਜਿਵੇਂ ਆਪਣਿਆਂ ਤੋਂ ਹੀ ਆਜ਼ਾਦੀ ਦੀ ਜੰਗ ਦਾ ਬਿਗਲ ਵੱਜ ਚੁਕਾ ਹੋਵੇ। ਪੰਜਾਬ ਦੇ ਜਾਏ, ਮੋਹਰੀ ਹੋ ਕੇ ਜੂਝਦਿਆਂ ਫਿਰ ਤੋਂ ਦੇਸ਼ ਦੀ ਅਗਵਾਈ ਕਰ ਰਹੇ ਹਨ। ਉਹ ਆਪਣੇ ਪੀਰ ਜਗਤ ਗੁਰ ਬਾਬੇ ਵਾਂਗ ਰੋੜਾਂ ਦੀ ਵਿਛਾਈ ਕਰੀ ਬੈਠੇ ਹਨ। ਇੱਕ ਵਾਰੀ ਫਿਰ ਆਜ਼ਾਦੀ ਨੂੰ ਵਰਣ ਲਈ ਸੌ ਤੋਂ ਉਤੇ ਪੰਜਾਬ ਦੇ ਪੁੱਤ ਮੌਤ ਨੂੰ ਗਲੇ ਲਾ ਚੁਕੇ ਹਨ। ਇਸ ਦੀ ਧਾਂਕ ਸਗਲੀ ਧਰਤ 'ਤੇ ਪੈ ਰਹੀ ਹੈ। ਰੱਬ ਖੈਰ ਕਰੇ, ਮੇਰੇ ਸੋਹਣੇ ਦੇਸ਼ ਪੰਜਾਬ 'ਤੇ!

# ਨੈਤਿਕਤਾ ਅਤੇ ਧਰਮ-2

*(ਪਿਛਲੇ ਸਫੇ ਦੀ ਬਾਕੀ)*

ਪੈਦਾ ਹੋਣਾ ਕੁਦਰਤੀ ਗੱਲ ਹੈ। ਅਜਿਹੇ ਮੌਕੇ ਸਾਨੂੰ ਮਨੁੱਖਤਾ ਦੇ ਹੁਣ ਤੱਕ ਦੇ ਵਿਕਾਸ ਵੱਲ ਨਿਗਾਹ ਮਾਰਨ ਦੀ ਲੋੜ ਹੈ। ਪਹਿਲਾਂ ਵੀ ਇਸ ਕਿਸਮ ਦੀਆਂ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ ਹੈ, ਪਰ ਇਨਸਾਨ ਨੇ ਹਾਰ ਨਹੀਂ ਮੰਨੀ।

ਅਮਰੀਕਨ ਲੇਖਕ ਮਾਈਕਲ ਸ਼ਰਮਰ ਆਪਣੀ ਵੱਡ ਅਕਾਰੀ ਪੁਸਤਕ 'ਦਾ ਮੌਰਲ ਆਰਕ' ਵਿਚ ਇਨਸਾਨ ਵਲੋਂ ਵੱਖ ਵੱਖ ਖੇਤਰਾਂ ਵਿਚ ਤਰਕ ਅਤੇ ਵਿਗਿਆਨਕ ਸੂਝ ਦੇ ਸਹਾਰੇ ਪਿਛਲੀਆਂ ਸਦੀਆਂ ਦੌਰਾਨ ਲਗਾਤਾਰ ਕੀਤੇ ਨੈਤਿਕ ਵਿਕਾਸ ਦੀ ਵਿਸਥਾਰ ਨਾਲ ਚਰਚਾ ਕਰਦਾ ਹੈ। ਉਸ ਦਾ ਕਹਿਣਾ ਹੈ, "ਅਸੀਂ ਵਿਗਿਆਨ ਰਾਹੀਂ ਖੋਜ ਦੇ ਵੱਖਰੇ ਵੱਖਰੇ ਖੇਤਰਾਂ ਵਿਚੋਂ ਅੰਕੜੇ ਲੈ ਕੇ ਨੈਤਿਕ ਆਰਕ (ਚਾਪ, ਚੱਕਰ ਦਾ ਹਿੱਸਾ) ਦੇ ਵਿਕਾਸ ਦਾ ਇਤਿਹਾਸ ਦੇਖ ਸਕਦੇ ਹਾਂ। ਸਾਰੇ ਅੰਕੜੇ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਅਸੀਂ ਇੱਕ ਸਪੀਸੀ ਵਜੋਂ ਕਿਸ ਤਰ੍ਹਾਂ ਜ਼ਿਆਦਾ (ਪਹਿਲਾਂ ਦੇ ਮੁਕਾਬਲੇ) ਨੈਤਿਕ ਹੋ ਰਹੇ ਹਾਂ।"

ਇਹ ਸਾਫ ਹੈ ਕਿ ਪਿਛਲੀਆਂ ਸਦੀਆਂ ਦੌਰਾਨ ਹੋਇਆ ਨੈਤਿਕ ਵਿਕਾਸ ਵਿਗਿਆਨ ਤੇ ਤਰਕ ਕਾਰਨ ਹੋਇਆ ਹੈ ਅਤੇ ਹੋ ਰਿਹਾ ਹੈ। ਅਸਲੀਅਤ ਇਹ ਹੈ ਕਿ ਇਨਸਾਨ ਕੋਲ ਹੁਣ ਉਹ ਗਿਆਨ ਤੇ ਤਕਨੀਕੀ ਸੂਝ ਹੈ, ਜਿਸ ਨਾਲ ਸਮੁੱਚੀ ਮਨੁੱਖਤਾ ਲਈ ਬਹੁਤ ਕੁਝ ਹਾਸਲ ਕੀਤਾ ਜਾ ਸਕਦਾ ਹੈ; ਅਜਿਹਾ ਸਮਾਜ ਸਿਰਜਿਆ ਜਾ ਸਕਦਾ ਹੈ, ਜਿਸ ਦਾ ਹਰ ਮੈਂਬਰ ਖੁਸ਼ਹਾਲ ਅਤੇ ਨੈਤਿਕ ਹੋਵੇ, ਪਰ ਬੰਦੇ ਦੇ ਗਲ ਪਏ ਧਰਮ ਦੇ ਸੰਗਲ ਅਜੇ ਉਸ ਨੂੰ ਇਸ ਪਾਸੇ ਕਾਮਯਾਬ ਨਹੀਂ ਹੋਣ ਦੇ ਰਹੇ।

ਬਰਤਾਨਵੀ ਦਾਰਸ਼ਨਿਕ ਬਰਟਰੈਂਡ ਰਸਲ ਨੇ 1930 ਵਿਚ ਲਿਖੇ ਇੱਕ ਲੇਖ ਵਿਚ ਬੜੇ ਸਾਫ ਤੇ ਸਿੱਧੇ ਸ਼ਬਦਾਂ ਵਿਚ ਇਹ ਗੱਲ ਸਾਨੂੰ ਸਮਝਾਈ ਸੀ, "ਉਹ ਗਿਆਨ ਹਾਸਿਲ ਹੈ, ਜਿਹਦੇ ਨਾਲ ਵਿਸ਼ਵ ਵਿਆਪੀ ਪ੍ਰਸੰਨਤਾ ਹਾਸਿਲ ਕੀਤੀ ਜਾ ਸਕਦੀ ਹੈ; ਇਸ ਮਕਸਦ ਲਈ ਇਹਦੀ ਵਰਤੋਂ ਅੱਗੇ ਸਭ ਤੋਂ ਵੱਡਾ ਰੋੜਾ ਧਰਮ ਦੀ ਸਿੱਖਿਆ ਹੈ। ਧਰਮ ਸਾਡੇ ਬੱਚਿਆਂ ਨੂੰ ਇੱਕ ਤਰਕਸ਼ੀਲ ਵਿਦਿਆ ਪ੍ਰਾਪਤ ਕਰਨ ਤੋਂ ਰੋਕਦਾ ਹੈ; ਧਰਮ ਜੰਗ ਦੇ ਮੁੱਢਲੇ ਕਾਰਨਾਂ ਨੂੰ ਖਤਮ ਕਰਨ ਤੋਂ ਵੀ ਸਾਨੂੰ ਰੋਕਦਾ ਹੈ; ਧਰਮ ਸਾਨੂੰ ਪਾਪ ਤੇ ਦੰਡ ਦੇ ਪੁਰਾਣੇ ਰੂੜੀਵਾਦੀ ਦਾਰਸ਼ਨਿਕ ਨਜ਼ਰੀਏ ਦੀ ਥਾਂ ਵਿਗਿਆਨਕ ਸਾਂਝੀਵਾਲਤਾ ਦਾ ਸਦਾਚਾਰ ਸਿਖਾਉਣ ਤੋਂ ਰੋਕਦਾ ਹੈ। ਇਹ ਸੰਭਵ ਹੈ ਕਿ ਮਨੁੱਖਤਾ ਸੁਨਹਿਰੀ ਯੁੱਗ ਦੀਆਂ ਬਰੂਹਾਂ 'ਤੇ ਖੜ੍ਹੀ ਹੋਵੇ; ਪਰ ਜੇ ਇਸ ਤਰ੍ਹਾਂ ਹੈ ਤਾਂ ਸਭ ਤੋਂ ਪਹਿਲਾਂ ਇਹ ਜ਼ਰੂਰੀ ਹੋਵੇਗਾ ਕਿ ਦਰਵਾਜੇ ਮੂਹਰੇ ਅੜ ਕੇ ਖੜ੍ਹੇ ਅਜਗਰ (ਡਰੈਗਨ) ਨੂੰ ਮਾਰਨਾ ਹੋਵੇਗਾ, ਤੇ ਇਹ ਅਜਗਰ ਧਰਮ ਹੈ।"

ਹੁਣ ਤੱਕ ਦੇ ਵਿਚਾਰ-ਵਟਾਂਦਰੇ ਦੇ ਆਧਾਰ 'ਤੇ ਇਸ ਲੇਖ ਦੇ ਸ਼ੁਰੂ ਵਿਚ ਉਠਾਏ ਸਵਾਲ ਦਾ ਜਵਾਬ 'ਹਾਂ' ਵਿਚ ਦਿੱਤਾ ਜਾ ਸਕਦਾ ਹੈ ਕਿ ਰੱਬ ਵਿਚ ਵਿਸ਼ਵਾਸ ਤੋਂ ਬਿਨਾ ਬੰਦਾ ਨੈਤਿਕ ਹੋ ਸਕਦਾ ਹੈ। ਸਗੋਂ ਅਵਿਸ਼ਵਾਸੀ ਜਾਂ ਨਾਸਤਿਕ ਹੀ ਅਸਲੀ ਅਰਥਾਂ ਵਿਚ ਨੈਤਿਕ ਕਹਾ ਸਕਦਾ ਹੈ। ਇਸ ਵੇਲੇ ਲੋੜ ਹੈ, ਆਪੇ ਸਿਰਜੇ ਰੱਬ ਅਤੇ ਧਾਰਮਿਕ ਬੰਦਿਸ਼ਾਂ ਤੋਂ ਮਨੁੱਖਤਾ ਨੂੰ ਆਜ਼ਾਦ ਕਰਾਉਣ ਦੀ; ਤਰਕ ਅਤੇ ਵਿਗਿਆਨਕ ਪਹੁੰਚ ਅਪਨਾ ਕੇ ਪੂਰੇ ਭਰੋਸੇ ਨਾਲ ਅੱਗੇ ਵੱਧਣ ਦੀ।

ਹਥਲੇ ਲੇਖ ਵਿਚ ਨੈਤਿਕਤਾ ਅਤੇ ਧਰਮ ਬਾਰੇ ਕੁਝ ਪਹਿਲੂ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦੁਨੀਆਂ ਭਰ ਦੇ ਚਿੰਤਕਾਂ ਵਲੋਂ ਇਸ ਵਿਸ਼ੇ ਵੱਲ ਹਮੇਸ਼ਾ ਗੰਭੀਰ ਧਿਆਨ ਦਿੱਤਾ ਜਾਂਦਾ ਰਿਹਾ ਹੈ। ਖਾਸ ਕਰ ਪਿਛਲੇ ਕੁਝ ਸਾਲਾਂ ਦੌਰਾਨ ਕਾਫੀ ਚਰਚਿਤ ਕਿਤਾਬਾਂ ਸਾਹਮਣੇ ਆਈਆਂ ਹਨ। ਇਸ ਵਿਸ਼ੇ ਸਬੰਧੀ ਇਨ੍ਹਾਂ ਕੁਝ ਪੁਸਤਕਾਂ ਨੇ ਦੂਜੀਆਂ ਦੇ ਮੁਕਾਬਲੇ ਜ਼ਿਆਦਾ ਧਿਆਨ ਖਿੱਚਿਆ ਹੈ: ਮਾਈਕਲ ਸ਼ਰਮਰ ਦੀ 'ਨੈਤਿਕ ਚਾਪ' (ਦਾ ਮੌਰਲ ਆਰਕ, 2015); ਸੈਮ ਹੈਰਿਸ ਦੀ 'ਨੈਤਿਕ ਭੂ-ਦ੍ਰਿਸ਼' (ਦਾ ਮੌਰਲ ਲੈਂਡਸਕੇਪ, 2010); ਫਰਾਂਜ਼ ਡੀ ਵਾਲ ਦੀ 'ਹਮਦਰਦੀ ਦਾ ਯੁੱਗ' (ਦਾ ਏਜ ਆਫ ਐਮਪਥੀ, 2009); ਰੌਬਰਟ ਬਕਮੈਨ ਦੀ 'ਕੀ ਅਸੀਂ ਰੱਬ ਬਿਨਾ ਚੰਗੇ ਹੋ ਸਕਦੇ ਹਾਂ?' (ਕੈਨ ਵੀ ਬੀ ਗੁੱਡ ਵਿਦਾਊਟ ਗੌਡ, 2000)।

*(ਸਮਾਪਤ)*

# ਮਰਜਾਣਿਓ ! ਜਿਊਣਾ ਸਿੱਖੋ

*ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ! ਇਸ ਲੇਖ ਲੜੀ ਦੇ ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਪ੍ਰਛਾਂਵਿਆਂ ਦੇ ਪ੍ਰਗੀਤ ਬਿਆਨੇ ਸਨ ਕਿ ਪ੍ਰਛਾਂਵਾਂ ਕਦੇ ਝੂਠ ਨਹੀਂ ਬੋਲਦਾ, ਕਪਟ ਨਹੀਂ ਕਰਦਾ, ਧੋਖਾ ਨਹੀਂ ਦਿੰਦਾ ਅਤੇ ਨਾ ਹੀ ਗਲਤਫਹਿਮੀਆਂ ਪਾਲਦਾ ਏ। ਉਹ ਤਾਂ ਨਿੱਤਰੇ ਪਾਣੀ ਵਰਗਾ, ਜਿਸ ਵਿਚੋਂ ਕੋਈ ਵੀ ਆਪਣਾ ਪਾਰਦਰਸ਼ੀ ਰੂਪ ਨਿਹਾਰ ਸਕਦਾ ਏ।...ਕਦੇ ਵੀ ਕਿਸੇ ਦਾ ਪ੍ਰਛਾਂਵਾਂ ਨਾ ਬਣੋ, ਸਗੋਂ ਪ੍ਰਛਾਂਵਿਆਂ ਨੂੰ ਸਿਰਜੋ ਤਾਂ ਕਿ ਕੋਈ ਤੁਹਾਡੇ ਪ੍ਰਛਾਂਵੇਂ ਦੇ ਨਿੱਘ ਵਿਚ ਜੀਵਨ ਦੀਆਂ ਉਮੀਦਾਂ ਅਤੇ ਉਮੰਗਾਂ ਨੂੰ ਨਵੀਂ ਪਰਵਾਜ਼ ਦੇ ਸਕੇ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਜਿਊਣ ਦੀ ਜਾਚ ਸਿੱਖਣ ਦਾ ਹੋਕਰਾ ਲਾਇਆ ਹੈ; ਕਿਉਂਕਿ "ਬਹੁਤ ਫਰਕ ਹੁੰਦਾ ਏ ਜਿਊਣ ਤੇ ਮਰਨ ਵਿਚ। ਕੁਝ ਲੋਕ ਜਿਊਂਦਿਆਂ ਹੀ ਮਰੇ ਹੁੰਦੇ ਅਤੇ ਕੁਝ ਲੋਕ ਮਰ ਕੇ ਜਿਉਂਦੇ ਰਹਿੰਦੇ, ਪਰ ਅੱਜ ਕੱਲ੍ਹ ਜ਼ਿਆਦਾਤਰ ਲੋਕ ਜਿਉਂਦਿਆਂ ਹੀ ਆਪਣੀ ਲੋਥ ਮੋਢਿਆਂ 'ਤੇ ਚੁੱਕੀ ਫਿਰਦੇ।...ਮਰਨਾ ਬਹੁਤ ਆਸਾਨ, ਪਰ ਮਰਨ ਤੋਂ ਜ਼ਿਆਦਾ ਜਰੂਰੀ ਏ ਜਿਊਣਾ। ਜਿਉਣਾ ਔਖਾ ਤਾਂ ਹੁੰਦਾ, ਪਰ ਜਿਊਣ ਵਿਚੋਂ ਹੀ ਜ਼ਿੰਦਗੀ ਦੀ ਸਮੁੱਚਤਾ ਅਤੇ ਸਾਰਥਿਕਤਾ ਨੂੰ ਨਵਾਂ ਸੰਦੇਸ਼ ਤੇ ਸੰਭਾਵਨਾ ਮਿਲਦੀ।" ਉਹ ਕਹਿੰਦੇ ਹਨ, "ਮਾਨਵੀ ਮਕਸਦ ਜਾਂ ਸਮਾਜ ਲਈ, ਜੁਲਮ ਨਾਲ ਲੜਦਿਆਂ, ਅਨਿਆਂ ਦਾ ਸਾਹਮਣਾ ਕਰਦਿਆਂ ਜਾਂ ਮਾਨਵਵਾਦੀ ਅਸੂਲਾਂ 'ਤੇ ਪਹਿਰੇ ਦਿੰਦਿਆਂ, ਮੌਤ ਨੂੰ ਗਲੇ ਲਾਉਣਾ ਅਤੇ ਸ਼ਹਾਦਤ ਪ੍ਰਾਪਤ ਕਰਨਾ, ਦਰਅਸਲ ਮਰ ਕੇ ਜਿਊਣਾ ਹੁੰਦਾ।" -ਸੰਪਾਦਕ*

## ਸ਼ਬਦ ਜੋਤ



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਬਹੁਤੇ ਲੋਕ ਜਿਉਂਦੇ ਘੱਟ, ਪਰ ਮਰਦੇ ਜ਼ਿਆਦਾ। ਬਹੁਤ ਘੱਟ ਲੋਕ ਜ਼ਿਆਦਾ ਸਮਾਂ ਜਿਉਂਦੇ ਅਤੇ ਘੱਟ ਸਮੇਂ ਲਈ ਮਰਦੇ। ਸਮੇਂ ਦੀ ਕੇਹੀ ਤ੍ਰਾਸਦੀ ਕਿ ਹਰ ਵਿਅਕਤੀ ਜਿਉਣ ਲਈ ਪਲ ਪਲ ਮਰ ਰਿਹਾ ਏ। ਜਦ ਜਿਊਣ ਦਾ ਮੌਕਾ ਆਉਂਦਾ ਤਾਂ ਮੜੀਆਂ ਦੀ ਤਿਆਰੀ ਹੋ ਜਾਂਦੀ। ਕਈ ਤਾਂ ਸਿਰਫ ਮਰਨ ਲਈ ਹੀ ਜਿਉਂਦੇ।

ਆਲੇ-ਦੁਆਲੇ 'ਚ ਹਰੇਕ ਹੀ ਮਰਨਮਿੱਟੀ ਚੁੱਕੀ ਫਿਰਦਾ। ਉਸ ਦੀ ਸੋਚ ਵਿਚ ਮੌਤ ਦਾ ਅਜਿਹਾ ਖੌਫ ਸਮਾਇਆ ਰਹਿੰਦਾ ਕਿ ਉਹ ਤਿਲ-ਤਿਲ ਮਰਨ ਲਈ ਹੀ ਮਜ਼ਬੂਰ। ਉਸ ਦੀ ਸੋਚ ਜ਼ਿੰਦਗੀ ਨੂੰ ਭਰਪੂਰਤਾ ਸੰਗ ਜਿਊਣ ਦਾ ਚਾਅ ਹੀ ਸੰਤਾਪਿਆ ਹੁੰਦਾ।

ਸਮਾਜ ਵਿਚ ਚਾਰੇ ਪਾਸੇ ਹੀ ਮੌਤ ਦਾ ਮੰਡਰਾਉਣਾ, ਸਾਹ ਨੂੰ ਸੂਲੀ 'ਤੇ ਟੰਗਣ ਦੀ ਨੌਬਤ। ਇਸ ਨੌਬਤ ਨੂੰ ਪਲ ਪਲ ਹੰਢਾਉਣਾ, ਜਿਊਣ ਦਾ ਭਰਮ।

ਪਰਿਵਾਰ, ਸਮਾਜ ਅਤੇ ਸੰਸਾਰ ਵਿਚ ਇਹ ਵਰਤਾਰਾ ਆਮ। ਵਿਅਕਤੀ ਕੋਲ ਆਪਣੇ ਅਤੇ ਪਰਿਵਾਰ ਲਈ ਸਮਾਂ ਨਹੀਂ। ਉਹ ਤਾਂ ਹਰਦਮ ਇਹ ਵਿਚਾਰ ਹੀ ਪਾਲਦਾ ਕਿ ਹੁਣ ਤਾਂ ਮਰਨ ਦੀ ਵੀ ਵਿਹਲ ਨਹੀਂ, ਪਰ ਦਰਅਸਲ ਉਹ ਮਰ ਰਿਹਾ ਹੁੰਦਾ। ਉਹ ਆਪਣੇ ਤੇ ਪਰਿਵਾਰ ਲਈ ਵੱਡਾ ਘਰ, ਸੁੱਖ-ਸਹੂਲਤਾਂ ਅਤੇ ਧਨ ਦੇ ਅੰਬਾਰ ਲਾਉਣ ਲਈ ਅਜਿਹਾ ਖਚਤ ਹੁੰਦਾ ਕਿ ਉਸ ਲਈ ਜ਼ਿੰਦਗੀ ਦੇ ਅਰਥਾਂ ਦੀ ਕੋਈ ਅਹਿਮੀਅਤ ਨਹੀਂ ਹੁੰਦੀ। ਸਿਹਤ ਦਾ ਖਿਆਲ ਰੱਖਣਾ ਜਾਂ ਆਪਣੇ ਹਿੱਸੇ ਦਾ ਜੀਵਨ ਜਿਊਣ ਦੀ ਕਾਮਨਾ ਮਨ ਵਿਚ ਪੈਦਾ ਕਰਨ ਦਾ ਖਾਬੋ-ਖਿਆਲ ਵੀ ਨਹੀਂ ਆਉਂਦਾ। ਅਜਿਹੇ ਲੋਕ ਬੱਚਿਆਂ ਲਈ ਮਿਲੀਅਨ ਛੱਡ, ਕਿਸੇ ਸੀਨੀਅਰ ਹੋਮ ਵਿਚ ਸਾਹਾਂ ਨੂੰ ਆਖਰੀ ਅਲਵਿਦਾ ਕਹਿੰਦੇ, ਅਣਿਆਈ ਮੌਤੇ ਹੀ ਮਰ ਜਾਂਦੇ।

ਬੰਦਾ ਮੇਰੀ ਮੇਰੀ ਕਰਦੀ ਹੀ ਆਪਣਾ ਸਭ ਕੁਝ ਗਵਾਹ ਲੈਂਦਾ। ਹਰ ਵੇਲੇ ਮਰਨ-ਮਾਰਨ 'ਤੇ ਉਤਾਰੂ। ਪਿੰਡਾਂ ਵਿਚ ਅਕਸਰ ਹੀ ਵੱਟ ਤੋਂ ਸ਼ੁਰੂ ਹੋਈਆਂ ਲੜਾਈਆਂ ਕਈ ਪੀੜ੍ਹੀਆਂ ਤੱਕ ਚੱਲਦੀਆਂ। ਕਈ ਜਾਨਾਂ ਦੀ ਆਹੂਤੀ, ਕੱਖੋਂ ਹੌਲੀ ਕਰਦੀਆਂ ਕਈ ਪਰਿਵਾਰਾਂ ਨੂੰ; ਪਰ ਉਨ੍ਹਾਂ ਲਈ ਜਿਊਣ ਨਾਲੋਂ ਮਰਨ ਨੂੰ ਅਹਿਮੀਅਤ ਦੇਣੀ ਮੂਰਖਾਨਾ ਹੀ ਹੈ।

ਦੁਨੀਆਂ ਭਰ ਵਿਚ ਖਾਨਾ-ਜੰਗੀ, ਲੜਾਈਆਂ, ਹਓਮੈ ਅਤੇ ਆਪਣੀ ਧੌਂਸ ਜਮਾਉਣ ਲਈ ਹੀ ਹਨ। ਰਾਜਨੀਤਕ ਲੋਕਾਂ ਦੀ ਕੁਰਸੀ ਦੇ ਪਾਵੇ ਬਣੇ ਆਮ ਲੋਕ ਹੀ ਮਰਨ ਜੋਗੇ ਹੁੰਦੇ। ਜੰਗਾਂ ਛੇੜਨ ਵਾਲੇ ਇਹ ਲੀਡਰ ਕਦੇ ਜੰਗ ਦੇ ਮੈਦਾਨ ਵਿਚ ਨਹੀਂ ਜਾਂਦੇ ਸਗੋਂ ਉਹ ਬਿਗਾਨੇ ਸਿਵਿਆਂ 'ਤੇ ਸਿੰਘਾਸਣਾਂ ਦੀ ਤਾਮੀਰਦਾਰੀ ਕਰਦੇ। ਖੂਨ-ਖਰਾਬੇ ਵਿਚ ਉਲਝੀਆਂ ਜਥੇਬੰਦੀਆਂ ਆਪਣੀਆਂ ਤਮੰਨਾਵਾਂ ਨੂੰ ਪੱਠੇ ਪਾਉਣ ਅਤੇ ਸਰਦਾਰੀ ਕਾਇਮ ਕਰਨ ਲਈ ਤੱਤੇ ਖੂਨ ਨੂੰ ਸ਼ਹਾਦਤ ਲਈ ਉਕਸਾਉਂਦੀਆਂ, ਮਰਨ ਉਪਰੰਤ ਸਵਰਗੀ ਸਬਜ਼-ਬਾਗ ਦਿਖਾਉਂਦੀਆਂ, ਨੌਜਵਾਨ ਸੋਚ ਨੂੰ ਵਰਗਲਾਉਣ ਵਿਚ ਕਾਮਯਾਬ।

ਮਾਨਵੀ ਮਕਸਦ ਜਾਂ ਸਮਾਜ ਲਈ, ਜੁਲਮ ਨਾਲ ਲੜਦਿਆਂ, ਅਨਿਆਂ ਦਾ ਸਾਹਮਣਾ ਕਰਦਿਆਂ ਜਾਂ ਮਾਨਵਵਾਦੀ ਅਸੂਲਾਂ 'ਤੇ ਪਹਿਰੇ ਦਿੰਦਿਆਂ, ਮੌਤ ਨੂੰ ਗਲੇ ਲਾਉਣਾ ਅਤੇ ਸ਼ਹਾਦਤ ਪ੍ਰਾਪਤ ਕਰਨਾ, ਦਰਅਸਲ ਮਰ ਕੇ ਜਿਊਣਾ ਹੁੰਦਾ।

ਜਦ ਮਨੁੱਖ ਧਨ ਖਾਤਰ ਜਾਂ ਉਚਾ ਰੁਤਬਾ ਹਾਸਲ ਕਰਨ ਲਈ ਆਪਣੇ ਆਪ ਨੂੰ ਦਾਅ 'ਤੇ ਲਾਵੇ ਤਾਂ ਇਸ ਮਰਨ ਵਿਚੋਂ ਜਿਊਣ ਨੂੰ ਕਿਵੇਂ ਕਿਆਸਿਆ ਜਾ ਸਕਦਾ?

ਸਮਾਜ ਵਿਚ ਨਕਾਰਾਤਮਿਕਤਾ ਹਾਵੀ। ਖੁਦ ਨੂੰ ਭੁੱਲ ਕੇ ਇਕ ਅਜਿਹੀ ਦੌੜ ਵਿਚ ਸ਼ਾਮਲ, ਜਿਸ ਦਾ ਕੋਈ ਅੰਤ ਨਹੀਂ ਅਤੇ ਨਾ ਹੀ ਕਿਧਰੇ ਕੋਈ ਸਿਰਾ ਥਿਆਉਂਦਾ। ਇਹ ਤਾਂ ਮਨੁੱਖ ਵਿਚਲੇ ਸੰਜਮ, ਸੁਹਜ, ਸਾਦਗੀ ਅਤੇ ਸੰਤੋਖ ਨੇ ਹੀ ਨਿਰਧਾਰਤ ਕਰਨਾ ਕਿ ਲੋੜਾਂ ਨੂੰ ਸੀਮਤ ਕਿਵੇਂ ਕਰਨਾ? ਸੀਮਤ ਸਾਧਨਾਂ ਨਾਲ ਪੂਰਤੀ ਕਿਵੇਂ ਕਰਨੀ? ਇਸ ਵਿਚੋਂ ਸਬਰ ਤੇ ਸਕੂਨ ਨੂੰ ਜੀਵਨ ਦਾ ਸੁਖਨ ਕਿਵੇਂ ਬਣਾਉਣਾ?

ਜ਼ਿਆਦਾਤਰ ਧਾਰਮਿਕ ਪ੍ਰਚਾਰਕ ਅਡੰਬਰੀ। ਉਹ ਪ੍ਰਚਾਰ ਤਾਂ ਦੁਨਿਆਵੀ ਸੁੱਖ-ਸਹੂਲਤਾਂ ਨੂੰ ਛੱਡਣ ਅਤੇ ਮਾਇਆ ਮੋਹਣੀ ਤੋਂ ਦੂਰੀ ਬਣਾਉਣ ਲਈ ਪ੍ਰੇਰਦੇ; ਪਰ ਖੁਦ ਆਲੀਸ਼ਾਨ ਡੇਰਿਆਂ, ਮਹੱਲਾਂ ਅਤੇ ਪੰਜ ਸਟਾਰੀ ਸਹੂਲਤਾਂ ਮਾਣਦੇ। ਉਨ੍ਹਾਂ ਲਈ ਜੀਵਨ ਦੇ ਅਰਥ ਆਪਣੇ ਪੈਰੋਕਾਰਾਂ ਨਾਲੋਂ ਹੀ ਵੱਖਰੇ। ਹਰ ਜਾਇਜ਼-ਨਾਜਾਇਜ਼ ਢੰਗ ਨਾਲ ਆਪਣੀਆਂ ਸਲਤਨਤਾਂ ਖੜ੍ਹੀਆਂ ਕਰਨ ਵਿਚ ਖਚਤ। ਉਹ ਸ਼ਰਧਾਲੂਆਂ ਦੇ ਮਨਾਂ ਵਿਚ ਮੌਤ ਦਾ ਖੌਫਨਾਕ ਭੈਅ ਪੈਦਾ ਕਰਦੇ, ਜੋ ਮਰਨ ਜੋਗੇ ਹੀ ਰਹਿੰਦੇ ਅਤੇ ਜਿਊਣ ਲਈ ਅਜਿਹੇ ਬਾਬਿਆਂ ਦੇ ਦਰ ਦੇ ਭਿਖਾਰੀ ਬਣੇ ਰਹਿੰਦੇ। ਅਜਿਹੇ ਸ਼ਰਧਾਲੂਆਂ ਤੋਂ ਜਿਊਣ ਦੀ ਕਿਵੇਂ ਆਸ ਰੱਖ ਸਕਦੇ ਹੋ?

ਆਪਣੇ ਹਿੱਸੇ ਦੀ ਜ਼ਿੰਦਗੀ ਜਿਊਣਾ ਹੀ ਜੀਵਨ ਦਾ ਸਚਿਆਰਾਪਣ ਅਤੇ ਅਸੀਂ ਸਾਰੇ ਹੀ ਇਸ ਤੋਂ ਮਹਿਰੂਮ। ਬੱਚਾ ਆਪਣੇ ਮਾਪਿਆਂ ਲਈ ਜਿਊਂਦਾ, ਪੜ੍ਹ-ਲਿਖ ਕੇ ਵਿਆਹ ਤੋਂ ਬਾਅਦ ਆਪਣੇ ਪਰਿਵਾਰ ਤੇ ਬੱਚਿਆਂ ਲਈ ਅਤੇ ਫਿਰ ਆਪਣੀ ਅਗਲੀ ਪੀੜ੍ਹੀ ਦੀ ਫਿਕਰਮੰਦੀ ਤੇ ਤਾਮੀਰਦਾਰੀ ਵਿਚ ਹੀ ਜ਼ਿੰਦਗੀ ਗਵਾ ਲੈਂਦਾ। ਹਰਦਮ ਮਰਨ ਵਾਲਿਓ! ਕਦੇ ਸੋਚਣਾ, ਤੁਸੀਂ ਆਪਣੇ ਹਿੱਸੇ ਦੀ ਜ਼ਿੰਦਗੀ ਵੀ ਜੀਵੀ ਆ? ਮਰਜੀ ਨਾਲ ਸੌਂਵੇ ਹੋਵੋ, ਮਰਜੀ ਨਾਲ ਉਠੇ ਹੋਵੋ, ਮਨਪਸੰਦ ਖਾਧਾ ਹੋਵੇ, ਘੁੰਮੇ ਹੋਵੋ, ਮਨਚਾਹੇ ਥਾਂਵਾਂ ਦੀ ਸੈਰ ਕੀਤੀ ਹੋਵੇ ਅਤੇ ਆਪਣੀਆਂ ਅਪੂਰਨ ਇੱਛਾਵਾਂ ਦੀ ਪੂਰਤੀ ਵੱਲ ਕੋਈ ਧਿਆਨ ਦਿਤਾ ਹੋਵੇ? ਕੀ ਕਦੇ ਆਪਣੀਆਂ ਸੂਖਮ ਭਾਵਨਾਵਾਂ ਨੂੰ ਪਰਵਾਜ ਦਿਤੀ ਏ? ਸੁੱਤੀਆਂ ਕਲਾਵਾਂ ਨੂੰ ਹਲੂਣਿਆ ਅਤੇ ਉਨ੍ਹਾਂ ਦੀ ਪਲੋਸਣੀ ਵਿਚੋਂ ਚਾਅ-ਪੁੰਗਾਰੇ ਨੂੰ ਨਵੀਆਂ ਕਰੂੰਬਲਾਂ ਤੇ ਕੋਮਲ ਪੱਤੀਆਂ ਦੀ ਸੌਗਾਤ ਦਿਤੀ ਏ? ਕੀ ਕਦੇ ਆਪਣੇ ਅੰਦਰ ਝਾਤ ਮਾਰੀ ਏ? ਖੁਦ ਨੂੰ ਚੱਜ ਨਾਲ ਨਿਹਾਰਿਆ ਏ? ਸਰੀਰਕ ਤੇ ਮਾਨਸਿਕ ਲੋੜਾਂ ਦੀ ਪੂਰਤੀ ਵੱਲ ਧਿਆਨ ਦਿਤਾ ਏ? ਆਤਮਕ ਸਿਹਤਯਾਬੀ ਲਈ ਕੋਈ ਉਚੇਚ ਕੀਤਾ ਏ?

ਜਰਾ ਸੋਚਣਾ! ਕਦੇ ਕਿਤਾਬਾਂ ਨਾਲ ਗੱਲਾਂ ਕੀਤੀਆਂ? ਕਦੇ ਅੱਖਰਾਂ ਨੂੰ ਆਪਣੀ ਕਹਾਣੀ ਸੁਣਾਈ ਏ? ਕਦੇ ਕਲਮ ਨੂੰ ਆਪਣੀਆਂ ਵੇਦਨਾਵਾਂ ਦੀ ਕਥਾ ਸੁਣਾਈ ਏ? ਜਾਂ ਬੁਰਸ਼-ਛੋਹਾਂ ਨਾਲ ਮਨ ਵਿਚ ਪਈਆਂ ਸੱਧਰਾਂ ਦੀ ਕਲਾਨਿਕਾਸ਼ੀ ਕੀਤੀ ਆ? ਆਪਣੇ ਆਪ ਦੇ ਸਨਮੁੱਖ ਹੋਏ? ਕਦੇ ਕਦਾਈਂ ਬਚਪਨੀ ਦੋਸਤਾਂ ਨਾਲ ਕੁਝ ਪਲ ਬਿਤਾਏ ਨੇ? ਉਨ੍ਹਾਂ ਨਾਲ ਬਿਤਾਏ ਬੇਫਿਕਰੀ ਦੇ ਪਲਾਂ ਨੂੰ ਪੁਨਰਸੰਜੀਵ ਕੀਤਾ ਏ, ਜਿਨ੍ਹਾਂ ਦਾ ਢਲਦੀ ਉਮਰ ਦੇ ਪ੍ਰਛਾਂਵੇਂ ਤੇ ਚਿੰਤਾਵਾਂ ਦੀਆਂ ਰੇਖਾਵਾਂ ਨੂੰ ਘਟਾਉਣ ਲਈ ਇਨ੍ਹਾਂ ਦੋਸਤਾਂ ਦਾ ਸਭ ਤੋਂ ਵੱਡਾ ਯੋਗਦਾਨ। ਉਹ ਤੁਹਾਨੂੰ ਮੁੜ ਤੋਂ ਜਿਊਣ ਦੀ ਜਾਚ ਦੱਸਣਗੇ।

ਜ਼ਿੰਦਗੀ ਦੇ ਵੱਖ ਵੱਖ ਪੜਾਵਾਂ ਦੌਰਾਨ, ਇਸ ਦੇ ਰੂਪਾਂ ਨੂੰ ਪ੍ਰਭਾਸ਼ਿਤ ਕਰਨ ਅਤੇ ਇਸ ਅਨੁਸਾਰ ਜ਼ਿੰਦਗੀ ਨੂੰ ਜਿਊਣ ਦਾ ਮਤਲਬ ਪਤਾ ਲੱਗ ਜਾਵੇ ਤਾਂ ਜ਼ਿੰਦਗੀ ਜਿਊਣ ਜੋਗੀ ਹੋ ਜਾਂਦੀ; ਪਰ ਮਨੁੱਖ ਦੀ ਕੇਹੀ ਬਿਰਤੀ ਕਿ ਉਹ ਵੈਣ-ਸਿਆਪਿਆਂ ਵਿਚੋਂ ਹੀ ਆਪਣੇ ਸਾਹਾਂ ਨੂੰ ਆਪਣੇ ਨਾਮ ਕਰਨਾ ਚਾਹੁੰਦਾ। ਹਾਉਕਿਆਂ ਵਿਚੋਂ ਸਾਹ-ਸੰਗੀਤਕਤਾ ਨੂੰ ਲੋਚਦਾ। ਅੰਦਰ ਧੁੱਖਦੀ ਧੂਣੀ ਦੇ ਸੇਕ ਵਿਚੋਂ ਠੰਢੇ ਤ੍ਰੌਂਕੇ ਦੀ ਆਸ ਰੱਖਦਾ। ਸੋਚ-ਧਰਾਤਲ ਵਿਚ ਪਈ ਕਾਂਗਿਆਰੀ ਵਿਚੋਂ ਸੋਨ-ਰੰਗੇ ਦਾਣਿਆਂ ਦੀ ਆਸ ਲਾਈ ਬੈਠਾ। ਆਤਮਾ ਵਿਚ ਪਸਰੇ ਮਾਰੂਥਲਾਂ ਵਿਚੋਂ ਮੌਲਦੀਆਂ ਫਸਲਾਂ ਕਿਆਸਦਾ। ਸੰਤਾਪੀ ਤੇ ਹਉਕੇ ਭਰਦੀ ਲੋਚਾ ਵਿਚੋਂ ਕੁਝ ਚੰਗੇਰਾ ਹੋਣ ਦੀ ਹੀ ਆਸ ਲਾਈ ਬੈਠਾ।

ਬਹੁਤ ਫਰਕ ਹੁੰਦਾ ਏ ਜਿਊਣ ਤੇ ਮਰਨ ਵਿਚ। ਕੁਝ ਲੋਕ ਜਿਊਂਦਿਆਂ ਹੀ ਮਰੇ ਹੁੰਦੇ ਅਤੇ ਕੁਝ ਲੋਕ ਮਰ ਕੇ ਜਿਉਂਦੇ ਰਹਿੰਦੇ, ਪਰ ਅੱਜ ਕੱਲ੍ਹ ਜ਼ਿਆਦਾਤਰ ਲੋਕ ਜਿਉਂਦਿਆਂ ਹੀ ਆਪਣੀ ਲੋਥ ਮੋਢਿਆਂ 'ਤੇ ਚੁੱਕੀ ਫਿਰਦੇ। ਆਪਣੀ ਅਰਥੀ ਬੰਦਾ ਕਿੰਨਾ ਕੁ ਚਿਰ ਢੋ ਸਕਦਾ? ਆਖਰ ਨੂੰ ਤਾਂ ਕੁੱਬ ਪੈਣਾ ਤੇ ਕੁਝ ਨਹੀਂ ਪੱਲੇ ਵਿਚ ਰਹਿਣਾ।

ਹਰ ਵਿਅਕਤੀ ਚੰਗੇ ਪਲਾਂ ਨੂੰ ਮਾਣਨ ਲਈ ਕੁਝ ਪਲ ਅਟਕਣਾ ਲੋਚਦਾ। ਇਸ ਅਟਕਣ ਵਿਚੋਂ ਹੀ ਜ਼ਿੰਦਗੀ ਨੂੰ ਮਿਲਦੀ ਨਿਰਮਲਤਾ, ਟਹਿਕਦਾ ਏ ਜਿਊਣ ਅੰਦਾਜ਼ ਅਤੇ ਮਿਲਦੀ ਏ ਸੁੱਚੀਆਂ ਤਰਜ਼ੀਹਾਂ ਨੂੰ ਪਰਵਾਜ਼। ਸਮਾਂਬੱਧ ਸੰਤੁਲਤਾ, ਸਮਰਪਿਤਾ ਅਤੇ ਸੁਘੜ-ਸਿਆਣਪਾਂ ਵਿਚੋਂ ਹੀ ਜ਼ਿੰਦਗੀ ਨੂੰ ਜਿਊਣ ਦੀ ਜਾਚ ਆਉਂਦੀ। ਇਸ ਵਿਚੋਂ ਹੀ ਮਨੁੱਖ ਨੂੰ ਮਨੁੱਖ ਹੋਣ ਦਾ ਮਾਣ ਹੁੰਦਾ। ਅਜੋਕੀ ਜੀਵਨ ਸ਼ੈਲੀ, ਵਿਦਿਅਕ ਅਦਾਰੇ, ਪਰਿਵਾਰਕ ਵਿਹਾਰ ਅਤੇ ਚੌਗਿਰਦੇ ਨੇ ਸੰਵੇਦਨਸ਼ੀਲ ਵਿਅਕਤੀਆਂ ਨਾਲ ਭਰਿਆ ਸਮਾਜ ਸਿਰਜਣ ਦੀ ਥਾਂ ਸਿਰਫ ਰੋਬੋਟ ਪੈਦਾ ਕਰਨ ਵੰਨੀਂ ਉਤਸ਼ਾਹਿਤ ਕਰ ਰਹੇ ਨੇ। ਇਸ ਮਕਾਨਕੀ ਜ਼ਿੰਦਗੀ ਦੇ ਦੂਰਰੱਸੀ ਤੇ ਮਾਰੂ ਸਿੱਟੇ ਹੀ ਹਨ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਮਨੋਰੋਗੀਆਂ ਦੀ ਗਿਣਤੀ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਤਲਾਕ ਵੱਧ ਰਹੇ ਨੇ। ਸਭ ਤੋਂ ਖਤਰਨਾਕ ਰੁਝਾਨ ਹੈ ਵਿਆਹ ਨਾ ਕਰਵਾਉਣ ਦੀ ਥਾਂ ਆਪਣੇ ਕੈਰੀਅਰ ਨੂੰ ਤਰਜ਼ੀਹ ਦੇਣੀ। ਬੱਚਿਆਂ ਨਾਲ ਭਰਿਆ ਪਰਿਵਾਰ ਬਣਾਉਣ ਦੀ ਥਾਂ ਲਿਵ-ਇਨ ਰਿਲੇਸ਼ਨਜ਼ ਵਿਚੋਂ ਹੀ ਮਕਾਨਕੀ ਸਕੂਨ ਅਤੇ ਖੁਸ਼ੀ ਪ੍ਰਾਪਤ ਕਰਨ ਦਾ ਰੁਝਾਨ। ਇਸ ਕਰਕੇ ਹੀ ਵਿਕਾਸਸ਼ੀਲ ਦੇਸ਼ਾਂ ਵਿਚ ਜਨ-ਸੰਖਿਆ ਦਾ ਘਟਣਾ ਹੀ ਪਰਵਾਸ ਦਾ ਪ੍ਰਮੁੱਖ ਕਾਰਨ ਏ।

ਮਨੁੱਖ ਜਦ ਮਨੁੱਖ ਤੋਂ ਦੂਰੀ ਸਿਰਜਦਾ, ਮਨੁੱਖੀ ਭਾਵਨਾਵਾਂ ਨੂੰ ਧਨ ਦੇ ਤਰਾਜੂ ਨਾਲ ਤੋਲਦਾ ਅਤੇ ਸਮੁੱਚੇ ਢਾਂਚੇ ਨੂੰ ਆਰਥਿਕ ਲਾਭ ਦੇ ਕੋਣ ਨਾਲ ਹੀ ਦੇਖਣ ਦੀ ਆਦਤ ਬਣਾਉਂਦਾ ਤਾਂ ਮਨੁੱਖਾਂ ਦੇ ਮਨੁੱਖਾਂ ਨਾਲ ਆਪਸੀ ਸਬੰਧ ਕਿਵੇਂ ਬਣਨਗੇ? ਆਨ-ਲਾਈਨ ਟੀਚਿੰਗ, ਆਫਿਸ ਵਰਕ ਜਾਂ ਰੋ-ਬੋਟ ਨੂੰ ਵੱਡੇ ਵੱਡੇ ਅਦਾਰਿਆਂ ਵਿਚ ਲਿਆ ਕੇ, ਮਨੁੱਖਹੀਣ ਵਰਤਾਰੇ ਵਿਚੋਂ ਸਿਰਫ ਰੋਬੋਟ ਬਿਰਤੀ ਨੇ ਹੀ ਪੈਦਾ ਹੋਣਾ। ਫਿਰ ਮਨੁੱਖ ਵਿਚ ਜਿਊਣ ਦੀ ਚਾਹਨਾ ਕਿਵੇਂ ਪੈਦਾ ਹੋਵੇਗੀ? ਵਿਦਿਆਰਥੀਆਂ ਵਿਚ ਜੀਵਨ ਪ੍ਰਤੀ ਨਜ਼ਰੀਏ ਦਾ ਉਚਾਟ ਹੋਣਾ ਅਤੇ ਉਨ੍ਹਾਂ ਵਿਚ ਨਿਰਾਸ਼ਾ ਦਾ ਵਾਧਾ ਇਸ ਗੱਲ ਦਾ ਪ੍ਰਤੀਕ ਏ ਕਿ ਸਿਖਿਆ ਸੰਸਥਾਵਾਂ, ਸਿਖਿਆ ਦੇ ਨਾਲ-ਨਾਲ, ਮਨੁੱਖੀ ਵਿਹਾਰ ਨੂੰ ਵਿਕਸਿਤ ਕਰਨ ਤੇ ਵਿਅਕਤੀਤਵ ਵਿਕਾਸ ਵਿਚ ਆਪਣਾ ਰੋਲ ਨਹੀਂ ਨਿਭਾ ਰਹੀਆਂ, ਜੋ ਬਹੁਤ ਅਹਿਮ ਹੁੰਦਾ।

ਮਰਨਾ ਬਹੁਤ ਆਸਾਨ, ਪਰ ਮਰਨ ਤੋਂ ਜ਼ਿਆਦਾ ਜਰੂਰੀ ਏ ਜਿਊਣਾ। ਜਿਉਣਾ ਔਖਾ ਤਾਂ ਹੁੰਦਾ, ਪਰ ਜਿਊਣ ਵਿਚੋਂ ਹੀ ਜ਼ਿੰਦਗੀ ਦੀ ਸਮੁੱਚਤਾ ਅਤੇ ਸਾਰਥਿਕਤਾ ਨੂੰ ਨਵਾਂ ਸੰਦੇਸ਼ ਤੇ ਸੰਭਾਵਨਾ ਮਿਲਦੀ। ਇਸ ਵਿਚੋਂ ਹੀ ਬੰਦਾ ਸੁਪਨੇ ਲੈਂਦਾ ਅਤੇ ਇਨ੍ਹਾਂ ਸੁਪਨਿਆਂ ਦੀ ਸੁਰਖ-ਸੰਵੇਦਨਾ ਮਨੁੱਖ ਨੂੰ ਜਿਊਣ ਦੇ ਅਰਥ ਸਮਝਾਅ ਦਿੰਦੀ, ਕਿਉਂਕਿ ਧਨ ਉਹ ਖੁਸ਼ੀ ਨਹੀਂ ਦੇ ਸਕਦਾ, ਜੋ ਮਨੁੱਖ-ਭਾਵੀ ਕਿਰਿਆਵਾਂ ਵਿਚੋਂ ਮਨੁੱਖ ਨੂੰ ਮਿਲਦਾ। ਮਾਂ ਨੂੰ ਕੁੱਖ ਵਿਚ ਨੌਂ ਮਹੀਨੇ ਤੱਕ ਪਾਲੇ ਬੱਚੇ, ਬੱਚੇ ਨਾਲ ਕੀਤੀਆਂ ਗੱਲਾਂ, ਲਡਾਏ ਲਾਡ ਅਤੇ ਉਣੇ ਸੁਪਨਿਆਂ ਦੀ ਭਰਪਾਈ, ਕਲੋਨਿੰਗ ਵਿਚੋਂ ਕਿਵੇਂ ਮਿਲ ਸਕਦੀ?



***ਸੰਸਾਰਕ ਫਿਜ਼ਾ ਵਿਚ ਪਸਰੇ ਮਾਤਮ ਵਿਚ ਜਿਊਣ ਦੀ ਜੋਤ ਜਗਾਉਣ ਦੀ ਲੋੜ ਤਾਂ ਕਿ ਲੋਕ ਮਰਨ ਦੇ ਭੈਅ ਤੋਂ ਮੁਕਤ ਹੋ, ਜਿਊਣ ਦੀ ਲਾਲਸਾ ਮਨ ਵਿਚ ਪੈਦਾ ਕਰਨ। ਉਨ੍ਹਾਂ ਲਈ ਪਲ ਪਲ ਮਰ ਕੇ ਜਿਊਣ ਦੀ ਨੌਬਤ ਨਾ ਆਵੇ। ਜੀਵਨ-ਜਾਚ ਸਿਖਾਉਣ ਵਾਲੇ ਜ਼ਿਆਦਤਰ ਪ੍ਰੇਰਕ ਵੀ ਮਾਇਕ ਸਰੋਕਾਰਾਂ ਨੂੰ ਪ੍ਰਣਾਏ ਹੋਏ। ਜਰੂਰੀ ਹੈ, ਮੱਤ ਦੇਣ ਤੋਂ ਪਹਿਲਾਂ ਉਸ ਮੱਤ 'ਤੇ ਖੁਦ ਅਮਲ ਕਰੋ। ਇਕ ਰੋਲ ਮਾਡਲ ਬਣ ਕੇ, ਸੀਮਤ ਲੋੜਾਂ ਤੇ ਸਾਧਨਾਂ ਵਿਚੋਂ ਜੀਵਨ ਦੀ ਸਮੁੱਚਤਾ ਨੂੰ ਸਕੂਨ ਦਾ ਸਾਧਨ ਬਣਾਓ।***

ਤੁਹਾਡਾ ਜਿਊਣਾ ਕਿਸੇ ਦਾ ਮੁਥਾਜ ਕਿਉਂ ਹੋਵੇ? ਜ਼ਿੰਦਗੀ ਦੀ ਭੀਖ ਕਿਸੇ ਕੋਲੋਂ ਕਿਉਂ ਮੰਗੇ? ਸਾਹਾਂ ਦੀ ਲਿਲਕੜੀ ਦਾ ਸਿਰਨਾਵਾਂ ਕਿਉਂ ਬਣੇ? ਕਿਉਂ ਆਪਣੇ ਹਿੱਸੇ ਦੀ ਚਾਨਣੀ ਨੂੰ ਮੱਸਿਆਂ ਦੇ ਨਾਮ ਕਰੇ? ਆਪਣੀ ਜੀਵਨ-ਡੋਰ ਨੂੰ ਕਿਸੇ ਹੱਥ ਨਾ ਫੜਾਓ, ਸਗੋਂ ਜੀਵਨ-ਪਤੰਗ ਦੀ ਉਡਾਣ ਦੀ ਦਿਸ਼ਾ ਖੁਦ ਨਿਰਧਾਰਤ ਕਰੋਗੇ ਤਾਂ ਇਸ ਦੀ ਉਚੇਰੀ ਉਡਾਣ 'ਤੇ ਖੁਦ ਨੂੰ ਵੀ ਨਾਜ਼ ਹੋਵੇਗਾ ਅਤੇ ਸਮਾਜ ਨੂੰ ਵੀ।

ਮਰਨ ਵਿਚੋਂ ਜਿਊਣ ਦੀ ਲਿਲਕ ਤਾਂ ਹੀ ਪੈਦਾ ਹੋਵੇਗੀ, ਜਦ ਤੁਸੀਂ ਖੁਦ ਨੂੰ ਪਿਆਰ ਕਰੋਗੇ। ਖੁਦ 'ਤੇ ਨਾਜ਼ ਹੋਵੇਗਾ। ਖੁਦ ਵਿਚੋਂ ਖੁਦਦਾਰੀ ਅਤੇ ਖੁਦਾਈ ਨੂੰ ਖੋਜਣ ਅਤੇ ਅੰਤਰੀਵ ਨੂੰ ਚਾਨਣ-ਰੱਤਾ ਕਰਨ ਵੱਲ ਰੁਚਿਤ ਹੋਵੋਗੇ। ਇਹ ਤਾਂ ਖੁਦ ਹੀ ਕਰਨਾ ਪੈਣਾ ਅਤੇ ਦੇਰ, ਕਈ ਵਾਰ ਜਾਨ ਲੇਵਾ ਹੁੰਦੀ ਆ।

ਹਰੇਕ ਨੇ ਇਕ ਦਿਨ ਮਰਨਾ, ਪਰ ਮਰਨ ਤੋਂ ਪਹਿਲਾਂ ਹੀ ਜਿਉਂਦੇ ਹੀ ਮਰ ਜਾਣਾ, ਜ਼ਿੰਦਗੀ ਲਈ ਭੀਖ ਹੁੰਦਾ ਅਤੇ ਭੀਖ ਮੰਗਣਾ, ਮਰਨ ਤੋਂ ਬਦਤਰ। ਸੋ ਲੋੜ ਹੈ, ਜਿਊਣ ਦੀ ਦੁਆ ਬਣੀਏ, ਨਾ ਕਿ ਮੌਤ ਦਾ ਮਰਸੀਆ ਉਚਾਰੀਏ।

ਜਦ ਕਿਸੇ ਦੇ ਮਨ ਵਿਚ ਆਪਣੇ ਬੱਚਿਆਂ ਨੂੰ ਮਿਲੀਅਨ ਡਾਲਰ ਦੇਣ ਦੀ ਦੌੜ ਅਤੇ ਉਨ੍ਹਾਂ ਲਈ ਹਰ ਸੁੱਖ-ਸਹੂਲਤਾਂ ਨੂੰ ਉਪਲਬਧ ਕਰਵਾਉਣ ਲਈ ਹਰ ਰਹਬਾ ਵਰਤਣ ਦੀ ਹੋਛੀ ਮਾਨਸਿਕਤਾ ਭਾਰੂ ਹੋ ਜਾਵੇ ਤਾਂ ਅਜਿਹਾ ਵਿਅਕਤੀ ਸਿਰਫ ਮਰਨ ਲਈ ਹੀ ਜਿਊਂਦਾ। ਉਸ ਲਈ ਜੀਵਨ ਦਾ ਆਧਾਰ ਸਿਰਫ ਧਨ ਕਮਾਉਣਾ ਅਤੇ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ।

ਸੰਸਾਰਕ ਫਿਜ਼ਾ ਵਿਚ ਪਸਰੇ ਮਾਤਮ ਵਿਚ ਜਿਊਣ ਦੀ ਜੋਤ ਜਗਾਉਣ ਦੀ ਲੋੜ ਤਾਂ ਕਿ ਲੋਕ ਮਰਨ ਦੇ ਭੈਅ ਤੋਂ ਮੁਕਤ ਹੋ, ਜਿਊਣ ਦੀ ਲਾਲਸਾ ਮਨ ਵਿਚ ਪੈਦਾ ਕਰਨ। ਉਨ੍ਹਾਂ ਲਈ ਪਲ ਪਲ ਮਰ ਕੇ ਜਿਊਣ ਦੀ ਨੌਬਤ ਨਾ ਆਵੇ। ਜੀਵਨ-ਜਾਚ ਸਿਖਾਉਣ ਵਾਲੇ ਜ਼ਿਆਦਤਰ ਪ੍ਰੇਰਕ ਵੀ ਮਾਇਕ ਸਰੋਕਾਰਾਂ ਨੂੰ ਪ੍ਰਣਾਏ ਹੋਏ। ਜਰੂਰੀ ਹੈ, ਮੱਤ ਦੇਣ ਤੋਂ ਪਹਿਲਾਂ ਉਸ ਮੱਤ 'ਤੇ ਖੁਦ ਅਮਲ ਕਰੋ। ਇਕ ਰੋਲ ਮਾਡਲ ਬਣ ਕੇ, ਸੀਮਤ ਲੋੜਾਂ ਤੇ ਸਾਧਨਾਂ ਵਿਚੋਂ ਜੀਵਨ ਦੀ ਸਮੁੱਚਤਾ ਨੂੰ ਸਕੂਨ ਦਾ ਸਾਧਨ ਬਣਾਓ।

ਜ਼ਿੰਦਗੀ, ਮਨੁੱਖ ਲਈ ਸਭ ਤੋਂ ਉਤਮ ਤੋਹਫਾ। ਇਸ ਸੌਗਾਤ ਨੂੰ ਮਨੁੱਖੀ ਉਚਤਮਤਾ ਲਈ ਵਰਤਣ ਲਈ ਜਰੂਰੀ ਹੈ ਕਿ ਜੀਵਨ ਨੂੰ ਚੰਗਿਆਈ ਤੇ ਭਲਿਆਈਆ ਨਾਲ ਭਰੀਏ। ਧਨ ਇਕੱਠਾ ਕਰਕੇ ਉਹ ਸੰਤੁਸ਼ਟੀ ਹਾਸਲ ਨਹੀਂ ਕਰ ਸਕਦੇ, ਜੋ ਰੋਂਦੇ ਦੇ ਹੰਝੂ ਪੂੰਝ ਕੇ ਮਿਲਦੀ, ਜੋ ਜਖਮਾਂ 'ਤੇ ਟਕੋਰ ਕਰਨ ਅਤੇ ਮਰ੍ਹਮ ਲਾਉਣ ਨਾਲ ਮਿਲਦੀ, ਜੋ ਸੁਪਨਹੀਣ ਬੱਚੇ ਦੇ ਦੀਦਿਆਂ ਵਿਚ ਸੁਪਨੇ ਧਰਨ ਜਾਂ ਖਾਲੀ ਬਸਤੇ ਵਿਚ ਅੱਖਰਾਂ ਦੀ ਦਾਤ ਪਾਉਣ ਨਾਲ ਮਿਲਦੀ। ਕਿੰਨੀ ਸ਼ਾਂਤੀ ਮਿਲੇਗੀ, ਜਦ ਅਸੀਂ ਕਿਸੇ ਦੀ ਤਿੱਖੜ ਦੁਪਹਿਰ ਵਿਚ ਛਾਂ ਬਣਾਂਗੇ, ਕਲਰਾਈਆਂ ਕੰਧਾਂ ਨੂੰ ਮਜ਼ਬੂਤੀ ਬਖਸ਼ਣ ਵਿਚ ਸਹਾਈ ਹੋਵਾਂਗੇ ਜਾਂ ਭੁੱਖੇ ਪੇਟ ਲਈ ਟੁੱਕਰ ਦਾ ਆਹਰ ਬਣਾਂਗੇ। ਕਿਸੇ ਦੇ ਜਿਊਣ ਵਿਚੋਂ ਹੀ ਜਦ ਜਿਊਣ ਦੀ ਲੋਚਾ ਪਨਪੇਗੀ ਤਾਂ ਮਰਨ ਦਾ ਖਿਆਲ ਨਹੀਂ ਆਵੇਗਾ, ਕਿਉਂਕਿ ਸਾਡਾ ਹਰੇਕ ਪਲ, ਕਿਸੇ ਲਈ ਜੀਵਨ-ਦਾਨ ਬਣ, ਸਾਨੂੰ ਵੀ ਸੁੱਚੀ ਜ਼ਿੰਦਗੀ ਦੀ ਗੁੜਤੀ ਦਿੰਦਾ ਏ।

ਜਾਣਕਾਰ ਕੈਨੇਡਾ ਵਿਚ ਰਹਿੰਦਾ ਏ। ਚਿਰ ਹੋਇਆ ਪੰਜਾਬ ਤੋਂ ਆਇਆ। ਸਭ ਕੁਝ ਭੁੱਲ ਭੁਲਾ ਕੇ, ਆਰਥਕ ਪੱਖ ਨੂੰ ਕਿਆਸਦਾ, ਖੁਦ ਦੀ ਸਿਹਤ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਬੇਮੁੱਖ ਰਿਹਾ। ਹੁਣ ਪਰਿਵਾਰ ਵੀ ਖਿੰਡ ਗਿਆ ਅਤੇ ਸਿਹਤ ਦੀ ਖਰਾਬੀ ਕਾਰਨ ਖਾਣ ਤੋਂ ਆਤੁਰ। ਉਸ ਦਾ ਕਹਿਣਾ ਕਿੰਨਾ ਵੱਡਾ ਸੱਚ ਤੇ ਸਬਕ ਹੈ, "ਜਦ ਖਾ ਸਕਦੇ ਸੀ, ਖਾਣਾ ਭੁੱਲਿਆ ਰਿਹਾ; ਜਦ ਹੁਣ

*(ਬਾਕੀ ਅਗਲੇ ਸਫੇ 'ਤੇ)*

# ਸ਼ਿਵ ਜੀ, ਗੁਰੂ ਗੋਬਿੰਦ ਸਿੰਘ, ਕਿਸਾਨ ਅਤੇ ਬੀਬੀਆਂ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਕਿਸਾਨ ਅੰਦੋਲਨ ਦੇ ਦਿਨਾਂ ਵਿਚ ਪੈਣ ਸਦਕਾ ਗੁਰੂ ਸਾਹਿਬ ਦੇ ਜੀਵਨ ਦੀਆਂ ਉਹ ਪਰਤਾਂ ਖੁੱਲ੍ਹੀਆਂ, ਜਿਨ੍ਹਾਂ ਵਲ ਵਧੇਰੇ ਧਿਆਨ ਨਹੀਂ ਦਿੱਤਾ ਜਾਂਦਾ। ਇਹ ਤਾਂ ਸਾਰੇ ਜਾਣਦੇ ਹਨ ਕਿ ਉਨ੍ਹਾਂ ਨੇ ਸ਼ਿਵ ਜੀ ਤੋਂ ਸ਼ੁਭ ਕਰਮਨ ਦੀ ਸਫਲਤਾ ਲਈ ਨਿਸ਼ਚੇ ਨਾਲ ਅੱਗੇ ਵਧਣ ਦਾ ਵਰ ਮੰਗਿਆ ਸੀ, ਪਰ ਸਰਬੰਸਦਾਨੀ ਸੱਚੇ ਪਾਤਸ਼ਾਹ ਦੀ ਹਸਤੀ ਦੀ ਥਾਹ ਓਨੀ ਨਹੀਂ ਪਾਈ, ਜਿੰਨੀ ਪੈਣੀ ਚਾਹੀਦੀ ਸੀ।

ਗੁਰੂ ਗੋਬਿੰਦ ਸਿੰਘ ਦਾ ਜੀਵਨ ਜਿਸ ਤਰ੍ਹਾਂ ਦਇਆ, ਧਰਮ, ਸੰਤੋਖ, ਕੁਰਬਾਨੀ ਤੇ ਬਹਾਦਰੀ ਲਈ ਪ੍ਰੇਰਦਾ ਹੈ, ਉਸ ਦਾ ਕੋਈ ਸਾਨੀ ਨਹੀਂ। ਉਨ੍ਹਾਂ ਦਾ ਜਨਮ ਪੰਜਾਬ ਤੋਂ ਬਹੁਤ ਦੂਰ ਪਟਨਾ ਸਾਹਿਬ ਵਿਖੇ ਹੋਇਆ, ਜਦੋਂ ਉਨ੍ਹਾਂ ਦੇ ਪਿਤਾ ਗੁਰੂ ਤੇਗ ਬਹਾਦਰ ਧਰਮ ਪ੍ਰਚਾਰ ਲਈ ਢਾਕਾ ਗਏ ਹੋਏ ਸਨ; ਤੇ ਉਸ ਤੋਂ ਪਿੱਛੋਂ ਉਹ ਸਾਰੇ ਪਰਿਵਾਰ ਸਮੇਤ ਆਨੰਦਪੁਰ ਸਾਹਿਬ ਪਰਤੇ ਤਾਂ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਦਿੱਲੀ ਜਾ ਕੇ ਸ਼ਹੀਦੀ ਪਾ ਗਏ। ਇਹ ਉਹ ਸਮਾਂ ਸੀ, ਜਦ ਪੂਰੇ ਦੇਸ਼ ਵਿਚ ਔਰੰਗਜ਼ੇਬ, ਪਹਾੜੀ ਹਿੰਦ ਰਾਜਿਆਂ, ਧੀਰ ਮੱਲੀਆਂ ਤੇ ਰਾਮ ਰਾਈਆਂ ਦਾ ਬੋਲਬਾਲਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਸਾਰਿਆਂ ਨਾਲ ਨਿਪਟਣ ਲਈ ਵੱਖ ਵੱਖ ਜਾਤਿ, ਗੋਤਾਂ ਤੇ ਥਾਂਵਾਂ ਦੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਉਨ੍ਹਾਂ ਕੋਲੋਂ ਖੁਦ ਅੰਮ੍ਰਿਤ ਛਕਿਆ ਅਤੇ ਅਜਿਹੀ ਸੇਨਾ ਤਿਆਰ ਕੀਤੀ, ਜਿਸ ਵਿਚ ਸਿੱਖ ਬੀਬੀਆਂ ਨੇ ਵੀ ਮਰਦਾਂ ਵਰਗਾ ਹੌਸਲਾ ਤੇ ਦਲੇਰੀ ਦਿਖਾਈ। ਚਮਕੌਰ ਦੀ ਗੜ੍ਹੀ ਵਿਚ ਸ਼ਹੀਦ ਹੋਏ ਵੱਡੇ ਸਾਹਿਬਜ਼ਾਦਿਆਂ ਅਤੇ ਹੋਰ ਸਿੰਘਾਂ ਦਾ ਸਸਕਾਰ ਕਰਨ ਲਈ ਸ਼ਾਹੀ ਘੇਰੇ ਨੂੰ ਤੋੜ ਕੇ ਬਾਹਰ ਨਿਕਲਣ ਵਾਲੀ ਬੀਬੀ ਸ਼ਰਨ ਕੌਰ ਸੀ ਤੇ ਮੁਕਤਸਰ ਦੇ ਮੈਦਾਨ ਵਿਚ ਲੋਕ ਸ਼ਕਤੀ ਦੀ ਜਿੱਤ ਦਾ ਸਿਹਰਾ ਮਾਈ ਭਾਗੋ ਦੇ ਸਿਰ ਬੱਝਦਾ ਹੈ।

ਇਹ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਦਾ ਚਮਤਕਾਰ ਹੀ ਸੀ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਮੁਸਲਿਮ ਸ਼ਰਧਾਲੂ ਨਬੀ ਖਾਂ ਤੇ ਗਨੀ ਖਾਂ ਚਮਕੌਰ ਦੀ ਗੜ੍ਹੀ ਵਿਚੋਂ ਉਚ ਦਾ ਪੀਰ ਗਰਦਾਨ ਕੇ ਦੁਸ਼ਮਣ ਦੇ ਘੇਰੇ ਵਿਚੋਂ ਬਾਹਰ ਲੈ ਆਏ ਸਨ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਦੁਨੀ ਚੰਦ ਨਾਂ ਦਾ ਇੱਕ ਸ਼ਰਧਾਲੂ ਉਨ੍ਹਾਂ ਲਈ ਕਾਬਲ ਤੋਂ ਢਾਈ ਲੱਖ ਰੁਪਏ ਦਾ ਕੀਮਤੀ ਸ਼ਾਮਿਆਨਾ ਬਣਵਾ ਕੇ ਭੇਟ ਕਰਨ ਆਇਆ ਸੀ ਅਤੇ ਆਸਾਮ ਦਾ ਰਾਜਾ ਰਤਨ ਰਾਇ ਇਕ ਹਾਥੀ, ਪੰਜ ਘੋੜੇ, ਇੱਕ ਤਖਤ ਅਤੇ ਇਸ ਅਜਿਹਾ ਹਥਿਆਰ, ਜਿਸ ਵਿਚੋਂ ਪੰਜ ਹਥਿਆਰ ਨਿਕਲਦੇ ਸਨ, ਭੇਟ ਕਰ ਕੇ ਗਿਆ ਸੀ।

ਭਾਵੇਂ ਦਿੱਲੀ ਦੇ ਬਾਰਡਰ ਨੂੰ ਘੇਰਨ ਵਾਲੇ ਕਿਸਾਨਾਂ ਵਿਚ ਉਤਰ, ਦੱਖਣ, ਪੂਰਬ ਤੇ ਪੱਛਮ ਦੇ ਸਾਰੇ ਕਿਸਾਨ ਸ਼ਾਮਲ ਹਨ, ਪਰ ਦਿਨ-ਰਾਤ ਚੱਲ ਰਹੇ ਅਟੁੱਟ ਲੰਗਰ ਲਈ ਰਸਦ ਪਾਣੀ, ਅਖਰੋਟ, ਬਦਾਮ ਤੇ ਲੱਕੜਾਂ ਭੇਜਣ-ਭਿਜਵਾਣ ਵਾਲਿਆਂ ਵਿਚ ਬਹੁਤ ਗੁਰੂ ਦੇ ਸਿੱਖ ਹੀ ਹਨ ਅਤੇ ਉਨ੍ਹਾਂ ਵਿਚ ਸੱਤ ਸਮੁੰਦਰ ਪਾਰ ਦੇ ਸ਼ਰਧਾਲੂ ਵੀ ਸ਼ਾਮਿਲ ਹਨ। ਨਿਸ਼ਚੇ ਹੀ ਉਨ੍ਹਾਂ ਦੀ ਪ੍ਰੇਰਨਾ ਦਾ ਸੋਮਾ ਗੁਰੂ ਸਾਹਿਬ ਦੇ ਸਮਿਆਂ ਵਾਲੇ ਦੁਨੀ ਚੰਦ ਤੇ ਰਤਨ ਰਾਇ ਹਨ। ਨਾਂਦੇੜ ਵਾਲੇ ਬਾਬਾ ਬੰਦਾ ਬਹਾਦਰ ਸਮੇਤ, ਜਿਸ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਵਜ਼ੀਰ ਖਾਂ ਦੇ ਸਰਿਹੰਦ ਦੀ ਇੱਟ ਨਾਲ ਇੱਟ ਵਜਾ ਛੱਡੀ ਸੀ। ਸਭਨਾਂ ਦੇ ਮਨ ਵਿਚ 'ਨਿਸਚੇ ਕਰ ਅਪਨੀ ਜੀਤ ਕਰੋਂ' ਵੱਸਿਆ ਹੋਇਆ ਸੀ।

**ਮੇਰੇ ਨਾਨਕਿਆਂ ਦੇ ਭੰਗੂ ਤੇ ਮਲੇਰਕੋਟਲੀਏ:** ਮੇਰੀ ਮਾਂ ਦਾ ਨਾਨਕਾ ਪਿੰਡ ਮਹਿਦੂਦਾਂ ਹੈ, ਜੋ ਫਤਿਹਗੜ੍ਹ ਸਾਹਿਬ ਦੀ ਬੁੱਕਲ ਵਿਚ ਪੈਂਦਾ ਹੈ। ਮੇਰੇ ਨਾਨਕੇ ਭੰਗੂ ਹਨ, ਜਿਨ੍ਹਾਂ ਦੇ ਵਡੇਰੇ ਮਹਿਤਾਬ ਸਿੰਘ ਨੇ ਹਰਿਮੰਦਰ ਸਾਹਿਬ ਵਿਚ ਕੰਜਰੀ ਦਾ ਨਾਚ ਕਰਵਾਉਣ ਵਾਲੇ ਮੱਸਾ ਰੰਘੜ ਨੂੰ ਕਤਲ ਕਰਕੇ ਸ਼ਹੀਦੀ ਪ੍ਰਾਪਤ ਕੀਤੀ ਸੀ। ਉਸ ਦੇ ਵਾਰਿਸ ਖੰਨਾ-ਸੰਘੋਲ ਸੜਕ 'ਤੇ ਪੈਂਦੇ ਭੜੀ, ਚੜੀ, ਸੈਕਪੁਰ, ਕੋਟਲਾ ਤੇ ਬਡਲਾ ਨਾਂ ਦੇ ਪਿੰਡਾਂ ਵਿਚ ਵੱਸੇ ਹੋਏ ਹਨ।

ਮੇਰਾ ਜਨਮ ਮੇਰੇ ਨਾਨਕਾ ਪਿੰਡ ਕੋਟਲਾ ਬਡਲਾ ਦਾ ਹੈ, ਜਿਥੋਂ ਫਤਿਹਗੜ ਸਾਹਿਬ ਅੱਠ ਕਿਲੋਮੀਟਰ ਹੈ ਤੇ ਚਮਕੌਰ ਸਾਹਿਬ ਅਠਾਰਾਂ ਕਿਲੋਮੀਟਰ। ਬਚਪਨ ਵਿਚ ਮੈਂ ਆਪਣੀ ਮਾਂ ਤੇ ਨਾਨੀ ਨਾਲ ਸਰਦੀਆਂ ਦੀ ਅਜੋਕੇ ਸਮਿਆਂ ਵਾਲੀ ਠੰਢ ਵਿਚ ਤੁਰ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਸਬੰਧਤ ਜੋੜ ਮੇਲੇ ਵਿਚ ਸ਼ਿਰਕਤ ਕਰਦਾ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਨਾਲ ਸਬੰਧਤ ਚਮਕੌਰ ਸਾਹਿਬ ਦੇ ਜੋੜ ਮੇਲੇ ਵਿਚ ਵੀ। ਅਸੀਂ ਜਦੋਂ ਵੀ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਫਤਿਹਗੜ੍ਹ ਸਾਹਿਬ ਜਾਂਦੇ ਤਾਂ ਮਲੇਰਕੋਟਲੀਏ ਨਵਾਬ ਦੀ ਗੱਲ ਜ਼ਰੂਰ ਹੁੰਦੀ। ਉਸ ਨੇ ਸੂਬਾ ਸਰਹਿੰਦ ਦੇ ਵਜੀਰ ਖਾਂ ਨੂੰ ਉਸ ਦੇ ਅਮਲ ਤੋਂ ਵਰਜਿਆ ਸੀ। ਇਨ੍ਹਾਂ ਦਿਨ੍ਹਾਂ ਵਿਚ ਮੈਂ ਸਿੰਘੂ ਬਾਰਡਰ ਗਿਆ ਤਾਂ ਉਥੇ ਮਲੇਰਕੋਟਲੀਆਂ ਵਲੋਂ ਬਰਿਆਨੀ ਤੇ ਜ਼ਰਦੇ ਦਾ ਅਟੁੱਟ ਲੰਗਰ ਵਰਤ ਰਿਹਾ ਸੀ। ਮੇਰਾ ਮਨ ਸ਼ੁਕਰਾਨੇ ਤੇ ਮਾਣ ਨਾਲ ਭਰ ਗਿਆ।

ਹੁਣ ਜਦੋਂ ਕਿਸਾਨ ਮੋਰਚਾ ਲਟਕਦਾ ਵਿਖਾਈ ਦਿੱਤਾ ਤਾਂ ਮੈਨੂੰ ਜਾਪਿਆ ਕਿ ਬਾਕੀ ਦੇ ਲੰਗਰਾਂ ਨੂੰ ਰਸਦ ਪਾਣੀ ਦੀ ਕਮੀ ਨਹੀਂ ਰਹਿਣੀ, ਪਰ ਮਲੇਰਕੋਟਲੀਆਂ ਦਾ ਰੁਕ ਸਕਦਾ ਹੈ; ਪਰ ਜਮਾਤ-ਏ-ਇਸਲਾਮੀ ਦੇ ਅਬਦੁਸ ਸ਼ਊਰ ਤੋਂ ਪਤਾ ਲੱਗਿਆ ਕਿ ਉਹ ਵਾਲਾ ਲੰਗਰ ਵੀ ਕਦੀ ਨਹੀਂ ਰੁਕ ਸਕਦਾ, ਕਿਉਂਕਿ ਉਸ ਨੂੰ ਚਲਾਉਣ ਵਾਲੀ ਸਬਜ਼ੀ ਮੰਡੀ ਦੇ ਵਸੀਲੇ ਬਹੁਤ ਹਨ। ਮੈਂ ਫਿਰ ਵੀ ਆਪਣੇ ਭਤੀਜੇ ਦੇ ਹੱਥ ਕੁਝ ਨਕਦੀ ਲੰਗਰ ਲਈ ਦਾਨ ਵਜੋਂ ਭਿਜਵਾਈ ਤਾਂ ਉਹ ਲੈਣ ਹੀ ਨਾ। ਉਸ ਨੇ ਬੜੀ ਮੁਸ਼ਕਿਲ ਨਾਲ ਦਿੱਤੀ, ਜਦ ਉਸ ਨੇ ਕਿਹਾ ਕਿ ਇਹਦੇ ਨਾਲ ਸਾਡਾ ਮਾਣ ਵਧਦਾ ਹੈ। ਉਹ ਬੋਲੇ ਕਿ ਇਹ ਮਾਣ ਤਾਂ ਸਭ ਦਾ ਸਾਂਝਾ ਹੈ। ਤੁਹਾਡਾ ਦਾਨ ਸਿਰ ਮੱਥੇ, ਪਰ ਇਹ ਕਦੀ ਨਾ ਸੋਚਿਓ ਕਿ ਇਹ ਲੰਗਰ ਬੰਦ ਹੋਵੇਗਾ।

## ਦੋ ਸਮਾਚਾਰ

1. ਪਹਿਲੀਆਂ ਸਰਕਾਰਾਂ ਦੇ ਗਲਤ ਕਾਨੂੰਨਾਂ ਨੇ ਗਰੀਬਾਂ ਦਾ ਬੜਾ ਨੁਕਸਾਨ ਕੀਤਾ-ਮੋਦੀ
2. ਮੋਦੀ ਸਰਕਾਰ ਦੇ ਠੀਕ ਕਾਨੂੰਨਾਂ ਨੇ ਕਾਰਪੋਰੇਟਾਂ ਨੂੰ ਖੁੱਲੇ ਗੱਫੇ ਦਿੱਤੇ-ਗੁਮਨਾਮ

**ਅੰਤਿਕਾ: ਗੁਰੂ ਗੋਬਿੰਦ ਸਿੰਘ**


ਦੇਹ ਸਿਵਾ ਬਰੁ ਮੋਹਿ ਇਹੈ
ਸੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰ ਅਪੁਨੀ ਜੀਤ ਕਰੋਂ॥

## ਚਲਦੇ-ਚਲਦੇ

# ਖਾਨਾਬਦੋਸ਼ ਸੰਸਾਰ

ਅਚਾਨਕ ਖੁਮਾਰ ਸਾਹਿਬ ਟੱਕਰ ਪਏ, ਸਤਨਾਮ ਸਿੰਘ ਖੁਮਾਰ। ਪੁੱਛਿਆ-ਕਿਧਰੋਂ ਆ ਰਹੇ ਹੋ ਹਜ਼ੂਰ ਤੇ ਕਿੱਧਰ ਜਾਣਾ ਹੈ? ਹੱਸ ਪਏ। ਕਹਿੰਦੇ ਸ਼ਿਅਰ ਅਰਜ਼ ਕਰਤਾ ਹੂੰ। ਇਰਸ਼ਾਦ, ਮੈਂ ਕਿਹਾ।

ਹਵਾ ਕੇ ਦੋਸ਼ ਪਰ ਬਾਦਲ ਕੇ ਟੁਕੜੇ ਕੀ ਤਰਹ ਹਮ ਹੈਂ
ਕਿਸੀ ਝੋਂਕੇ ਸੇ ਪੂਛੇਂਗੇ ਕਿ ਹਮਕੋ ਹੈ ਕਿਧਰ ਜਾਨਾ।



**ਹਰਪਾਲ ਸਿੰਘ ਪੰਨੂ**
**ਫੋਨ: +91-94642-51454**

ਦੋਸ਼ ਮਾਇਨੇ ਕੀ ਹੋਇਆ ਖੁਮਾਰ ਸਾਹਿਬ?

ਉਤਰ-ਦੋਸ਼ ਮਾਇਨੇ ਕੰਧਾ। ਖਾਨਾਬਦੋਸ਼ ਲਫ਼ਜ਼ ਨਹੀਂ ਸੁਨਾ ਕਭੀ? ਖਾਨਾ ਮਾਇਨੇ ਘਰ। ਜਿਨ ਲੋਗੋਂ ਕਾ ਘਰ ਉਨਕੇ ਕੰਧੋਂ ਪਰ ਹੋ, ਵੋ ਲੋਗ ਖਾਨਾਬਦੋਸ਼ ਹੋਤੇ ਹੈਂ। ਪਾਂਚ ਸਾਤ ਬਾਂਸ, ਦੋ ਏਕ ਚੱਦਰੇਂ। ਜਹਾਂ ਸ਼ਾਮ ਹੁਈ, ਝੋਂਪੜੀ ਬਨਾ ਲੀ।

ਬੰਗਲਾ ਸ਼ਾਇਰ ਕਾਜ਼ੀ ਨਾਜ਼ਰੁਲ ਇਸਲਾਮ ਯਾਦ ਆ ਗਿਆ। ਲਿਖਦਾ ਹੈ:

ਆਪੋ ਆਪਣੇ ਰਾਜ਼ੀਨਾਵਿਆਂ ਦੇ ਤੰਬੂ ਤਾਣ ਕੇ
ਲੋਕ ਡੂੰਘੀ ਨੀਂਦਰ ਸੌਂ ਗਏ ਹਨ।
ਯਾ ਖੁਦਾ, ਉਨ੍ਹਾਂ ਦੀਆਂ ਨੀਂਦਰਾਂ ਵਿਚ
ਖਲਲ ਪਾ।

ਵੀਹਵੀਂ ਸਦੀ ਵਿਚ ਦੋ ਭਾਰਤੀਆਂ ਨੇ ਦੇਸ਼ ਅਤੇ ਵਿਦੇਸ਼ ਉਪਰ ਆਪਣੀ ਛਾਪ ਛੱਡੀ। ਮਹਾਤਮਾ ਗਾਂਧੀ ਨੇ ਰਾਜਨੀਤਕ ਖੇਤਰ ਵਿਚ ਅਤੇ ਰਾਬਿੰਦਰ ਨਾਥ ਟੈਗੋਰ ਨੇ ਸਾਹਿਤ ਵਿਚ। ਦੋਵੇਂ ਵਿਲੱਖਣ, ਦੋਵਾਂ ਦਾ ਸੁਭਾਅ ਵੱਖੋ-ਵੱਖ, ਇਕ ਦੂਜੇ ਦੇ ਆਲੋਚਕ ਪਰ ਕਦਰਦਾਨ। ਗਾਂਧੀ ਨੂੰ ਮਹਾਤਮਾ ਖਿਤਾਬ ਟੈਗੋਰ ਨੇ ਦਿੱਤਾ, ਟੈਗੋਰ ਨੂੰ ਗੁਰਦੇਵ ਦਾ ਖਿਤਾਬ ਗਾਂਧੀ ਨੇ। ਗਾਂਧੀ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਵਾਪਸ ਇੰਗਲੈਂਡ ਭੇਜਣ ਲਈ ਵਚਨਬਧ; ਟੈਗੋਰ ਦਾ ਸਾਰਾ ਖਾਨਦਾਨ ਸਮੇਤ ਬ੍ਰਹਮੋ ਸਮਾਜ ਦੇ, ਅੰਗਰੇਜ਼ਾਂ ਦਾ ਸਮਰਥਕ।


ਪੰਜਾਬੀਆਂ ਨੇ ਇਨ੍ਹਾਂ ਦੋਵਾਂ ਮਹਾਂਪੁਰਖਾਂ ਨੂੰ ਪਸੰਦ ਨਹੀਂ ਕੀਤਾ। ਕਾਰਨ? ਦੋਵਾਂ ਨੇ ਇਕ-ਇਕ ਵਾਕ ਗੁਰੂ ਗੋਬਿੰਦ ਸਿੰਘ ਦੀ ਸ਼ਖਸੀਅਤ ਬਾਰੇ ਬੇਅਦਬੀ ਪੂਰਨ ਕਿਹਾ। ਟੈਗੋਰ ਨੇ ਲਿਖਿਆ-ਗੁਰੂ ਨਾਨਕ ਦੇਵ ਦੀ ਸਫੈਦ ਚਾਦਰ ਉਪਰ ਗੁਰੂ ਗੋਬਿੰਦ ਸਿੰਘ ਨੇ ਲਹੂ ਲਿਬੜੀ ਕਿਰਪਾਨ ਰੱਖ ਦਿੱਤੀ। ਮਹਾਤਮਾ ਗਾਂਧੀ ਨੇ ਕਿਹਾ-ਗੁਰੂ ਗੋਬਿੰਦ ਸਿੰਘ ਭਟਕਿਆ ਹੋਇਆ ਦੇਸ਼ ਭਗਤ ਸੀ।

ਦੋਵਾਂ ਨੇ ਆਪੋ-ਆਪਣੀਆਂ ਗਲਤੀਆਂ ਦਾ ਅਹਿਸਾਸ ਕਰ ਕੇ ਖਿਮਾ ਮੰਗੀ ਪਰ ਪੰਜਾਬੀਆਂ ਨੇ ਖਿਮਾ ਨਹੀਂ ਦਿੱਤੀ। ਮੈਂ ਆਪਣੇ ਵਿਦਿਆਰਥੀਆਂ ਨੂੰ ਅਕਸਰ ਕਹਿੰਦਾ ਹੁੰਦਾ ਸਾਂ ਕਿ ਕਿਸੇ ਵਿਚਾਰਵਾਨ ਜਾਂ ਵਿਚਾਰਧਾਰਾ ਨੂੰ ਰੱਦ ਕਰਨ ਦਾ ਤੁਹਾਨੂੰ ਹੱਕ ਹੈ ਪਰ ਰੱਦ ਕਰਨ ਤੋਂ ਪਹਿਲਾਂ ਉਸ ਨੂੰ ਜਾਣ ਤਾਂ ਲਵੋ। ਕੋਈ ਅਸਰ ਨਹੀਂ। ਜਿਹੜਾ ਚੰਗਾ ਨਹੀਂ ਲੱਗਿਆ, ਉਸ ਨੂੰ ਜਾਣ ਕੇ ਕੀ ਕਰਨਾ ਹੋਇਆ? ਅੱਖਾਂ ਮੀਚ ਕੇ ਕਿੱਕ ਮਾਰੋ। ਫੁੱਟਬਾਲ ਕਿੱਥੇ ਡਿੱਗੇਗੀ, ਫੁੱਟਬਾਲ ਜਾਣੇ ਜਾਂ ਰੱਬ ਜਾਣੇ!


ਪੰਜਾਬੀਆਂ ਨੇ ਕਿਹਾ-ਭਟਕੇ ਹੋਏ ਦੀ ਤਾਂ ਗੱਲ ਛੱਡੋ, ਗੁਰੂ ਸਾਹਿਬਾਨ ਦੇਸ਼ ਭਗਤ ਹਨ ਹੀ ਨਹੀਂ। ਉਹ ਸਾਰੀ ਕਾਇਨਾਤ ਦੇ ਮਾਲਕ ਹਨ। ਅਵਤਾਰ, ਪੈਗੰਬਰ ਜਾਂ ਗੁਰੂ ਦੇਸ਼ ਭਗਤੀ ਦੇ ਰਸਤੇ ਨਹੀਂ ਪੈਂਦੇ। ਦੇਸ਼ ਭਗਤੀ ਬਾਰੇ ਸੈਮੁਅਲ ਜਾਨਸਨ (1709-1784) ਦਾ ਵਾਕ ਅਕਸਰ ਦੁਹਰਾਇਆ ਜਾਂਦਾ ਰਿਹਾ ਹੈ-ਬਦਮਾਸ਼ ਦੀ ਆਖਰੀ ਪਨਾਹ ਦੇਸ਼ ਭਗਤੀ ਹੁੰਦੀ ਹੈ।

ਪੰਜਾਬੀਆਂ ਦੇ ਨਾਇਕ ਕਿਹੋ ਜਿਹੇ ਹੁੰਦੇ ਹਨ, ਇਹ ਸੰਤ ਸਿੰਘ ਸੇਖੋਂ ਨੇ ਦੱਸਿਆ। ਕਹਿੰਦੇ ਖਬਰ ਮਿਲੀ ਕਿ ਹੋਰ ਵੱਡੇ ਲੀਡਰਾਂ ਸਣੇ ਮਹਾਤਮਾ ਗਾਂਧੀ ਵੀ ਲਾਹੌਰ ਆਏਗਾ। ਉਸ ਬਾਰੇ ਬੜਾ ਕੁਝ ਪੜ੍ਹਿਆ ਸੁਣਿਆ ਹੋਇਆ ਸੀ ਕਿ ਉਸ ਦੇ ਲਲਕਾਰੇ ਨਾਲ ਅੰਗਰੇਜ਼ ਤਿੱਤਰ ਹੋ ਜਾਣਗੇ। ਅੰਗਰੇਜ਼ ਉਸ ਤੋਂ ਡਰ ਨਾਲ ਥਰ-ਥਰ ਕੰਬ ਰਹੇ ਹਨ। ਅਸੀਂ ਚਾਰ ਜਮਾਤੀਆਂ ਨੇ ਇਹੋ ਜਿਹੇ ਬਲਵਾਨ ਲੀਡਰ ਨੂੰ ਦੇਖਣ ਦਾ ਮਨ ਬਣਾਇਆ। ਸੁਣਨਾ ਨਹੀਂ, ਦੇਖਣਾ ਸੀ। ਟ੍ਰੇਨ ਵਿਚ ਅੰਮ੍ਰਿਤਸਰੋਂ ਚੜ੍ਹੇ, ਲਾਹੌਰ ਜਾ ਉਤਰੇ। ਪੁੱਛਦੇ-ਪੁਛਾਉਂਦੇ ਕਾਨਫਰੰਸ ਦੀ ਥਾਂ 'ਤੇ ਪੁੱਜ ਗਏ। ਬੈਠੇ ਲੋਕਾਂ ਨੂੰ ਪੁੱਛਿਆ-ਗਾਂਧੀ ਕਿੱਥੇ ਹੈ? ਦੱਸਿਆ-ਅਜੇ ਆਇਆ ਨਹੀਂ। ਕਹਿੰਦੇ, ਸਾਨੂੰ ਦੱਸ ਦੇਣਾ ਜਦੋਂ ਆਇਆ। ਠੀਕ ਹੈ।

ਕੁਝ ਦੇਰ ਬਾਅਦ 'ਮਹਾਤਮਾ ਗਾਂਧੀ ਜ਼ਿੰਦਾਬਾਦ', 'ਭਾਰਤ ਮਾਤਾ ਜ਼ਿੰਦਾਬਾਦ' ਦੇ ਨਾਅਰੇ



ਮਹਾਤਮਾ ਗਾਂਧੀ



ਰਾਬਿੰਦਰ ਨਾਥ ਟੈਗੋਰ

ਲੱਗਣ ਲੱਗੇ। ਪਤਾ ਲੱਗਾ, ਗਾਂਧੀ ਜੀ ਆ ਗਏ ਹਨ। ਕਿਹੜੇ ਹਨ ਇਨ੍ਹਾਂ ਵਿਚ ਗਾਂਧੀ? ਦੱਸਿਆ ਕਿ ਅਹੁ ਜਿਸ ਨੇ ਲੰਗੋਟੀ ਪਹਿਨੀ ਤੇ ਹੱਥ ਵਿਚ ਸੋਟੀ ਫੜੀ ਹੋਈ ਹੈ, ਉਹ ਹੈ। ਅਸੀਂ ਬੜੇ ਦੁਖੀ ਹੋਏ। ਦਰਮਿਆਨਾ ਜਿਹਾ ਕੱਦ, ਪਤਲਾ ਜਿਸਮ, ਨੰਗ-ਧੜੰਗ। ਅਸੀਂ ਸੋਚ ਰਹੇ ਸੀ, ਬਾਣਾ ਪਹਿਨੀ ਘੋੜੇ 'ਤੇ ਸਵਾਰ, ਹੱਥ ਵਿਚ ਨੇਜ਼ਾ, ਲੱਕ ਕਿਰਪਾਨ ਪਹਿਨੀ ਬਾਬਾ ਬੰਦਾ ਸਿੰਘ ਵਰਗਾ ਕੋਈ ਜਰਨੈਲ ਆਏਗਾ। ਇਹ ਤਾਂ ਕੋਈ ਗੱਲ ਨਾ ਬਣੀ। ਇਸ ਤੋਂ ਅੰਗਰੇਜ਼ ਡਰ ਗਿਐ? ਇਸ ਤੋਂ ਤਾਂ ਅਸੀਂ ਨਹੀਂ ਡਰਦੇ। ਦੁਖੀ ਹੋ ਕੇ ਵਾਪਸ ਅੰਮ੍ਰਿਤਸਰ ਆ ਗਏ।

ਗਾਂਧੀ ਨੇ ਜਦੋਂ ਅਨੁਭਵ ਕੀਤਾ ਕਿ ਅੰਗਰੇਜ਼ ਸਰਕਾਰ ਵਿਰੁੱਧ ਲੰਮਾ ਸਮਾਂ ਟੱਕਰ ਚੱਲੇਗੀ, ਇਹ ਦੇਖਦਿਆਂ ਕਿ ਸਰਕਾਰ ਇਸਾਈਆਂ ਦੀ ਹੈ, ਉਸ ਨੇ ਆਪਣੇ ਆਪ ਨੂੰ ਯਸੂ ਮਸੀਹ ਦੀ ਸ਼ਖਸੀਅਤ ਵਿਚ ਢਾਲਣ ਦਾ ਯਤਨ ਸ਼ੁਰੂ ਕਰ ਦਿੱਤਾ। ਇੱਟ ਦਾ ਜਵਾਬ ਪੱਥਰ ਨਹੀਂ, ਅੱਖ ਬਦਲੇ ਅੱਖ ਨਹੀਂ; ਸ਼ਾਂਤ, ਅਹਿੰਸਕ ਰਹਿ ਕੇ ਜ਼ੁਲਮ ਝੱਲਣਾ ਹੈ, ਕਰਨਾ ਨਹੀਂ। ਅਜਿਹਾ ਕਰਦਿਆਂ ਉਹ ਸਾਬਤ ਕਰ ਰਿਹਾ ਸੀ ਕਿ ਅੰਗਰੇਜ਼ ਆਪਣੇ ਮਸੀਹੇ ਨੂੰ ਭੁੱਲ ਗਏ ਹਨ। ਪਹਿਲਾਂ ਗੁਰੂ ਗੋਬਿੰਦ ਸਿੰਘ ਨੇ ਜ਼ਫਰਨਾਮੇ ਵਿਚ ਇਸ ਤਰ੍ਹਾਂ ਦਾ ਵਿਹਾਰ ਕੀਤਾ ਸੀ। ਲੰਮੇ ਖਤ ਵਿਚ ਗੁਰੂ ਜੀ ਸਾਬਤ ਕਰ ਰਹੇ ਹਨ ਕਿ ਔਰੰਗਜ਼ੇਬ! ਨਾ ਤੂੰ ਮੁਸਲਮਾਨ ਹੈਂ, ਨਾ ਇਸਲਾਮ ਦਾ ਕਦਰਦਾਨ। ਤੂੰ ਕੁਰਾਨ ਉਪਰ ਸਹੁੰਆਂ ਲਿਖ ਕੇ ਭੇਜੀਆਂ ਤੇ ਤੋੜੀਆਂ। ਮੈਂ ਕੁਰਾਨ ਉਪਰ ਇਤਬਾਰ ਕੀਤਾ, ਕੁਰਾਨ ਨੇ ਮੇਰੀ ਰਾਖੀ ਕੀਤੀ:

ਔਰੰਗਜ਼ੇਬ ਸ਼ਹਿਨਸ਼ਾਹ-ਇ-ਆਲਮੀਨ॥
ਦਾਰਾ-ਇ-ਦੌਰ ਅਸਤ ਦੂਰ ਅਸਤ ਦੀਨ॥

(ਐ ਔਰੰਗਜ਼ੇਬ! ਮੰਨ ਲਿਆ ਤੂੰ ਵੱਡੇ ਦੇਸ਼ ਦਾ ਬਾਦਸ਼ਾਹ ਹੈਂ, ਆਪਣੇ ਸਮੇਂ ਦਾ ਦਾਰਾ (ਡੇਰੀਅਸ) ਹੈਂ ਪਰ ਤੂੰ ਧਰਮ ਤੋਂ ਕੋਹਾਂ ਦੂਰ ਹੈਂ।)

ਟੈਗੋਰ ਨੂੰ ਮਿਲਣ ਗਾਂਧੀ ਜੀ ਸ਼ਾਤੀ ਨਿਕੇਤਨ ਗਏ। ਦਿਨ ਭਰ ਗੱਲਾਂ ਹੋਈਆਂ। ਸ਼ਾਮ ਪਈ, ਟੈਗੋਰ ਨੇ ਕਿਹਾ-ਸੈਰ ਕਰਨ ਚੱਲੀਏ? ਗਾਂਧੀ ਨੇ ਕਿਹਾ-ਚੱਲੋ। ਸੋਟੀ ਚੁੱਕੀ ਤੇ ਤੁਰਨ ਲਈ ਤਿਆਰ। ਟੈਗੋਰ ਨੇ ਤਿੰਨ ਪੀਸ ਵਾਲਾ ਸੂਟ ਪਹਿਨਣਾ ਸੀ, ਪਹਿਨਿਆ। ਟਾਈ ਲਾਈ। ਬੂਟ ਜ਼ੁਰਾਬਾਂ ਪਹਿਨੀਆਂ। ਸ਼ੀਸ਼ੇ ਸਾਹਮਣੇ ਖਲੋ ਕੇ ਦਾਹੜੀ 'ਤੇ ਬੁਰਸ਼ ਫੇਰਨ ਲੱਗਾ। ਵਧੀਕ ਦੇਰ ਹੋ ਗਈ, ਗਾਂਧੀ ਜੀ ਖਿਝ ਗਏ। ਕਹਿੰਦੇ-ਇਸ ਉਮਰ ਵਿਚ ਏਨੀ ਦੇਰ ਸ਼ੀਸ਼ੇ ਸਾਹਮਣੇ ਖਲੋਣਾ ਚੰਗਾ ਨਹੀਂ ਲਗਦਾ ਗੁਰਦੇਵ। ਟੈਗੋਰ ਨੇ ਕਿਹਾ-ਜਾਣ ਬੁੱਝ ਕੇ ਬਦਸੂਰਤ ਦਿਖਾਈ ਦੇਣ ਨਾਲ ਦੇਖਣ ਵਾਲੇ ਦੇ ਦਿਲ ਉਪਰ ਸੱਟ ਲਗਦੀ ਹੈ ਮਹਾਤਮਾ। ਮੈਂ ਹਿੰਸਾ ਦੇ ਖਿਲਾਫ ਹਾਂ।

ਗਾਂਧੀ ਨੇ ਟੈਗੋਰ ਨੂੰ ਲਿਖਿਆ-ਕਦੀ ਕਦਾਈਂ ਚਰਖਾ ਕੱਤ ਲਿਆ ਕਰੋ। ਅਖਬਾਰ ਫੋਟੋਆਂ ਛਾਪਣਗੇ। ਭਾਰਤੀਆਂ ਨੂੰ ਦੇਸ਼ੀ ਵਸਤਾਂ ਦੀ ਵਰਤੋਂ ਕਰਨ ਲਈ ਉਤਸ਼ਾਹ ਮਿਲੇਗਾ। ਤੁਹਾਡੀ ਕੀਰਤੀ ਬਹੁਤ ਵੱਡੀ ਹੈ ਨਾ। ਲੋਕ ਅਸਰ ਕਬੂਲਣਗੇ।

ਟੈਗੋਰ ਨੇ ਉਤਰ ਦਿੱਤਾ-ਮੈਂ ਤੁਹਾਨੂੰ ਕਦੀ ਕਿਹਾ ਹੈ ਗੀਤ ਕੱਤਿਆ ਕਰੋ? ਤੁਹਾਨੂੰ ਗੀਤ ਕੱਤਣੇ ਨਹੀਂ ਆਉਂਦੇ, ਮੈਨੂੰ ਚਰਖਾ ਕੱਤਣਾ ਨਹੀਂ ਆਉਂਦਾ। ਜੋ ਆਉਂਦਾ ਹੋਵੇ, ਉਹੀ ਕਰੀਏ।

ਜਦੋਂ ਗਾਂਧੀ ਵੱਡੇ ਦੇਸ਼ ਦੀ ਸਿਆਸਤ ਦਾ, ਆਜ਼ਾਦੀ ਦਾ ਭਾਰਾ ਗੱਡਾ ਖਿੱਚ ਰਿਹਾ ਸੀ, ਉਦੋਂ ਟੈਗੋਰ ਇਕਾਂਤ ਵਿਚ ਬੈਠਾ ਇਹੋ ਜਿਹੇ ਗੀਤ ਰਚ ਰਿਹਾ ਸੀ:

ਪਰਬਤ ਨੇ ਪਾਣੀ ਨੂੰ ਆਜ਼ਾਦ ਕਰ ਦਿੱਤਾ
ਤਦ ਝਰਨੇ ਨੂੰ ਨੱਚਣਾ ਤੇ ਗਾਉਣਾ ਆਪੇ ਆ ਗਿਆ।

—

ਮੇਰੇ ਸ਼ਬਦਾਂ ਉਪਰ
ਆਪਣੀਆਂ ਪੈੜਾਂ ਛੱਡ ਜਾਹ
ਐ ਖਾਨਾਬਦੋਸ਼ ਸੰਸਾਰ॥

# ਮਰਜਾਣਿਓ! ਜਿਊਣਾ ਸਿੱਖੋ

(ਬਾਕੀ ਅਗਲੇ ਸਫੇ 'ਤੇ)

ਚੇਤਾ ਆਇਆ ਤਾਂ ਡਾਕਟਰਾਂ ਨੇ ਹੀ ਸਭ ਕੁਝ ਖਾਣਾ ਮਨ੍ਹਾਂ ਕਰ ਦਿਤਾ। ਜਦ ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਜਿਊਣ ਦਾ ਵੇਲਾ ਸੀ, ਵਕਤ ਤੋਂ ਪਿੱਠ ਕਰ ਲਈ ਸੀ ਅਤੇ ਹੁਣ ਜ਼ਿੰਦਗੀ ਨੇ ਹੀ ਬੇਦਾਵਾ ਦੇ ਦਿਤਾ ਏ।"

ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਆਪ ਹੀ ਜਿਊਣਾ ਪੈਣਾ ਅਤੇ ਇਸ ਦੀਆਂ ਸੀਮਾਵਾਂ ਨੂੰ ਨਿਰਧਾਰਤ ਕਰਨਾ ਪੈਣਾ। ਜ਼ਿੰਦਗੀ ਬੀਤਣ ਤੋਂ ਬਾਅਦ ਸਿਰਫ ਇਕ ਪਛਤਾਵਾ ਹੀ ਰਹਿ ਜਾਂਦਾ। ਇਸ ਪਛਤਾਵੇ ਭਰੀ ਮਨੁੱਖੀ ਜੀਵਨ ਦੀ ਅਕਾਰਥਾ ਨੂੰ ਬਸ਼ੀਰ ਬਦਰ ਦਾ ਸ਼ੇਅਰ ਕਿੰਨੀ ਖੂਬਸੂਰਤੀ ਨਾਲ ਬਿਆਨ ਕਰਦਾ,

ਉਨ੍ਹੇਂ ਕਾਮਯਾਬੀ ਸੇ ਸਕੂਨ ਨਜ਼ਰ ਆਇਆ
...ਤੋ ਵੋ ਦੌੜਤੇ ਗਏ,
ਹਮੇਂ ਸਕੂਨ ਸੇ ਕਾਮਯਾਬੀ ਦਿਖੀ
...ਤੋ ਹਮ ਠਹਰ ਗਏ।
ਖਾਹਸ਼ਾਂ ਕੇ ਬੋਝ ਮੇਂ ਬਸ਼ੀਰ
...ਤੂ ਕਿਆ ਕਿਆ ਕਰ ਰਹਾ ਹੈ।
ਇਤਨਾ ਤੋਂ ਜੀਨਾ ਭੀ ਨਹੀਂ
...ਜਿਤਨਾ ਤੂ ਮਰ ਰਹਾ ਹੈ।

ਜ਼ਿੰਦਗੀ ਜਦ ਕਿਸੇ ਮਕਸਦ ਨੂੰ ਸਮਰਪਿਤ ਹੋਵੇ, ਸਮਾਜ ਸੇਵਾ ਨੂੰ ਅਰਪਿਤ ਹੋਵੇ, ਜ਼ਿੰਦਗੀ ਦੇ ਸੁੱਚਮ ਨੂੰ ਮੁਖਾਤਬ ਹੋਵੇ, ਕੁਦਰਤ ਅਤੇ ਇਸ ਦੀਆਂ ਨਿਆਮਤਾਂ ਦੇ ਨਿੱਤਨੇਮ ਦੀ ਕਾਇਲ ਹੋਵੇ, ਜਿਸ ਦੇ ਮਸਤਕ ਵਿਚ ਕਿਰਨਾਂ ਦੀ ਆਬਸ਼ਾਰ ਉਗਦੀ ਹੋਵੇ, ਉਹ ਜਿਊਣ-ਜੋਤ ਨੂੰ ਪ੍ਰਣਾਈ ਹੁੰਦੀ। ਜ਼ਿੰਦਗੀ ਨੂੰ ਰੰਗਰੇਜ਼ਤਾ ਤੇ ਰੂਹ-ਰੇਜ਼ਤਾ ਨਾਲ ਲਬਰੇਜ਼ਤਾ ਬਖਸ਼ਣੀ ਹੀ ਮੂਲ-ਮੰਤਰ ਅਤੇ ਇਸ ਵਿਚੋਂ ਹੀ ਜਿਊਣ ਨੂੰ ਜ਼ਿੰਦਗੀ ਦਾ ਹਾਸਲ ਮਿਲਦਾ।

ਮਰ-ਜਾਣਿਓ! ਠਹਿਰੋ, ਰੁਕੋ, ਸੁਣੋ, ਮਰਨ ਨਾਲੋਂ ਜਿਊਣਾ ਬਹੁਤ ਜਰੂਰੀ। ਮਰਨ-ਮਿੱਟੀ ਦੇ ਦੌੜ ਵਿਚ ਹਫਿਓ! ਮਨ ਵਿਚ ਜਿਊਣ ਦੀ ਤੜਫ ਪੈਦਾ ਕਰੋ ਤੇ ਜਿਊਣਾ ਸਿੱਖੋ। ਇਸ ਵਿਚੋਂ ਸਕੂਨ, ਸੁਖਨ ਅਤੇ ਸੰਤੁਸ਼ਟੀ ਨੂੰ ਪ੍ਰਾਪਤ ਕਰਨ ਲਈ ਸਬਰ, ਸੰਤੋਖ, ਸਾਦਗੀ ਅਤੇ ਸਮੂਹਕਤਾ ਨੂੰ ਜੀਵਨ-ਦ੍ਰਿਸ਼ਟੀ ਦਾ ਹਿੱਸਾ ਬਣਾਓ। ਮਨ ਵਿਚ ਸਰਬੱਤ ਦੇ ਭਲੇ ਦੀ ਚੇਸ਼ਟਾ ਪੈਦਾ ਕਰੋ, ਜਿਊਣਾ ਖੁਦ-ਬ-ਖੁਦ ਆ ਜਾਵੇਗਾ। ਸਕੂਨ ਕਦੇ ਵੀ ਪਦਵੀਆਂ, ਰੁਤਬਿਆਂ, ਕੁਰਸੀਆਂ, ਮਾਨ-ਸਨਮਾਨਾਂ ਜਾਂ ਮਾਇਆ ਦੇ ਅੰਬਾਰਾਂ ਦਾ ਮੁਥਾਜ ਨਹੀਂ। ਇਹ ਤਾਂ ਮਨ ਦੀ ਸਥਿਤੀ ਅਤੇ ਮਨ ਦੀ ਸਥਿਤੀ ਤਾਂ ਮਾਨਵ ਦੇ ਹੱਥ ਵਿਚ ਹੈ। ਮਰਨ-ਹਾਰੀ ਭੱਜਦੌੜ ਤੋਂ ਮੁੱਨਕਰੀ ਹੀ, ਜੀਵਨ-ਦਾਨ ਦਾ ਸ਼ਗਨ ਮਨੁੱਖ ਦੀ ਝੋਲੀ ਵਿਚ ਪਾਵੇਗੀ।

# ਪ੍ਰੋ. ਜਸਵੰਤ ਸਿੰਘ ਗੰਡਮ ਦੀ ਸ਼ੌਕੀਆ ਪੱਤਰਕਾਰੀ

ਪੰਜਾਬੀ ਖੇਡ ਸਾਹਿਤ

26



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਪ੍ਰੋ. ਜਸਵੰਤ ਸਿੰਘ ਗੰਡਮ ਪੇਸ਼ੇ ਵਜੋਂ ਅੰਗਰੇਜ਼ੀ ਦਾ ਲੈਕਚਰਾਰ ਰਿਹੈ, ਪਰ ਸ਼ੌਕ ਵਜੋਂ ਅੰਗਰੇਜ਼ੀ ਤੇ ਪੰਜਾਬੀ ਦਾ ਪੱਤਰਕਾਰ ਹੈ। ਉਹ ਕੁਝ ਸਮਾਂ ਪੰਜਾਬ ਦੇ ਸਾਬਕਾ ਗਵਰਨਰ ਸਿਧਾਰਥ ਸ਼ੰਕਰ ਰੇਅ ਦਾ ਦੁਭਾਸ਼ੀਆ ਵੀ ਰਿਹਾ। ਹੁਣ ਦਰਜਨ ਦੇ ਕਰੀਬ ਸਭਾ ਸੁਸਾਇਟੀਆਂ ਦਾ ਅਹੁਦੇਦਾਰ ਤੇ ਮੈਂਬਰ ਹੈ। ਉਹਦੇ 400 ਤੋਂ ਵੱਧ ਅਖਬਾਰੀ ਆਰਟੀਕਲ ਛਪ ਚੁਕੇ ਹਨ, ਜਿਨ੍ਹਾਂ ਦੀ ਵਾਰਤਕ ਸ਼ੈਲੀ ਬੜੀ ਦਿਲਚਸਪ ਹੈ। ਉਹਦੀ ਵੰਨ-ਸੁਵੰਨੇ ਲੇਖਾਂ ਦੀ ਇਕ ਪੁਸਤਕ 'ਕੁਛ ਤੇਰੀਆਂ ਕੁਛ ਮੇਰੀਆਂ' ਦਸੰਬਰ 2019 'ਚ ਰਿਲੀਜ਼ ਹੋਈ। ਉਸ ਵਿਚਲੇ 'ਮੌਤ ਦਾ ਵਰ੍ਹਾ' ਲੇਖ ਵਿਚ ਉਸ ਨੇ ਲਿਖਿਆ ਹੈ ਕਿ ਜਦੋਂ ਵੀ ਮੈਂ ਆਰ. ਕੇ. ਨਰਾਇਣ ਦੀ ਕਹਾਣੀ 'ਨਜੂਮੀ ਦਾ ਦਿਨ' ਕਲਾਸ ਨੂੰ ਪੜ੍ਹਾਉਂਦਾ ਹਾਂ ਤਾਂ ਮੈਨੂੰ ਆਪਣੀ ਹੱਡਬੀਤੀ ਚੇਤੇ ਆ ਜਾਂਦੀ ਹੈ। ਇਕ ਨਾਮਵਰ ਨਜੂਮੀ ਨੇ ਦਸੰਬਰ 1980 ਦੇ ਆਖਰੀ ਹਫਤੇ, ਮੇਰੇ 1980 'ਚ ਹੀ ਮਰ ਜਾਣ ਦੀ ਭਵਿੱਖਵਾਣੀ ਕੀਤੀ ਸੀ, ਯਾਨਿ ਪ੍ਰੋ. ਗੰਡਮ ਦੇ ਮਰਨ ਤੋਂ ਸਿਰਫ ਹਫਤਾ ਕੁ ਪਹਿਲਾਂ। ਉਹ ਜੋਤਿਸ਼ੀ ਤਾਂ ਸੁੱਖ ਨਾਲ ਕਦੋਂ ਦਾ ਸਵਰਗ ਸਿਧਾਰ ਚੁੱਕੈ, ਪਰ ਮੈਨੂੰ ਪਤਾ ਨਹੀਂ ਕਿਉਂ ਅਜੇ ਤਕ ਧਰਮ ਰਾਜ ਦਾ ਸੱਦਾ ਨਹੀਂ ਮਿਲਿਆ? ਸ਼ਾਇਦ ਕੋਈ ਸੀਟ ਖਾਲੀ ਨਾ ਹੋਵੇ। ਮੇਰਾ ਜੁੱਸਾ ਸੁੱਖ ਨਾਲ ਹੈ ਵੀ ਕੁਇੰਟਲ ਕੁ ਦਾ, ਜਿਸ ਲਈ ਸੀਟ ਵੀ ਉਹੋ ਜਿਹੀ ਚਾਹੀਦੀ ਹੈ!

1980 ਤਕ ਪਹੁੰਚਦਿਆਂ ਮੈਂ ਲੈਕਚਰਾਰ ਲੱਗ ਚੁਕਾ ਸਾਂ। ਉਮਰ ਪੱਕਦੀ ਜਾ ਰਹੀ ਸੀ, ਪਰ ਮੇਰੇ ਵਿਆਹ ਦਾ ਜੁਗਾੜ ਨਹੀਂ ਸੀ ਹੋ ਰਿਹਾ। ਦੋਸਤਾਂ ਮਿੱਤਰਾਂ ਨੂੰ ਚਿੰਤਾ ਹੋਣ ਲੱਗੀ, ਕਿਧਰੇ ਕੁਆਰਿਆਂ ਦੀ ਕੈਟੇਗਰੀ 'ਚੋਂ ਨਿਕਲ ਕੇ ਛੜਿਆਂ ਦੀ ਲਿਸਟ ਵਿਚ ਨਾ ਆ ਜਾਵਾਂ। ਇਕ ਬੇਲੀ ਤਾਂ ਐਨਾ ਫਿਕਰਮੰਦ ਹੋਇਆ ਕਿ ਮੈਨੂੰ ਜੋਤਿਸ਼ੀ ਕੋਲ ਲਿਜਾਣ ਲਈ ਜ਼ੋਰਦਾਰ ਇਸਰਾਰ ਕਰਨ ਲੱਗਾ। ਮੇਰਾ ਜੋਤਿਸ਼ਬਾਜ਼ੀ ਵਿਚ ਕੋਈ ਵਿਸ਼ਵਾਸ ਨਹੀਂ ਸੀ। ਮੈਂ ਨਾਂਹ ਨੁੱਕਰ ਕਰ ਰਿਹਾ ਸਾਂ। ਉਹਦੀ ਪਤਨੀ ਇਸ ਮਾਮਲੇ ਵਿਚ ਪਤੀ ਦਾ ਹੀ ਸਾਥ ਦੇ ਰਹੀ ਸੀ। ਸੋ, ਮਰਦੀ ਨੇ ਅੱਕ ਚੱਬ ਹੀ ਲਿਆ।

ਜੋਤਿਸ਼ੀ ਕਦੇ ਮੇਰੇ ਵੱਲ ਤੇ ਕਦੇ ਪੱਤਰੀ ਵੱਲ ਵਾਰ ਵਾਰ ਵੇਖਦੇ ਹੋਇਆ ਬੋਲਿਆ, "ਇਹ ਪ੍ਰਾਇਮਰੀ ਤੋਂ ਵੀ ਘੱਟ ਪੜ੍ਹਿਆ ਲੱਗਦੈ।" ਮੇਰੀ ਥਾਂ ਦੋਸਤ ਬੋਲਿਆ, "ਇਹ ਤਾਂ ਗਰੈਜੂਏਟਾਂ ਨੂੰ ਪੜ੍ਹਾਉਂਦੈ।" ਫਿਰ ਉਸ ਨੇ ਟੇਵਾ ਲਾਇਆ ਕਿ ਸ਼ਰਾਬੀ ਕਬਾਬੀ ਹੋਊ। ਜਵਾਬ ਮਿਲਿਆ, ਅਸਲੋਂ ਸੋਫੀ ਹੈ। ਫਿਰ ਵਿਭਚਾਰੀ, ਅੱਯਾਸ਼ ਤੇ ਜੂਏਬਾਜ਼ ਹੋਣ ਦੇ ਟੇਵੇ ਲੱਗੇ, ਜੋ ਗਲਤ ਨਿਕਲੇ। ਅਖੀਰ ਜੋਤਿਸ਼ੀ ਨੇ ਵਿਆਹ ਦੀ ਗੱਲ ਛੱਡ ਕੇ 'ਜੋਤਿਸ਼ਵਾਣੀ' ਕਰ ਦਿੱਤੀ ਕਿ ਇਹਦੀ ਮ੍ਰਿਤੂ 1980 ਵਿਚ ਨਿਸ਼ਚਿਤ ਹੈ। ਦੋਸਤ ਨੇ ਉਪਾਅ ਪੁੱਛਿਆ ਤਾਂ ਜੋਤਿਸ਼ੀ ਨੇ ਜੇਬ ਵਿਚ ਬਿੱਲੀ ਦੀ ਜੇਰ ਰੱਖਣ, ਚਾਂਦੀ ਦੀਆਂ ਚਾਰ ਗਊਆਂ ਮਨਸਣ ਅਤੇ ਅੱਠ ਕਿੱਲੋ ਮਾਂਹ ਵਗਦੇ ਪਾਣੀ 'ਚ ਤਾਰਨ ਦੀ ਤਾਕੀਦ ਕੀਤੀ। ਮੈਂ ਅਜਿਹਾ ਉਪਾਅ ਕਰਨ ਤੋਂ ਕੋਰਾ ਜਵਾਬ ਦੇ ਦਿੱਤਾ। ਜੋਤਿਸ਼ੀ ਨੂੰ ਜਵਾਬ ਦੇਣ ਦਾ ਜਲਵਾ ਵੇਖੋ ਕਿ ਮੇਰੇ ਵਿਆਹ ਦਾ ਜੁਗਾੜ ਬਣ ਗਿਆ ਤੇ 1980 'ਚ ਮਰਦਾ-ਮਰਦਾ ਅੱਜ ਤਕ ਨਹੀਂ ਮਰਿਆ। ਮੇਰਾ ਤਰਕ ਹੈ ਕਿ ਪੁੱਛਾਂ-ਪੱਤਰੀਆਂ, ਤਾਘੇ-ਤਵੀਤ, ਰਾਹੂ-ਕੇਤੂ, ਓਝੇ-ਝਾੜੇ, ਮੜ੍ਹੀ-ਮਸਾਣ ਸਭ ਕਮਜ਼ੋਰ ਪਲਾਂ ਦੀ ਪੈਦਾਇਸ਼ ਹਨ। ਜੀਵਨ ਮੇਲਾ ਵੀ ਹੈ ਤੇ ਝਮੇਲਾ ਵੀ। ਉਤਸਵ ਵੀ ਤੇ ਮਾਤਮ ਵੀ। ਫਿਰ ਜੀਵਨ ਦੇ ਜਸ਼ਨ ਵਿਚ ਮੌਤ ਦੀ ਮੌਤੋਂ ਪਹਿਲਾਂ ਹੀ ਚਿੰਤਾ ਲਾ ਕੇ ਜਿਉਂਦੇ-ਜੀਅ ਆਪਣੀ ਚਿਤਾ ਕਿਉਂ ਬਾਲੀਏ? ਜ਼ਿੰਦਗੀ ਜ਼ਿੰਦਾਦਿਲੀ ਕਾ ਨਾਮ ਹੈ, ਮੁਰਦਾਦਿਲ ਕਯਾ ਖਾਕ ਜੀਆ ਕਰਤੇ ਹੈਂ!

ਜਸਵੰਤ ਸਿੰਘ ਦਾ ਜਨਮ 15 ਮਈ 1951 ਨੂੰ ਪਿੰਡ ਗੰਢਵਾਂ ਦੇ ਬਾਨੀ ਸਰਪੰਚ ਪ੍ਰੀਤਮ ਸਿੰਘ ਗੰਡਮ ਦੇ ਕਿਸਾਨ ਘਰ 'ਚ ਹੋਇਆ। ਛੋਟੀ ਉਮਰੇ ਡੰਗਰ ਚਾਰੇ, ਮੱਝਾਂ ਦੀਆਂ ਪੂਛਾਂ ਫੜ ਕੇ ਛੱਪੜਾਂ 'ਚ ਤਾਰੀਆਂ ਲਾਈਆਂ, ਡੱਡੂ ਫੜੇ ਤੇ ਵੱਡਾ ਹੋ ਕੇ ਘਰਦਿਆਂ ਨਾਲ ਖੇਤੀ ਕਰਨ ਵਿਚ ਹੱਥ ਵਟਾਇਆ। ਤਦੇ ਬੁੱਢੇਵਾਰੇ ਕਿਸਾਨ ਅੰਦੋਲਨ ਵਿਚ ਦਿੱਲੀ ਦੇਖੀ। ਪਿੰਡਾਂ ਦੀ ਖੁੰਢ ਚਰਚਾ ਅਜੇ ਵੀ ਉਹਦੀ ਪੱਤਰਕਾਰੀ ਦੇ ਕੰਮ ਆਈ ਜਾਂਦੀ ਹੈ। ਪੜ੍ਹਾਈ 'ਚ ਉਹ ਮੁੱਢੋਂ ਹੀ ਹੁਸ਼ਿਆਰ ਰਿਹਾ। ਬੀ. ਏ. ਆਨਰਜ਼ ਵਿਚੋਂ ਗੋਲਡ ਮੈਡਲ ਲੈ ਕੇ ਤੇ ਜਲੰਧਰੋਂ ਅੰਗਰੇਜ਼ੀ ਦੀ ਐਮ. ਏ. ਕਰ ਕੇ ਪਿੰਡ ਦੇ ਨੇੜਲੇ ਸ਼ਹਿਰ ਫਗਵਾੜੇ ਲੈਕਚਰਾਰ ਲੱਗ ਗਿਆ। ਖੇਡਾਂ ਦਾ ਸ਼ੌਕ ਪੇਂਡੂ ਖੇਡਾਂ ਤੋਂ ਹੀ ਜਾਗ ਪਿਆ ਸੀ, ਜੋ ਸ਼ਹਿਰ ਆ ਕੇ ਹੋਰ ਵਧਿਆ ਫੁੱਲਿਆ। ਗੁਰੂ ਨਾਨਕ ਕਾਲਜ, ਫਗਵਾੜਾ ਕੁਸ਼ਤੀ ਦਾ ਕੋਚਿੰਗ ਕੇਂਦਰ ਸੀ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਕੁਸ਼ਤੀ ਚੈਂਪੀਅਨਸ਼ਿਪ ਜਿੱਤਦਾ ਤੇ ਯੂਨੀਵਰਸਿਟੀ ਨੂੰ ਇੰਟਰ'ਵਰਸਿਟੀ ਚੈਂਪੀਅਨਸ਼ਿਪ ਜਿਤਾਉਂਦਾ ਪ੍ਰੋ. ਗੰਡਮ ਹੋਣਹਾਰ ਪਹਿਲਵਾਨ ਵਿਦਿਆਰਥੀਆਂ ਨੂੰ ਘਿਉ ਦੇ ਪੀਪੇ ਖੁਆ ਕੇ ਖੁਸ਼ ਹੁੰਦਾ। ਅਖਬਾਰਾਂ 'ਚ ਉਨ੍ਹਾਂ ਦੀ ਸਿਫਤ ਸਾਲਾਹ ਕਰਦਾ।

ਉਹ ਸਮਝਦਾ ਹੈ ਕਿ ਨੌਜੁਆਨਾਂ ਨੂੰ ਨਸ਼ਿਆਂ ਤੇ ਮਾੜੀਆਂ ਅਲਾਮਤਾਂ ਵੱਲੋਂ ਮੋੜਨ ਦਾ ਸਭ ਤੋਂ ਵਧੀਆ ਬਦਲ ਉਨ੍ਹਾਂ ਨੂੰ ਖੇਡਾਂ ਦੇ ਰਾਹ ਪਾਉਣਾ ਹੈ। ਖੇਡਾਂ ਬੰਦੇ ਨੂੰ ਸੰਵਾਰਦੀਆਂ, ਸ਼ਿੰਗਾਰਦੀਆਂ ਅਤੇ ਨਿਖਾਰਦੀਆਂ ਹਨ। ਖੇਡਾਂ ਦਾ ਨਸ਼ਾ ਨਿਆਰਾ ਤੇ ਸਿਹਤਯਾਬ ਹੁੰਦਾ ਹੈ। ਇਸ ਪ੍ਰਸੰਗ ਵਿਚ ਉਹ ਖਿਡਾਰੀਆਂ ਦੀ ਹੱਲਾਸ਼ੇਰੀ ਵਿਚ ਮਾਈਕ ਤੋਂ ਬੋਲ ਕੇ, ਅਖਬਾਰਾਂ 'ਚ ਲਿਖ ਕੇ, ਖੁਰਾਕ ਤੇ ਮਾਇਕ ਮਦਦ ਦੇ ਕੇ ਖੇਡ ਖੇਤਰ ਦੀ ਸੇਵਾ ਕਰਦਾ ਆ ਰਿਹੈ। ਜੇ. ਸੀ. ਟੀ. ਫਗਵਾੜਾ ਦੀ ਫੁੱਟਬਾਲ ਕਲੱਬ ਦਾ ਉਹ ਸਰਗਰਮ ਹਮਾਇਤੀ ਹੈ। ਉਸ ਨੇ ਕਲੱਬ ਬਾਰੇ, ਕਲੱਬ ਦੇ ਕੋਚ ਜਗੀਰ ਸਿੰਘ ਵਿਰਕ, ਫੁੱਟਬਾਲ ਦੇ ਏਸ਼ੀਆ ਸਟਾਰ ਇੰਦਰ ਸਿੰਘ, ਕੋਚ ਸੁਖਵਿੰਦਰ ਸੁੱਖੀ ਧਿਆਨ ਚੰਦ ਅਵਾਰਡੀ ਤੇ ਹੋਰ ਕਈ ਨਾਮਵਰ ਖਿਡਾਰੀਆਂ ਬਾਰੇ ਰੂਹ ਨਾਲ ਲਿਖਿਆ ਹੈ। ਉਹ ਬਹੁਗੁਣੇ ਸੱਜਣਾਂ ਗੁਰਮੀਤ ਸਿੰਘ ਪਲਾਹੀ, ਕੁਸ਼ਤੀ ਕੋਚ ਸੋਂਧੀ, ਵਿਰਕ, ਸੁੱਖੀ ਤੇ ਸੀਤਲ ਸਿੰਘ ਡੀ. ਪੀ. ਈ. ਦੇ ਅਜੇ ਵੀ ਅੰਗ-ਸੰਗ ਵਿਚਰ ਰਿਹੈ। ਉਸ ਦਾ ਖੇਡਾਂ ਦੇ ਟੂਰਨਾਮੈਂਟ ਕਰਵਾਉਣ ਵਿਚ ਚੋਖਾ ਯੋਗਦਾਨ ਹੈ ਤੇ ਸਾਹਿਤਕ ਸਰਗਰਮੀਆਂ ਵਿਚ ਵੀ ਸ਼ਮੂਲੀਅਤ ਕਰਦਾ ਹੈ। ਦੇਸ਼ ਵਿਦੇਸ਼ ਦੀਆਂ ਗੋਸ਼ਟੀਆਂ ਵਿਚ ਭਾਗ ਲਿਆ ਤੇ ਅਧਿਆਪਕ ਯੂਨੀਅਨਾਂ ਵਿਚ ਵੀ ਬਣਦਾ-ਸਰਦਾ ਰੋਲ ਨਿਭਾਇਆ ਹੈ। ਉਹ ਫਗਵਾੜੇ ਦੀ ਰੌਣਕ ਹੈ, ਸ਼ਾਨ ਹੈ, ਮਾਣ ਹੈ। ਪੰਜਾਬੀ ਵਿਰਸਾ ਟਰੱਸਟ, ਲੇਖਕਾਂ ਅਤੇ ਪੱਤਰਕਾਰਾਂ ਦੀਆਂ ਸੰਸਥਾਵਾਂ ਨੇ ਉਸ ਨੂੰ 'ਮਾਣਮੱਤਾ ਪੱਤਰਕਾਰ ਪੁਰਸਕਾਰ' ਦੇ ਕੇ ਸਨਮਾਨਿਆ ਹੈ।

2010 ਵਿਚ ਪੰਜਾਬ ਸਰਕਾਰ ਨੇ ਕਬੱਡੀ ਦਾ ਵਿਸ਼ਵ ਕੱਪ ਕਰਾਇਆ ਤਾਂ ਕੱਪ ਦੀ ਕੁਮੈਂਟਰੀ ਬਾਰੇ ਮੈਨੂੰ ਉਹਦਾ ਲੇਖ 'ਅਨੂਠਾ ਕਾਵਿ-ਸੰਸਾਰ ਹੈ ਕਬੱਡੀ ਦਾ' ਪੜ੍ਹਨ ਨੂੰ ਮਿਲਿਆ। ਉਦੋਂ ਤਕ ਮੈਂ ਉਸ ਨੂੰ ਉੱਕਾ ਹੀ ਨਹੀਂ ਸਾਂ ਜਾਣਦਾ, ਹਾਲਾਂ ਕਿ ਉਹ ਫਗਵਾੜੇ ਲੈਕਚਰਾਰ ਸੀ ਤੇ ਮੈਂ ਵੀਹ ਕਿਲੋਮੀਟਰ ਲਾਂਭੇ ਮੁਕੰਦਪੁਰ ਪ੍ਰਿੰਸੀਪਲ। ਜਦੋਂ ਤੋਂ ਮੈਂ ਖੇਡਾਂ-ਖਿਡਾਰੀਆਂ ਬਾਰੇ ਲਿਖਣ ਲੱਗਾ, ਉਦੋਂ ਤੋਂ ਪੜ੍ਹਦਾ ਆ ਰਿਹਾ ਸਾਂ ਕਿ ਹੋਰ ਕੌਣ ਕੌਣ ਪੰਜਾਬੀ ਵਿਚ ਖੇਡਾਂ-ਖਿਡਾਰੀਆਂ ਬਾਰੇ ਲਿਖ ਰਿਹੈ? ਪ੍ਰੋ. ਜਸਵੰਤ ਸਿੰਘ ਗੰਡਮ ਦਾ ਕਬੱਡੀ ਦੀ ਕੁਮੈਂਟਰੀ ਬਾਰੇ ਲਿਖਿਆ ਲੇਖ ਅਖਬਾਰ 'ਚ ਪੜ੍ਹ ਕੇ ਮੈਂ ਸੋਚਣ ਲੱਗਾ, ਪਈ ਇਹ ਕਿਥੋਂ ਛੁਪਿਆ ਰੁਸਤਮ ਆ ਨਿਕਲਿਆ? ਬਾਅਦ ਵਿਚ ਪਤਾ ਲੱਗਾ ਕਿ ਉਹ ਗੁਰੂ ਨਾਨਕ ਕਾਲਜ ਫਗਵਾੜੇ ਤੋਂ ਰਿਟਾਇਰ ਹੋਇਆ ਲੈਕਚਰਾਰ ਹੈ, ਜੋ ਕੁਝ ਸਮਾਂ ਕਾਲਜ ਦਾ ਕਾਰਜਕਾਰੀ ਪ੍ਰਿੰਸੀਪਲ ਵੀ ਰਿਹਾ। ਉਸ ਨੇ ਦੱਸਿਆ ਕਿ ਕਬੱਡੀ ਦੀ ਕੁਮੈਂਟਰੀ ਬਾਰੇ ਉਹ ਲੇਖ ਉਸ ਨੇ ਕਮਰਾ ਬੰਦ ਕਰ ਕੇ, ਟੀ. ਵੀ. ਉਪਰ ਹਰ ਰੋਜ਼ ਸਾਰੀ ਸਾਰੀ ਦਿਹਾੜੀ ਕੁਮੈਂਟਰੀ ਸੁਣ ਕੇ, ਉਸ ਵਿਚ ਕਹੀਆਂ ਜਾਣ ਵਾਲੀਆਂ ਗੱਲਾਂ ਹੱਥੀਂ ਨੋਟ ਕਰਕੇ, ਕਬੱਡੀ ਟੂਰਨਾਮੈਂਟ ਸਮਾਪਤ ਹੋਣ ਉਪਰੰਤ ਸਾਰੀ ਲਿਖੀ ਹੋਈ ਸਮੱਗਰੀ ਨੂੰ ਘੋਖਣ ਪਿੱਛੋਂ ਲਿਖਿਆ ਸੀ। ਮੈਂ ਉਹ ਲੇਖ ਆਪਣੀ ਪੁਸਤਕ 'ਅੱਖੀਂ ਡਿੱਠਾ ਕਬੱਡੀ ਵਰਲਡ ਕੱਪ' ਵਿਚ ਭੂਮਿਕਾ ਵਜੋਂ ਸ਼ਾਮਲ ਕੀਤਾ:

## ਅਨੂਠਾ ਕਾਵਿ-ਸੰਸਾਰ ਹੈ ਕਬੱਡੀ ਦਾ

ਦਸ ਦਿਨ ਪੰਜਾਬ ਕਬੱਡੀਮਈ ਹੋਇਆ ਰਿਹਾ। ਪਲੇਠੇ ਸਰਕਲ ਸਟਾਈਲ ਕਬੱਡੀ ਵਰਲਡ ਕੱਪ ਕਾਰਨ 3 ਤੋਂ 12 ਅਪਰੈਲ ਤਕ ਕੁਲ ਆਲਮ 'ਚ ਵਸਦੇ ਪੰਜਾਬੀ ਕਬੱਡੀਓ-ਕਬੱਡੀ ਹੋਏ ਰਹੇ। ਇਹ ਕੱਪ ਪੰਜਾਬ ਵਿਚ ਹੋਣ ਕਾਰਨ ਆਪਣੇ ਪ੍ਰਾਂਤ ਦੇ ਪੰਜਾਬੀਆਂ ਨੂੰ ਤਾਂ ਇਨ੍ਹਾਂ ਦਿਨਾਂ ਦੌਰਾਨ ਕਬੱਡੀ ਦਾ ਬੁਖਾਰ ਹੀ ਚੜ੍ਹਿਆ ਰਿਹਾ।

ਇਸ ਪਹਿਲੇ ਵਿਸ਼ਵ ਕੱਪ 'ਚ ਭਾਰਤ, ਪਾਕਿਸਤਾਨ ਤੇ ਕੈਨੇਡਾ ਦੀਆਂ ਟੀਮਾਂ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰ ਕੇ ਇੱਕ ਕਰੋੜ, ਇਕਵੰਜਾ ਲੱਖ ਤੇ ਪੱਚੀ ਲੱਖ ਰੁਪਏ ਦੇ ਨਕਦ ਇਨਾਮ ਜਿੱਤਣ ਦੇ ਨਾਲ-ਨਾਲ ਸੋਨੇ, ਚਾਂਦੀ ਤੇ ਤਾਂਬੇ ਦੇ ਤਮਗੇ ਵੀ ਜਿੱਤੇ। ਭਾਰਤ ਦੀ ਝੋਲੀ ਚਮ-ਚਮਾਉਂਦਾ ਸੁਨਹਿਰੀ ਕੱਪ ਵੀ ਪਿਆ। ਸਭ ਕੁਝ ਸੁਖੀਂ ਸਾਂਦੀ ਸਮਾਪਤ ਹੋਇਆ। ਕੋਈ ਰੋਂਦ ਨਹੀਂ, ਰਈ ਨਹੀਂ, ਰੱਫੜ ਨਹੀਂ। ਵਧਾਈਆਂ ਜੀ ਵਧਾਈਆਂ ਸਭ ਨੂੰ!

ਵਿਸ਼ਵ ਕਬੱਡੀ ਕੱਪ ਦੇ ਸਾਰੇ ਮੈਚਾਂ ਦੀ ਪਹਿਲੀ ਵਾਰ ਪੀ. ਟੀ. ਸੀ. ਚੈਨਲ ਰਾਹੀਂ ਸਿੱਧੀ ਕੁਮੈਂਟਰੀ ਕਾਰਨ ਮੇਰੇ ਵਰਗੇ ਆਲਸੀਆਂ ਅਤੇ ਖੇਡਾਂ 'ਚ ਬਹੁਤੀ ਰੁਚੀ ਨਾ ਰੱਖਣ ਵਾਲੇ ਲੋਕਾਂ ਨੂੰ ਵੀ ਘਰਾਂ 'ਚ ਬੈਠੇ-ਬਿਠਾਏ ਕਬੱਡੀ ਦਾ ਅਨੰਦ ਮਾਣਨ ਨੂੰ ਮਿਲਿਆ। ਕਬੱਡੀ ਦੀ ਕੁਮੈਂਟਰੀ ਕਰਨ ਵਾਲੀ ਟੀਮ ਦੇ ਸਦਕੇ-ਬਲਿਹਾਰੇ ਜਾਣ ਵਾਲੀ ਜਾਦੂਮਈ ਤੇ ਮਿਕਨਾਤੀਸੀ ਕੁਮੈਂਟਰੀ ਕਾਰਨ ਗਰਾਊਂਡ ਵਿਚ ਬੈਠੇ ਦਰਸ਼ਕਾਂ ਨਾਲੋਂ ਜੇ ਵੱਧ ਨਹੀਂ ਤਾਂ ਘੱਟ ਸੁਆਦ ਵੀ ਨਹੀਂ ਆਇਆ। ਮੈਚਾਂ ਦੌਰਾਨ ਅਸੀਂ ਟੀ. ਵੀ. 'ਤੇ ਇਸ ਤਰ੍ਹਾਂ ਅੱਖਾਂ ਗੱਡੀ



ਪ੍ਰੋ. ਜਸਵੰਤ ਸਿੰਘ ਗੰਡਮ

ਰੱਖੀਆਂ ਜਿੱਦਾਂ ਕਦੇ-ਕਦੇ ਮਿਲਣ ਵਾਲੀ ਮਹਿਬੂਬਾ 'ਤੇ ਦਿਲਫੈਂਕ ਆਸ਼ਕ ਗੱਡਦੇ ਹਨ। ਕੁਰਸੀ 'ਤੇ ਇਸ ਤਰ੍ਹਾਂ ਚਿਪਕੇ ਰਹੇ, ਜਿੱਦਾਂ ਫੇਵੀਕੁਇੱਕ ਨਾਲ ਚਿਪਕਾਏ ਗਏ ਹੋਈਏ। ਕ੍ਰਿਕਟ ਤੇ ਹਾਕੀ ਦੀ ਪ੍ਰੋਫੈਸ਼ਨਲੀ ਪਰਪੱਕ ਤੇ ਕੀਲ ਬੰਨ੍ਹ ਕੇ ਰੱਖ ਦੇਣ ਵਾਲੀ ਕੁਮੈਂਟਰੀ ਵਾਂਗ ਕਬੱਡੀ ਦੀ ਕੁਮੈਂਟਰੀ ਅਤੇ ਖੇਡ ਨੇ ਉੱਠਣ ਹੀ ਨਹੀਂ ਦਿੱਤਾ ਤੇ ਕੁਮੈਂਟਰੀ ਵੀ ਮਾਖਿਓਂ ਮਿੱਠੀ ਬੋਲੀ ਵਿਚ। ਸੁਣ-ਦੇਖ ਅਸੀਂ ਤਾਂ ਸਾਉਣ ਮਹੀਨੇ ਦੇ ਪੈਲਾਂ ਪਾਉਂਦੇ ਮੋਰ ਵਾਂਗ ਕਲਹਿਰੀ ਮੋਰ ਹੋ ਗਏ। ਕਬੱਡੀ ਮੈਚਾਂ ਦੇ ਸਿੱਧੇ ਪ੍ਰਸਾਰਨ ਨਾਲ ਕਬੱਡੀ ਪਿੰਡਾਂ ਦੀਆਂ ਸੱਥਾਂ 'ਚੋਂ ਨਿਕਲ ਕੇ ਪਹਿਲੀ ਵਾਰ ਸ਼ਹਿਰੀ ਡਰਾਇੰਗ ਰੂਮਾਂ ਦਾ ਸ਼ਿੰਗਾਰ ਬਣੀ। ਇਸ ਦੀ ਕਲਾਤਮਿਕ ਕੁਮੈਂਟਰੀ ਨੇ ਇਸ ਦਾ ਘੇਰਾ ਹੋਰ ਵਿਸ਼ਾਲ ਤੇ ਸਿਰਜਣਾਤਮਕ ਕਰਨ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕੀਤਾ। ਪਹਿਲੀ ਵਾਰ ਕ੍ਰਿਕਟ ਦਾ ਬੁਖਾਰ ਲੱਥਾ। ਲੋਕ ਇਸੇ ਸਮੇਂ ਚੱਲ ਰਹੇ ਆਈ. ਪੀ. ਐੱਲ. ਕ੍ਰਿਕਟ ਮੈਚਾਂ ਦੇ ਪ੍ਰਸਾਰਨ ਨਾਲੋਂ ਕਬੱਡੀ ਮੈਚਾਂ ਦਾ ਪ੍ਰਸਾਰਨ ਵੇਖਣ ਨੂੰ ਪਹਿਲ ਦਿੰਦੇ ਰਹੇ। ਐਸ ਵੇਲੇ ਕਬੱਡੀ ਦਾ ਸੁਨਹਿਰੀ ਦੌਰ ਹੈ। ਇਲੈਕਟ੍ਰਾਨਿਕ ਤੇ ਇੰਗਲਿਸ਼ ਮੀਡੀਏ ਤੋਂ ਇਲਾਵਾ ਫਿਲਮਸਾਜ਼ ਵੀ ਇਸ ਵੱਲ ਆਕ੍ਰਸ਼ਿਤ ਹੋ ਰਹੇ ਹਨ।

ਕਬੱਡੀ ਪੰਜਾਬੀਆਂ ਦੀ ਮਾਂ ਖੇਡ ਹੈ। ਇਹ ਸਾਡੇ ਖੂਨ 'ਚ ਰਚੀ ਹੋਈ ਹੈ। ਦਿਲੋ-ਦਿਮਾਗ ਤੇ ਰੂਹ ਵਿਚ ਉੱਤਰੀ ਹੋਈ। ਸਾਡੀ ਜੀਵਨ-ਜਾਚ ਦਾ ਅੰਗ ਹੈ। ਪਿੰਡਾਂ 'ਚ ਰਹਿੰਦੇ ਲੋਕ ਤਾਂ ਕਬੱਡੀ ਦੇ ਦੀਵਾਨੇ ਹਨ। ਇਸ ਵੇਰਾਂ ਸ਼ਹਿਰੀਆਂ ਦੀ ਦੀਵਾਨਗੀ ਵੀ ਕੋਈ ਘੱਟ ਨਹੀਂ ਸੀ। ਇਹ ਗੱਲ ਮੈਚਾਂ 'ਚ ਹਾਜ਼ਰ ਸਿਰਾਂ ਦੇ ਸਮੁੰਦਰਾਂ ਅਤੇ ਟੀ. ਆਰ. ਪੀ. ਨੇ ਸਾਬਤ ਕਰ ਦਿੱਤੀ। ਜਿਵੇਂ ਕਹਿੰਦੇ ਹਨ ਕਿ ਜਿਸ ਨੇ ਲਾਹੌਰ ਨਹੀਂ ਦੇਖਿਆ ਉਹ ਜੰਮਿਆ ਈ ਨਹੀਂ, ਇਵੇਂ ਹੀ ਜਿਸ ਨੇ ਕਦੀ ਕਬੱਡੀ ਜਾਂ ਹਾਕੀ ਖੇਡੀ-ਦੇਖੀ ਨਹੀਂ, ਉਸ ਨੇ ਵੀ ਅਜੇ ਜੰਮਣੈ। ਇਹ ਗੱਲ ਪੰਜਾਬੀਆਂ ਉਪਰ ਤਾਂ ਲਾਜ਼ਮੀ ਹੀ ਲਾਗੂ ਹੁੰਦੀ ਹੈ, ਕਿਉਂਕਿ ਇਹ ਖੇਡਾਂ ਉਨ੍ਹਾਂ ਨੂੰ ਗੁੜ੍ਹਤੀ 'ਚ ਮਿਲਦੀਆਂ ਹਨ। ਅਸੀਂ ਬਚਪਨ 'ਚ ਖਿੱਦੋਖੂੰਡੀ ਤਾਂ ਖੇਡਦੇ ਰਹੇ ਹਾਂ, ਪਰ ਕਬੱਡੀ ਕਦੀ ਨਹੀਂ ਸੀ ਖੇਡੀ, ਹਾਂ ਦੇਖੀ ਜ਼ਰੂਰ। ਸਾਡੇ ਬਚਪਨ ਬੀਤੇ ਨੂੰ ਤਾਂ ਮੁੱਦਤਾਂ ਬੀਤ ਗਈਆਂ ਹਨ ਤੇ ਇਸ ਖੇਡ ਦੀ ਇੱਕ ਧੁੰਦਲੀ ਜਿਹੀ ਯਾਦ ਹੀ ਚੇਤਿਆਂ 'ਚ ਹੈ। ਸੋ, ਵਿਸ਼ਵ ਕਬੱਡੀ ਕਾਰਨ ਹੀ ਅਸੀਂ ਵੀ ਬੁੱਢ-ਵਰੇਸੇ ਹੀ ਜਨਮੇ ਹਾਂ। ਤੁਸੀਂ ਇਸ ਨੂੰ ਸਾਡਾ ਅਗਿਆਨ ਜਾਂ ਅਨਾੜੀਪਨ ਸਮਝ ਲਓ, ਸੱਚੀ ਗੱਲ ਤਾਂ ਇਹੀ ਹੈ ਕਿ ਸਾਨੂੰ ਹੁਣ ਪਤਾ ਲੱਗਿਐ ਕਿ ਕਬੱਡੀ ਪੰਜਾਬੀ ਲੋਕਧਾਰਾ ਦਾ ਅਟੁੱਟ ਹਿੱਸਾ ਬਣ ਚੁਕੀ ਹੈ ਅਤੇ ਕਬੱਡੀ ਦਾ ਆਪਣਾ ਵੀ ਇੱਕ ਫੋਕਲੋਰ ਵਿਕਸਿਤ ਹੋ ਚੁਕਾ ਹੈ ਤੇ ਇਹ ਪਤਾ ਲਾਉਣ ਵਿਚ ਕਬੱਡੀ ਦੀ ਕੁਮੈਂਟਰੀ ਕਰਨ ਵਾਲੀ ਟੀਮ ਦਾ ਰੋਲ ਮੁਹਰੈਲ ਹੈ। ਨਿਰੋਲ ਇਸ ਕਰਕੇ ਨਹੀਂ ਲਿਖਿਆ, ਕਿਉਂਕਿ ਲਾਈਵ ਟੈਲੀਕਾਸਟ ਦਾ ਰੋਲ ਵੀ ਬਹੁਤ ਅਹਿਮ ਹੈ। ਉਸ ਤੋਂ ਬਿਨਾ ਕਬੱਡੀ ਘਰ-ਘਰ ਨਹੀਂ ਸੀ ਪੁੱਜਣੀ।

ਅਸੀਂ ਤਾਂ ਕਦੀ ਕਿਸੇ ਕੁਮੈਂਟਰੀ ਕਰਨ ਵਾਲੇ ਨੂੰ ਕਦੇ ਮਿਲੇ ਨਹੀਂ ਤੇ ਨਾ ਹੀ ਪਹਿਲਾਂ ਕਦੀ ਕਿਸੇ ਦੇ ਦਰਸ਼ਨ ਹੀ ਕੀਤੇ। ਹਾਂ ਇੱਕ ਦੋ ਨਾਂ ਜ਼ਰੂਰ ਸੁਣੇ ਤੇ ਇੱਕ ਜਣੇ ਦੇ ਅਖਬਾਰੀ ਲੇਖ ਪੜ੍ਹੇ ਐ; ਪਰ ਇਸ ਟੀਮ ਨੇ ਜਿਸ ਤਰ੍ਹਾਂ ਸ਼ਬਦ-ਸ਼ਿਲਪਕਾਰੀ, ਸ਼ੇਅਰੋ-ਸ਼ਾਇਰੀ, ਕਵਿਤਾਕਾਰੀ, ਟੋਟਕੇਬਾਜ਼ੀ, ਤੁਕਬੰਦੀ, ਖਾਲਸ ਪੇਂਡੂ ਮੁਹਾਵਰੇ, ਲੋਕ-ਬੋਲੀਆਂ, ਲੋਕੋਕਤੀਆਂ, ਅਖਾਣਾਂ, ਕਿੱਸੇ, ਕਹਾਣੀਆਂ, ਪੰਜਾਬੀ, ਹਿੰਦੀ, ਉਰਦੂ ਦੀ ਕਵਿਤਾ ਤੇ ਗੀਤਾਂ ਅਤੇ ਇਤਿਹਾਸਕ ਭੂਗੋਲਿਕ ਹਵਾਲਿਆਂ ਰਾਹੀਂ ਕਬੱਡੀ ਦੀ ਖੇਡ ਤੇ ਖਿਡਾਰੀਆਂ ਦੇ ਪਿਛੋਕੜ ਤੇ ਵਰਤਮਾਨ ਸਥਿਤੀ ਦੇ ਦਰਸ਼ਨ ਕਰਵਾਏ, ਉਸ ਤੋਂ ਦਿਲ ਅਸ਼-ਅਸ਼ ਕਰ ਉਠਿਆ। ਧਾਰਮਿਕ ਰੰਗ ਦੇਣ ਲਈ ਜੋ ਗੁਰਬਾਣੀ 'ਚੋਂ ਹਵਾਲੇ ਦਿੱਤੇ ਗਏ ਤਾਂ ਦੇਸ਼ ਭਗਤੀ ਦੇ ਰੰਗ ਲਈ ਵਤਨ ਦੇ ਸ਼ਹੀਦਾਂ ਨੂੰ ਵੀ ਯਾਦ ਕੀਤਾ ਗਿਆ।

ਦਰਜਨਾਂ ਕਿਤਾਬਾਂ ਦਾ ਲੇਖਕ ਪ੍ਰਿੰਸੀਪਲ ਸਰਵਣ ਸਿੰਘ ਖੇਡ-ਵਿਸ਼ਲੇਸ਼ਣ ਦੇ ਨਾਲ-ਨਾਲ ਸੁਆਦਲੀ ਕੁਮੈਂਟਰੀ ਵੀ ਕਰੀ ਗਿਆ। ਕਿਸੇ ਧਾਵੀ ਦੇ ਜਾਫੀ ਦੀ ਪਕੜ 'ਚੋਂ ਬਚ ਨਿਕਲਣ 'ਤੇ ਪ੍ਰਿੰਸੀਪਲ ਸਾਹਿਬ ਦੀ ਇਹ ਟਿੱਪਣੀ ਤਾਂ ਟਰੇਡ ਮਾਰਕ ਹੀ ਬਣ ਗਈ, "ਹੁਣ ਭਾਵੇਂ ਘੋੜੀਆਂ ਮਗਰ ਲਾ ਲਓ, ਹੁਣ ਨ੍ਹੀਂ ਦਿੰਦਾ ਡਾਹੀ।" ਪ੍ਰੋ. ਮੱਖਣ ਸਿੰਘ ਹਕੀਮਪੁਰ ਨੇ ਤਾਂ ਕੁਮੈਂਟਰੀ ਨੂੰ ਰੰਗ ਹੀ ਨਵਾਂ ਦੇ ਦਿੱਤਾ। ਉਸ ਕੋਲ ਇਸ ਖੇਡ ਬਾਰੇ ਅਥਾਹ ਜਾਣਕਾਰੀ ਹੈ। ਉਸ ਦਾ ਕਿਸੇ ਧਾਵੀ ਦੇ ਜਾਫੀ ਹੱਥੋਂ ਪਕੜੇ ਜਾਣ 'ਤੇ 'ਤੀਲੀ ਤੋਂ ਲੌਂਗ ਤੇ ਲੌਂਗ ਤੋਂ ਕੋਕਾ' ਬਣ ਜਾਣ ਦੀ ਤਸ਼ਬੀਹ ਕੇਕ ਉਪਰ ਕਰੀਮ ਲਾਏ ਜਾਣ ਦਾ ਕੰਮ ਕਰਦੀ। ਇਹ ਜੋੜੀ ਪੰਜਾਬੀ ਖੇਡਾਂ, ਖਾਸ ਕਰ ਕੇ ਕਬੱਡੀ ਦੀ ਖੇਡ ਦਾ ਇਨਸਾਈਕਲੋਪੀਡੀਆ ਹੈ। ਦਰਅਸਲ ਕੁਮੈਂਟਰੀ ਦੀ ਸਾਰੀ ਟੀਮ ਨੇ ਹੀ ਪੂਰੀ ਫਿਜ਼ਾ ਵਿਚ ਸ਼ਾਬਦਿਕ ਧੂੜਾਂ ਅਤੇ ਖਿਡਾਰੀਆਂ ਨੇ ਗਰਾਊਂਡ ਵਿਚ ਸੱਚੀ-ਮੁੱਚੀਂ ਦੀਆਂ ਧੂੜਾਂ ਪੁੱਟੀ ਰੱਖੀਆਂ। ਪ੍ਰਿੰਸੀਪਲ-ਪ੍ਰੋਫੈਸਰ ਦੀ ਜੋੜੀ ਦੇ ਨਾਲ ਡਾ. ਦਰਸ਼ਨ ਬੜੀ, ਅਰਵਿੰਦਰ ਕੋਛੜ, ਗੁਰਪ੍ਰੀਤ ਬੇਰ ਕਲਾਂ, ਸੁਰਜੀਤ ਕਕਰਾਲੀ, ਸਤਪਾਲ ਮਾਹੀ, ਸੁਖਬੀਰ ਚੌਹਾਨ, ਕਾਮੇਡੀਅਨ ਭਗਵੰਤ ਮਾਨ ਤੇ ਪਾਕਿਸਤਾਨ ਤੋਂ ਆਏ ਮਹਿਮਾਨ ਕੁਮੈਂਟੇਟਰ ਤਈਯਬ ਸ਼ਾਹ ਗਿਲਾਨੀ-ਸਭ 'ਬਹਿ ਜਾਹ, ਬਹਿ ਜਾਹ' ਕਰਾਈ ਗਏ।

ਜੇ ਕਿਸੇ ਟੀਮ ਜਾਂ ਖਿਡਾਰੀਆਂ ਵਿਚ ਸਖਤ ਮੁਕਾਬਲੇ ਵੇਲੇ 'ਕੁੰਢੀਆਂ ਦੇ ਸਿੰਗ ਫਸ ਗਏ, ਨਿੱਤਰੂ ਵੜੇਵੇਂ ਖਾਣੀ; ਕਾਂਟੇ ਦੀ ਟੱਕਰ, ਸਾਨ੍ਹਾਂ ਦੇ ਭੇੜ' ਜਿਹੇ ਮੁਹਾਵਰੇ ਬੋਲੇ ਜਾਂਦੇ ਤਾਂ ਕਿਸੇ ਧਾਵੀ ਨੂੰ ਜਾਫੀ ਵੱਲੋਂ ਫੜੇ ਜਾਣ 'ਤੇ 'ਪਾ ਲਿਆ ਜੂੜ, ਜਕੜ'ਤਾ ਸਿਕੰਜੇ 'ਚ, ਲਾ'ਤਾ ਨਿਓਲ, ਲਪੇਟਤਾ ਲੱਠੇ ਦੇ ਥਾਨ ਵਾਂਗ, ਲੱਗ ਗਿਆ ਰੋਪੜੀ ਜਿੰਦਾ, ਲਾ'ਤੀਆਂ ਬਰੇਕਾਂ, ਕਰ'ਤਾ ਚੱਕਾ ਜਾਮ' ਆਦਿ ਦੀ ਵਰਤੋਂ ਕੀਤੀ ਜਾਂਦੀ। ਕੈਂਚੀ ਲੱਗਣ 'ਤੇ ਜਦ ਕੋਈ ਤਕੜਾ ਜੱਫਾ ਲੱਗ ਜਾਂਦਾ ਤਾਂ 'ਗੱਡ'ਤਾ ਕਿੱਲਾ' ਜਾਂ 'ਬਣਾ'ਤਾ ਚਕਰਚੂੰਡਾ' ਦਾ ਨਿਵੇਕਲਾ ਮੁਹਾਵਰਾ ਸੁਣਨ ਨੂੰ ਮਿਲਦਾ। ਮੌਕੇ ਦੀ ਮੰਗ ਮੁਤਾਬਿਕ ਇਲਾਕਾਈ ਮੁਹਾਵਰੇ ਘੜੇ ਗਏ, ਜਿਵੇਂ ਜਗਰਾਵਾਂ ਦੇ ਪੁਲ ਜਿੱਡਾ ਜੇਰਾ, ਬੱਬੇਹਾਲੀ ਦੀ ਛਿੰਝ ਵਰਗਾ 'ਕੱਠ, ਬਿਜਲੀ ਦੇ ਗਿਆਰਾਂ ਹਜ਼ਾਰ ਬੋਲਟ ਜਿੰਨਾ ਕਰੰਟ, ਬਾਰਾਂ ਬੋਰ ਦੀ ਬੰਦੂਕ ਦੇ ਫਾਇਰ ਵਰਗਾ ਧੌਲ-ਧੱਫਾ, ਮੁਗਦਰ ਵਰਗੇ ਪੱਟ ਤੇ ਮੂੰਗਲੀਆਂ ਵਰਗੇ ਡੌਲੇ। ਇਰਾਨ ਦੇ ਦਿਓ-ਕੱਦ ਖਿਡਾਰੀਆਂ ਅਤੇ ਮੁਕਾਬਲੇ ਦੇ ਹਲਕੇ ਖਿਡਾਰੀਆਂ ਦੀ 'ਟਰੱਕ ਤੇ ਮਾਰੂਤੀ ਦੀ ਟੱਕਰ' ਨਾਲ ਤੁਲਨਾ ਕੀਤੀ ਗਈ। ਕਬੱਡੀ ਬਾਰੇ ਪ੍ਰਚਲਿਤ ਗੀਤਾਂ, ਕਵਿਤਾਵਾਂ, ਟੂਕਾਂ-ਟੋਟਕਿਆਂ ਦੀ ਬਹੁਲਤਾ ਨੂੰ ਸੁਣ ਕੇ ਪਤਾ ਲੱਗਾ ਕਿ ਕਬੱਡੀ ਦਾ ਆਪਣਾ ਹੀ ਇੱਕ ਅਨੂਠਾ ਕਾਵਿ-ਸੰਸਾਰ ਹੈ। ਪੂਰੀ ਟੀਮ ਤੋਂ ਇਲਾਵਾ ਵਿਅਕਤੀਗਤ ਧਾਵੀਆਂ ਤੇ ਜਾਫੀਆਂ ਬਾਰੇ ਗੀਤ ਤੇ ਕਾਵਿ-ਟੋਟਕੇ ਬਣ ਗਏ, ਜੋ ਸਬੰਧਿਤ ਖਿਡਾਰੀਆਂ ਦੇ ਜੀਵਨ ਸਮੇਂ ਹੀ ਲੋਕਗਥਾਈ ਹੋ ਨਿਬੜਨ ਦਾ ਪ੍ਰਮਾਣ ਹੈ।

ਵੱਖੋ-ਵੱਖਰੇ ਸ਼ਹਿਰਾਂ 'ਚ ਹੋਏ ਮੈਚਾਂ ਦੌਰਾਨ ਸਬੰਧਿਤ ਇਲਾਕੇ ਦੇ ਨਾਮਵਰ ਖਿਡਾਰੀਆਂ ਦੀ ਚਰਚਾ ਕਰਨੀ ਚੰਗੀ ਲੱਗੀ, ਭਾਵੇਂ ਕਿ ਵਿਸ਼ਵ ਕਬੱਡੀ ਕੱਪ ਵੇਲੇ ਇਲਾਕੇ ਦੇ ਕਿਸੇ ਰਿਟਾਇਰ ਹੋ ਚੁਕੇ ਕਬੱਡੀ ਖਿਡਾਰੀ ਨੂੰ ਬਣਦੇ ਮਾਣ-ਸਨਮਾਨ, ਜੋ ਉਸ ਨੂੰ ਵਿਸ਼ੇਸ਼ ਮਹਿਮਾਨਾਂ ਦੀ ਸੂਚੀ ਵਿਚ ਸ਼ਾਮਲ ਕਰ ਕੇ ਸਹਿਜੇ ਹੀ ਦਿੱਤਾ ਜਾ ਸਕਦਾ ਸੀ, ਦਾ ਨਾ ਮਿਲਣਾ ਰੜਕਦਾ ਰਿਹਾ। ਭਾਵੇਂ ਕੱਛੇ-ਬੁਨੈਣਾਂ ਦੇ ਇਨਾਮਾਂ ਅਤੇ ਕੱਲਰਾਂ ਤੇ ਟਿੱਬਿਆਂ ਵਾਲੀ ਇਸ ਗਰੀਬਣੀ ਪੇਂਡੂ ਖੇਡ ਦਾ ਸਭ ਤੋਂ ਪਹਿਲਾਂ ਸਹੀ ਮੁੱਲ ਤਾਂ ਪਰਦੇਸਾਂ ਵਿਚ ਵਸਦੇ ਪੰਜਾਬੀਆਂ ਨੇ ਇਸ ਦੇ ਇਨਾਮਾਂ ਦੀ ਰਾਸ਼ੀ ਲੱਖਾਂ 'ਚ ਕਰ ਕੇ ਪਾਇਆ ਸੀ, ਪਰ ਇਸ ਨੂੰ ਸਰਕਾਰੀ ਮਾਨਤਾ ਦੇ ਕੇ ਅਤੇ ਇੱਕ ਕਰੋੜੀ ਇਨਾਮ ਵਾਲੀ ਖੇਡ ਬਣਾ ਕੇ ਪੰਜਾਬ ਸਰਕਾਰ ਵਾਹ-ਵਾਹ ਖੱਟ ਗਈ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਬੱਡੀ ਕੱਪ ਜੇਤੂ ਭਾਰਤੀ ਟੀਮ ਦੇ ਖਿਡਾਰੀਆਂ ਨੂੰ ਸਰਕਾਰੀ ਨੌਕਰੀਆਂ ਦੇਣ ਦਾ ਐਲਾਨ ਕਰ ਕੇ ਵਾਕਿਆ ਹੀ ਸਲਾਹੁਣਯੋਗ ਕੰਮ ਕੀਤਾ। ਕੀ ਪਤਾ ਹੁਣ ਵਿਗੜੇ ਤਿਗੜੇ ਨੌਜਵਾਨ ਨਸ਼ੇ-ਪੱਤੇ ਛੱਡ ਕੇ ਸੱਚੀਂ ਇਸ ਰਾਹ ਤੁਰ ਪੈਣ ਕਿ ਖੇਡੋ ਮੁੰਡਿਓ ਖੇਡ ਕਬੱਡੀ, ਖੜ੍ਹਨਾ ਛੱਡ ਦਿਓ ਮੋੜਾਂ 'ਤੇ, ਪੰਜਾਬ ਸਰਕਾਰ ਨੇ ਚਾੜ੍ਹ ਦਿੱਤੀ ਐ ਕੌਡੀ ਹੁਣ ਕਰੋੜਾਂ 'ਤੇ।

ਮੈਚਾਂ ਦੌਰਾਨ ਸ਼ੇਅਰੋ-ਸ਼ਾਇਰੀ ਦੀ ਹਨੇਰੀ ਆਈ ਰਹੀ। ਜੇ ਹਜ਼ਾਰਾਂ ਨਹੀਂ ਤਾਂ ਸੈਂਕੜਿਆਂ ਦੀ ਗਿਣਤੀ ਸੀ ਇਨ੍ਹਾਂ ਦੀ। ਜੇ ਕੋਈ ਕਸਰ ਬਾਕੀ ਸੀ ਤਾਂ ਉਹ ਖੇਡਾਂ ਦਾ ਤਰਾਨਾ ਬਣ ਚੁਕੇ 'ਚੱਕ ਦੇ ਇੰਡੀਆ' ਅਤੇ 'ਜੈ ਹੋ' ਵਰਗੇ ਪ੍ਰਸਿੱਧ ਗੀਤਾਂ ਦੇ ਗਾਇਕ ਸੁਖਵਿੰਦਰ ਨੇ ਬਾਬੂ ਸਿੰਘ ਮਾਨ ਦਾ ਲਿਖਿਆ ਕਬੱਡੀ ਬਾਰੇ ਵਿਸ਼ੇਸ਼ ਗੀਤ 'ਵੇਖਣ ਹੋ ਹੋ ਲੋਕੀ ਪੱਬਾਂ ਭਾਰ ਕਬੱਡੀ ਨੂੰ, ਜੁਗਾਂ ਜੁਗਾਂ ਤੋਂ ਕਰਨ ਪੰਜਾਬੀ ਪਿਆਰ ਕਬੱਡੀ ਨੂੰ' ਗਾ ਕੇ ਪੂਰੀ ਕਰ ਦਿੱਤੀ। ਭਾਵੇਂ ਸ਼ਿਅਰ ਤੇ ਟੂਕਾਂ-ਟੋਟਕੇ ਨਾ ਤਾਂ ਸਾਨੂੰ ਯਾਦ ਹੀ ਹਨ ਤੇ ਨਾ ਹੀ ਲਿਖਣ ਜੋਗਾ ਥਾਂ ਹੀ ਹੈ, ਫਿਰ ਵੀ ਵੰਨਗੀ ਵਜੋਂ ਕੁਝ ਨਮੂਨੇ ਪੇਸ਼ ਹਨ:

ਯਾਰੋ ਫੜਨੇ ਸੌਖੇ ਨਹੀਂ ਸ਼ੇਰ ਦਾ ਨੱਕ, ਮਿਰਗ ਦੀ ਲੱਤ, ਰੇਡਰ ਦਾ ਲੱਕ, ਉਡਣੇ ਸੱਪ, ਕਬੂਤਰ ਚੀਨੇ। ਬਾਂਹ ਫੜ ਕੇ ਕਦੇ ਨਹੀਂ ਛੱਡੀ, ਦੋ ਸ਼ੌਕ ਮਿੱਤਰਾਂ ਦੇ, ਪਾਉਣਾ ਭੰਗੜਾ ਤੇ ਖੇਡਣੀ ਕਬੱਡੀ ਦੋ ਸ਼ੌਕ ਮਿੱਤਰਾਂ ਦੇ। ਜੋਸ਼, ਜਾਨ ਤੇ ਫੁਰਤੀ ਨੇ ਦਾਅ ਪੇਚ ਕਬੱਡੀ ਦੇ। ਧੌਲ ਧੱਫੇ ਤੇ ਪੈਣ ਜੱਫੇ, ਕਈਆਂ ਗੁੱਟ ਫੜ ਕੈਂਚੀਆਂ ਮਾਰੀਆਂ ਨੇ। ਕੌਡੀ ਪਾਉਂਦਾ, ਨੰਬਰ ਲਿਆਉਂਦਾ, ਹੱਥ ਨਾ ਆਉਂਦਾ। ਬਹਿ ਕੇ ਵੇਖੋ ਬਾਬਿਓ ਗੱਭਰੂ ਰੇਡਾਂ ਪਾਉਂਦੇ ਨੇ, ਗੱਭਰੂ ਜੱਫੇ ਲਾਉਂਦੇ ਨੇ। ਜੇ ਹਿੱਕ ਵਿਚ ਬਲ ਹੋਵੇ, ਦੁਨੀਆਂ ਤਾਂ ਪੁੱਛਦੀ ਸਿਰਨਾਵਾਂ। ਗੁੰਦਵੇਂ ਸਰੀਰਾਂ ਵਾਲੇ ਪਾਉਂਦੇ ਨੇ ਕਬੱਡੀਆਂ, ਡੌਲਿਆਂ 'ਤੇ ਟੈਟੂ ਖੁਣੇ, ਟੌਹਰਾਂ ਰੱਜ ਕੱਢੀਆਂ। ਝਾਕਾ ਹੋਰ ਨੂੰ ਤੇ ਹੱਥ ਲਾਵੇਂ ਹੋਰ ਨੂੰ ਬੱਲੇ ਓਏ ਚਾਲਕ ਸੱਜਣਾ। ਪੱਟਾਂ ਵਿਚ ਜਾਨ ਹੋਵੇ, ਡੌਲਿਆਂ 'ਤੇ ਮਾਣ ਹੋਵੇ, ਚੂੰਢੀ ਜਾਵੇ ਨਾ ਸਰੀਰ ਉਤੇ

(ਬਾਕੀ ਅਗਲੇ ਸਫੇ 'ਤੇ)

# ਡਾ. ਹਰਬੰਸ ਸਿੰਘ: ਨਹੀਂਓਂ ਲੱਭਣੇ ਲਾਲ ਗੁਆਚੇ...

ਡਾ. ਹਰਬੰਸ ਸਿੰਘ ਸੰਸਾਰ ਦੀ ਭੀੜ ਵਿਚ ਸਭ ਤੋਂ ਅਨੋਖਾ, ਨਿਆਰਾ, ਪਿਆਰਾ ਤੇ ਹੁਸੀਨ ਵਿਅਕਤੀ ਸੀ। ਜਿੱਥੇ ਬਹਿੰਦਾ, ਖੜ੍ਹਦਾ ਜਾਂ ਬੋਲਦਾ, ਰੌਣਕਾਂ ਦੀਆਂ ਝੜੀਆਂ ਲੱਗ ਜਾਂਦੀਆਂ। ਉਸ ਦੀਆਂ ਤੋਰਾਂ ਤੇ ਤੱਕਾਂ ਵਿਚ, ਸੂਰਤ ਤੇ ਸੀਰਤ ਵਿਚ ਮਿਕਨਾਤੀਸੀ ਖਿੱਚ ਸੀ। ਉਹ ਬਹੁਤ ਰਲੌਟਾ, ਮਿਲਾਪੜਾ, ਸੁਚੇਤ ਤੇ ਸਹਿਯੋਗੀ ਭਾਵਨਾ ਦਾ ਭਰ ਵਗਦਾ ਦਰਿਆ ਸੀ। ਤੁਰੇ ਜਾਂਦਿਆਂ ਨੂੰ ਮੋਹ ਲੈਂਦਾ ਸੀ। ਉਹ ਬਹੁਪੱਖੀ ਵਿੱਦਿਆ ਤੇ ਕਈ ਹੁਨਰਾਂ ਦਾ ਮਾਹਰ, ਉੱਦਮੀ, ਉਤਸ਼ਾਹੀ ਤੇ ਮਿਹਨਤੀ ਰੁਚੀਆਂ ਦਾ ਮਾਲਕ ਸੀ। ਉਹਦੇ ਬੋਲਾਂ ਵਿਚ ਹਾਸੇ ਛਣਕਦੇ; ਸਮਾਜਿਕ, ਵਿਗਿਆਨਕ ਤੇ ਯਥਾਰਥੀ ਲੋਕਧਾਰਾ ਦੀ ਮਹਿਕ ਹੁੰਦੀ। ਚੋਟੀ ਦੇ ਲੇਖਕਾਂ, ਵਿਗਿਆਨੀਆਂ ਤੇ ਬੁੱਧੀਜੀਵੀਆਂ ਦੀ ਮਹਿਫਿਲਾਂ ਵਿਚ ਆਪਣੀ ਸੁਲਝੀ ਤੇ ਸ੍ਰੇਸ਼ਟ ਵਿਚਾਰਧਾਰਾ ਨਾਲ ਉਹ ਬੋਹੜ ਵਾਂਗ ਛਾ ਜਾਂਦਾ।



ਡਾ. ਹਰਬੰਸ ਸਿੰਘ ਦੀ ਬੋਲ ਬਾਣੀ ਤੇ ਵਰਤਣ ਵਿਹਾਰ ਵਿਚ ਮੋਹ ਲੈਣ ਵਾਲਾ ਅਜਿਹਾ ਕੌਤਕੀ ਤੇ ਚੁੰਬਕੀ ਗੁਣ ਸੀ ਕਿ ਉਹ ਪਹਿਲੀ ਮਿਲਣੀ ਵਿਚ ਤੇ ਪਹਿਲੀ ਨਜ਼ਰੇ ਆਪਣੇ ਪਿਆਰ ਦੀਆਂ ਪੁਸ਼ਪ ਕੜੀਆਂ ਨਾਲ ਜਕੜ ਲੈਂਦਾ ਤੇ ਵਿਅਕਤੀ ਦੀ ਹਿਰਦੇ ਦੇ ਸੁਹਜ ਵਿਹੜੇ ਵਿਚ ਆਪਣੇ ਸਤਿਕਾਰ ਦੀ ਪੀੜ੍ਹੀ ਡਾਹ ਕੇ ਬਹਿ ਜਾਂਦਾ। ਇਸੇ ਕਾਰਨ ਉਸ ਦੀ ਮਿੱਤਰਤਾ ਦੀ ਲੜੀ ਰੀਝਾਂ ਨਾਲ ਸਿੰਗਾਰੀ, ਮਨਮੋਹਕ ਤੇ ਵਿਸ਼ਾਲ ਹੁੰਦੀ ਗਈ।

**ਪੂਰਨ ਸਿੰਘ ਪਾਂਧੀ**
**ਫੋਨ: 905-789-6670**

ਮੋਗਾ ਸ਼ਹਿਰ ਵਿਚ ਭਾਵੇਂ ਬਹੁਤ ਸਾਰੇ ਘਰਾਂ ਤੇ ਦੁਕਾਨਦਾਰਾਂ ਨਾਲ ਉਸ ਦੀ ਰੂਹਾਨੀ ਸਾਂਝ ਸੀ, ਪਰ ਅਜੋਕੀ 'ਫੌਜੀ ਮਾਰਕੀਟ' ਦੇ ਮਾਲਕ ਮੁਹਕਮ ਸਿੰਘ ਹੀਰਾ ਬਰਾੜ ਉਸ ਦਾ ਜਿਗਰੀ ਯਾਰ ਸੀ। ਭਾਰਤ ਭਰ ਵਿਚ ਅਰਬਾਂ-ਖਰਬਾਂ ਦੀ ਸੰਪਤੀ ਦੇ ਮਾਲਕ, ਬਾਘਾਪੁਰਾਣਾ ਦੇ ਮਹਾਨ ਸੰਤ ਗੁਰਮੇਲ ਸਿੰਘ ਨਾਲ ਉਸ ਦੀਆਂ ਬੇਹੱਦ ਰੁਮਾਂਚਿਕ ਤੇ ਅੰਦਰੂਨੀ ਸਾਂਝਾਂ ਸਨ। ਪੰਜਾਬੀ ਦੇ ਮਹਾਨ ਚਿੰਤਕ ਤੇ ਨਾਵਲਿਸਟ ਗੁਰਦਿਆਲ ਸਿੰਘ ਉਸ ਦੇ ਪਰਮ ਮਿੱਤਰਾਂ ਵਿਚੋਂ ਇੱਕ ਸਨ।

ਸਭ ਤੋਂ ਵੱਧ ਉਸ ਦੇ ਪਿਆਰੇ ਮਿੱਤਰਾਂ ਵਿਚੋਂ ਸਨ-ਮੋਗੇ ਤੋਂ ਗੁਰਦਰਸ਼ਨ ਸਿੰਘ ਤੇ ਜਿਲਾ ਜਲੰਧਰ ਤੋਂ ਗੁਰਬਚਨ ਸਿੰਘ ਨਿੱਝਰ। ਗੁਰਦਰਸ਼ਨ ਸਿੰਘ ਬਾਰਡਰ ਸਿਕਿਉਰਿਟੀ ਫੋਰਸ ਵਿਚ ਐਸ. ਐਸ. ਪੀ. ਰੈਂਕ ਉੱਤੇ ਗੰਗਾਨਗਰ ਤਾਇਨਾਤ ਸੀ ਅਤੇ ਗੁਰਬਚਨ ਸਿੰਘ ਕੋਟਕਪੂਰੇ ਰੇਲਵੇ ਵਿਚ ਸਟੇਸ਼ਨ ਮਾਸਟਰ। ਇਹ ਤਿੱਕੜੀ ਕਦੇ ਐਸ. ਐਸ. ਪੀ. ਗੁਰਦਰਸ਼ਨ ਸਿੰਘ ਕੋਲ ਗੰਗਾਨਗਰ, ਕਦੇ ਜਿਲਾ ਜਲੰਧਰ ਦੇ ਪਿੰਡ 'ਨਿੱਝਰ', ਕਦੇ ਮੋਗੇ ਗੁਰਦਰਸ਼ਨ ਸਿੰਘ ਦੇ ਘਰ ਤੇ ਜਾਂ ਕਦੇ ਡਾ. ਹਰਬੰਸ ਸਿੰਘ ਕੋਲ ਕੋਟਕਪੂਰੇ ਖਿੜੀ ਹੁੰਦੀ। ਤਿੰਨੋਂ ਇੱਕੋ ਜਿਹੇ ਉੱਚੇ ਕੱਦਾਂ ਵਾਲੇ, ਸੁਹਣੀਆਂ ਸੂਰਤਾਂ ਵਾਲੇ, ਆਪੋ ਆਪਣੇ ਕਿੱਤੇ ਦੇ ਸਿਕੰਦਰ ਤੇ ਮਨੁੱਖਤਾ ਦੇ ਹੁਸੀਨ ਨਾਇਕ ਸਨ। ਇਹ ਤਿੱਕੜੀ ਜਿੱਥੋਂ ਦੀ ਲੰਘ ਜਾਂਦੀ, ਉੱਥੋਂ ਦੀਆਂ ਗਲੀਆਂ ਦੇ ਕੱਖ ਵੀ ਸਿਰ ਚੁੱਕ ਚੁੱਕ ਵੇਂਹਦੇ ਸਨ।

ਪੰਜਾਬ ਦਾ ਪ੍ਰਸਿੱਧ ਕਾਂਗਰਸੀ ਲੀਡਰ ਅਵਤਾਰ ਸਿੰਘ ਬਰਾੜ ਗਿਆਨੀ ਜ਼ੈਲ ਸਿੰਘ ਦੀ ਹਿੱਕ ਦਾ ਵਾਲ ਸੀ। ਉਹ ਜਿਲਾ ਫਰੀਦਕੋਟ ਕਾਂਗਰਸ ਦਾ ਪ੍ਰਧਾਨ ਅਤੇ ਬੇਅੰਤ ਸਿੰਘ ਦੀ ਵਜਾਰਤ ਵਿਚ ਸਿਖਿਆ ਮੰਤਰੀ ਰਿਹਾ, ਹਰਬੰਸ ਸਿੰਘ ਦਾ ਜਿਗਰੀ ਯਾਰ ਸੀ। ਦੋਵੇਂ ਮਿੱਤਰ ਸ਼ਿਸ਼ਟਾਚਾਰੀ ਬਹੁਵਚਨੀ ਬੋਲ ਬਾਣੀ ਦਾ ਦਿਖਾਵਾ ਨਹੀਂ ਸਨ ਕਰਦੇ; 'ਤੂੰ ਤੇਰਾ' ਵਰਗੀ ਬੋਲ ਬਾਣੀ ਦੀ ਸਾਂਝ ਸੀ। ਜ਼ਿਕਰਯੋਗ ਗੱਲ ਇਹ ਹੈ ਕਿ ਉਨ੍ਹਾਂ ਦਿਨਾਂ ਵਿਚ ਮੈਂ ਅਧਿਆਪਕ ਸੀ ਤੇ ਆਪਣੇ ਮਨ ਚਾਹੇ ਸਕੂਲ ਵਿਚ ਆਪਣੀ ਬਦਲੀ ਕਰਾਉਣ ਲਈ ਉਤਾਵਲਾ ਸੀ, ਪਰ ਇਹ ਬਦਲੀਆਂ ਦੇ ਦਿਨ ਨਹੀਂ ਸਨ। ਨਵੰਬਰ ਦਾ ਮਹੀਨਾ ਸੀ, ਬਦਲੀਆਂ ਬੰਦ ਸਨ। ਜਿਲਾ ਸਿੱਖਿਆ ਅਫਸਰ ਫਰੀਦਕੋਟ ਤੋਂ ਲੈ ਕੇ ਸੀ. ਓ. ਨਾਭਾ ਤੱਕ ਕੇਸ ਮੁਕੰਮਲ ਕਰਨ ਦੇ ਸੌ ਝੰਜਟ ਸਨ। ਹਰਬੰਸ ਸਿੰਘ ਨੇ ਆਪਣੇ ਯਾਰ ਅਵਤਾਰ ਬਰਾੜ ਦੇ, ਆਪਣੇ ਪਿਆਰੇ ਬੋਲਾਂ ਨਾਲ ਅਜਿਹੀ ਪਾਣ ਚਾੜ੍ਹੀ ਕਿ ਬਰਾੜ ਸਿਰ ਤੋੜ ਯਤਨਾਂ ਵਿਚ ਅਜਿਹਾ ਖੁੱਭਿਆ ਕਿ ਉਸ ਨੇ ਅਸੰਭਵ ਨੂੰ ਸੰਭਵ ਤੇ ਅਨਹੋਣੀ ਨੂੰ ਹੋਣੀ ਵਿਚ ਬਦਲਨ ਦਾ ਕ੍ਰਿਸ਼ਮਾ ਕਰ ਦਿਖਾਇਆ। ਦਫਤਰੀ ਬਾਬੂਆਂ ਦੇ ਲਾਰਾ ਲਾਊ ਮਹੀਨਿਆਂ ਦਾ ਕੰਮ ਸਿਰਫ ਦੋ ਦਿਨਾਂ ਵਿਚ ਸਿਰੇ ਚਾੜ੍ਹ ਦਿੱਤਾ। ਸਵੇਰੇ ਗਿਆ, ਦੂਜੇ ਦਿਨ ਮੇਰੀ ਬਦਲੀ ਦੇ ਆਰਡਰ ਮੈਨੂੰ ਫੜਾ ਦਿੱਤੇ। ਮੈਂ ਧੰਨ ਧੰਨ ਹੋ ਗਿਆ!

ਡਾ. ਹਰਬੰਸ ਸਿੰਘ ਦਾ ਜਨਮ ਪਿਤਾ ਰਾਮ ਸਿੰਘ ਤੇ ਮਾਤਾ ਜੈ ਕੌਰ ਦੇ ਘਰ 4 ਅਪਰੈਲ 1938 ਨੂੰ ਜਿਲਾ ਮੋਗਾ ਦੇ ਪਿੰਡ ਇੰਦਰਗੜ੍ਹ ਵਿਚ ਹੋਇਆ। ਇਹ ਆਪਣੀਆਂ ਪੰਜ ਭੈਣਾਂ ਦਾ ਇਕਲੌਤਾ ਭਰਾ ਸੀ। ਧਰਮਕੋਟ ਵਾਸੀ ਪਿਤਾ ਹਰੀ ਸਿੰਘ ਮਾਤਾ ਸ਼ਾਮ ਕੌਰ ਦੀ ਪੁੱਤਰੀ ਜਸਵੀਰ ਕੌਰ ਨਾਲ ਇਸ ਦੀ ਸ਼ਾਦੀ ਹੋਈ। ਇਨ੍ਹਾਂ ਦੇ ਘਰ ਤਿੰਨ ਪਿਆਰੀਆਂ ਪੁੱਤਰੀਆਂ ਅਤੇ ਇੱਕ ਪੁੱਤਰ ਨੇ ਜਨਮ ਲਿਆ: ਮਨਦੀਪ ਕੌਰ (ਐਡਮਿੰਟਨ, ਕੈਨੇਡਾ), ਪਰਮਜੀਤ ਕੌਰ (ਚੰਡੀਗੜ੍ਹ), ਰਾਜਿੰਦਰ ਕੌਰ (ਬਰਨਾਲਾ) ਅਤੇ ਗੁਰਮੇਲ ਸਿੰਘ। ਹਰਬੰਸ ਸਿੰਘ ਦੀ ਸੁਘੜ ਸੁਜਾਨ ਇਕਲੌਤੀ ਨੂੰਹ-ਪੁੱਤਰੀ ਬਲਜੀਤ ਕੌਰ, ਇੱਕ ਪੋਤਰਾ ਅਭੀਜੀਤ ਸਿੰਘ ਤੇ ਪੋਤਰੀ ਸਿਮਰਨ ਕੌਰ ਹਨ।

ਦੁਨਿਆਵੀ ਸਕੀਰੀ ਪੱਖੋਂ ਹਰਬੰਸ ਸਿੰਘ ਮੇਰਾ ਸਾਂਢੂ ਸੀ, ਪਰ ਉਹ ਮੇਰਾ ਹੋਰ ਵੀ ਬਹੁਤ ਕੁਝ ਸੀ। ਜ਼ਿੰਦਗੀ ਦੀਆਂ ਆਪਣੀਆਂ ਉਲਝੀਆਂ ਲਿਟਾਂ ਨੂੰ ਉਸ ਨੇ ਆਪਣੇ ਹੱਥੀਂ ਵਾਹਿਆ, ਸੁਆਰਿਆ ਤੇ ਆਪਣਾ ਸਿਰ ਆਪ ਗੁੰਦਿਆ ਹੈ। ਉਸ ਦੀ ਜ਼ਿੰਦਗੀ ਦੇ ਵਿਸਥਾਰ ਨੂੰ ਦੇਖਦਿਆਂ ਲਗਦਾ ਹੈ, ਜਿਵੇਂ ਧਰਤੀ ਦਾ ਇਹ ਟੋਟਾ ਉਸ ਲਈ ਛੋਟਾ ਹੋਵੇ ਤੇ ਉਸ ਦੀਆਂ ਸੋਚਾਂ ਦੀ ਉਡਾਰੀ ਬਹੁਤ ਵੱਡੀ ਤੇ ਵਿਸ਼ਾਲ ਹੋਵੇ। ਉਸ ਦੇ ਪੈਰ ਚੱਕਰ ਹੀ ਅਜਿਹਾ ਸੀ, ਉਹ ਇੱਕ ਥਾਂ ਟਿਕ ਕੇ ਬਹਿਣ ਵਾਲਾ ਨਹੀਂ ਸੀ; ਨਾ ਹੀ ਉਹ ਕਿਸੇ ਕਾਰੋਬਾਰ ਦੇ ਇੱਕੋ ਕਿੱਲੇ ਨਾਲ ਬੱਝੇ ਰਹਿਣ ਵਾਲਾ ਸੀ। ਭਗਤ ਕਬੀਰ ਵਾਂਗ 'ਐਸੇ ਘਰ ਹਮ ਬਹੁਤ ਬਸਾਏ। ਜਬ ਹਮ ਰਾਮ ਗਰਭ ਮਹਿ ਆਏ' ਵਾਂਗ ਉਸ ਨੇ ਵਾਰ ਵਾਰ ਆਪਣੇ ਟਿਕਾਣੇ ਤੇ ਆਪਣੇ ਕਾਰੋਬਾਰ ਬਦਲੇ।

ਉਹ ਪੀਰਾਂ, ਫਕੀਰਾਂ ਤੇ ਦਰਵੇਸ਼ਾਂ ਵਾਂਗ ਕੱਖਾਂ ਕਾਨਿਆਂ ਦੀ ਕੁੱਲੀ ਵਿਚ ਵੀ ਬਾਦਸ਼ਾਹਾਂ ਵਾਂਗ ਰਹਿ ਸਕਦਾ ਸੀ। ਗੰਢੇ ਤੇ ਅਚਾਰ ਨਾਲ ਰੁੱਖੀ ਮਿੱਸੀ ਖਾ ਕੇ ਵੀ ਛੱਤੀ ਪ੍ਰਕਾਰ ਦੇ ਭੋਜਨਾਂ ਦਾ ਅਨੰਦ ਲੈ ਸਕਦਾ ਸੀ। ਕਿਸੇ ਦੇ ਉੱਚੇ ਮਹਿਲ, ਮਹਿੰਗੀਆਂ ਕਾਰਾਂ ਤੇ ਬਹੁ-ਭਾਂਤੇ ਪਦਾਰਥਾਂ ਨਾਲ ਉਸ ਨੂੰ ਭੋਰਾ ਵੀ ਮਲਾਲ ਨਹੀਂ ਸੀ। ਹੀਣ ਭਾਵਨਾ ਤਾਂ ਉਸ ਦੇ ਨੇੜੇ ਤੇੜੇ ਨਹੀਂ ਸੀ, ਪਰ ਉਹ ਕਿਸੇ ਦੇ ਕੰਮ ਆਉਣ ਤੇ ਵਿਗੜੀ ਸੁਆਰਨ ਲਈ ਜ਼ਿੰਦਗੀ ਦੇ ਵੱਡੇ ਤੋਂ ਵੱਡੇ ਖਤਰੇ ਸਹੇੜ ਸਕਦਾ ਸੀ। ਕਿਸੇ ਦੀ ਚੰਗਿਆਈ ਜਾਂ ਕੋਈ ਹੁਨਰ ਦੇਖ ਕੇ ਚੁੱਪ ਰਹਿਣ ਜਾਂ ਦੜ ਵੱਟਣ ਦਾ ਆਦੀ ਨਹੀਂ ਸੀ; ਸਗੋਂ ਵਡਿਆਈ ਤੇ ਪ੍ਰਸ਼ੰਸਾ ਦਾ ਕੋਈ ਸੁਭਾਗ ਜਾਣ ਨਹੀਂ ਸੀ ਦਿੰਦਾ। ਉਹ ਆਪਣੇ ਪ੍ਰਸ਼ੰਸਕ ਬੋਲਾਂ ਰਾਹੀਂ ਨਿਹਾਲ ਕਰ ਦਿੰਦਾ ਸੀ। ਅਜਿਹੀ ਸੁੱਚੀ ਤੇ ਪਵਿੱਤਰ ਭਾਵਨਾ ਸੀ ਉਸ ਦੀ।

ਡਾ. ਹਰਬੰਸ ਸਿੰਘ ਨੇ ਆਪਣੀ ਸੁਖੀ ਤੇ ਖੁਸ਼ਹਾਲ ਜ਼ਿੰਦਗੀ ਲਈ ਜੋ ਘੋਰ ਸੰਘਰਸ਼ ਤੇ ਤਪੱਸਿਆ ਕੀਤੀ, ਉਸ ਦਾ ਵਿਸਥਾਰ ਬੇਅੰਤ ਜੋਖਮ, ਔਕੜਾਂ ਤੇ ਕਠਿਨਾਈਆਂ ਭਰਿਆ ਹੈ। ਉਹ ਜਿਸ ਵੀ ਕਿੱਤੇ ਵਿਚ ਪਿਆ, ਉਸ ਦੀ ਧੁਰ ਆਤਮਾ ਤੱਕ ਰਸਾਈ ਕੀਤੀ। ਜ਼ਿੰਦਗੀ ਦੇ ਅਰੰਭ ਵਿਚ ਮਸ਼ੀਨਰੀ ਦੇ ਕੰਮਾਂ ਵਿਚ ਲੰਮਾ ਸਮਾਂ ਪੂਰੀ ਲਗਨ ਨਾਲ ਕਠੋਰ ਮਿਹਨਤ ਤੇ ਕਮਾਈ ਕੀਤੀ।

ਜੀਵਨ ਵਿਚ ਕਈ ਵਾਰ ਕੁਝ ਅਜਿਹੀਆਂ ਅਣਸੁਖਾਵੀਆਂ, ਦੁੱਖ ਭਰੀਆਂ ਤੇ ਬੇਹੱਦ ਕੌੜੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ; ਜੋ ਸੋਚੀਆਂ



ਡਾ. ਹਰਬੰਸ ਸਿੰਘ

ਵਿਚਾਰੀਆਂ ਨਹੀਂ ਹੁੰਦੀਆਂ। ਜਿਨ੍ਹਾਂ ਕਰ ਕੇ ਬੰਦੇ ਦਾ ਦਿਲ ਟੁੱਟ ਜਾਂਦਾ ਹੈ, ਉਹ ਮਾਨਸਕ ਰੋਗ ਸਹੇੜ ਲੈਂਦਾ ਤੇ ਮੰਜਾ ਮੱਲ ਲੈਂਦਾ ਹੈ; ਪਰ ਡਾ. ਹਰਬੰਸ ਸਿੰਘ ਘੋਰ ਔਕੜਾਂ, ਸੰਕਟਾਂ ਤੇ ਮੁਸੀਬਤਾਂ ਵਿਚ ਵੀ ਦਿਲ ਛੱਡਣ ਤੇ ਹੌਸਲਾ ਹਾਰਨ ਵਾਲਾ ਨਹੀਂ ਸੀ। ਉਸ ਦੀ ਜ਼ਿੰਦਗੀ ਵਿਚ ਇੱਕ ਅਜਿਹਾ ਸਮਾਂ ਵੀ ਆਇਆ ਕਿ ਉਸ ਦੀਆਂ ਜਾਨ ਤੋਂ ਪਿਆਰੀਆਂ ਤਿੰਨੋਂ ਧੀਆਂ, ਵਾਰੀ ਵਾਰੀ ਵਿਧਵਾ ਹੋ ਗਈਆਂ। ਪਿੱਛੋਂ ਚੰਡੀਗੜ੍ਹ ਵਾਲੀ ਵਿਧਵਾ ਲੜਕੀ ਸੜਕ ਹਾਦਸੇ ਵਿਚ ਸੁਰਗਵਾਸ ਹੋ ਗਈ। ਅਜਿਹੇ ਸਮੇਂ ਉਸ ਦੇ ਦੁੱਖਾਂ ਦਾ ਕੋਈ ਪਾਰਾਵਾਰ ਨਹੀਂ ਸੀ। ਘਰ ਵਿਚ ਸੋਗੀ ਮਾਹੌਲ। ਉੱਤੋਂ ਉਸ ਦੇ ਸਰੀਰ ਨੂੰ ਪਤਾ ਨਹੀਂ ਕੀ ਰੋਗ ਲੱਗਾ, ਉਸ ਦਾ ਸਾਰਾ ਸਰੀਰ ਬੁਰੀ ਤਰ੍ਹਾਂ ਸੁੱਜ ਗਿਆ। ਬੇਚੈਨੀ ਤੇ ਭਟਕਣਾ ਵਿਚ ਨਾ ਪਿਆ ਜਾਵੇ, ਨਾ ਬੈਠਾ ਜਾਵੇ, ਨਾ ਖਾਧਾ-ਪੀਤਾ ਜਾਵੇ। ਬਚਣ ਦੀ ਉਮੀਦ ਵੀ ਜਾਂਦੀ ਰਹੀ; ਪਰ ਦੁੱਖਾਂ ਮਾਰੇ ਅਜਿਹੇ ਹਾਲਾਤ ਵਿਚ ਵੀ ਉਸ ਨੇ ਹੌਸਲਾ ਨਹੀਂ ਹਾਰਿਆ, ਦ੍ਰਿੜਤਾ ਤੇ ਦਲੇਰੀ ਦਾ ਪੱਲਾ ਨਹੀਂ ਛੱਡਿਆ। ਕੁਕਨੂਸ ਵਾਂਗ ਉਹ ਆਪਣੀ ਰਾਖ 'ਚੋਂ ਮੁੜ ਮੁੜ ਉੱਠਣ ਤੇ ਉੱਡਣ ਵਾਲਾ ਬਣਿਆ ਰਿਹਾ। ਉਸ ਨੇ ਜ਼ਿੰਦਗੀ ਦੀ ਮੁੜ ਉਸਾਰੀ ਕੀਤੀ, ਲੜਕੀਆਂ ਮੁੜ ਸੈੱਟ ਕੀਤੀਆਂ। ਪਹਿਲਾਂ ਵਾਂਗ ਪਰਿਵਾਰ ਖੁਸ਼ਹਾਲੀ ਦੇ ਪਰਾਂ 'ਤੇ ਮੁੜ ਉਡਾਰੀ ਮਾਰਨ ਲੱਗਾ।

ਸਭ ਤੋਂ ਪਹਿਲਾਂ ਉਸ ਨੇ ਧਰਮਕੋਟ ਨੇੜੇ ਜਿਲਾ ਮੋਗਾ ਦੇ ਆਪਣੇ ਜਨਮ ਨਗਰ ਇੰਦਰਗੜ੍ਹ ਦੇ ਕੱਚੇ ਘਰਾਂ ਤੇ ਤੰਗ ਗਲੀਆਂ ਵਿਚੋਂ ਉੱਠ ਕੇ ਧਰਮਕੋਟ ਜ਼ੀਰਾ ਰੋਡ 'ਤੇ ਆਪਣੇ ਘਰ ਦੀ ਉਸਾਰੀ ਕੀਤੀ। ਉੱਥੇ ਹੀ ਕਾਰਾਂ ਦੀ ਮੁਰੰਮਤ ਦਾ ਕਾਰੋਬਾਰ ਅਰੰਭਿਆ। ਛੇਤੀ ਹੀ ਇਹ ਭਾਗਸ਼ਾਲੀ ਟਿਕਾਣਾ ਰੌਣਕਾਂ ਦਾ ਕੇਂਦਰ ਬਣ ਗਿਆ, ਪਰ ਉਹ ਇੱਕ ਥਾਂ ਟਿਕ ਕੇ ਰਹਿਣ ਵਾਲਾ ਕਿੱਥੇ ਸੀ? ਇੱਥੇ ਵੀ ਬਹੁਤਾ ਚਿਰ ਨਾ ਟਿਕਿਆ। ਆਪਣਾ ਵਸੇਬਾ ਤੇ ਕਾਰੋਬਾਰ ਕੋਟਕਪੂਰੇ ਲੈ ਗਿਆ।

ਕੋਟਕਪੂਰੇ ਫਰੀਦਕੋਟ ਰੋਡ 'ਤੇ ਉਸ ਨੇ ਆਪਣੇ ਕਾਰੋਬਾਰ ਦਾ ਤੇ ਘਰ ਦਾ ਬਹੁਤ ਮਿਹਨਤ ਤੇ ਰੀਝਾਂ ਨਾਲ ਵਿਸਥਾਰ ਕੀਤਾ। ਬਹੁਤ ਤਹਿਜ਼ੀਬ ਵਾਲਾ ਘਰ ਤੇ ਆਦਰਸ਼ਕ ਸੁਪਨਿਆਂ ਦੀ ਵਿਸ਼ਾਲ ਵਰਕਸ਼ਾਪ ਦਾ ਨਿਰਮਾਣ ਕੀਤਾ। ਉਸ ਦਾ ਇਹ ਟਿਕਾਣਾ ਰੌਣਕਾਂ ਤੇ ਮਹਿਫਿਲਾਂ ਦਾ ਕੇਂਦਰ ਬਣ ਗਿਆ। ਪੂਰੇ ਕੋਟਕਪੂਰੇ ਵਿਚ ਇਸ ਦੀ ਚੜ੍ਹਾਈ ਦੀਆਂ ਗੱਲਾਂ ਹੁੰਦੀਆਂ। ਇੱਥੇ ਉਸ ਨੇ ਲੰਮਾ ਸਮਾਂ ਸਖਤ ਮਿਹਨਤ ਕੀਤੀ, ਕਮਾਈ ਕੀਤੀ, ਪ੍ਰਾਪਰਟੀ ਦਾ ਵੀ ਵਿਸਥਾਰ ਕੀਤਾ। ਫਿਰ ਪਹਿਲਾ ਘਰ ਵੇਚ ਕੇ ਗੋਬਿੰਦ ਨਗਰ ਵਿਚ ਨਵਾਂ ਤੇ ਵਿਸ਼ਾਲ ਘਰ ਬਣਾਇਆ।

ਫਿਰ ਡਾਕਟਰੀ ਵਿਗਿਆਨ ਵੱਲ ਰੁਚੀ ਹੋ ਗਈ। ਕਾਰਾਂ ਦਾ ਕੰਮ ਛੱਡ ਕੇ ਡਾਕਟਰੀ ਧੰਦੇ ਮਗਰ ਪੈ ਗਿਆ। ਆਯੁਰਵੈਦ ਦੀ ਥਿਊਰੀ ਤੇ ਐਕਿਊਪ੍ਰੈਸ਼ਰ ਦੀ ਖੋਜ ਵਿਚ ਆਪਣੇ ਜੀਵਨ ਦੀ ਸਾਰੀ ਸ਼ਕਤੀ ਝੋਕ ਦਿੱਤੀ, ਕਠੋਰ ਮਿਹਨਤ ਕੀਤੀ ਅਤੇ ਇਸ ਵਿਚ ਸਿਰੇ ਦਾ ਮਾਹਰ ਡਾਕਟਰ ਬਣਿਆ। ਕੋਟਕਪੂਰੇ, ਦਿੱਲੀ ਜਾਂ ਸਾਡੇ ਕੋਲ ਕੈਨੇਡਾ ਆਇਆ, ਹਰ ਥਾਂ ਉਸ ਦੇ ਚਾਹੁਣ ਵਾਲੇ ਮਰੀਜਾਂ ਦੀਆਂ ਲਾਈਨਾਂ ਲੱਗ ਜਾਂਦੀਆਂ, ਵਾਰੀ ਨਹੀਂ ਸੀ ਆਉਂਦੀ।

ਫਿਰ ਉਸ ਦੀਆਂ ਸੋਚਾਂ ਸਕੀਮਾਂ ਨੂੰ ਕੋਟਕਪੂਰਾ ਸ਼ਹਿਰ ਛੋਟਾ ਲੱਗਾ। ਸ਼ਾਸਤਰੀ ਨਗਰ ਦਿੱਲੀ ਉਸ ਦੇ ਸਬੰਧੀ ਜਾਗੀਰ ਸਿੰਘ ਦੀ ਲੜਕੀ ਬਲਵਿੰਦਰ ਕੌਰ ਰਹਿੰਦੀ ਸੀ। ਉਸ ਦੀ ਡਬਲ ਛੱਤੀ ਵਿਸ਼ਾਲ ਕੋਠੀ ਸੀ। ਕੋਟਕਪੂਰਾ ਛੱਡ ਕੇ ਉਸ ਨੇ ਬਲਵਿੰਦਰ ਕੌਰ ਕੋਲ ਦਿੱਲੀ ਜਾ ਡੇਰੇ ਲਾਏ। ਇੱਥੇ ਇਸ ਦੀ ਸ਼ਫਾ ਦੇ, ਇਸ ਦੇ ਹੁਨਰ ਤੇ ਡਾਕਟਰੀ ਵਿਗਿਆਨ ਦੇ ਦੂਰ ਦੂਰ ਤੱਕ ਡੰਕੇ ਵੱਜ ਗਏ।

ਭਾਈ ਕੀ ਸਮਾਧ ਵਾਲੇ ਨਾਨਕਸਰੀ ਬਾਬਾ ਜੀ ਗੁਰਦੇਵ ਜੀ ਦਾ ਪਹਾੜ ਗੰਜ ਬਹੁਤ ਵੱਡਾ ਠਾਠ ਸੀ। ਉਨ੍ਹਾਂ ਦੇ ਭਾਰਤ ਤੋਂ ਇਲਾਵਾ ਹੋਰ ਵੀ ਕਈ ਦੇਸ਼ਾਂ ਵਿਚ ਅਜਿਹੇ ਠਾਠ ਹਨ। ਹਰ ਥਾਂ ਸ਼ਰਧਾਲੂਆਂ ਦੀ ਭੀੜ ਜੁੜਦੀ ਸੀ। ਡਾ. ਹਰਬੰਸ ਸਿੰਘ ਦੀ ਮਸ਼ਹੂਰੀ ਦੀ ਮਹਿਕ ਬਾਬਾ ਜੀ ਦੇ ਦਰਬਾਰ ਤੱਕ ਪਹੁੰਚੀ। ਉਨ੍ਹਾਂ ਨੂੰ ਅਜਿਹੇ ਗੁਣੀ ਦੀ ਲੋੜ ਸੀ। ਉਨ੍ਹਾਂ ਇਸ ਨੂੰ ਆਪਣੇ ਨਾਲ ਜੋੜਨ ਦੇ ਯਤਨ ਕੀਤੇ। ਉਨ੍ਹਾਂ ਦੀ ਇੱਛਾ ਸੀ ਕਿ ਡਾ. ਹਰਬੰਸ ਸਿੰਘ ਦੇਸ਼-ਵਿਦੇਸ਼ਾਂ ਵਿਚ ਉਨ੍ਹਾਂ ਦੇ ਨਾਲ ਰਹੇ। ਇਸ ਨਾਲ ਬਾਬਾ ਜੀ ਦੀ ਮਹਿਮਾ ਦਾ ਹੋਰ ਵਿਸਥਾਰ ਹੁੰਦਾ ਸੀ। ਜਿੱਥੇ ਮਾਨਸਿਕ ਅਰੋਗਤਾ ਲਈ ਬਾਬਾ ਜੀ ਪ੍ਰਵਚਨ ਕਰਦੇ ਸਨ, ਉੱਥੇ ਤਨ ਦੀ ਅਰੋਗਤਾ ਲਈ ਡਾ. ਹਰਬੰਸ ਸਿੰਘ ਦੀ ਡਾਕਟਰੀ ਸੇਵਾ ਵੱਡੇ ਅਰਥ ਰਖਦੀ ਸੀ। ਨਾਲੇ ਠਾਠ ਵਿਚ ਬਹੁਭਾਂਤੀ ਬੇਅੰਤ ਸੁਖ ਸਹੂਲਤਾਂ ਦੇ ਨਾਲ ਮਾਇਆ ਦੇ ਵੀ ਬੇਅੰਤ ਖੁੱਲ੍ਹੇ ਗੱਫੇ ਸਨ। ਦੇਸ਼-ਵਿਦੇਸ਼ ਦੀ ਮੁਫਤ ਦੀ ਸੈਰ। ਆਮ ਸੋਚ ਵਾਲੇ ਵਿਅਕਤੀ ਲਈ ਅਜਿਹਾ ਮੌਕਾ ਕਰਮਾਂ ਨਾਲ ਮਿਲਦਾ ਹੈ, ਪਰ ਹਰਬੰਸ ਸਿੰਘ ਦੀ ਗੱਲ ਹੋਰ ਹੈ। ਜੇ ਕਿਸੇ ਵਿਅਕਤੀ ਜਾਂ ਸੰਸਥਾ ਨਾਲ ਡਾ. ਹਰਬੰਸ ਸਿੰਘ ਦੀ ਵਿਚਾਰਧਾਰਾ ਮੇਲ ਨਹੀਂ ਸੀ ਖਾਂਦੀ, ਉਹ ਉਸ ਨਾਲ ਮੇਲ ਮਿਲਾਪ ਤਾਂ ਕੀ, ਉਸ ਨਾਲ ਅੱਖ ਤੱਕ ਨਹੀਂ ਸੀ ਮਿਲਾਉਂਦਾ। ਬਾਬਾਵਾਦ ਦਾ ਜਲੌਅ ਉਸ ਨੂੰ ਉੱਕਾ ਪਸੰਦ ਨਹੀਂ ਸੀ। ਇਸ ਲਈ ਉਸ ਨੇ ਬਾਬਾ ਜੀ ਦੇ ਠਾਠ ਤੋਂ ਕਿਨਾਰਾ ਕਰ ਲਿਆ।

ਸ਼ਾਸਤਰੀ ਨਗਰ ਰਹਿੰਦਿਆਂ ਬਲਵਿੰਦਰ ਕੌਰ ਦੇ ਘਰ ਬਹੁਤ ਸਾਰੇ ਇਸ ਦੇ ਮਰੀਜਾਂ ਵਿਚੋਂ ਇਸ ਦੇ ਸੰਪਰਕ ਵਿਚ ਇੱਕ ਨਿਰਾਸ, ਉਦਾਸ ਤੇ ਦੁਖਿਆਰੀ ਅਪਾਹਜ ਲੜਕੀ ਆਈ, ਨਿਰਵੈਰ ਕੌਰ। ਨਿਰੀ ਤਰਸ ਦੀ ਪਾਤਰ। ਉਸ ਦੀ ਜ਼ਿੰਦਗੀ ਦਾ ਕੋਈ ਸਹਾਰਾ ਨਹੀਂ ਸੀ-ਨਾ ਮਾਪੇ, ਨਾ ਕੋਈ ਹੋਰ ਸੰਗੀ ਸਾਥੀ। ਉਸ ਦੇ ਸਰੀਰ ਦਾ ਲੱਕੋਂ ਹੇਠਲਾ ਹਿੱਸਾ ਅਸਲੋਂ ਨਕਾਰਾ ਸੀ। ਤੁਰ ਫਿਰ ਨਹੀਂ ਸੀ ਸਕਦੀ। ਦਿੱਲੀ ਟੈਗੋਰ ਗਾਰਡਨ ਕੋਲ ਉਹ ਆਪਣੇ ਉਦਾਸ ਘਰ ਇਕੱਲੀ ਲਾਚਾਰ ਜ਼ਿੰਦਗੀ ਨੂੰ ਧੱਕਾ ਦੇ ਰਹੀ ਸੀ। ਡਾ. ਹਰਬੰਸ ਸਿੰਘ ਦੇ ਇਲਾਜ ਨਾਲ ਨਿਰਵੈਰ ਦੀਆਂ ਲੱਤਾਂ ਭਾਵੇਂ ਤੁਰਨ ਜੋਗੀਆਂ ਨਾ ਹੋ ਸਕੀਆਂ, ਪਰ ਸਰੀਰ ਦੇ ਬਾਕੀ ਰੋਗ ਦੂਰ ਹੋ ਗਏ ਅਤੇ ਉਹ ਧੁਰ ਅੰਦਰੋਂ ਇਸ ਦੀ ਪੱਕੀ ਮੁਰੀਦ ਬਣ ਗਈ।

ਬਹੁਤ ਤਰਲਿਆਂ ਨਾਲ ਡਾ. ਹਰਬੰਸ ਸਿੰਘ

**ਸ਼ਰਧਾਂਜਲੀ**

ਨੂੰ ਉਹ ਆਪਣੇ ਘਰ ਲਿਜਾਣ ਵਿਚ ਸਫਲ ਹੋ ਗਈ। ਉਸ ਨੂੰ ਡਾ. ਹਰਬੰਸ ਸਿੰਘ ਤੇ ਉਸ ਦੀ ਪਤਨੀ ਜਸਵੀਰ ਕੌਰ ਵਰਗੇ ਮਮਤਾ ਭਰਪੂਰ ਰਹਿਮ ਦਿਲਾਂ ਅਤੇ ਸਕਿਆਂ ਨਾਲੋਂ ਵੱਧ ਮਾਂ-ਪਿਓ ਵਰਗਾ ਆਸਰਾ ਮਸਾਂ ਮਿਲਿਆ ਸੀ। ਨਿਰਵੈਰ ਦੇ ਅਸਲੋਂ ਉਦਾਸ ਘਰ ਵਿਚ ਹਰਬੰਸ ਸਿੰਘ ਦੇ ਡਾਕਟਰੀ ਕਿੱਤੇ ਦੀਆਂ ਤੇ ਮਰੀਜਾਂ ਦੀਆਂ ਭੀੜਾਂ ਜੁੜਨ ਲੱਗ ਗਈਆਂ, ਰੌਣਕਾਂ ਨਾਲ ਘਰ ਭਰਿਆ ਰਹਿੰਦਾ। ਉਸ ਦੀ ਨਿਰਾਸ, ਉਦਾਸ ਜ਼ਿੰਦਗੀ ਵਿਚ ਚਾਅ ਤੇ ਉਤਸ਼ਾਹ ਦਾ ਹੁਲਾਰਾ ਆ ਗਿਆ। ਖੁਸ਼ੀਆਂ ਅਤੇ ਖੇੜਿਆਂ ਦੇ ਮਹਿਕਦੇ ਫੁੱਲ ਖਿੜ ਗਏ। ਉਸ ਨੂੰ ਜਿਉਣਾ ਚੰਗਾ ਚੰਗਾ ਲੱਗਣ ਲੱਗ ਪਿਆ।

ਉਧਰ ਜਿਵੇਂ ਪਾਕਿਸਤਾਨ ਬਣਨ ਸਮੇਂ ਭਗਤ ਪੂਰਨ ਸਿੰਘ ਇੱਕ ਅਪਾਹਜ ਬੱਚੇ ਪਿਆਰਾ ਸਿੰਘ ਨੂੰ ਨਨਕਾਣਾ ਸਾਹਿਬ ਤੋਂ ਆਪਣੇ ਕੰਧੇੜੇ ਉੱਤੇ ਚੁੱਕ ਕੇ ਅੰਮ੍ਰਿਤਸਰ ਲਿਆਇਆ ਤੇ ਸਾਰੀ ਉਮਰ ਆਪਣੇ ਪਿੰਗਲਵਾੜੇ ਵਿਚ ਉਸ ਦੀ ਸੇਵਾ ਕੀਤੀ, ਠੀਕ ਉਸੇ ਤਰ੍ਹਾਂ ਡਾ. ਹਰਬੰਸ ਸਿੰਘ ਆਪਣੀ ਨਿਰਵੈਰ ਨੂੰ ਮਮਤਾ ਭਰੇ ਬਾਬਲ ਵਾਂਗ ਆਪਣੇ ਕੰਧਾੜੇ ਚੁੱਕ ਕੇ ਲਈ ਫਿਰਦਾ ਰਿਹਾ। ਉਸ ਦੀ ਹਰ ਇੱਛਾ ਜਾਂ ਖਾਹਿਸ਼ ਪੂਰੀ ਕਰਨ ਦਾ ਉਸ ਦਾ ਮਿਸ਼ਨ ਬਣ ਗਿਆ। ਉੱਧਰ ਨਿਰਵੈਰ ਨੇ ਦਿੱਲੀ ਵਾਲੀ ਆਪਣੇ ਰਿਹਾਇਸ਼ੀ ਘਰ ਵਾਲੀ ਪ੍ਰਾਪਰਟੀ ਡਾ. ਹਰਬੰਸ ਸਿੰਘ ਦੇ ਨਾਂ ਕਰਨ ਦਾ ਫੈਸਲਾ ਕਰ ਲਿਆ, ਪਰ ਰੱਜੀ ਰੂਹ, ਸੰਤੁਸ਼ਟ ਤੇ ਮਹਾਨ ਮਨੁੱਖ ਡਾ. ਹਰਬੰਸ ਸਿੰਘ ਨੇ ਉਸ ਦੀ ਇਸ ਸਕੀਮ ਦੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਨਾਲ ਰੋਕ ਲਾ ਦਿੱਤੀ ਤੇ ਉਸ ਦੀਆਂ ਸਾਰੀਆਂ ਸਲਾਹਾਂ ਸਕੀਮਾਂ ਨਕਾਰ ਦਿੱਤੀਆਂ। ਫਿਰ ਵੀ ਨਿਰਵੈਰ ਰੁਕੀ ਨਹੀਂ। ਉਸ ਨੇ ਡਾ. ਹਰਬੰਸ ਸਿੰਘ ਦੀ ਜਾਣਕਾਰੀ ਤੋਂ ਬਿਨਾ ਚੁੱਪ-ਚੁਪੀਤੇ ਆਪਣੀ ਲੱਖਾਂ ਦੀ ਪ੍ਰਾਪਰਟੀ ਡਾ. ਹਰਬੰਸ ਸਿੰਘ ਦੇ ਨਾਂ ਕਰ ਕੇ ਆਪਣੀ ਸੱਚੀ ਸੁੱਚੀ ਤੇ ਪਵਿੱਤਰ ਪਿਆਰ-ਭਾਵਨਾ ਦੀ ਸੁਗੰਧੀ ਚਾਰ-ਚੁਫੇਰੇ ਖਿਲਾਰ ਦਿੱਤੀ।

ਡਾ. ਹਰਬੰਸ ਸਿੰਘ ਦੀ ਸੁਹਣੀ, ਸਚਿਆਰੀ, ਪਿਆਰੀ ਤੇ ਲਾਇਕ ਪੋਤਰੀ ਸਿਮਰਨ ਦਾ 6 ਦਸੰਬਰ ਨੂੰ ਲੁਧਿਆਣੇ ਵਿਆਹ ਸੀ। ਹਰਬੰਸ ਸਿੰਘ ਤੇ ਜਸਵੀਰ ਦਿੱਲੀਓਂ ਕੋਟਕਪੂਰੇ ਆ ਗਏ। ਸੁੱਖੀਂ ਸਾਂਦੀਂ ਸ਼ਗਨਾਂ ਭਰੇ ਵਿਆਹ ਦੀਆਂ ਰਸਮਾਂ ਹੋਈਆਂ। 17 ਦਸੰਬਰ ਨੂੰ ਘਰ ਵਿਚ ਮਾਮੂਲੀ ਬੁਖਾਰ ਹੋਇਆ। ਪਹਿਲਾਂ ਘਰ ਵਿਚ ਓਹੜ-ਪੋਹੜ ਕਰਦੇ ਰਹੇ, ਫਿਰ ਕੋਟਕਪੂਰੇ ਸਰਕਾਰੀ ਹਸਪਤਾਲ ਗਏ। ਉਨ੍ਹਾਂ ਤੁਰੰਤ ਸਰਕਾਰੀ ਹਸਪਤਾਲ ਫਰੀਦਕੋਟ ਰੈਫਰ ਕਰ ਦਿੱਤਾ। ਉਨ੍ਹਾਂ ਕਰੋਨਾ ਪਾਜ਼ੇਟਿਵ ਡਿਕਲੇਅਰ ਕਰ ਦਿੱਤਾ। ਇਲਾਜ ਸ਼ੁਰੂ, ਪਰ ਕਿੱਥੇ? ਭਾਵੀ ਦੇ ਕਹਿਰ ਦਾ ਪਤਾ ਨਹੀਂ ਸੀ। ਹੁਣ ਕੀ ਹੋ ਸਕਦਾ ਸੀ? ਦਿਲ ਦੀਆਂ ਦਿਲ ਵਿਚ ਰਹਿ ਗਈਆਂ। ਡਾ. ਹਰਬੰਸ ਸਿੰਘ ਸੁਹਣੀ, ਸਚਿਆਰੀ ਤੇ ਪਿਆਰੀ ਰੂਹ ਦਾ ਸ਼ਿੰਗਾਰ, ਕੋਮਲ ਤੇ ਮਧੁਰ ਨਗਮਿਆਂ ਦੀ ਗੁੰਜਾਰ, ਉੱਤਮ ਵਿਹਾਰ, ਪਵਿੱਤਰ ਕਿਰਦਾਰ ਤੇ ਠੀਕ ਅਰਥਾਂ ਵਿਚ ਰੰਗੀਨ ਸੁਪਨਿਆਂ ਦਾ ਸਰਦਾਰ ਸੀ। ਇਹੋ ਜਿਹੇ ਅਣਮੁੱਲੇ ਇਨਸਾਨ ਕਿੱਥੋਂ ਲੱਭਦੇ ਹਨ! ਇਹ ਪਿਆਰੀ ਹਸਤੀ 8 ਜਨਵਰੀ 2021 ਨੂੰ ਕੋਟਕਪੂਰੇ 'ਚ ਪਰਲੋਕ ਸਿਧਾਰ ਗਈ। ਹੁਣ ਤਾਂ ਦਿਲ ਇਹੋ ਪੁਕਾਰਦਾ ਹੈ, 'ਨਹੀਓਂ ਲੱਭਣੇ ਲਾਲ ਗੁਆਚੇ, ਮਿੱਟੀ ਨਾ ਫਰੋਲ ਜੋਗੀਆ!'

# ਪ੍ਰੋ. ਜਸਵੰਤ ਸਿੰਘ ਗੰਡਮ...

*(ਪਿਛਲੇ ਸਫੇ ਦੀ ਬਾਕੀ)*

ਵੱਢੀ ਮਿੱਤਰੋ, ਫੇਰ ਖੇਡੀ ਜਾਂਦੀ ਹੈ ਕਬੱਡੀ ਮਿੱਤਰੋ। ਆਈ ਜਾਨ ਸ਼ਿਕੰਜੇ ਅੰਦਰ ਜਿਓਂ ਵੇਲਣ ਵਿਚ ਗੰਨਾ। ਧੱਕਾ ਫੁਰਤੀ ਪਕੜ ਪੈਂਤੜਾ, ਧੂੜ ਧੁੱਪ ਤੇ ਧੱਫੇ, ਕੌਡ ਕਬੱਡੀ ਮੇਲੇ ਦੇ ਵਿਚ ਪੈਣ ਰੇਡਾਂ ਤੇ ਲੱਗਣ ਜੱਫੇ। ਮਾਰ ਸੋਹਣਿਆਂ ਕੈਂਚੀ ਰੇਡਰ ਸੁੱਕਾ ਜਾਵੇ ਨਾ। ਫੜੀਂ ਨੀ ਬੇਬੇ ਟੁੱਕ, ਮੈਨੂੰ ਮੁੰਡਾ ਦੇਖ ਲੈਣ ਦੇ। ਜਿੱਤਣ-ਜਿੱਤਣ ਹਰ ਕੋਈ ਖੇਲ੍ਹੇ, ਤੂੰ ਹਾਰਨ ਖੇਲ੍ਹ ਫਕੀਰਾ, ਜਿੱਤਣ ਦਾ ਮੁੱਲ ਕੌਡੀ ਪੈਂਦਾ ਹਾਰਨ ਦਾ ਮੁੱਲ ਹੀਰਾ। ਹਰ ਤਰਫ ਯਹੀ ਅਫਸਾਨੇ ਹੈਂ, ਹਮ ਖੇਡ ਕਬੱਡੀ ਕੇ ਦੀਵਾਨੇ ਹੈਂ। ਪੈਂਦੀਆਂ ਕਬੱਡੀਆਂ ਨੇ ਚੜ੍ਹ-ਚੜ੍ਹ ਕੇ, ਲੋਕੀਂ ਦੇਖਦੇ ਨੇ ਸਾਰੇ ਖੜ੍ਹ-ਖੜ੍ਹ ਕੇ। ਜਿਥੇ ਮਾਹੀਆ ਪੱਬ ਧਰਦਾ, ਓਥੇ ਉਗਦਾ ਸਰੂ ਦਾ ਬੂਟਾ। ਵਿਚ ਮੈਦਾਨੇ ਭਿੜਨਾ ਕੰਮ ਹੈ ਹੁੰਦਾ ਸ਼ੇਰਾਂ ਦਾ, ਖੇਡ ਕਬੱਡੀ ਖੇਡਣਾ ਸ਼ੌਕ ਪੰਜਾਬੀ ਸ਼ੇਰਾਂ ਦਾ। ਜੀਹਦਾ ਖਾਈਏ ਜੱਸ ਗਾਈਏ, ਉਹਦਾ ਸਾਥ ਨਈਂ ਛੱਡੀ ਦਾ, ਦੇਣਾ ਦੇ ਨਈਂ ਸਕਦੇ ਮਾਂ-ਖੇਡ ਕਬੱਡੀ ਦਾ। ਚੌਕੇ ਛਿੱਕੇ ਭੁੱਲੇ ਪੰਜਾਬੀਆਂ ਨੂੰ ਹੁਣ ਤਾਂ ਹਰ ਥਾਂ ਕਬੱਡੀ ਦੀ ਗੱਲ ਚਲਦੀ, ਟੀ. ਵੀ. ਮੂਹਰੇ ਕਬੱਡੀ ਸਭ ਬੈਠ ਦੇਖਣ, ਆਈ. ਪੀ. ਐੱਲ. ਹੋ ਗਈ ਯਾਰੋ ਗੱਲ ਕੱਲ੍ਹ ਦੀ, ਖੇਡ ਕਬੱਡੀ ਦੇਖਣ ਲਈ ਹੁਣ ਛੱਤਾਂ ਤੋਂ ਲੋਕੀਂ ਲਮਕਣਗੇ, ਧੋਨੀ, ਸਚਿਨ ਤੇ ਸਹਿਵਾਗ ਵਾਂਗੂੰ ਮੰਗੀ, ਦੁੱਲਾ ਤੇ ਕੁਲਜੀਤਾ ਚਮਕਣਗੇ...।

ਵਾਹ ਸੋਹਣੀ ਖੇਡ ਕਬੱਡੀ ਦੀ
ਵਾਹ ਸੋਹਣੀ ਖੇਡ ਕਬੱਡੀ ਦੀ,
ਇਹ ਖੇਡਦੇ ਛੈਲ ਛਬੀਲੇ ਨੇ
ਬਈ ਗੱਭਰੂ ਜੋ ਫੁਰਤੀਲੇ ਨੇ,
ਦੌੜਦੇ ਇੰਜ ਅਣਖੀਲੇ ਨੇ
ਰਫਤਾਰ ਜਿਉਂ ਹੈ ਗੱਡੀ ਦੀ,
ਵਾਹ ਸੋਹਣੀ ਖੇਡ ਕਬੱਡੀ ਦੀ
ਵਾਹ ਸੋਹਣੀ ਖੇਡ ਕਬੱਡੀ ਦੀ...।

ਗੋਲ ਜਿਹਾ ਦਾਇਰਾ ਵਿਚ ਹੰਧੇ ਦੋ ਦਿਸਦੇ
ਚੜ੍ਹ ਜਾਂਦਾ ਚਾਅ ਜਾਂ ਖਿਡਾਰੀ ਵਿਚ ਦਿਸਦੇ।

ਜਾਈਏ ਬਲਿਹਾਰੇ ਜੀਹਨੇ ਕਾਢ ਇਹਦੀ ਕੱਢੀ
ਖੇਡਣੀ ਕਬੱਡੀ ਯਾਰੋ ਖੇਡਣੀ ਕਬੱਡੀ...।

# ਵਿਸ਼ਵ ਕੱਪ ਹਾਕੀ 2023 ਲਈ ਤਿਆਰੀ ਹੁਣ ਤੋਂ ਜ਼ਰੂਰੀ

**ਦਲਬਾਰਾ ਸਿੰਘ ਮਾਂਗਟ**
ਫੋਨ: 269-267-9621



ਹਾਕੀ ਭਾਰਤ ਦੀ ਕੌਮੀ ਖੇਡ ਹੀ ਨਹੀਂ ਮੰਨੀ ਜਾਂਦੀ, ਸਗੋਂ ਹਰ ਭਾਰਤ ਵਾਸੀ ਵੱਲੋਂ 'ਰੀੜ੍ਹ ਦੀ ਹੱਡੀ' ਵੀ ਕਿਹਾ ਜਾਂਦਾ ਹੈ; ਭਾਰਤ ਨੇ ਉਲੰਪਿਕ ਵਿਚ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਸਰਦਾਰੀ ਹੀ ਨਹੀਂ ਕੀਤੀ, ਸਗੋਂ ਇਹ ਰਿਕਾਰਡ ਵੀ ਅਜੇ ਬਰਕਰਾਰ ਹੈ। ਲੰਮਾ ਸਮਾਂ ਬੀਤ ਜਾਣ ਤੋਂ ਬਾਅਦ ਇਹ ਮਹਿਸੂਸ ਕੀਤਾ ਜਾਣ ਲੱਗਾ ਕਿ ਫੁਟਬਾਲ ਅਤੇ ਕ੍ਰਿਕਟ ਵਾਂਗ ਇਸ ਖੇਡ ਨੂੰ ਵੀ ਵਿਸ਼ਵ ਪੱਧਰ ਦਾ ਰੂਪ ਦਿੱਤਾ ਜਾਵੇ। ਇਹ ਬੜੇ ਫਖਰ ਤੇ ਮਾਣ ਦੀ ਗੱਲ ਹੈ ਕਿ ਦੋ ਗੁਆਂਢੀ ਦੇਸ਼ਾਂ-ਭਾਰਤ ਤੇ ਪਾਕਿਸਤਾਨ ਵੱਲੋਂ 1969 ਵਿਚ ਕੌਮਾਂਤਰੀ ਹਾਕੀ ਫੈਡਰੇਸ਼ਨ (ਐਫ. ਐਚ. ਆਈ.) ਨੂੰ ਲਿਖਤੀ ਅਰਜ਼ੀ ਪੇਸ਼ ਕੀਤੀ ਗਈ, ਜਿਸ ਵਿਚ ਐਫ. ਐਚ. ਆਈ. ਦੀ ਕੌਂਸਲ ਅਤੇ ਕਮਿਸ਼ਨ ਵੱਲੋਂ ਹਰੀ ਝੰਡੀ ਦੇ ਦਿੱਤੀ ਗਈ ਅਤੇ ਪਹਿਲੇ ਵਿਸ਼ਵ ਹਾਕੀ ਕੱਪ ਦੀ ਸ਼ੁਰੂਆਤ 1971 ਵਿਚ ਸਪੇਨ ਦੇ ਸ਼ਹਿਰ ਬਾਰਸੀਲੋਨਾ ਤੋਂ ਹੋਈ। ਭਾਰਤ ਹੁਣ ਤੱਕ ਲਗਾਤਾਰ ਇਸ ਟੂਰਨਾਮੈਂਟ, ਜੋ ਹਰ ਦੋ ਸਾਲ ਦੀ ਥਾਂ ਹੁਣ ਹਰ ਚਾਰ ਸਾਲ ਬਾਅਦ ਕਰਵਾਇਆ ਜਾਂਦਾ ਹੈ, ਵਿਚ ਹਿੱਸਾ ਲੈਂਦਾ ਆਇਆ ਹੈ, ਪਰ ਕਾਮਯਾਬੀ ਸਿਰਫ ਇਕ ਵਾਰ ਹੀ ਹਾਸਲ ਹੋਈ ਹੈ। ਭਾਰਤ ਕੋਲ ਪਹਿਲੇ ਤਿੰਨ ਕੱਪ ਜਿੱਤਣ ਦੀ ਤਾਕਤ ਸੀ, ਪਰ ਸਿੱਟਾ ਕੁਝ ਵੱਖਰਾ ਦੇਖਣ ਨੂੰ ਮਿਲਿਆ। ਇਸ ਦਾ ਵੇਰਵਾ ਕੁਝ ਇਸ ਤਰ੍ਹਾਂ ਹੈ:

**1971 ਬਰਸੀਲੋਨਾ-ਸਪੇਨ:** ਤਜਰਬੇਕਾਰ ਖਿਡਾਰੀ ਅਜੀਤਪਾਲ ਸਿੰਘ ਦੀ ਕਪਤਾਨੀ ਹੇਠ ਕੁਝ ਉਭਰਦੇ ਖਿਡਾਰੀ ਟੀਮ ਵਿਚ ਸ਼ਾਮਲ ਕੀਤੇ ਗਏ, ਜਿਵੇਂ ਕੰਬਾਈਨਡ ਯੂਨੀਵਰਸਿਟੀ ਦੇ ਰਾਜਵਿੰਦਰ ਸਿੰਘ, ਜਿਸ ਨੇ ਇਸ ਟੂਰਨਾਮੈਂਟ ਵਿਚ ਚਾਰ ਗੋਲ ਕਰ ਕੇ ਟੀਮ ਨੂੰ ਆਪਣੇ ਪੂਲ ਵਿਚ ਪਹਿਲੇ ਨੰਬਰ 'ਤੇ ਪਹੁੰਚਾ ਦਿੱਤਾ ਸੀ। ਸੈਮੀਫਾਈਨਲ ਮੈਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਖੇਡਿਆ ਗਿਆ, ਜਿਸ ਵਿਚ ਰਾਜਵਿੰਦਰ ਨੇ ਗੋਲ ਕਰ ਕੇ ਟੀਮ ਨੂੰ ਲੀਡ ਦਿਵਾਈ, ਪਰ ਨਤੀਜਾ ਇਹ ਹੋਇਆ ਕਿ 1-2 ਗੋਲਾਂ ਦੇ ਮੁਕਾਬਲੇ ਹਾਰ ਹੋਈ। ਪਾਕਿਸਤਾਨ ਆਪਣੇ ਪੂਲ ਵਿਚੋਂ ਕਰੀਬ ਬਾਹਰ ਹੋ ਚੁਕਾ ਸੀ, ਪਰ ਜਾਪਾਨ ਆਪਣੇ ਆਖਰੀ ਪੂਲ ਮੈਚ ਵਿਚ ਵਿਰੋਧੀ ਟੀਮ ਨਾਲ ਬਰਾਬਰ ਖੇਡਣ ਕਰ ਕੇ ਪਾਕਿਸਤਾਨ ਨੂੰ ਸੈਮੀਫਾਈਨਲ ਵਿਚ ਐਂਟਰੀ ਮਿਲ ਗਈ ਅਤੇ ਪਹਿਲਾ ਵਿਸ਼ਵ ਕੱਪ ਚੈਂਪੀਅਨ ਬਣਨ ਦਾ ਸਿਹਰਾ ਵੀ ਸਜਾ ਲਿਆ।

**1973 ਐਮਸਟਡਮ-ਹਾਲੈਂਡ:** ਇਸ ਟੂਰਨਾਮੈਂਟ ਲਈ ਭਾਰਤੀ ਟੀਮ ਬਹੁਤ ਫਿਟ ਮੰਨੀ ਜਾਂਦੀ ਸੀ, ਜਿਸ ਦੀ ਫਿਜ਼ੀਕਲ ਫਿਟਨੈਸ ਪਟਿਆਲਾ ਸਪੋਰਟਸ ਇੰਸਟੀਚਿਊਟ ਦੇ ਮਾਹਿਰ ਜਗਮੋਹਨ ਸਿੰਘ ਵੱਲੋਂ ਕਰਵਾਈ ਗਈ ਸੀ। ਭਾਰਤੀ ਟੀਮ ਦੇ ਕਪਤਾਨ ਐਮ. ਪੀ. ਗਨੇਸ਼ ਨਾਲ ਪਹਿਲੀ ਵਾਰ ਪੈਨਲਟੀ ਕਾਰਨਰ ਮਾਹਿਰ ਸੁਰਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ। ਆਪਣੇ ਸਮੇਂ ਦੇ ਉਘੇ ਉਲੰਪਿਕ ਖਿਡਾਰੀ ਆਰ. ਐਸ. ਜੈਂਟਲ ਅਤੇ ਬਾਲਕ੍ਰਿਸ਼ਨ ਸਿੰਘ ਨੂੰ ਕੋਚ ਮੈਨੇਜਰ ਬਣਾਇਆ ਗਿਆ। ਟੂਰਨਾਮੈਂਟ ਵਿਚ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਟੀਮ ਨੇ ਫਾਈਨਲ ਵਿਚ ਪ੍ਰਵੇਸ਼ ਕੀਤਾ, ਜੋ ਭਾਰਤ ਅਤੇ ਹਾਲੈਂਡ ਵਿਚਕਾਰ ਖੇਡਿਆ ਗਿਆ। ਖੇਡ ਦੇ ਅੱਧ ਸਮੇਂ ਤੱਕ ਸੁਰਜੀਤ ਸਿੰਘ ਨੇ ਪੈਨਲਟੀ ਕਾਰਨਰ ਜ਼ਰੀਏ ਦੋ ਗੋਲ ਕਰ ਕੇ ਟੀਮ ਨੂੰ ਚੈਂਪੀਅਨ ਬਣਨ ਵਾਲੀ ਥਾਂ ਖੜ੍ਹਾ ਕਰ ਦਿੱਤਾ। ਸੁਰਜੀਤ ਵੱਲੋਂ ਤੀਸਰਾ ਗੋਲ ਵੀ ਦਾਗ ਦਿੱਤਾ ਗਿਆ, ਜਿਸ ਨੂੰ ਦੁਨੀਆਂ ਦੇ ਮਸ਼ਹੂਰ ਅੰਪਾਇਰ ਵਿਜੇਨਾਥਨ (ਮਲੇਸ਼ੀਆ) ਵੱਲੋਂ ਨਕਾਰ ਦਿੱਤਾ ਗਿਆ, ਇਹ ਸੋਚ ਕੇ ਕਿ 3-0 ਦਾ ਸਕੋਰ ਦੇਖ ਕੇ ਕਿਤੇ ਡੱਚ ਲੋਕ ਗਰਾਊਂਡ ਵਿਚ ਨਾ ਉਤਰ ਆਉਣ ਤੇ ਹੱਲਾ-ਗੁੱਲਾ ਕਰ ਕੇ ਮੈਚ ਗਲਤ ਕਰਵਟ ਨਾ ਲੈ ਜਾਵੇ! ਇਸ ਗੱਲ ਦਾ ਖੁਲਾਸਾ ਵਿਜੇਨਾਥਨ ਨੇ ਉਦੋਂ ਕੀਤਾ, ਜਦੋਂ ਉਹ 1980 ਵਿਚ ਦਿੱਲੀ ਨਹਿਰੂ ਹਾਕੀ ਟੂਰਨਾਮੈਂਟ ਲਈ ਮਲੇਸ਼ੀਆ ਟੀਮ ਲੈ ਕੇ ਆਇਆ ਸੀ।

ਮੈਚ ਦੇ ਅੱਧ ਸਮੇਂ ਤੋਂ ਬਾਅਦ ਹਾਲੈਂਡ ਦੀ ਟੀਮ ਨੇ ਦੋ ਗੋਲ ਕਰ ਕੇ ਬਰਾਬਰੀ ਕਰ ਲਈ ਅਤੇ ਦੋਹਾਂ ਟੀਮਾਂ ਨੂੰ 15-15 ਮਿੰਟ ਦਾ ਹੋਰ ਸਮਾਂ ਦਿੱਤਾ ਗਿਆ, ਜਿਸ ਵਿਚ ਕੋਈ ਵੀ ਟੀਮ ਗੋਲ ਨਾ ਕਰ ਸਕੀ। ਉਸ ਸਮੇਂ ਦੇ ਨਿਯਮਾਂ ਅਨੁਸਾਰ ਫਿਰ 15 ਮਿੰਟ ਦਾ 'ਸਡਨ ਡੈਥ' ਵਾਲਾ ਸਮਾਂ ਦਿੱਤਾ ਗਿਆ, ਜਿਸ ਦਾ ਭਾਵ ਇਹ ਹੁੰਦਾ ਹੈ ਕਿ ਜਦੋਂ ਕੋਈ ਟੀਮ ਪਹਿਲਾਂ ਗੋਲ ਕਰ ਲੈਂਦੀ ਹੈ ਤਾਂ ਮੈਚ ਉਥੇ ਹੀ ਖਤਮ ਹੋ ਜਾਵੇਗਾ। ਇਸ ਦੌਰਾਨ ਭਾਰਤ ਨੂੰ ਪੈਨਲਟੀ ਸਟਰੋਕ ਦਾ ਸੁਨਹਿਰੀ ਮੌਕਾ ਹਾਸਲ ਹੋਇਆ, ਪਰ ਗੋਬਿੰਦਾ ਗੋਲ ਕਰਨ ਵਿਚ ਅਸਫਲ ਰਿਹਾ। ਇਸ ਤੋਂ ਬਾਅਦ ਦੋਹਾਂ ਟੀਮਾਂ ਨੂੰ 5-5 ਪੈਨਲਟੀ ਸਟਰੋਕ ਦਿੱਤੀਆਂ ਗਈਆਂ, ਜਿਸ ਵਿਚ ਹਾਲੈਂਡ ਦੀ ਟੀਮ ਵੱਧ ਗੋਲ ਕਰਨ ਵਿਚ ਕਾਮਯਾਬ ਰਹੀ ਅਤੇ ਦੂਸਰੇ ਵਿਸ਼ਵ ਕੱਪ ਦੀ ਚੈਂਪੀਅਨ ਬਣ ਗਈ। ਇਹ ਘਟਨਾ ਭਾਰਤੀਆਂ ਨੂੰ ਹਮੇਸ਼ਾ ਚੁਭਦੀ ਰਹੇਗੀ, ਕਿਉਂਕਿ ਜੇ ਅੰਪਾਇਰ ਵਿਜੇਨਾਥਨ ਸੁਰਜੀਤ ਵਾਲਾ ਪੈਨਲਟੀ ਕਾਰਨਰ ਗੋਲ ਦੇ ਦਿੰਦਾ ਤਾਂ ਨਕਸ਼ਾ ਕੁਝ ਹੋਰ ਹੋਣਾ ਸੀ।



**1975 ਕੁਆਲਾਲੰਪੁਰ (ਮਲੇਸ਼ੀਆ):** ਇਸ ਵਾਰ ਟੀਮ ਤਿਆਰ ਕਰਨ ਲਈ ਜ਼ਿੰਮੇਵਾਰੀ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਵੱਲੋਂ ਲਈ ਗਈ ਅਤੇ ਭਾਰਤੀ ਟੀਮ ਵਿਚ ਨਵੇਂ ਚਿਹਰੇ ਜਿਵੇਂ ਅਸਲਮ ਸ਼ੇਰ ਖਾਂ, ਐਸ. ਪਵਾਰ, ਐਸ. ਜੇ. ਐਚ. ਚਿਮਨੀ, ਕਲੱਈਆ, ਉਂਕਾਰ ਅਤੇ ਮਹਿੰਦਰ ਮੁਣਸ਼ੀ ਨਾਲ ਵੀਹ ਸਾਲਾ 'ਬੇਬੀ ਆਫ ਦਾ ਟੀਮ' ਗੋਲਕੀਪਰ ਅਸ਼ੋਕ ਦੀਵਾਨ ਸ਼ਾਮਲ ਕੀਤੇ ਗਏ। ਬਲਵੀਰ ਸਿੰਘ (ਸੀਨੀਅਰ) ਅਤੇ ਆਰ. ਐਸ. ਬੋਧੀ ਨੂੰ ਮੈਨੇਜਰ-ਕੋਚ ਦੇ ਨਾਲ ਅਜੀਤਪਾਲ ਸਿੰਘ ਨੂੰ ਫਿਰ ਟੀਮ ਦਾ ਕਪਤਾਨ ਚੁਣਿਆ ਗਿਆ। ਕੁਲ ਮਿਲਾ ਕੇ ਇਸ ਟੂਰਨਾਮੈਂਟ ਵਿਚ 12 ਟੀਮਾਂ ਨੇ ਹਿੱਸਾ ਲਿਆ ਅਤੇ ਭਾਰਤੀ ਟੀਮ ਸ਼ਾਨਦਾਰ ਖੇਡ ਪ੍ਰਦਰਸ਼ਨ ਕਰ ਕੇ ਤੀਸਰੀ ਵਾਰ ਲਗਾਤਾਰ ਸੈਮੀਫਾਈਨਲ ਵਿਚ ਪੁੱਜ ਗਈ। ਇਹ ਮੈਚ ਮੇਜ਼ਬਾਨ ਮਲੇਸ਼ੀਆ ਨਾਲ ਖੇਡਿਆ ਗਿਆ। ਇਸ ਗੱਲ ਦਾ ਇਤਿਹਾਸ ਗਵਾਹ ਹੈ ਕਿ ਮਲੇਸ਼ੀਆ ਨੇ ਭਾਰਤ ਨੂੰ ਹਮੇਸ਼ਾ ਤਕੜੀ ਟੱਕਰ ਦਿੱਤੀ ਹੈ ਤੇ ਹੋਇਆ ਵੀ ਇਹੋ; ਭਾਵ ਉਹ ਪਹਿਲਾ ਗੋਲ ਕਰਨ ਵਿਚ ਕਾਮਯਾਬ ਰਿਹਾ, ਜਿਸ ਨੂੰ ਸੁਰਜੀਤ ਸਿੰਘ ਬਰਾਬਰ ਕਰਨ ਲਈ ਪੈਨਲਟੀ ਕਾਰਨਰ ਜ਼ਰੀਏ ਗੋਲ ਕਰਨ ਵਿਚ ਅਸਫਲ ਰਿਹਾ।

ਇਥੇ ਮੈਚ ਦਾ ਜਾਇਜ਼ਾ ਲੈਂਦਿਆਂ ਕੋਚ ਮੈਨੇਜਰ ਵੱਲੋਂ ਟੀਮ ਵਿਚ ਤਬਦੀਲੀ ਕਰਨਾ ਹੀ ਚੰਗਾ ਕਦਮ ਸਮਝਿਆ, ਭਾਵ ਅਸਲਮ ਸ਼ੇਰ ਖਾਂ ਨੂੰ ਲਿਆਂਦਾ ਗਿਆ, ਜਿਸ ਨੇ ਸੁਨਹਿਰੀ ਗੋਲ ਕਰ ਕੇ ਮੈਚ ਬਰਾਬਰੀ 'ਤੇ ਕਰ ਲਿਆ ਅਤੇ ਭਾਰਤੀ ਟੀਮ 2-1 ਨਾਲ ਜਿੱਤ ਕੇ ਫਾਈਨਲ ਵਿਚ ਪਹੁੰਚ ਗਈ। ਇਹ ਫਾਈਨਲ ਮੈਚ ਭਾਰਤ ਅਤੇ ਪਾਕਿਸਾਤਾਨ ਵਿਚਾਲੇ ਖੇਡਿਆ ਗਿਆ, ਜਿਸ ਵਿਚ ਵਿਰੋਧੀ ਧਿਰ ਅੱਧ ਸਮੇਂ ਤੱਕ ਇਕ ਗੋਲ ਨਾਲ ਅੱਗੇ ਸੀ, ਜਿਸ ਨੂੰ ਸੁਰਜੀਤ ਸਿੰਘ ਨੇ ਪੈਨਲਟੀ ਕਾਰਨਰ ਗੋਲ ਕਰ ਕੇ ਬਰਾਬਰ ਲਿਆਂਦਾ। ਇਸ ਨਾਲ ਭਾਰਤੀ ਟੀਮ ਦੇ ਹੌਸਲੇ ਬੁਲੰਦ ਹੋ ਗਏ। ਭਾਰਤੀ ਖਿਡਾਰੀਆਂ ਨੇ ਦੂਸਰੇ ਅੱਧ ਵਿਚ ਸਿਰ-ਧੜ ਦੀ ਬਾਜ਼ੀ ਲਾ ਕੇ ਸੁੰਦਰ ਖੇਡ ਦੀ ਪੇਸ਼ਕਾਰੀ ਕੀਤੀ, ਜਿਸ ਦਾ ਨਤੀਜਾ ਇਹ ਹੋਇਆ ਕਿ ਅਸ਼ੋਕ ਕੁਮਾਰ, ਜੋ ਵਿਸ਼ਵ ਦੇ ਤੇਜ਼ ਰਫਤਾਰ ਖੇਡਣ ਵਾਲੇ ਖਿਡਾਰੀ ਮੰਨੇ ਜਾਂਦੇ ਸਨ, ਵੱਲੋਂ ਦੂਸਰਾ ਗੋਲ ਦਾਗ ਦਿੱਤਾ ਗਿਆ। ਇਸ ਦਾ ਪਾਕਿਸਤਾਨ ਦੀ ਟੀਮ ਨੇ ਵਿਰੋਧ ਕੀਤਾ, ਕਿਉਂਕਿ ਬਾਲ ਗੋਲ ਪੋਸਟ ਨਾਲ ਟਕਰਾ ਕੇ ਗੋਲਕੀਪਰ ਵੱਲੋਂ ਬਾਹਰ ਕੀਤੀ ਗਈ ਸੀ, ਪਰ ਇਥੇ ਉਸੇ ਮਲੇਸ਼ੀਅਨ ਅੰਪਾਇਰ ਵਿਜੇਨਾਥਨ ਨੇ ਆਪਣਾ ਫੈਸਲਾ ਅਟੱਲ ਤਾਂ ਰੱਖਿਆ ਹੀ, ਸਗੋਂ ਐਮਸਟਡਮ ਵਾਲੀ ਗਲਤੀ ਨੂੰ ਯਾਦ ਕਰਦਿਆਂ ਆਪਣਾ ਵਾਅਦਾ ਵੀ ਪੂਰਾ ਕੀਤਾ ਤੇ ਭਾਰਤ ਪਹਿਲੀ ਵਾਰ 1975 ਵਿਚ ਵਿਸ਼ਵ ਹਾਕੀ ਕੱਪ ਦਾ ਚੈਂਪੀਅਨ ਬਣ ਗਿਆ। ਇਸ ਖੁਸ਼ੀ ਵਿਚ ਭਾਰਤੀ ਹਾਕੀ ਫੈਡਰੇਸ਼ਨ ਵੱਲੋਂ ਸਿਲਵਰ ਜੁਬਲੀ ਮਨਾਉਣ ਲਈ ਮਦਰਾਸ 'ਚ ਰੈਨੇ ਫਰੈਂਕ ਕੌਮਾਂਤਰੀ ਟੂਰਨਾਮੈਂਟ ਕਰਵਾਇਆ ਗਿਆ, ਜੋ ਭਾਰਤੀ ਟੀਮ ਨੇ ਹੀ ਜਿੱਤਿਆ ਤੇ ਪੰਜਾਬ ਸਰਕਾਰ ਵੱਲੋਂ ਟੀਮ ਦਾ ਸਨਮਾਨ ਕਰਨ ਦੇ ਨਾਲ-ਨਾਲ ਕਪਤਾਨ ਅਜੀਤਪਾਲ ਸਿੰਘ ਨੂੰ ਦਿੱਲੀ ਰਾਜਧਾਨੀ 'ਚ ਪੈਟਰੋਲ ਪੰਪ ਵੀ ਅਲਾਟ ਕੀਤਾ ਗਿਆ।

ਭਾਰਤ ਨੇ 1980 ਦੀਆਂ ਮਾਸਕੋ ਉਲੰਪਿਕ ਖੇਡਾਂ ਵਿਚ 16 ਸਾਲ ਬਾਅਦ ਗੋਲਡ ਮੈਡਲ ਹਾਸਲ ਕੀਤਾ, ਜਿਸ ਦਾ ਕਾਰਨ ਚੋਟੀ ਦੀਆਂ ਟੀਮਾਂ ਵੱਲੋਂ ਬਾਈਕਾਟ ਦੀ ਵਜ੍ਹਾ ਵੀ ਕਿਹਾ ਜਾਂਦਾ ਹੈ; ਉਂਜ, ਵਿਸ਼ਵ ਪੱਧਰ 'ਤੇ ਟੀਮ ਦਾ ਗਰਾਫ ਇੰਨਾ ਥੱਲੇ ਆ ਗਿਆ ਸੀ ਕਿ 1986 ਲੰਡਨ ਵਿਸ਼ਵ ਟੂਰਨਾਮੈਂਟ ਵਿਚ 12 ਦੇਸ਼ਾਂ ਵਿਚੋਂ ਟੀਮ ਦਾ ਆਖਰੀ ਨੰਬਰ ਸੀ। ਗੱਲ ਇਥੇ ਹੀ ਖਤਮ ਨਹੀਂ ਹੋਈ, ਸਗੋਂ 2008 ਦੀਆਂ ਪੇਈਚਿੰਗ (ਬੀਜਿੰਗ) ਉਲੰਪਿਕ ਖੇਡਾਂ ਵਿਚ ਭਾਰਤੀ ਟੀਮ ਕੁਆਲੀਫਾਈ ਵੀ ਨਹੀਂ ਸੀ ਕਰ ਸਕੀ, ਜੋ ਇਤਿਹਾਸ ਵਿਚ ਪਹਿਲੀ ਵਾਰੀ ਹੋਇਆ। ਹਾਲਾਤ ਇਥੋਂ ਤੱਕ ਪਹੁੰਚ ਗਏ ਕਿ 2004 ਵਿਚ ਭਾਰਤੀ ਟੀਮ ਦੀ ਵਾਗਡੋਰ ਪਹਿਲੀ ਵਾਰ ਵਿਦੇਸ਼ੀ ਕੋਚ ਗਰਹਾਰਡ (ਜਰਮਨੀ) ਦੇ ਹਵਾਲੇ ਕਰ ਦਿੱਤੀ ਗਈ, ਜੋ ਕੋਈ ਚੰਗੇ ਨਤੀਜੇ ਨਾ ਦੇ ਸਕਿਆ।

ਫਿਰ ਆਸਟਰੇਲੀਆ ਦੇ ਚਾਰਲਸ ਵੋਰਥ ਨੂੰ ਬੁਲਾਇਆ ਗਿਆ, ਪਰ ਉਹ ਵੀ ਭਾਰਤੀ ਟੀਮ ਦੇ ਤੌਰ-ਤਰੀਕੇ ਅਤੇ ਫੈਡਰੇਸ਼ਨ ਦੇ ਮਾੜੇ ਹਾਲਾਤ ਦੇਖ ਕੇ ਵਾਪਸ ਪਰਤ ਗਿਆ। 2018 ਦੀਆਂ ਜਕਾਰਤਾ (ਇੰਡੋਨੇਸ਼ੀਆ) ਏਸ਼ਿਆਈ ਖੇਡਾਂ ਵਿਚ ਮਲੇਸ਼ੀਆ ਹੱਥੋਂ ਸੈਮੀਫਾਈਨਲ ਅਤੇ ਉੜੀਸਾ ਵਿਸ਼ਵ ਕੱਪ ਵਿਚ ਕੁਆਰਟਰ ਫਾਈਨਲ ਤੋਂ ਪਹਿਲਾਂ ਹੀ ਹਾਰ ਜਾਣ ਕਰ ਕੇ ਮੁੱਦਾ ਹੋਰ ਗੰਭੀਰ ਬਣ ਗਿਆ। ਕਹਿਣ ਦਾ ਭਾਵ, 1975 ਦੇ ਵਿਸ਼ਵ ਕੱਪ ਅਤੇ 1980 ਦੀਆਂ ਉਲੰਪਿਕ ਖੇਡਾਂ ਤੋਂ ਬਾਅਦ ਬਹੁਤ ਉਤਰਾਅ-ਚੜ੍ਹਾਅ ਆਏ, ਪਰ ਪਿਛਲੇ ਕੁਝ ਵਿਸ਼ਵ ਪੱਧਰੀ ਟੂਰਨਾਮੈਂਟਾਂ ਵਿਚ ਸ਼ਰਮਨਾਕ ਪ੍ਰਦਰਸ਼ਨ ਪਿਛੋਂ ਦਾਅਵੇ ਕਰਨ ਲਈ ਕੁਝ ਵੀ ਬਾਕੀ ਨਹੀਂ ਰਹਿ ਗਿਆ। ਹਰ ਸਾਲ ਦੇ ਅਖੀਰ ਵਿਚ ਐਫ. ਆਈ. ਐਚ. ਵੱਲੋਂ ਬੈਸਟ ਖਿਡਾਰੀ ਦਾ ਨਾਮ ਜਾਰੀ ਕੀਤਾ ਜਾਂਦਾ ਹੈ, ਪਰ ਅਫਸੋਸ ਕਿ ਅੱਜ ਤੱਕ ਕਿਸੇ ਵੀ ਭਾਰਤੀ ਖਿਡਾਰੀ ਦਾ ਨਾਂ ਇਸ ਸੂਚੀ ਵਿਚ ਦੇਖਣ ਨੂੰ ਨਹੀਂ ਮਿਲਦਾ।

ਭਾਰਤੀ ਹਾਕੀ ਫੈਡਰੇਸ਼ਨ ਦੀ ਇਹ ਤ੍ਰਾਸਦੀ ਰਹੀ ਹੈ ਕਿ ਇਹ ਪ੍ਰਧਾਨਗੀ ਦੇ ਅਹੁਦੇ ਨੂੰ ਲੈ ਕੇ ਹਮੇਸ਼ਾ ਵਿਵਾਦਾਂ ਵਿਚ ਘਿਰੀ ਰਹੀ। ਆਈ. ਜੀ. ਅਸ਼ਵਨੀ ਕੁਮਾਰ, ਜੋ ਲੰਮਾ ਸਮਾਂ ਪ੍ਰਧਾਨ ਰਹੇ ਅਤੇ ਇਸ ਖੇਡ ਨੂੰ ਇੰਨਾ ਪਿਆਰ ਕਰਦੇ ਸਨ ਕਿ ਆਪਣੀਆਂ ਦੋਹਾਂ ਧੀਆਂ ਨੂੰ 'ਹਾਕੀ-ਬਾਲ' ਕਹਿ ਕੇ ਬੁਲਾਉਂਦੇ ਸਨ। ਇਤਿਹਾਸ ਗਵਾਹ ਹੈ ਕਿ ਉਨ੍ਹਾਂ ਦੀ ਪ੍ਰਧਾਨਗੀ ਹੇਠ ਭਾਰਤੀ ਟੀਮ ਕਦੀ ਵੀ ਮੈਡਲ ਤੋਂ ਖਾਲੀ ਨਹੀਂ ਸੀ ਆਈ। ਖੇਡ ਪ੍ਰੇਮੀ ਜਾਣਦੇ ਹਨ ਕਿ ਉਨ੍ਹਾਂ ਦੀ ਅਗਵਾਈ ਵਿਚ ਬੀ. ਐਸ. ਐਫ. ਨੇ ਖੇਡਾਂ ਵਿਚ ਵੱਡੀਆਂ ਮੱਲਾਂ ਮਾਰੀਆਂ। ਉਹ ਖਿਡਾਰੀਆਂ ਨੂੰ ਗਰਾਊਂਡ ਵਿਚ ਹੀ ਤਰੱਕੀ ਦੇ ਹੁਕਮ ਸੁਣਾ ਦਿੰਦੇ ਸਨ, ਪਰ ਅਫਸੋਸ! ਕੁਝ ਵਿਰੋਧ ਕਰਨ ਵਾਲੇ ਲੋਕ ਉਨ੍ਹਾਂ ਨੂੰ ਪੁਲਿਸ ਰਾਜ ਨਾਲ ਜੋੜ ਕੇ ਬਦਨਾਮ ਕਰਦੇ ਅਤੇ ਬਦਲਾਓ ਦੀ ਮੰਗ ਕਰਦੇ ਰਹਿੰਦੇ। ਮਿਸਾਲ ਵਜੋਂ 1974 ਦੀਆਂ ਤਹਿਰਾਨ (ਇਰਾਨ) ਏਸ਼ਿਆਈ ਖੇਡਾਂ ਸਮੇਂ ਫੈਡਰੇਸ਼ਨ ਦੀ ਬੜੀ ਖਸਤਾ ਹਾਲਤ ਸੀ ਤੇ ਭਾਰਤੀ ਟੀਮ ਦਾ ਕੋਈ ਵਾਰਸ ਨਹੀਂ ਸੀ, ਜਿਸ ਦਾ ਸਿੱਟਾ ਇਹ ਹੋਇਆ ਕਿ ਰਾਜਨੀਤੀ ਦਾ ਸਹਾਰਾ ਲੈ ਕੇ ਅਸ਼ਵਨੀ ਕੁਮਾਰ ਨੂੰ ਇਕ ਗੁਪਤੀ ਮੀਟਿੰਗ ਵਿਚ ਗੈਰਹਾਜ਼ਰ ਸਾਬਤ ਕਰ ਕੇ ਮਦਰਾਸ ਦੇ ਰਈਸ ਰਾਮਾਸਵਾਮੀ ਨੂੰ ਪ੍ਰਧਾਨ ਬਣਾ ਦਿੱਤਾ ਗਿਆ। ਉਸ ਨੂੰ ਹਾਕੀ ਦਾ ਬਹੁਤਾ ਤਜਰਬਾ ਤਾਂ ਨਹੀਂ ਸੀ, ਪਰ 1975 ਵਾਲਾ ਵਿਸ਼ਵ ਕੱਪ ਜਿੱਤਣ ਦਾ ਮਾਣ ਜ਼ਰੂਰ ਪ੍ਰਾਪਤ ਹੈ। ਉਂਜ, ਉਹ ਵੀ ਬਹੁਤ ਸਮਾਂ ਨਾ ਟਿਕ ਸਕਿਆ। ਫਿਰ ਦਿੱਲੀ ਦੇ ਇੰਦਰਮੋਹਨ ਮਹਾਜਨ ਨੂੰ ਪ੍ਰਧਾਨ ਬਣਾਇਆ ਗਿਆ। ਮਹਾਜਨ ਵੀ ਧੜੱਲੇਦਾਰ ਪੁਲਿਸ ਅਫਸਰ ਸੀ ਅਤੇ ਪਿਛੋਕੜ ਹਾਕੀ ਨਾਲ ਜੁੜਿਆ ਹੋਣ ਕਰ ਕੇ ਖੇਡ ਬਾਰੇ ਪੂਰੀ ਜਾਣਕਾਰੀ ਸੀ ਅਤੇ ਵਧੀਆ ਸੋਚ ਰੱਖਦੇ ਸਨ। ਉਨ੍ਹਾਂ ਨੂੰ ਲੱਕੀ ਮੈਨੇਜਰ ਵਜੋਂ ਵੀ ਜਾਣਿਆ ਜਾਂਦਾ ਸੀ, ਕਿਉਂਕਿ ਉਨ੍ਹਾਂ ਦੀ ਲੀਡਰਸ਼ਿਪ ਹੇਠਾਂ ਹੀ 1964 ਦੀਆਂ ਟੋਕੀਓ ਉਲੰਪਿਕ ਖੇਡਾਂ ਅਤੇ 1966 ਦੀਆਂ ਬੈਂਕਾਕ ਏਸ਼ਿਆਈ ਖੇਡਾਂ ਵਿਚ ਗੋਲਡ ਮੈਡਲ ਹਾਸਲ ਹੋਇਆ ਸੀ; ਪਰ ਦਿੱਲੀ ਏਸ਼ਿਆਈ ਫਾਈਨਲ ਵਿਚ ਪਾਕਿਸਤਾਨ ਤੋਂ 7-1 ਗੋਲਾਂ ਦੀ ਹਾਰ ਹੋਣ ਕਰ ਕੇ ਉਹ ਵੀ ਪ੍ਰਧਾਨਗੀ ਦੇ ਅਹੁਦੇ ਤੋਂ ਕਿਨਾਰਾ ਹੋ ਗਏ।

ਇੰਡੀਅਨ ਏਅਰਲਾਈਨਜ਼ ਦੇ ਸੀ. ਈ. ਓ., ਆਰ. ਪ੍ਰਸ਼ਾਦ ਵੀ ਪ੍ਰਧਾਨਗੀ ਦੇ ਅਹੁਦੇ 'ਤੇ ਬਿਰਾਜਮਾਨ ਰਹੇ। ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹ ਨਰਮ ਸੁਭਾਅ ਵਾਲੇ ਸ਼ਖਸ ਸਨ ਅਤੇ ਢਾਕਾ ਏਸ਼ੀਆ ਹਾਕੀ ਕੱਪ ਵਿਚ ਕੁਝ ਖਿਡਾਰੀਆਂ ਦੇ ਸਸਪੈਂਡ ਹੋਣ ਕਰ ਕੇ ਅਹੁਦੇ ਨੂੰ ਅਲਵਿਦਾ ਆਖ ਗਏ। ਫਿਰ ਕੇ. ਪੀ. ਐਸ. ਗਿੱਲ ਲੰਮਾ ਸਮਾਂ ਭਾਰਤੀ ਹਾਕੀ ਬਾਡੀ ਦੇ ਪ੍ਰਧਾਨ ਬਣੇ ਰਹੇ। ਉਨ੍ਹਾਂ ਦੇ ਰਾਜ-ਭਾਗ ਹੇਠਾਂ ਭਾਵੇਂ ਭਾਰਤੀ ਟੀਮ ਨੇ 1998 ਦੀਆਂ ਏਸ਼ਿਆਈ ਖੇਡਾਂ ਅਤੇ 2003 ਵਾਲਾ ਏਸ਼ੀਆ ਕੱਪ ਜਿੱਤਿਆ, ਪਰ 2008 ਵਿਚ ਪੇਈਚਿੰਗ (ਚੀਨ) ਉਲੰਪਿਕ ਵਿਚ ਕੁਆਲੀਫਾਈ ਨਾ ਹੋਣ ਕਰ ਕੇ ਅਤੇ ਖਿਡਾਰੀਆਂ ਵੱਲੋਂ ਐਜੀਟੇਸ਼ਨ ਤੋਂ ਇਲਾਵਾ ਮਹਿਲਾ ਆਈ. ਏ. ਐਸ. ਅਫਸਰ ਰੂਪਨ ਦਿਓਲ ਵੱਲੋਂ 1988 ਵਿਚ ਛੇੜ-ਛਾੜ ਦਾ ਕੇਸ ਦਰਜ ਹੋਣ ਕਰ ਕੇ ਭਾਰਤੀ ਉਲੰਪਿਕ ਸੰਘ ਨੇ ਗਿੱਲ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਖਾਰਜ ਕਰ ਦਿੱਤਾ।

ਅੱਜ ਇੰਡੀਆ ਹਾਕੀ ਦੀ ਵਾਗਡੋਰ ਡਾ. ਨਰਿੰਦਰ ਬੱਤਰਾ, ਜਿਨ੍ਹਾਂ ਨੂੰ ਆਈ. ਓ. ਸੀ. ਦੇ ਮੈਂਬਰ ਅਤੇ ਐਫ. ਆਈ. ਐਚ. ਦੇ ਪਹਿਲੇ ਭਾਰਤੀ ਪ੍ਰਧਾਨ ਹੋਣ ਦਾ ਮਾਣ ਪ੍ਰਾਪਤ ਹੈ, ਕੋਲ ਹੈ। ਜਾਣਕਾਰੀ ਮੁਤਾਬਕ, ਉਹ ਆਪਣੇ ਸਮੇਂ ਦੇ ਹਾਕੀ ਖਿਡਾਰੀ ਹੋਣ ਦੇ ਨਾਲ-ਨਾਲ ਚੰਗੀ ਸੋਚ ਵਾਲੇ ਨੇਕ ਇਨਸਾਨ ਹਨ, ਜੋ ਖੇਡ ਦੀ ਤਰੱਕੀ ਲਈ ਫਿਕਰਮੰਦ ਵੀ ਹਨ। ਇਸ ਗੱਲ ਦਾ ਅੰਦਾਜ਼ਾ ਅਸੀਂ ਇਥੋਂ ਲਾ ਸਕਦੇ ਹਾਂ ਕਿ 2023 ਵਿਚ ਭਾਰਤ ਵਿਚ ਹੋਣ ਵਾਲੇ ਵਿਸ਼ਵ ਕੱਪ ਅਤੇ ਮੁੰਬਈ ਵਿਚ ਹੋਣ ਵਾਲੀ ਪਹਿਲੀ ਵਾਰ ਆਈ. ਓ. ਸੀ. ਦੀ ਮੀਟਿੰਗ ਉਨ੍ਹਾਂ ਦਾ ਹੀ ਉਪਰਾਲਾ ਹੈ। ਇਹੀ ਨਹੀਂ, ਸੰਨ 2019 ਵਿਚ ਕੁਝ ਖਿਡਾਰੀ ਅਤੇ ਟੀਮਾਂ ਉਪਰ ਲਾਈ ਪਾਬੰਦੀ ਦੀ ਲਿਸਟ ਵੀ ਉਨ੍ਹਾਂ ਨੇ ਹੀ ਜਾਰੀ ਕੀਤੀ ਹੈ, ਜੋ ਹਾਕੀ ਇਤਿਹਾਸ ਵਿਚ ਪਹਿਲਾਂ ਕਦੀ ਦੇਖਣ ਨੂੰ ਨਹੀਂ ਮਿਲੀ। ਇਸ ਸੂਚੀ ਦਾ ਆਧਾਰ ਨਿਯਮਾਂ ਦੀ ਉਲੰਘਣਾ ਹੈ।

ਇਹ ਚੌਥਾ ਮੌਕਾ ਹੈ, ਜਦੋਂ ਭਾਰਤ ਵਿਚ ਵਿਸ਼ਵ ਕੱਪ, ਜੋ ਉੜੀਸਾ ਦੇ ਭੁਵਨੇਸ਼ਵਰ ਸ਼ਹਿਰ ਵਿਚ 13 ਤੋਂ 29 ਜਨਵਰੀ 2023 ਵਿਚ ਕਰਵਾਇਆ ਜਾਵੇਗਾ। ਇਸ ਤੋਂ ਪਹਿਲਾਂ ਇਹ 1982 ਵਿਚ ਮੁੰਬਈ, 2010 ਵਿਚ ਦਿੱਲੀ ਅਤੇ

*(ਬਾਕੀ ਅਗਲੇ ਸਫੇ 'ਤੇ)*



ਡਾ. ਨਰਿੰਦਰ ਬੱਤਰਾ

***ਅੱਜ ਇੰਡੀਆ ਹਾਕੀ ਦੀ ਵਾਗਡੋਰ ਡਾ. ਨਰਿੰਦਰ ਬੱਤਰਾ, ਜਿਨ੍ਹਾਂ ਨੂੰ ਆਈ. ਓ. ਸੀ. ਦੇ ਮੈਂਬਰ ਅਤੇ ਐਫ. ਆਈ. ਐਚ. ਦੇ ਪਹਿਲੇ ਭਾਰਤੀ ਪ੍ਰਧਾਨ ਹੋਣ ਦਾ ਮਾਣ ਪ੍ਰਾਪਤ ਹੈ, ਕੋਲ ਹੈ। ਜਾਣਕਾਰੀ ਮੁਤਾਬਕ, ਉਹ ਆਪਣੇ ਸਮੇਂ ਦੇ ਹਾਕੀ ਖਿਡਾਰੀ ਹੋਣ ਦੇ ਨਾਲ-ਨਾਲ ਚੰਗੀ ਸੋਚ ਵਾਲੇ ਨੇਕ ਇਨਸਾਨ ਹਨ, ਜੋ ਖੇਡ ਦੀ ਤਰੱਕੀ ਲਈ ਫਿਕਰਮੰਦ ਵੀ ਹਨ। ਇਸ ਗੱਲ ਦਾ ਅੰਦਾਜ਼ਾ ਅਸੀਂ ਇਥੋਂ ਲਾ ਸਕਦੇ ਹਾਂ ਕਿ 2023 ਵਿਚ ਭਾਰਤ ਵਿਚ ਹੋਣ ਵਾਲੇ ਵਿਸ਼ਵ ਕੱਪ ਅਤੇ ਮੁੰਬਈ ਵਿਚ ਹੋਣ ਵਾਲੀ ਪਹਿਲੀ ਵਾਰ ਆਈ. ਓ. ਸੀ. ਦੀ ਮੀਟਿੰਗ ਉਨ੍ਹਾਂ ਦਾ ਹੀ ਉਪਰਾਲਾ ਹੈ।***

***ਭਾਰਤੀ ਹਾਕੀ ਫੈਡਰੇਸ਼ਨ ਦੀ ਇਹ ਤ੍ਰਾਸਦੀ ਰਹੀ ਹੈ ਕਿ ਇਹ ਪ੍ਰਧਾਨਗੀ ਦੇ ਅਹੁਦੇ ਨੂੰ ਲੈ ਕੇ ਹਮੇਸ਼ਾ ਵਿਵਾਦਾਂ ਵਿਚ ਘਿਰੀ ਰਹੀ। ਆਈ. ਜੀ. ਅਸ਼ਵਨੀ ਕੁਮਾਰ, ਜੋ ਲੰਮਾ ਸਮਾਂ ਪ੍ਰਧਾਨ ਰਹੇ ਅਤੇ ਇਸ ਖੇਡ ਨੂੰ ਇੰਨਾ ਪਿਆਰ ਕਰਦੇ ਸਨ ਕਿ ਆਪਣੀਆਂ ਦੋਹਾਂ ਧੀਆਂ ਨੂੰ 'ਹਾਕੀ-ਬਾਲ' ਕਹਿ ਕੇ ਬੁਲਾਉਂਦੇ ਸਨ। ਇਤਿਹਾਸ ਗਵਾਹ ਹੈ ਕਿ ਉਨ੍ਹਾਂ ਦੀ ਪ੍ਰਧਾਨਗੀ ਹੇਠ ਭਾਰਤੀ ਟੀਮ ਕਦੀ ਵੀ ਮੈਡਲ ਤੋਂ ਖਾਲੀ ਨਹੀਂ ਸੀ ਆਈ। ਖੇਡ ਪ੍ਰੇਮੀ ਜਾਣਦੇ ਹਨ ਕਿ ਉਨ੍ਹਾਂ ਦੀ ਅਗਵਾਈ ਵਿਚ ਬੀ. ਐਸ. ਐਫ. ਨੇ ਖੇਡਾਂ ਵਿਚ ਵੱਡੀਆਂ ਮੱਲਾਂ ਮਾਰੀਆਂ। ਉਹ ਖਿਡਾਰੀਆਂ ਨੂੰ ਗਰਾਊਂਡ ਵਿਚ ਹੀ ਤਰੱਕੀ ਦੇ ਹੁਕਮ ਸੁਣਾ ਦਿੰਦੇ ਸਨ, ਪਰ ਅਫਸੋਸ! ਕੁਝ ਵਿਰੋਧ ਕਰਨ ਵਾਲੇ ਲੋਕ ਉਨ੍ਹਾਂ ਨੂੰ ਪੁਲਿਸ ਰਾਜ ਨਾਲ ਜੋੜ ਕੇ ਬਦਨਾਮ ਕਰਦੇ ਅਤੇ ਬਦਲਾਓ ਦੀ ਮੰਗ ਕਰਦੇ ਰਹਿੰਦੇ।***



ਅਸ਼ਵਨੀ ਕੁਮਾਰ

# ਟਿਕਰੀ ਸਰਹੱਦ 'ਤੇ ਵਸਾਇਆ 'ਪਿੰਡ ਕੈਲੀਫੋਰਨੀਆ'

ਕਿਸਾਨ ਅੰਦੋਲਨ ਨੇ ਕਈ ਨਵੇਂ ਕੀਰਤੀਮਾਨ ਸਿਰਜ ਦਿੱਤੇ ਹਨ। ਜਿਹੜੀਆਂ ਸਹੂਲਤਾਂ ਕਿਸਾਨਾਂ ਨੂੰ ਪਿੰਡਾਂ ਵਿਚ ਪੈਸੇ ਖਰਚ ਕੇ ਵੀ ਨਹੀਂ ਸਨ ਮਿਲਦੀਆਂ, ਉਹ ਅੰਦੋਲਨ ਵਿਚ ਮੁਫਤ ਮਿਲ ਰਹੀਆਂ ਹਨ। ਟਿਕਰੀ ਸਰਹੱਦ 'ਤੇ ਅਮਰੀਕਾ ਤੋਂ ਆਇਆ 35 ਸਾਲਾ ਨੌਜਵਾਨ ਦਿਲ ਦੀਆਂ ਬਿਮਾਰੀਆਂ ਦਾ ਡਾਕਟਰ ਸਵੈਮਾਨ ਸਿੰਘ ਪੱਖੋਕੇ ਬਹੁਤ ਹੀ ਸਾਧਾਰਨ ਪਹਿਰਾਵੇ ਵਿਚ ਮਰੀਜ ਵੇਖਦਾ ਅਤੇ ਉਸ ਵਲੋਂ ਬਣਾਏ ਗਏ ਹਸਪਤਾਲ ਦੇ ਕੰਮ ਕਾਜ ਦੀ ਨਿਗਰਾਨੀ ਕਰਦਾ ਦਿਸੇਗਾ। ਕਈ ਵਾਰ ਉਹ ਖੁਦ ਹੀ ਸਫਾਈ ਕਰਦਾ ਹੈ। ਉਸ ਨੇ ਧਾਰਮਿਕ ਅਤੇ ਦੇਸ਼ ਭਗਤੀ ਦੀਆਂ

**ਉਜਾਗਰ ਸਿੰਘ**
**ਫੋਨ: 91-94178-13072**

ਪੁਸਤਕਾਂ ਦਾ ਲੰਗਰ ਵੀ ਲਾਇਆ ਹੋਇਆ ਹੈ। ਹਰ ਮਰੀਜ਼ ਤੇ ਮਿਲਣ ਵਾਲੇ ਨਾਲ ਅਪਣਤ ਇੰਨੀ ਕਰਦਾ ਹੈ ਕਿ ਲਗਦਾ ਹੀ ਨਹੀਂ ਕਿ ਕਿਸੇ ਅਣਜਾਣ ਨਾਲ ਗੱਲ ਕਰ ਰਹੇ ਹੋਵੋ। ਸੇਵਾ ਕਰਨ ਦਾ ਜਜ਼ਬਾ ਵੀ ਉਸ ਦਾ ਵੇਖਣ ਵਾਲਾ ਹੈ। ਨਿਊ ਜਰਸੀ ਸਟੇਟ ਤੋਂ ਆਏ ਡਾ. ਸਵੈਮਾਨ ਸਿੰਘ ਪੱਖੋਕੇ ਨੇ ਟਿਕਰੀ ਸਰਹੱਦ 'ਤੇ 'ਰਿਵਰਜ਼ ਹਰਟ ਐਸੋਸੀਏਸ਼ਨ ਜੈਕਸਨ, ਨਿਊ ਜਰਸੀ' ਵੱਲੋਂ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੀ ਸੰਗਤ ਦੇ ਸਹਿਯੋਗ ਨਾਲ ਬਣਾਏ ਇਸ ਮੇਕ ਸ਼ਿਫਟ ਹਸਪਤਾਲ ਵਿਚ ਪੰਜਾਬ ਅਤੇ ਚੰਡੀਗੜ੍ਹ ਤੋਂ 10 ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰਾਂ ਤੇ ਪੈਰਾ ਮੈਡੀਕਲ ਸਟਾਫ ਦੀ ਟੀਮ ਕਿਸਾਨਾਂ ਦੇ ਇਲਾਜ ਲਈ ਤਤਪਰ ਰਹਿੰਦੀ ਹੈ। ਉਹ ਕਹਿੰਦੇ ਹਨ ਕਿ ਗੰਭੀਰ ਬਿਮਾਰੀ ਦੀ ਸੂਰਤ ਵਿਚ ਸੰਸਾਰ ਪੱਧਰ ਦੇ ਮਾਹਿਰ ਡਾਕਟਰਾਂ ਦੀ ਰਾਏ ਲੈਣ ਲਈ ਟੈਲੀ ਮੈਡੀਸਨ ਦੀ ਪ੍ਰਣਾਲੀ ਵੀ ਅਪਨਾਵਾਂਗੇ। ਹਰ ਰੋਜ਼ ਲਗਪਗ 6000 ਮਰੀਜ਼ ਆਉਂਦੇ ਹਨ। ਸਾਰਿਆਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਂਦੀਆਂ ਹਨ। ਡਾ. ਸਵੈਮਾਨ ਸਿੰਘ ਪੱਖੋਕੇ ਨੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਸਵੈ ਇੱਛਤ ਸੰਸਥਾਵਾਂ ਅਤੇ ਸਥਾਨਕ ਲੋਕਾਂ ਦੇ ਸਹਿਯੋਗ ਨਾਲ 100 ਲੜਕੇ ਅਤੇ ਲੜਕੀਆਂ ਵਾਲੰਟੀਅਰਜ਼ ਬਣਾਏ ਹਨ, ਜੋ ਲੋਕ ਸੇਵਾ ਵਿਚ ਜੁਟੇ ਰਹਿੰਦੇ ਹਨ।

ਜਦੋਂ ਡਾ. ਸਵੈਮਾਨ ਸਿੰਘ ਆਪਣੀ ਨੌਕਰੀ ਛੱਡ ਕੇ ਟਿਕਰੀ ਸਰਹੱਦ ਉਪਰ ਪਹੁੰਚਿਆ ਸੀ ਤਾਂ ਉਹ ਇਕੱਲਾ ਸੀ, ਪਰ ਉਸ ਨੂੰ ਕੁਝ ਸਾਥੀ ਰੁਪਿੰਦਰ ਸਿੰਘ ਹੋਰੀਂ ਮਿਲੇ ਤੇ ਕਾਫਲਾ ਵਧਦਾ ਗਿਆ। 100 ਤਾਂ ਪੱਕੇ ਉਸ ਦੇ ਨਾਲ ਸੇਵਾ ਵਿਚ ਜੁਟੇ ਰਹਿੰਦੇ ਹਨ, ਕਈ ਪਿੰਡਾਂ ਤੋਂ ਵਾਰੀ ਬੰਨ੍ਹ ਕੇ ਆਉਂਦੇ ਹਨ। ਹਸਪਤਾਲ ਅਤੇ ਰੈਣ ਬਸੇਰੇ ਵਿਚ ਸਫਾਈ, ਪੀਣ ਵਾਲਾ ਸਾਫ ਸੁਥਰਾ ਪਾਣੀ ਅਤੇ ਹੋਰ ਰੋਜ਼ ਮੱਰ੍ਹਾ ਦੀ ਵਰਤੋਂ ਵਾਲੀਆਂ ਚੀਜ਼ਾਂ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਕਰੀਬ 4000 ਔਰਤਾਂ ਦੇ ਠਹਿਰਨ ਲਈ ਇਕ ਰੈਣ ਬਸੇਰਾ ਬਣਾਇਆ ਹੋਇਆ ਹੈ। ਔਰਤਾਂ ਦੇ ਨਹਾਉਣ ਲਈ ਗਰਮ ਪਾਣੀ ਦੇ ਗੀਜ਼ਰ ਸਮੇਤ ਹੋਰ ਵੀ ਸਹੂਲਤਾਂ ਹਨ। ਇਸ ਕੰਪਲੈਕਸ ਦਾ ਨਾਮ ਉਨ੍ਹਾਂ 'ਪਿੰਡ ਕੈਲੀਫੋਰਨੀਆ' ਰੱਖਿਆ। ਡਾ. ਸਵੈਮਾਨ ਸਿੰਘ ਪੱਖੋਕੇ ਦਸਦੇ ਹਨ ਕਿ ਪੰਜਾਬ ਦੇ ਇਕ ਰਾਜਨੇਤਾ ਨੇ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦਾ ਐਲਾਨ ਕੀਤਾ ਸੀ, ਪਰ ਉਹ ਉਨ੍ਹਾਂ ਦਾ ਸਪਨਾ ਪੂਰਾ ਨਹੀਂ ਹੋਇਆ। ਇਸ ਲਈ ਮੈਂ ਇਸ ਦਾ ਨਾਮ 'ਪਿੰਡ ਕੈਲੀਫੋਰਨੀਆ' ਰੱਖਿਆ ਹੈ। ਕੈਲੀਫੋਰਨੀਆ ਵਿਚ ਤਿੰਨ ਸਹੂਲਤਾਂ ਹਰ ਨਾਗਰਿਕ ਨੂੰ ਮਿਲਦੀਆਂ ਹਨ। ਇਸ ਪਿੰਡ ਵਿਚ ਵੀ ਉਹੀ ਤਿੰਨ ਸਹੂਲਤਾਂ-ਸਿਖਿਆ, ਸਿਹਤ ਅਤੇ ਸਵੱਛ ਵਾਤਵਰਨ ਇਥੇ ਦਿੱਤਾ ਜਾਵੇਗਾ। ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਵੱਲੋਂ ਧਾਰਮਿਕ ਅਤੇ ਨੈਤਿਕ ਵਿਦਿਆ ਦੇਣ ਲਈ ਇਕ ਸਕੂਲ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅਸੀਂ ਤਿੰਨ ਸਾਲ ਦਾ ਪ੍ਰਬੰਧ ਕਰ ਰਹੇ ਹਾਂ। ਜੇ ਲੋੜ ਪਈ ਤਾਂ ਹੋਰ ਵੀ ਵਧਾ ਲਵਾਂਗੇ। ਇਕ ਮੀਡੀਆ ਰੂਮ ਬਣਾਇਆ ਜਾ ਰਿਹਾ ਹੈ, ਜਿਥੇ ਮੁਫਤ ਵਾਈ ਫਾਈ ਦੀ ਸਹੂਲਤ ਹੋਵੇਗੀ। ਇਸ ਸਾਰੇ ਕੁਝ ਲਈ ਅਸੀਂ ਕਿਸੇ ਤੋਂ ਚੰਦਾ ਨਹੀਂ ਲੈਂਦੇ, ਪਰ ਸਾਡੇ ਮਿੱਤਰ, ਸਹਿਯੋਗੀ ਅਤੇ ਗੁਰੂ ਘਰਾਂ ਦੇ ਪ੍ਰਬੰਧਕ, ਜਦੋਂ ਅਸੀਂ ਕਿਸੇ ਚੀਜ ਲਈ ਕਹਿੰਦੇ ਹਾਂ, ਉਹ ਤੁਰੰਤ ਪਹੁੰਚਾ ਦਿੰਦੇ ਹਨ।

ਡਾ. ਸਵੈਮਾਨ ਸਿੰਘ ਪੱਖੋਕੇ ਨੇ ਜਦੋਂ ਅਮਰੀਕਾ ਵਿਚ ਕਿਸਾਨ ਅੰਦੋਲਨ ਦੀ ਇਕ ਵੀਡੀਓ ਵੇਖੀ, ਜਿਸ ਵਿਚ ਬਜੁਰਗ, ਬੱਚੇ ਅਤੇ ਬੀਬੀਆਂ ਕੜਾਕੇ ਦੀ ਠੰਡ ਵਿਚ ਡਟੇ ਹੋਏ ਹਨ ਤਾਂ ਉਸੇ ਵਕਤ ਉਨ੍ਹਾਂ ਨੇ ਅੰਦੋਲਨ ਵਿਚ ਆ ਕੇ ਸਿਹਤ ਸਹੂਲਤਾਂ ਦੇਣ ਦਾ ਫੈਸਲਾ ਕੀਤਾ ਅਤੇ ਮਨ ਵਿਚ



**ਡਾ. ਸਵੈਮਾਨ ਸਿੰਘ ਪੱਖੋਕੇ**

ਸੋਚਿਆ ਕਿ ਮੇਰੇ ਡਾਕਟਰ ਹੋਣ ਦਾ ਕੀ ਲਾਭ, ਜੇ ਮੈਂ ਆਪਣਿਆਂ ਦੇ ਕੰਮ ਨਾ ਆ ਸਕਾਂ! ਜਦੋਂ ਉਹ ਅਮਰੀਕਾ ਤੋਂ ਆਏ ਸਨ ਤਾਂ ਉਹ ਆਪਣੀ ਸੰਸਥਾ ਵੱਲੋਂ ਅੰਦੋਲਨ ਵਿਚ ਹਿੱਸਾ ਲੈ ਰਹੇ ਲੋਕਾਂ ਦੀ ਸਿਰਫ ਸਿਹਤ ਲਈ ਮੈਡੀਕਲ ਸਹੂਲਤ ਦੇਣ ਦੇ ਮੰਤਵ ਨਾਲ ਪਹੁੰਚੇ ਸਨ, ਪਰ ਫਿਰ ਉਨ੍ਹਾਂ ਨੇ ਸਿਹਤ ਸਹੂਲਤਾਂ ਦੇ ਨਾਲ ਹੀ ਆਪ ਮੂਹਰੇ ਲੱਗ ਕੇ ਸਫਾਈ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇ ਮਨ ਵਿਚ ਆਇਆ ਕਿ ਲੋਕਾਂ ਨੂੰ ਵੀ ਸਫਾਈ ਬਾਰੇ ਜਾਗਰੂਕ ਕੀਤਾ ਜਾਵੇ। ਇਕ ਦਿਨ ਉਨ੍ਹਾਂ ਇਕ ਬਜੁਰਗ ਨੂੰ ਸਰਦੀ ਕਰਕੇ ਠੰਡ ਲੱਗਣ ਨਾਲ ਤੜਪਦੇ ਸਵਰਗਵਾਸ ਹੁੰਦੇ ਵੇਖਿਆ ਤਾਂ ਉਨ੍ਹਾਂ ਦੇ ਮਨ 'ਤੇ ਇਸ ਘਟਨਾ ਦਾ ਗਹਿਰਾ ਪ੍ਰਭਾਵ ਪਿਆ। ਉਸੇ ਵਕਤ ਉਨ੍ਹਾਂ ਨੇ ਇਕ ਰੈਣ ਬਸੇਰਾ ਬਣਾਉਣ ਦਾ ਫੈਸਲਾ ਕਰ ਲਿਆ। ਬੜੀ ਜਦੋਜਹਿਦ ਪਿਛੋਂ ਇਕ ਸਰਕਾਰੀ ਬਸ ਸਟੈਂਡ ਦੀ ਅਧੂਰੀ ਇਮਾਰਤ ਪਤਾ ਲੱਗੀ ਤਾਂ ਸਰਕਾਰ ਨਾਲ ਤਾਲਮੇਲ ਕਰਕੇ ਉਸ ਨੂੰ ਆਪਣੇ ਖਰਚੇ 'ਤੇ ਸਰਕਾਰੀ ਸਪੈਸੀਫੀਕੇਸਨ ਮੁਤਾਬਕ ਮੁਕੰਮਲ ਕਰਵਾਇਆ।

ਡਾ. ਸਵੈਮਾਨ ਸਿੰਘ ਦਾ ਜਨਮ ਅੰਮ੍ਰਿਤਸਰ ਜਿਲੇ ਦੇ ਪਿੰਡ ਪੱਖੋਕੇ ਵਿਚ 9 ਮਈ 1986 ਵਿਚ ਮਾਤਾ ਸੁਰਿੰਦਰ ਕੌਰ ਅਤੇ ਪਿਤਾ ਜਸਵਿੰਦਰਪਾਲ ਸਿੰਘ ਪੱਖੋਕੇ ਦੇ ਘਰ ਹੋਇਆ। ਅੱਜ ਕਲ੍ਹ ਇਹ ਪਿੰਡ ਤਰਨਤਾਰਨ ਜਿਲੇ ਵਿਚ ਹੈ। ਚੌਥੀ ਤੱਕ ਦੀ ਪੜ੍ਹਾਈ ਉਨ੍ਹਾਂ ਅੰਮ੍ਰਿਤਸਰ ਪ੍ਰਾਪਤ ਕੀਤੀ। ਉਨ੍ਹਾਂ ਐਮ. ਬੀ. ਬੀ. ਐਸ. ਅਮੈਰਿਕਨ ਯੂਨੀਵਰਸਿਟੀ ਆਫ ਐਨਟੀਗੁਆ ਤੋਂ ਇਨਟਰਨਲ ਮੈਡੀਸਨ ਰੈਜੀਡੈਂਸੀ ਹਨੇਮਨ ਡਰੈਕਸਲ ਯੂਨੀਵਰਸਿਟੀ ਫਿਲਾਡੈਲਫੀਆ ਅਤੇ ਕਾਰਡੀਆਲੋਜੀ ਫੈਲੋਸ਼ਿਪ ਤੀਜਾ ਸਾਲ ਬੈਥ ਇਸਰਾਈਲ ਹਾਸਪੀਟਲ ਨਿਊ ਯਾਰਕ/ਨਿਊ ਜਰਸੀ ਵਿਖੇ ਕੀਤੀ। ਹੁਣ ਉਨ੍ਹਾਂ ਨੂੰ 5 ਲੱਖ ਡਾਲਰ ਸਾਲਾਨਾ ਦੀ ਨੌਕਰੀ ਦੀ ਆਫਰ ਸੀ, ਪਰ ਉਨ੍ਹਾਂ ਕਿਸਾਨ ਅੰਦੋਲਨ ਵਿਚ ਸੇਵਾ ਕਰਨ ਨੂੰ ਪਹਿਲ ਦਿੱਤੀ ਹੈ। ਪੜ੍ਹਾਈ ਦੌਰਾਨ ਉਨ੍ਹਾਂ ਦਾ ਕੈਰੀਅਰ ਸ਼ਾਨਦਾਰ ਰਿਹਾ ਹੈ। ਡਾ. ਸਵੈਮਾਨ ਸਿੰਘ ਪੱਖੋਕੇ ਦਾ ਵਿਆਹ 2014 ਵਿਚ ਕੁਲਕਿਰਨ ਪ੍ਰੀਤ ਕੌਰ ਨਾਲ ਹੋਇਆ, ਜੋ ਐਮ. ਬੀ. ਏ. ਹੈ। ਉਨ੍ਹਾਂ ਦੀ ਦੋ ਸਾਲ ਦੀ ਬੇਟੀ ਸਮਈਆ ਹੈ। ਉਨ੍ਹਾਂ ਦੇ ਮਾਤਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਨੌਕਰੀ ਕਰਦੇ ਸਨ। ਮਾਤਾ ਪਿਤਾ ਦੋਵੇਂ ਹੀ ਵਿਦਿਆਰਥੀ ਜੀਵਨ ਵਿਚ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਵਿਚ ਸਰਗਰਮੀ ਨਾਲ ਕੰਮ ਕਰਦੇ ਰਹੇ ਹਨ। ਜਸਵਿੰਦਰਪਾਲ ਸਿੰਘ ਪੱਖੋਕੇ ਤਾਂ ਇਸ ਦੀ ਪੰਜਾਬ ਇਕਾਈ ਦੇ ਪ੍ਰਧਾਨ ਸਨ ਅਤੇ ਸੁਰਿੰਦਰ ਕੌਰ ਕਾਰਜਕਾਰੀ ਮੈਂਬਰ ਰਹੇ ਹਨ। ਸੁਰਿੰਦਰ ਕੌਰ ਯੂਨੀਵਰਸਿਟੀ ਦੀ ਕਰਮਚਾਰੀ ਐਸੋਸੀਏਸ਼ਨ ਵਿਚ ਵੀ ਸਰਗਰਮ ਰਹੇ ਹਨ।

ਸਵੈਮਾਨ ਸਿੰਘ ਦੇ ਪਿਤਾ 1993 ਵਿਚ ਅਮਰੀਕਾ ਆ ਗਏ ਸਨ। ਉਹ ਆਪਣੀ ਮਾਤਾ, ਵੱਡੇ ਭਰਾ ਸੰਗਰਾਮ ਸਿੰਘ ਅਤੇ ਭੈਣ ਕਮਲ ਨਾਲ 1997 ਵਿਚ ਅਮਰੀਕਾ ਆ ਗਏ। ਅਗਲੀ ਪੜ੍ਹਾਈ ਉਨ੍ਹਾਂ ਅਮਰੀਕਾ ਵਿਚ ਹੀ ਕੀਤੀ। ਅਮਰੀਕਾ ਵਿਚ ਸੈਟਲ ਹੋਣ ਲਈ ਸਾਰੇ ਪਰਿਵਾਰ ਨੂੰ ਸਖਤ ਮਿਹਨਤ ਕਰਨੀ ਪਈ। ਤਿੰਨੋ ਬੱਚੇ ਪੜ੍ਹਾਈ ਦੇ ਨਾਲ ਹੀ ਕੰਮ ਕਰਦੇ ਸਨ। ਸਵੈਮਾਨ ਸਿੰਘ ਪੱਖੋਕੇ ਕਾਊਂਟੀ ਕਾਲਜ ਵਿਚ ਪੜ੍ਹਦਿਆਂ ਪੰਦਰਾਂ ਘੰਟੇ ਸਟੋਰ 'ਤੇ ਕੰਮ ਕਰਦਾ ਰਿਹਾ। ਜਦੋਂ ਉਹ ਡਾਕਟਰੀ ਦੀ ਪੜ੍ਹਾਈ ਕਰਦਾ ਸੀ ਤਾਂ ਇੰਗਲੈਂਡ ਵਿਚ ਊਧਮ ਸਿੰਘ ਦੀ ਯਾਦਗਾਰ ਕੈਕਸਟਨ ਹਾਲ ਵੇਖਣ ਗਿਆ ਸੀ। ਉਨ੍ਹਾਂ ਦੇ ਪੜਨਾਨਾ ਤਾਰਾ ਸਿੰਘ ਨੇ ਜੈਤੋ ਦੇ ਮੋਰਚੇ ਦੇ ਤੀਜੇ ਜਥੇ ਵਿਚ ਗ੍ਰਿਫਤਾਰੀ ਦਿੱਤੀ ਅਤੇ ਨਾਭਾ ਜੇਲ੍ਹ ਵਿਚ ਤੇਜਾ ਸਿੰਘ ਸਮੁੰਦਰੀ ਨਾਲ ਨਜ਼ਰਬੰਦ ਰਹੇ। ਇਸੇ ਤਰ੍ਹਾਂ ਉਨ੍ਹਾਂ ਦੇ ਦਾਦਾ ਜਗਜੀਤ ਸਿੰਘ ਸਾਰੀ ਉਮਰ ਆਪਣੇ ਪਿੰਡ ਪੱਖੋਕੇ ਦੇ ਸਰਪੰਚ ਰਹੇ ਅਤੇ ਪੰਜਾਬੀ ਸੂਬਾ ਮੋਰਚੇ ਵਿਚ ਹਿੱਸਾ ਲੈਂਦੇ ਰਹੇ। ਉਨ੍ਹਾਂ ਦੇ ਪਿਤਾ ਕਿਤੇ ਵਜੋਂ ਵਕੀਲ ਸਨ। ਸਮਾਜ ਸੇਵਾ ਦੀ ਪ੍ਰਵਿਰਤੀ ਹੋਣ ਕਰਕੇ ਪਿੰਡ ਦੀ ਡਿਸਪੈਂਸਰੀ ਵਿਚ ਮੁਫਤ ਦਵਾਈਆਂ ਦਿੰਦੇ, ਕਿਸਾਨਾਂ ਦੇ ਹਿਤਾਂ ਲਈ ਕੰਮ ਕਰਦੇ, ਫੈਕਟਰੀ ਮਜ਼ਦੂਰਾਂ ਦੇ ਕੇਸ ਮੁਫਤ ਲੜਦੇ ਅਤੇ ਕਿਸਾਨਾਂ ਦੇ ਹਿਤਾਂ ਲਈ ਕੰਮ ਕਰਦੇ ਰਹੇ ਹਨ।

ਜਦੋਂ ਦਾ ਸਵੈਮਾਨ ਸਿੰਘ ਡਾਕਟਰ ਬਣਿਆ ਹੈ, ਉਦੋਂ ਤੋਂ ਹਰ ਸਾਲ ਪਿੰਡ ਪੱਖੋਕੇ ਜਾਂਦਾ ਹੈ। ਮਿੱਟੀ ਦਾ ਮੋਹ ਉਸ ਨੂੰ ਪੰਜਾਬ ਆਉਣ ਲਈ ਕੁਰੇਦਦਾ ਰਹਿੰਦਾ ਹੈ। ਪਿੰਡ ਦੀ ਡਿਸਪੈਂਸਰੀ ਵਿਚ ਤਾਂ ਹਰ ਰੋਜ਼ ਮੁਫਤ ਮਰੀਜ਼ ਵੇਖਦਾ ਅਤੇ ਮੁਫਤ ਦਵਾਈਆਂ ਦਿੰਦਾ ਹੈ। ਇਸ ਤੋਂ ਇਲਾਵਾ 5 ਰਿਵਰਜ਼ ਹਰਟ ਐਸੋਸੀਏਸ਼ਨ ਜੈਕਸਨ, ਨਿਊ ਜਰਸੀ ਵੱਲੋਂ ਪੰਜਾਬ ਵਿਚ ਘੱਟੋ ਘੱਟ 20 ਮੁਫਤ ਮੈਡੀਕਲ ਚੈਕਅਪ ਕੈਂਪ ਆਪਣੇ ਦੋਸਤ ਡਾਕਟਰਾਂ ਦੇ ਸਹਿਯੋਗ ਨਾਲ ਲਾਉਂਦਾ ਹੈ। ਇਸ ਸੰਸਥਾ ਦਾ ਪੰਜਾਬ ਵਿਚ ਕੰਮ ਕੰਵਰ ਸਰਾਏ ਵੇਖਦਾ ਹੈ। ਦਵਾਈਆਂ ਦੇ 10 ਬੈਗ ਭਰ ਕੇ ਅਮਰੀਕਾ ਤੋਂ ਲੈ ਕੇ ਜਾਂਦਾ ਹੈ। ਮਾਰਚ 2019 ਕਰੋਨਾ ਹੋਣ ਕਰਕੇ ਪਿੰਡਾਂ ਵਿਚ ਤਜਵੀਜ਼ਤ 18 ਕੈਂਪ ਲੱਗ ਨਹੀਂ ਸਕੇ, ਪਰ ਉਹ ਸਾਰੀਆਂ ਲੱਖਾਂ ਰੁਪਏ ਦੀਆਂ ਦਵਾਈਆਂ ਪੰਜਾਬ ਦੇ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੂੰ ਦੇ ਕੇ ਆਏ ਹਨ ਤਾਂ ਜੋ ਮਰੀਜ਼ਾਂ ਨੂੰ ਇਹ ਮੁਫਤ ਦਿੱਤੀਆਂ ਜਾਣ। ਉਸ ਨੇ ਵੈਬਸਾਈਟ 5riversheart.org ਬਣਾਈ ਹੋਈ ਹੈ।

# ਵਿਸ਼ਵ ਕੱਪ ਹਾਕੀ 2023 ਲਈ ਤਿਆਰੀ ਹੁਣ ਤੋਂ ਜ਼ਰੂਰੀ

*(ਪਿਛਲੇ ਸਫੇ ਦੀ ਬਾਕੀ)*

2018 ਵਿਚ ਉੜੀਸਾ ਵਿਚ ਹੀ ਹੋਇਆ ਸੀ। ਇਸ ਟੂਰਨਾਮੈਂਟ ਵਿਚ 16 ਟੀਮਾਂ ਹਿਸਾ ਲੈਣਗੀਆਂ, ਜੋ ਚਾਰ ਪੂਲ ਵਿਚ ਤਕਸੀਮ ਕਰ ਕੇ ਨਤੀਜੇ ਲੀਗ ਮੈਚਾਂ ਦੇ ਆਧਾਰ 'ਤੇ ਨਿਕਲਣਗੇ। ਮੌਜੂਦਾ ਐਫ. ਆਈ. ਐਚ. ਦੀ ਰੈਂਕਿੰਗ ਮੁਤਾਬਕ ਭਾਰਤ ਪੰਜਵੇਂ ਨੰਬਰ 'ਤੇ ਹੈ, ਪੌੜੀ ਦੇ ਪਹਿਲੇ ਡੰਡੇ ਤੱਕ ਪਹੁੰਚਣ ਲਈ ਤਿਆਰੀ ਹੁਣ ਤੋਂ ਸ਼ੁਰੂ ਕਰਨੀ ਹੋਵੇਗੀ। ਬਿਹਤਰ ਹੋਵੇਗਾ ਕਿ ਵਿਦੇਸ਼ੀ ਕੋਚ ਵੀ ਸੀਨੀਅਰ ਅਤੇ ਜੂਨੀਅਰ ਤੱਕ ਦੇ ਖਿਡਾਰੀਆਂ ਲਈ ਚੁਣ ਲਏ ਜਾਣ, ਕਿਉਂਕਿ ਜਦੋਂ ਭਾਰਤੀ ਹਾਕੀ ਨੇ ਆਪਣੇ ਗੌਰਵ, ਪਰੰਪਰਾ ਅਤੇ ਸ਼ੈਲੀ ਦਾ ਤਿਆਗ ਕਰ ਦਿੱਤਾ ਹੈ ਤਾਂ ਭਾਰਤੀ ਹਾਕੀ ਦਾ ਵਿਦੇਸ਼ੀਕਰਣ ਕਰਨ ਵਿਚ ਕੋਈ ਬੁਰਾਈ ਨਹੀਂ, ਪਰ ਆਪਣੇ ਕੋਚਾਂ ਅਤੇ ਆਪਣੀ ਹਾਕੀ ਨੂੰ ਵੀ ਨਾ ਭੁੱਲੀਏ। ਨਾਲੇ ਕਦੋਂ ਤੱਕ ਚੰਦ ਦੇ ਪਰਛਾਵੇਂ ਦਾ ਪਿੱਛਾ ਕਰਦੇ ਰਹਿਣਾ ਹੈ?

ਇਥੇ ਇਹ ਹਵਾਲਾ ਦੇਣਾ ਜ਼ਰੂਰੀ ਹੈ ਕਿ ਕੋਰੀਆ ਦੇ ਕਿਮ ਨਾਂ ਦੇ ਕੋਚ ਨੇ ਪਟਿਆਲਾ ਸਪੋਰਟਸ ਸੰਸਥਾ ਤੋਂ ਹੀ ਟਰੇਨਿੰਗ ਲੈ ਕੇ ਕੋਰੀਆ, ਚੀਨ ਅਤੇ ਜਾਪਾਨ ਦੀਆਂ ਟੀਮਾਂ ਤਿਆਰ ਕੀਤੀਆਂ ਸਨ, ਜਿਸ ਦੇ ਨਤੀਜੇ ਸਾਡੇ ਸਾਹਮਣੇ ਹਨ। ਸਾਰੇ ਭਾਰਤ ਵਾਸੀਆਂ ਦੀ ਨਜ਼ਰ 2023 ਦੇ ਵਿਸ਼ਵ ਕੱਪ 'ਤੇ ਟਿਕੀ ਹੋਈ ਹੈ, ਪਰ ਦੇਖਣਾ ਇਹ ਹੈ ਕਿ ਭਾਰਤੀ ਟੀਮ ਘਰੇਲੂ ਗਰਾਊਂਡ ਦਾ ਲਾਭ ਉਠਾ ਕੇ ਫਿਰ ਵਿਸ਼ਵ ਚੈਂਪੀਅਨ ਬਣ ਸਕੇਗੀ! ਇਸ ਦੀ ਤਿਆਰੀ ਹੁਣੇ ਤੋਂ ਸ਼ੁਰੂ ਕਰਨ ਲਈ ਕੁਝ ਸੁਝਾਓ ਇਸ ਪ੍ਰਕਾਰ ਹਨ:

**ਚੋਣ:** ਇੰਡੀਆ ਟੀਮ ਦੀ ਚੋਣ ਲਈ ਸੱਤ ਮੈਂਬਰੀ ਕਮੇਟੀ ਵਿਚ ਵਿਸ਼ਵ ਪੱਧਰ ਤੱਕ ਖੇਡ ਚੁਕੇ ਪੁਰਾਣੇ ਖਿਡਾਰੀ ਜਿਵੇਂ ਅਜੀਤਪਾਲ ਸਿੰਘ, ਅਸ਼ੋਕ ਕੁਮਾਰ, ਪਰਗਟ ਸਿੰਘ, ਅਸ਼ੋਕ ਦੀਵਾਨ ਆਦਿ ਨੂੰ ਸ਼ਾਮਲ ਕਰ ਲੈਣਾ ਲਾਹੇਵੰਦ ਹੋਵੇਗਾ। ਚੋਣ ਕਮੇਟੀ ਦੇ ਚੇਅਰਮੈਨ ਤੋਂ ਇਲਾਵਾ ਏ. ਆਈ. ਯੂ. ਅਤੇ ਐਸ. ਏ. ਆਈ. ਜਿਹੀਆਂ ਸੰਸਥਾਵਾਂ ਦੇ ਨੁਮਾਇੰਦੇ ਵੀ ਵੱਡੀ ਭੂਮਿਕਾ ਨਿਭਾ ਸਕਦੇ ਹਨ।

**ਵਾਤਾਵਰਨ:** ਭਾਰਤੀ ਟੀਮ ਦਾ ਟਰੇਨਿੰਗ ਕੈਂਪ ਟੂਰਨਾਮੈਂਟ ਹੋਣ ਵਾਲੀ ਥਾਂ ਦੇ ਵਾਤਾਵਰਨ ਅਨੁਸਾਰ ਲਾਇਆ ਜਾਵੇ ਤਾਂ ਕਿ ਖਿਡਾਰੀਆਂ ਨੂੰ ਮੁਕਾਬਲੇ ਵਕਤ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ, ਜੋ ਪਹਿਲੇ ਸਮਿਆਂ ਵਿਚ ਦੇਖਣ ਵਿਚ ਆਇਆ ਹੈ ਅਤੇ ਟੀਮ ਲਈ ਘਾਤਕ ਸਾਬਤ ਹੋਇਆ ਹੈ। ਕੈਂਪ ਦੌਰਾਨ ਖਿਡਾਰੀਆਂ ਨੂੰ ਸਟਾਰ ਪੱਧਰ ਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ।

**ਅੰਪਾਇਰਿੰਗ:** ਟੀਮ ਦੀ ਟਰੇਨਿੰਗ ਦੌਰਾਨ ਕੌਮਾਂਤਰੀ ਪੱਧਰ ਦੇ ਦੋ ਅੰਪਾਇਰ ਤਾਇਨਾਤ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਖਿਡਾਰੀਆਂ ਦੀਆਂ ਗਲਤੀਆਂ ਅਤੇ ਮਾੜੀਆਂ ਆਦਤਾਂ ਨੂੰ ਸਮੇਂ ਸਿਰ ਸੁਧਾਰਿਆ ਜਾ ਸਕੇ, ਕਿਉਂਕਿ ਟੂਰਨਾਮੈਂਟ ਵਿਚ ਹੋਈ ਗਲਤੀ ਕਈ ਵਾਰ ਮਹਿੰਗੀ ਸਾਬਤ ਹੋ ਸਕਦੀ ਹੈ, ਜਿਵੇਂ ਢਾਕਾ ਏਸ਼ੀਆ ਕੱਪ ਵਿਚ ਸਸਪੈਂਡ ਹੋਏ ਰਾਜਿੰਦਰ ਜੂਨੀਅਰ ਅਤੇ ਮੈਰੀਵਨ ਫਰਨਾਂਡੇਜ਼ ਮੁੜ ਉਲੰਪਿਕ ਨਾ ਖੇਡ ਸਕੇ।

**ਫਿਟਨੈਸ:** ਨਿਯਮਾਂ ਅਨੁਸਾਰ ਕੌਮਾਂਤਰੀ ਟੂਰਨਾਮੈਂਟ ਬਨਾਉਟੀ ਮੈਦਾਨ ਉਪਰ ਹੀ ਖੇਡਿਆ ਜਾਂਦਾ ਹੈ, ਜਿਸ ਲਈ ਖਿਡਾਰੀਆਂ ਦੀ ਫਿਜ਼ੀਕਲ ਫਿਟਨੈਸ ਵੱਡੀ ਚੁਣੌਤੀ ਹੁੰਦੀ ਹੈ। ਇਸ ਗੱਲ ਨੂੰ ਮੁੱਖ ਰੱਖ ਕੇ ਸਬੰਧਿਤ ਮਾਹਿਰਾਂ ਅਤੇ ਜਿੰਮ ਦਾ ਪ੍ਰਬੰਧ ਹੋਣਾ ਬੇਹੱਦ ਜ਼ਰੂਰੀ ਹੈ, ਜਿਵੇਂ 1973 ਅਤੇ 1975 ਵਿਚ ਭਾਰਤੀ ਟੀਮ ਦੀ ਕੰਡੀਸ਼ਨਿੰਗ ਜਗਮੋਹਨ ਸਿੰਘ ਅਤੇ ਮੁਹਿੰਦਰ ਸਿੰਘ ਵੱਲੋਂ ਕਰਵਾਈ ਗਈ ਸੀ ਅਤੇ ਨਤੀਜੇ ਵੀ ਮਹੱਵਤਪੂਰਨ ਸਾਬਤ ਹੋਏ।



**ਮੈਡੀਕਲ:** ਟਰੇਨਿੰਗ ਕੈਂਪ ਦੌਰਾਨ ਟੀਮ ਡਾਕਟਰ ਮੌਜੂਦ ਹੋਣਾ ਬਹੁਤ ਜ਼ਰੂਰੀ ਹੈ ਤਾਂ ਕਿ ਖਿਡਾਰੀਆਂ ਨੂੰ ਲੱਗੀ ਸੱਟ ਜਾਂ ਬਿਮਾਰੀ ਦਾ ਤੁਰੰਤ ਇਲਾਜ ਹੋ ਸਕੇ, ਜਿਵੇਂ 1973 ਵਾਲੇ ਵਿਸ਼ਵ ਕੱਪ ਸਮੇਂ ਗੋਬਿੰਦਾ ਨੂੰ ਜੌਂਡਿਸ (ਪੀਲੀਆ) ਹੋ ਗਿਆ ਸੀ ਅਤੇ ਰੂਸ ਵਿਚ ਚਾਰ ਦੇਸ਼ੀ ਟੂਰਨਾਮੈਂਟ ਵਿਚ ਭਾਰਤੀ ਟੀਮ ਨੂੰ ਪਾਕਿਸਤਾਨ ਡਾਕਟਰ ਦੀ ਮਦਦ ਲੈਣ ਲਈ ਮਜਬੂਰ ਹੋਣਾ ਪਿਆ ਸੀ।

**ਖੁਰਾਕ:** ਵਿਸ਼ਵ ਪੱਧਰ ਦੇ ਖਿਡਾਰੀ ਪੈਦਾ ਕਰਨ ਲਈ ਟਰੇਟਿੰਗ ਕੈਂਪ ਦੌਰਾਨ ਡਾਈਟੀਸ਼ਨ ਅਤੇ ਨਿਊਟ੍ਰੀਸ਼ਨ ਮਾਹਿਰ ਦੀ ਮੌਜੂਦਗੀ ਸਮੇਂ ਦੀ ਮੰਗ ਹੈ। ਕੁਝ ਅਮਰੀਕੀ ਮਾਹਿਰ ਜਿਵੇਂ ਅੰਜਨਪ੍ਰੀਤ ਪੰਧੇਰ (ਸਟੈਨਫੋਰਡ ਯੂਨੀਵਰਸਿਟੀ) ਅਤੇ ਤਾਹੀਆ ਵਿਲਸ਼ਨ (ਸਟੇਟ ਐਜੂਕੇਸ਼ਨ ਵਿਭਾਗ) ਦਾ ਮੰਨਣਾ ਹੈ ਕਿ ਆਰਗੈਨਿਕ ਫਰੂਟ/ਜੂਸ ਦੇ ਨਾਲ-ਨਾਲ ਵਧੀਆ ਖੁਰਾਕ, ਜਿਸ ਵਿਚ ਪ੍ਰੋਟੀਨ, ਘੱਟ ਪ੍ਰੋਸੈਸਡ ਫੂਡ ਹੋਣੇ ਜ਼ਰੂਰੀ ਹਨ, ਜੋ ਖਿਡਾਰੀਆਂ ਵਿਚ ਸਰੀਰਕ ਸ਼ਕਤੀ (ਸਟੈਮਿਨਾ), ਫਿਊਲ, ਰਿਕਵਰੀ ਅਤੇ ਵੱਧ ਤੋਂ ਵੱਧ ਕਾਰਗੁਜ਼ਾਰੀ ਦੇਣ ਵਿਚ ਲਾਹੇਵੰਦ ਸਾਬਤ ਕਰਦੇ ਹਨ।

**ਸੈਮੀਨਾਰ:** ਕੈਂਪ ਦੌਰਾਨ ਲੈਕਚਰ/ਸੈਮੀਨਾਰ ਲਈ ਵੱਖ-ਵੱਖ ਮਾਹਿਰਾਂ ਦਾ ਪ੍ਰਬੰਧ ਕੀਤਾ ਜਾਵੇ ਅਤੇ ਵੀਡੀਓ ਜ਼ਰੀਏ ਕਲਾਸਿਕ ਮੈਚਾਂ ਨੂੰ ਸਕਰੀਨ ਕਰਨਾ ਟਰੇਨਿੰਗ ਦਾ ਹੀ ਹਿੱਸਾ ਹੈ ਤੇ ਸਮੇਂ ਦੀ ਲੋੜ ਹੈ।

**ਕੈਂਪਰ ਦੀ ਚੋਣ:** ਆਮ ਤੌਰ 'ਤੇ ਨੈਸ਼ਨਲ ਚੈਂਪੀਅਨਸ਼ਿਪ ਵਿਚੋਂ ਖਿਡਾਰੀਆਂ ਨੂੰ ਚੁਣ ਲਿਆ ਜਾਂਦਾ ਸੀ, ਪਰ ਕਾਫੀ ਸਮੇਂ ਤੋਂ ਇਹ ਮੁਕਾਬਲੇ ਵੀ ਨਹੀਂ ਕਰਵਾਏ ਗਏ, ਜੋ ਅਹੁਦੇਦਾਰਾਂ ਦੀ ਨਾਲਾਇਕੀ ਵੀ ਕਿਹਾ ਜਾ ਸਕਦਾ ਹੈ। ਇਸ ਦੀ ਗੈਰਹਾਜ਼ਰੀ ਵਿਚ ਚੋਣ ਕਮੇਟੀ ਵੱਲੋਂ ਚਾਰ ਜ਼ੋਨ ਜਿਵੇਂ ਉਤਰ, ਦੱਖਣ, ਪੂਰਬ ਤੇ ਪੱਛਮ ਪੱਧਰ ਦੇ ਹੀ ਮੁਕਾਬਲੇ ਦਾ ਪ੍ਰਬੰਧ ਕਰਨਾ ਵਧੀਆ ਕਦਮ ਕਿਹਾ ਜਾ ਸਕਦਾ ਹੈ ਅਤੇ ਖਿਡਾਰੀ ਵੀ ਕੌਮੀ ਕੈਂਪ ਲਈ ਚੁਣੇ ਜਾ ਸਕਦੇ ਹਨ।

***ਕੇ. ਪੀ. ਐਸ. ਗਿੱਲ ਲੰਮਾ ਸਮਾਂ ਭਾਰਤੀ ਹਾਕੀ ਬਾਡੀ ਦੇ ਪ੍ਰਧਾਨ ਬਣੇ ਰਹੇ। ਉਨ੍ਹਾਂ ਦੇ ਰਾਜ-ਭਾਗ ਹੇਠਾਂ ਭਾਵੇਂ ਭਾਰਤੀ ਟੀਮ ਨੇ 1998 ਦੀਆਂ ਏਸ਼ਿਆਈ ਖੇਡਾਂ ਅਤੇ 2003 ਵਾਲਾ ਏਸ਼ੀਆ ਕੱਪ ਜਿੱਤਿਆ, ਪਰ 2008 ਵਿਚ ਪੇਈਚਿੰਗ (ਚੀਨ) ਉਲੰਪਿਕ ਵਿਚ ਕੁਆਲੀਫਾਈ ਨਾ ਹੋਣ ਕਰ ਕੇ ਅਤੇ ਖਿਡਾਰੀਆਂ ਵੱਲੋਂ ਐਜੀਟੇਸ਼ਨ ਤੋਂ ਇਲਾਵਾ ਮਹਿਲਾ ਆਈ. ਏ. ਐਸ. ਅਫਸਰ ਰੂਪਨ ਦਿਓਲ ਵੱਲੋਂ 1988 ਵਿਚ ਛੇੜ-ਛਾੜ ਦਾ ਕੇਸ ਦਰਜ ਹੋਣ ਕਰ ਕੇ ਭਾਰਤੀ ਉਲੰਪਿਕ ਸੰਘ ਨੇ ਗਿੱਲ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਖਾਰਜ ਕਰ ਦਿੱਤਾ।***



***ਕੇ. ਪੀ. ਐਸ. ਗਿੱਲ***

# ਕਾਵਿ-ਜਗਤ

## ਉੱਠਿਆ ਏਂ ਪੰਜਾਬ ਸਿੰਹਾਂ

ਲੈ ਜੰਝ ਪਾਪ ਦੀ ਕਾਬਲ ਤੋਂ
ਜਦ ਬਾਬਰ ਕੋਈ ਧਾਇਆ ਸੀ,
ਤੂੰ ਨਾਨਕ ਦਾ ਰੂਪ ਧਾਰ ਕੇ
'ਹਾਅ' ਦਾ ਨਾਹਰਾ ਲਾਇਆ ਸੀ।
ਜਦੋਂ ਔਰੰਗੇ ਧਰਮ ਜ਼ਬਰ ਦਾ
ਫਾਹਾ ਹਿੰਦ ਗਲ ਪਾਇਆ ਸੀ,
ਤੇਗ ਬਹਾਦਰ ਬਣ ਤੂੰ ਦਿੱਲੀ
ਤਖਤ ਸੰਗ ਟਕਰਾਇਆ ਸੀ।
ਅਨਿਆਂ ਜ਼ੁਲਮਾਂ ਦੀ ਹਨੇਰੀ ਸੰਗ
ਟਕਰਾਉਂਦਾ ਰਿਹੈਂ, ਟਕਰਾਉਂਦਾ ਰਹੀਂ,
ਹੁਣ ਉੱਠਿਆ ਏਂ ਪੰਜਾਬ ਸਿੰਹਾਂ
ਤਾਂ ਅੱਗੇ ਕਦਮ ਵਧਾਉਂਦਾ ਰਹੀਂ।

ਅੰਗਰੇਜ਼ ਸਿਕੰਦਰ ਜਾਂ ਅਬਦਾਲੀ
ਜੋ ਕਿੱਧਰੋਂ ਵੀ ਧਾਏ ਸੀ,
ਹਿੰਦ ਨੂੰ ਲੁੱਟਣ ਚੜ੍ਹਿਆਂ ਸੰਗ ਤੂੰ
ਮਿੱਥ ਕੇ ਆਢੇ ਲਾਏ ਸੀ।
ਗਦਰੀ ਭਗਤ-ਸਰਾਭਾ ਵਾਲੀ
ਸੋਚ ਵਿਚੋਂ ਤੂੰ ਉੱਠਿਆ ਸੀ,
ਰਾਮ ਮੁਹੰਮਦ ਸਿੰਘ ਆਜ਼ਾਦ ਬਣ
ਊਧਮ ਲੰਡਨ ਬੁੱਕਿਆ ਸੀ।
ਇਹੀਓ ਤੇਰਾ ਪੂਰਾ ਨਾਂ ਹੈ
ਇਹਦੀ ਤਰਜ਼ ਨਿਭਾਉਂਦਾ ਰਹੀਂ,
ਹੁਣ ਉੱਠਿਆ ਏਂ ਪੰਜਾਬ ਸਿੰਹਾਂ
ਤਾਂ ਅੱਗੇ ਕਦਮ ਵਧਾਉਂਦਾ ਰਹੀਂ।

ਪੈਰਾਂ ਥੱਲਿਓਂ ਜਮੀਂ ਖੋਹ ਤੇਰੇ
ਸਿਰ ਆਸਮਾਨ ਨੂੰ ਢਾਹੁਣੇ ਲਈ,
ਕਾਨੂੰਨ ਪਹਿਨ ਕੇ ਦਿੱਲੀ ਧਾਈ
ਹੱਕ ਤੇਰੇ ਹਥਿਆਉਣੇ ਲਈ।
ਜਦ ਲੋਟੂ ਲੁੱਟਦਾ ਲੁੱਟਦਾ ਵਧ ਕੇ
ਹੋਂਦ ਨੂੰ ਜਾ ਹੱਥ ਪਾਉਂਦਾ ਹੈ,
ਬੰਦੇ ਤੋਂ ਲੈ ਕੇ ਕਾਢੇ ਤੱਕ
ਹਰ ਜੀਵ ਹੀ ਉੱਠ ਖੜੋਂਦਾ ਹੈ।
ਅੱਜ, ਕੱਲ੍ਹ ਦੀ ਨੀਂਦੋ ਉੱਠਿਆ ਏਂ
ਤੂੰ ਭਲਕ 'ਤੇ ਨਜ਼ਰ ਟਿਕਾਉਂਦਾ ਰਹੀਂ।
ਹੁਣ ਉੱਠਿਆ ਏਂ ਪੰਜਾਬ ਸਿੰਹਾਂ
ਤਾਂ ਅੱਗੇ ਕਦਮ ਵਧਾਉਂਦਾ ਰਹੀਂ।

ਖੇਤਾਂ ਫਸਲਾਂ ਜ਼ਮੀ ਦੇ ਉੱਪਰ
ਲੋਭੀ ਨਜ਼ਰ ਟਿਕਾਅ ਕਰ ਕੇ,
ਸਰਕਾਰ ਕਾਰਪੋਰੇਟ ਜਗਤ ਵਿਚ
ਪੂੰਜੀ ਬੰਧਨ ਪਾ ਕਰ ਕੇ,
ਭਾਂਤ ਭਾਂਤ ਦੀਆਂ ਮੰਡੀਆਂ ਵਾਲਾ
ਲੁੱਟ ਦਾ ਜਾਲ ਵਿਛਾ ਕਰ ਕੇ,
ਭਾਅ ਡੇਗਣ ਤੇ ਚੁੱਕਣ ਵਾਲੀ
ਇੱਕ ਮਸ਼ੀਨ ਬਣਾ ਕਰ ਕੇ,
ਜਾਗੀਰੂ ਸਰਮਾਏਦਾਰੀ ਦੀ
ਇੰਜ ਹੁੰਦੀ ਘੁੰਢ ਚੁਕਾਈ ਪਈ।
ਹੁਣ ਉੱਠਿਆ ਏਂ ਪੰਜਾਬ ਸਿੰਹਾਂ
ਤਾਂ ਅੱਗੇ ਕਦਮ ਵਧਾਉਂਦਾ ਰਹੀਂ।

ਨਾ ਮਸਲਾ ਨਿਰਾ ਜ਼ਮੀਨਾਂ ਦਾ
ਉਡੀਕਾਂ ਵਿਚ ਢਲੀਆਂ ਸਦੀਆਂ ਦਾ
ਹੈ ਮਸਲਾ ਯੁੱਗਾਂ ਤੋਂ ਲੰਬੀਆਂ
ਟੁੱਟ ਗਈਆਂ ਕਸੀਸਾਂ ਵੱਟੀਆਂ ਦਾ।
ਹੁਣ ਹੱਕਾਂ ਦੀ ਲੁੱਟ ਕਰਨੇ ਦਾ
ਅੰਜ਼ਾਮ ਬਦਲਣਾ ਪੈਣਾ ਏਂ,
ਪਾਏ ਕਿਰਤੀ ਗਲ ਖੁਦਕਸ਼ੀਆਂ ਉਹ
ਨਿਜ਼ਾਮ ਬਦਲਣਾ ਪੈਣਾ ਏਂ।
ਇਨ੍ਹਾਂ ਯੁੱਗੋਂ ਲੰਬੇ ਮਸਲਿਆਂ ਸੰਗ
ਹੱਥ ਯੁੱਗ ਬਦਲੀ ਨੂੰ ਪਾਉਂਦਾ ਰਹੀਂ,
ਹੁਣ ਉੱਠਿਆ ਏਂ ਪੰਜਾਬ ਸਿੰਹਾਂ
ਤਾਂ ਅੱਗੇ ਕਦਮ ਵਧਾਉਂਦਾ ਰਹੀਂ।

ਕੱਲ੍ਹ ਪਾਰਟੀਆਂ ਦੇ ਬੰਦੇ ਤੇਰੇ
ਹੁੱਝਾਂ ਮਾਰ ਕੇ ਲੰਘਦੇ ਸੀ,
ਨਾ ਉੱਠਣ ਦੇ ਮਿਹਣੇ ਦੇ ਕਈ
ਰੂਹ ਤੇਰੀ ਨੂੰ ਝੰਬਦੇ ਸੀ।
ਉਹ ਸਭ ਉਲੰਘਦਾ ਉੱਠਿਆ ਤੂੰ
ਹਰ ਅਕਲ ਦਾ ਚੱਕ ਭੁਆਇਆ ਹੈ,
ਤੂੰ ਉਨ੍ਹਾਂ ਤੋਂ ਅੱਗੇ ਨਿਕਲ ਗਿਆ
ਹਰ ਲੀਡਰ ਪਿੱਛੇ ਆਇਆ ਹੈ।
ਮਿੱਟੀ ਦੇ ਵਿਚ ਉਗਾ ਕੇ ਤੂੰ
ਅੰਬਰ ਦਾ ਗੀਤ ਵੀ ਗਾਉਂਦਾ ਰਹੀਂ,
ਹੁਣ ਉੱਠਿਆ ਏਂ ਪੰਜਾਬ ਸਿੰਹਾਂ
ਤਾਂ ਅੱਗੇ ਕਦਮ ਵਧਾਉਂਦਾ ਰਹੀਂ।

ਨਾ ਜੱਟ ਚਮਾਰ ਘੁਮਿਆਰ ਵਿਚੋਂ
ਉੱਠਿਆ ਮਜ਼ਦੂਰ ਕਿਸਾਨ ਵਿਚੋਂ।
ਨਾ ਹਿੰਦੂ ਮੁਸਲਮ ਸਿੱਖ ਵਿਚੋਂ
ਤੂੰ ਉੱਠਿਆ ਏਂ ਇਨਸਾਨ ਵਿਚੋਂ।
ਇਹ ਏਕਾ ਨਹੀਂ ਹੈ ਭੇਡਾਂ ਦਾ
ਨਾ ਹੀ ਸੋਚ ਦੇ ਅੰਨਿਆਂ ਦਾ,
ਅਨੇਕਤਾਵਾਂ ਦੇ ਵਿਹੜੇ ਵਿਚ
ਇਹ ਏਕਾ ਵੰਨ-ਸੁਵੰਨਿਆਂ ਦਾ।
ਇਨ੍ਹਾਂ ਪਹਿਲੀਆਂ ਜਿੱਤਾਂ 'ਚੋਂ ਉੱਠ ਕੇ
ਤੂੰ ਜਿੱਤ 'ਤੇ ਜਿੱਤ ਟਿਕਾਉਂਦਾ ਰਹੀਂ,
ਹੁਣ ਉੱਠਿਆ ਏਂ ਪੰਜਾਬ ਸਿੰਹਾਂ
ਤਾਂ ਅੱਗੇ ਕਦਮ ਵਧਾਉਂਦਾ ਰਹੀਂ।

ਸ਼ਿਮਲਾ ਤੇ ਰੋਹਤਕ ਨੂੰ ਵਗਦੀ ਹਰ
ਵਾ 'ਚੋਂ ਗੁਣਗਣਾਉਂਦਾ ਰਹੀਂ,
ਲਾਹੌਰ ਦੇ ਨਾਂ 'ਤੇ ਪੱਛੋਂ ਨੂੰ ਵੀ
ਘੁੱਟ ਘੁੱਟ ਜੱਫੀਆਂ ਪਾਉਂਦਾ ਰਹੀਂ।
ਜੋ ਛੇੜੀ ਤੇਰੇ ਉੱਠਣ ਨੇ
ਇਹ ਯੁੱਗਾਂ ਦੀ ਜੋ ਹਾਣੀ ਹੈ,
ਇੱਕ ਸੂਬੇ ਦੇਸ਼ 'ਤੇ ਰੁਕਣੀ ਨਹੀਂ
ਇਹ ਆਦਮ ਦੀ ਕਹਾਣੀ ਹੈ।
ਅਮਰੀਕਾ ਲੰਦਨੋਂ ਐਵੇਂ ਨਹੀਂ
ਤੇਰੀ ਗੂੰਜ ਪਰਤ ਕੇ ਆਉਂਦੀ ਪਈ,
ਹੁਣ ਉੱਠਿਆ ਏਂ ਪੰਜਾਬ ਸਿੰਹਾਂ
ਤਾਂ ਅੱਗੇ ਕਦਮ ਵਧਾਉਂਦਾ ਰਹੀਂ।

ਜਦ ਸੂਰਮਗਤੀਆਂ 'ਚੋਂ ਉਠੇਂ
ਹੱਕਾਂ ਲਈ ਲੜਾਈ ਹੋ ਜਾਵੇ,
ਜਦ ਲੋਕਤਾ ਵਿਚੋਂ ਉਠੇਂ ਤਾਂ ਫਿਰ
ਯੁੱਗ ਬਦਲਾਈ ਹੋ ਜਾਵੇ।
ਤੇਰੇ ਇਤਿਹਾਸ ਦਾ ਅੜਿਆ ਪਹੀਆ
ਉੱਠਣ ਦੇ ਸੰਗ ਚੱਲ ਪਿਆ,
ਤੇਰੇ ਅੱਜ ਦੇ ਹਰ ਮਸਲੇ ਦਾ
ਅੱਜ ਦੇ ਵਿਚ ਹੈ ਹੱਲ ਪਿਆ।
ਕੱਲ ਨੂੰ ਫਤਹਿ ਬੁਲਾ ਕੇ ਅੱਜ ਦੇ
ਦਿਸਹੱਦਿਆਂ ਨੂੰ ਢਾਹੁੰਦਾ ਰਹੀਂ,
ਹੁਣ ਉੱਠਿਆ ਏਂ ਪੰਜਾਬ ਸਿੰਹਾਂ
ਤਾਂ ਅੱਗੇ ਕਦਮ ਵਧਾਉਂਦਾ ਰਹੀਂ।

ਤੂੰ ਉਠਿਐਂ, ਤੇਰਾ ਉੱਠਣਾ ਇਹ
ਇੱਕ ਪੂਰੇ ਯੁੱਗ ਦਾ ਉੱਠਣਾ ਹੋਊ,
ਤੂੰ ਚੱਲਿਐਂ, ਮੁੱਦਤਾਂ ਤੋਂ ਠਹਿਰੇ
ਤੇਰੇ ਸਮਿਆਂ ਨੂੰ ਵੀ ਚੱਲਣਾ ਪਊ,
ਜੇ ਕਹੀ ਸੁਣੀ ਨੂੰ ਤਰਕਾਂ ਦੀ
ਕਸਵੱਟੀ 'ਤੇ ਅਜਮਾਉਂਦਾ ਰਹੇਂ,
ਜੇ ਮੰਨੂਵਾਦ 'ਤੇ ਮਿੱਟੀ ਪਾ ਤੂੰ
ਆਦਮਵਾਦ ਵਰਤਾਉਂਦਾ ਰਹੇਂ।
ਵਿਗਿਆਨ ਦੀ ਲੋਏ ਅੱਜ ਦੇ ਮਸਲੇ
ਅੱਜ ਵਿਚ ਹੀ ਸੁਲਝਾਉਂਦਾ ਰਹੀਂ
ਹੁਣ ਉੱਠਿਆ ਏਂ ਪੰਜਾਬ ਸਿੰਹਾਂ
ਤਾਂ ਅੱਗੇ ਕਦਮ ਵਧਾਉਂਦਾ ਰਹੀਂ।

ਅੱਗ ਦੇ ਸਫਰ 'ਚ ਪੈ ਕੇ ਮਿੱਟੀ
ਗਾਰਿਉਂ ਬਰਤਨ ਬਣ ਜਾਂਦੀ,
ਚੰਨ ਸੂਰਜ ਤੇ ਤਾਰਿਆਂ ਭਰਿਆ
ਅੰਬਰ ਬਣ ਕੇ ਤਣ ਜਾਂਦੀ।
ਅੱਗ ਦੇ ਸਫਰ ਪੈ ਚੁਕੀ ਮਿੱਟੀ
ਤੋਂ ਹੀ ਮਾਦਾ ਬਣਿਆਂ ਹੈ,
ਜਿਸ ਮਾਦੇ ਨੇ ਕੁੱਖ ਨੇ ਬ੍ਰਹਿਮੰਡ
ਦੀ ਹਰ ਚੀਜ਼ ਨੂੰ ਜਣਿਆ ਹੈ।
ਮਿੱਟੀ ਵਿਚੋਂ ਸਫਰ ਘਟਾਅ ਨਾ
ਸਿਰਫ ਗਾਰੇ ਨੂੰ ਗਾਉਂਦਾ ਰਹੀਂ,
ਹੁਣ ਮਿੱਟੀ ਵਿਚੋਂ ਉੱਠਿਆਂ ਏਂ
ਤਾਂ ਹੱਥ ਅੰਬਰਾਂ ਨੂੰ ਪਾਉਂਦਾ ਰਹੀਂ।

*-ਡਾ. ਸੁਖਪਾਲ ਸੰਘੇੜਾ*
*dr.sukhpal.sanghera@gmail.com*

---




## ਸ਼ਹੀਦਾਂ ਨੂੰ ਪ੍ਰਣਾਮ!

ਕੂਕੇ ਹੋ ਕੇ ਸੂਰਮੇ ਨਿੱਤਰੇ
ਲੋਕ-ਹਿੱਤਾਂ ਖਾਤਰ ਮਰ ਗਏ
ਦੇਸ਼-ਪ੍ਰੇਮ ਦੀ ਸ਼ਮ੍ਹਾਂ ਦੇ ਉਤੇ
ਪ੍ਰਵਾਨੇ (ਪਤੰਗੇ) ਬਣ ਕੇ ਸੜ ਗਏ।
ਦਿੱਲੀ ਹਿੰਦ ਸਰਕਾਰ ਦੀ ਨਗਰੀ
ਜਿੱਥੇ ਰਹਿੰਦੀ ਘਣੀ ਆਵਾਮ
ਭਾਰਤ ਦੇਸ਼ ਦੇ ਸੂਰਬੀਰ ਯੋਧਿਓ
ਤੁਹਾਨੂੰ ਲੱਖ ਪ੍ਰਣਾਮ।

ਉਹ ਯੋਧੇ ਵਾਰਸ ਗੁਰੂ ਗੋਬਿੰਦ ਦੇ ਉਠੇ
ਜਾਲਮਾਂ (ਗੋਰਿਆਂ) ਦੇ ਨਾਲ ਲੜ ਗਏ
ਦੇਸ਼ ਆਜ਼ਾਦ ਕਰਾਉਣ ਦੀ ਖਾਤਰ
ਤੋਪਾਂ ਅੱਗੇ ਖੜ੍ਹ ਗਏ
ਸੰਘਰਸ਼ ਚਲਾਉਂਦੇ ਵੱਧਦੇ ਕੂਕੇ
ਲੜ ਗਏ ਸੀਨਾ ਤਾਣ...।

ਇਕ ਕੂਕਾ ਸੀ ਕੱਦ ਦਾ ਮੱਧਰਾ
ਉਹ ਨਹੀਂ ਸੀ ਤੋਪ ਬਰਾਬਰ
ਇੱਟਾਂ ਥੱਲੇ ਰੱਖ ਕੇ ਕਹਿੰਦਾ
ਚਲਾ ਦੇ ਤੋਪ ਤੂੰ ਜਾਬਰ
ਦੇਖ ਬੀਰਤਾ ਕੂਕੇ ਦੀ ਨੂੰ
ਗੋਰੇ ਹੋਏ ਹੈਰਾਨ...।

ਜਿਨ੍ਹਾਂ ਜਥੇਬੰਦ ਹੋ ਘੋਲ ਚਲਾਇਆ
ਉਹ ਸੀ ਗਦਰੀ ਬਾਬੇ
ਫਾਂਸੀ ਉਤੇ ਚੜ੍ਹ ਕੇ ਮਰ ਗਏ
ਕਿੰਨੇ ਹੀ ਭਗਤ ਸਿੰਘ, ਸਰਾਭੇ
ਫਾਂਸੀ ਚੜ੍ਹ ਲੋਕਾਂ ਨੂੰ ਕਹਿ ਗਏ
ਜਾਰੀ ਰੱਖਣਾ ਸੰਗਰਾਮ...।

ਉਹ ਆਏ ਅਮਰੀਕਾ ਤੋਂ ਸੀ
ਦੇਸ਼ ਆਜ਼ਾਦ ਕਰਾਵਣ ਖਾਤਰ
ਗੋਰਾ ਭਾਰਤ ਨੂੰ ਲੁੱਟ ਰਿਹਾ ਸੀ
ਪਾ ਫੁੱਟ ਲੋਕਾਂ ਵਿਚ ਚਾਤਰ
ਉਨ੍ਹਾਂ ਆਣ ਨਗਾਰੇ ਚੋਟ ਲਗਾਈ
ਭਖਿਆ ਖੂਬ ਮੈਦਾਨ...।

ਦੱਸਦੇ ਸੀ ਉਹ ਲੋਕਾਂ ਨੂੰ
ਲੋਕਾਂ ਦੀ ਸ਼ਕਤੀ ਬਾਰੇ
ਲੋਕ ਹੀ ਹੁੰਦੇ ਕ੍ਰਾਂਤੀ ਲਿਆਉਂਦੇ
ਲੋਕ ਸਮਾਜ ਦੇ ਘਾੜੇ
ਜਥੇਬੰਦ ਹੋ ਏਕਾ ਕਰ ਲਉ
ਸਾਡਾ ਇਹ ਫੁਰਮਾਨ...।

ਸੀ ਸੁਪਨਾ, ਜਥੇਬੰਦ ਹੋ ਕੇ
ਦੇਸ਼ ਆਜ਼ਾਦ ਕਰਾਉਣਾ
ਚੂਸੇ ਨਾ ਕੋਈ ਲੋਕਾਂ ਦਾ ਲਹੂ
ਚੂਸਣੋਂ ਲਹੂ ਹਟਾਉਣਾ
ਰੋਕਣ ਸੀ ਉਨ੍ਹਾਂ ਦਾ ਮਕਸਦ
ਹੁੰਦਾ ਕਤਲੇਆਮ...।

ਉਹ ਚਾਹੁੰਦੇ ਸਨ ਲੋਕਾਂ ਦੇ ਵਿਚ
ਬਰਾਬਰਤਾ ਆ ਜਾਵੇ
ਕਾਣੀ ਵੰਡ ਦੇਸ਼ 'ਚੋਂ ਮੁੱਕ ਜਾਏ
ਮੁਲਕ ਤਰੱਕੀ ਪਾਵੇ
ਇਸ ਲਈ ਉਨ੍ਹਾਂ ਦੇਸ਼ ਦੇ ਅੰਦਰ
ਚਲਾਇਆ ਸੀ ਸੰਗਰਾਮ...।

ਕਿਵੇਂ ਸੁਪਨੇ ਹੁਣ ਹੋਣਗੇ ਪੂਰੇ
'ਮੋਹਨ ਭਮਰਾ' ਹੁਣ ਸੋਚੇ
ਲੋਕਤੰਤਰ ਵਿਚ ਵੋਟਾਂ ਪਾ ਕੇ
ਕਿਵੇਂ ਸੰਸਦ ਵਿਚ ਪਹੁੰਚੇ?
ਧਨ ਕੁਬੇਰਾਂ ਕਬਜ਼ੇ ਕਰ ਲਏ
ਲੋਕਾਂ ਦੀ ਲੁੱਟ ਮਚਾਣ...।

ਜੋ ਦੇਸ਼ ਪ੍ਰੇਮ ਦੀ ਖਾਤਰ ਮਰ ਗਏ
ਆਉ ਰਾਹ ਉਨ੍ਹਾਂ ਦਾ ਅਪਨਾਈਏ
ਦਿਲਾਂ ਦੇ ਵਿਚੋਂ ਫਿਰਕੂਪਨ ਕੱਢ ਕੇ
ਏਕੇ ਦੀ ਲਠ ਬਣ ਜਾਈਏ
ਆਪਣਾ ਬਣਦਾ ਹਿੱਸਾ ਪਾ ਕੇ
ਪੂਰਾ ਕਰ ਦਈਏ ਸੰਗਰਾਮ।
ਭਾਰਤ ਦੇਸ਼ ਦੇ ਅਣਖੀ ਯੋਧਿਓ
ਤੁਹਾਨੂੰ ਲੱਖ ਪ੍ਰਣਾਮ।

*-ਮਾਸਟਰ ਮੋਹਨ ਸਿੰਘ ਭਮਰਾ*
*ਫੋਨ: 646-512-4800*

---

## ਅਸੀਂ ਪੰਜਾਬੀ

ਤੁਰਨਾ ਸਿੱਖਿਆ ਕੰਡਿਆਂ ਉੱਤੇ
ਜੀਣ ਅਣਖ ਦੇ ਬਣ ਵਣਜਾਰੇ,
ਪੁੱਤਰ ਪੰਜਾਬੀ ਨਾ ਮੂਲੋਂ ਡਰਦੇ
ਮੌਤ ਨੂੰ ਵੀ ਤੱਕ ਮਾਰਨ ਫੁੰਕਾਰੇ।

ਪੀਰਾਂ ਫਕੀਰਾਂ ਦੀ ਧਰਤੀ ਜਾਏ
ਚੜ੍ਹਦੀ ਕਲਾ ਦੇ ਲਾ ਕੇ ਜੈਕਾਰੇ,
ਗੁਰੂਆਂ ਦੀ ਰਹਿਮਤ ਦੇ ਸਦਕੇ
ਜਾਤ ਪਾਤ ਦੇ ਜੂਲੇ ਪਰ੍ਹਾਂ ਮਾਰੇ।

ਇਨਸਾਨੀਅਤ ਦੇ ਹਾਂ ਪੁਜਾਰੀ
ਤੱਕੀਏ ਪਰਮਾਤਮਾ ਦੇ ਨਜ਼ਾਰੇ,
ਨਾ ਜ਼ੁਲਮ ਕਰੀਏ ਨਾ ਸਹੀਏ
ਦੁਸ਼ਮਣ ਨੂੰ ਭਾਜੀ ਮੋੜਦੇ ਸਾਰੇ।

ਰੋਕੇ ਸਿਕੰਦਰ ਜਿਹੇ ਹਿੱਕ ਡਾਹ
ਤਾਂਹੀ ਹੋਵੇ ਪੋਰਸ ਦੀ ਵਾਹ ਵਾਹ,
ਨਾਦਰ, ਅਬਦਾਲੀ ਨ ਛੱਡੇ ਸੁੱਕੇ
ਤੱਕ ਕੇ ਜ਼ਾਲਮਾਂ ਦੇ ਸੁੱਕਦੇ ਸਾਹ।

ਜੇ ਮਿਰਜ਼ੇ, ਹੀਰਾਂ-ਰਾਂਝੇ ਗਾਉਂਦੇ
ਭਗਤ-ਸਰਾਭੇ ਨੇ ਦੇਸ਼ ਤੋਂ ਵਾਰੇ,
ਹਿੱਕ ਪਾੜ ਸਿਆਸਤ ਨੇ ਸਾਡੀ
ਦੋ ਟੋਟੇ ਪਾਕਿ-ਹਿੰਦ ਕਰ ਮਾਰੇ।

ਹੱਸਦੇ ਗਾਉਂਦੇ ਤੇ ਪੈਲਾਂ ਪਾਂਦੇ
ਦਿਲਦਾਰ ਸਾਦੇ ਲੋਕ ਪਿਆਰੇ,
ਸੋਨ ਰੰਗੀ ਪੰਜਾਬ ਦੀ ਧਰਤੀ
ਹੱਥ ਦਿਖਾਉਂਦੇ ਸਦਾ ਕਰਾਰੇ।

ਫਿਰ ਵੀ:
ਜ਼ਿੰਦਗੀ ਤੋਂ ਲੈ ਦੋ ਪਲ ਉਧਾਰੇ
ਆਸਾਂ ਦੇ ਅਸਾਂ ਮਹਿਲ ਉਸਾਰੇ,
ਯਾਦਾਂ ਦੀ ਵਿਚ ਕਰ ਸਜਾਵਟ
ਦੁੱਖ ਸੁੱਖ ਵਿਚ ਰੱਖ ਦੋ ਅੰਗਾਰੇ।

*-ਸੇਵਾ ਸਿੰਘ ਨੂਰਪੁਰੀ*

## ਇੱਕ ਗੀਤ ਕਿਸਾਨ ਦੇ ਨਾਂ

ਕਿਰਤੀ ਕਿਸਾਨਾ ਕਦੇ ਮੰਗਤਾ ਕਹਾਈਂ ਨਾ।
ਮੁਫਤ ਦੇ ਭੁਲੇਖਿਆਂ 'ਚ ਮੁੱਲ ਵਿਕ ਜਾਈਂ ਨਾ।

ਹੱਥ ਤੇਰਾ ਤੰਗ ਏ ਪਰ ਹੱਥ ਤੇਰੇ ਕੋਲ ਨੇ।
ਹੱਥਾਂ ਦੀਆਂ ਕਿਸਮਤਾਂ ਨੂੰ ਹੱਥ ਦਿੰਦੇ ਖੋਲ੍ਹ ਨੇ।
ਆਪਣੇ ਇਹ ਹੱਥ ਬੰਦੇ ਅੱਗੇ ਤੂੰ ਫੈਲਾਈਂ ਨਾ।
ਮੁਫਤ ਦੇ ਭੁਲੇਖਿਆਂ 'ਚ ਮੁੱਲ ਵਿਕ ਜਾਈਂ ਨਾ।

ਦੁੱਖ-ਸੁੱਖ ਰਾਤ-ਦਿਨ ਆਉਂਦੇ ਜਾਂਦੇ ਰਹਿੰਦੇ ਨੇ।
ਸਮੇਂ ਦੇ ਹਾਲਾਤ ਕਦੇ ਟਿਕ ਕੇ ਨਾ ਬਹਿੰਦੇ ਨੇ।
ਗਮ ਦਾ ਗੁਲਾਮ ਹੋ ਕੇ ਖੁਦ ਨੂੰ ਮਿਟਾਈਂ ਨਾ।
ਮੁਫਤ ਦੇ ਭੁਲੇਖਿਆਂ 'ਚ ਮੁੱਲ ਵਿਕ ਜਾਈਂ ਨਾ।

ਕਿਉਂ ਤੂੰ ਕਰੇਂ ਖੁਦਕੁਸ਼ੀ ਖੁਦਦਾਰੀ ਤਿਆਗ ਕੇ?
ਜ਼ਿੰਦਗੀ 'ਚ ਜੂਝ ਚੰਨਾ ਹੱਕਾਂ ਲਈ ਤੂੰ ਜਾਗ ਕੇ।
ਐਵੇਂ ਜਣੇ-ਖਣੇ ਅੱਗੇ ਸਿਰ ਤੂੰ ਝੁਕਾਈਂ ਨਾ।
ਮੁਫਤ ਦੇ ਭੁਲੇਖਿਆਂ 'ਚ ਮੁੱਲ ਵਿਕ ਜਾਈਂ ਨਾ।

ਨਸ਼ਿਆਂ ਨੂੰ ਲੱਤ ਮਾਰ ਸਿੱਧੇ ਰਾਹ ਜਾਈ ਜਾ।
ਵਿਆਹਾਂ ਅਤੇ ਮਰਨਿਆਂ 'ਤੇ ਆਪਾ ਨਾ ਲੁਟਾਈ ਜਾ।
ਹੱਕ ਦੀ ਕਮਾਈ 'ਸ਼ਾਂਤ' ਨੱਕ ਲਈ ਰੁੜ੍ਹਾਈਂ ਨਾ।
ਮੁਫਤ ਦੇ ਭੁਲੇਖਿਆਂ 'ਚ ਮੁੱਲ ਵਿਕ ਜਾਈਂ ਨਾ।

*-ਸੁਖਦੇਵ ਸਿੰਘ ਸ਼ਾਂਤ*
*ਫੋਨ: 317-406-0002*

## ਬਦਲੀਆਂ ਨਹੀਂ ਜਾਂਦੀਆਂ

ਹਵਾਵਾਂ ਦੀਆਂ ਦਿਸ਼ਾਵਾਂ, ਬਦਲੀਆਂ ਨਹੀਂ ਜਾਂਦੀਆਂ।
ਤੂਫਾਨਾਂ ਦੀਆਂ ਵੀ ਰਾਹਵਾਂ, ਬਦਲੀਆਂ ਨਹੀਂ ਜਾਂਦੀਆਂ।

ਰਾਹੀਂ ਡਾਹ ਅੜਿੱਕੇ, ਲੱਖ ਕੋਈ ਸਾਨੂੰ ਰੋਕ ਖੜ੍ਹੇ,
ਇਰਾਦੇ ਦ੍ਰਿੜ ਦੀਆਂ ਚਾਹਵਾਂ, ਬਦਲੀਆਂ ਨਹੀਂ ਜਾਂਦੀਆਂ।

ਜਿੱਤ ਦਾ ਝੰਡਾ ਗੱਡ ਦਿੱਤਾ, ਤੇਰੀ ਹਿੱਕ ਉਤੇ,
ਜਿੱਤ ਲਈ ਮਿੱਥੀਆਂ ਥਾਂਵਾਂ, ਬਦਲੀਆਂ ਨਹੀਂ ਜਾਂਦੀਆਂ।

ਚੁਸਤ ਚਲਾਕੀ ਖੇਡ ਲੈ, ਨੀਤੀਆਂ ਚਾਣਕਿਆ,
ਬਦਲ ਦਿਆਂਗੇ ਜੋ ਧਰਾਵਾਂ, ਬਦਲੀਆਂ ਨਹੀਂ ਜਾਂਦੀਆਂ।

ਪੰਜਾਬ ਤੇ ਹਰਿਆਣਾ ਇੱਕ ਹੈ, ਰਾਜਸਥਾਨ-ਯੂ. ਪੀ.,
ਗਲਵੱਕੜੀ ਪਈਆਂ ਬਾਹਵਾਂ, ਬਦਲੀਆਂ ਨਹੀਂ ਜਾਂਦੀਆਂ।

ਬੈਠੇ ਹਾਂ ਬੇਸ਼ਕ ਪਰਦੇਸੀਂ, ਦਿਲ ਵਤਨੀਂ ਧੜਕੇ,
ਜਨਮ ਭੂਮੀ ਤੇ ਮਾਂਵਾਂ, ਬਦਲੀਆਂ ਨਹੀਂ ਜਾਂਦੀਆਂ।

'ਸੁੱਖਵਿੰਦਰ ਬੋਦਲਾਂ ਵਾਲਿਆ', ਕੁਦਰਤ ਦੇ ਨਿਯਮ ਅਟੱਲ,
ਸਮੇਂ ਦੀਆਂ ਕਦੇ ਛਾਂਵਾਂ, ਬਦਲੀਆਂ ਨਹੀਂ ਜਾਂਦੀਆਂ।

*-ਸੁੱਖਵਿੰਦਰ ਬੋਦਲਾਂਵਾਲਾ*



ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

# ਮੌਤ ਤੇ ਜ਼ਿੰਦਗੀ ਦੀ ਲੁਕਣ-ਮੀਚੀ: ਇਕੀਰੂ

***ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਅਕੀਰਾ ਕੁਰੋਸਾਵਾ ਦੀ ਫਿਲਮ 'ਇਕੀਰੂ' ਬਾਰੇ ਚਰਚਾ ਕੀਤੀ ਗਈ ਹੈ ਜਿਸ ਵਿਚ ਧੜਕਦੀ ਜ਼ਿੰਦਗੀ ਅਤੇ ਮੌਤ ਬਾਰੇ ਫਲਸਫਾਨਾ ਖੂਬ ਗੱਲਾਂ-ਬਾਤਾਂ ਕੀਤੀਆਂ ਗਈਆਂ ਹਨ। -ਸੰਪਾਦਕ***



ਸ਼ਬਦ ਇਕੀਰੂ ਦਾ ਜਪਾਨੀ ਵਿਚ ਅਰਥ ਹੈ: ਜਿਊਣਾ। ਅਕੀਰਾ ਕੁਰੋਸਾਵਾ ਦੀ ਫਿਲਮ 'ਰਾਸ਼ੋਮੋਨ' ਜਿੱਥੇ ਮਨੋਵਿਗਿਆਨਕ ਧਰਾਤਲ ਤੇ ਸੱਚ ਅਤੇ ਉਸ ਨਾਲ ਜੁੜੇ ਮਨੁੱਖੀ ਵਰਤਾਰੇ ਦੇ ਵੱਖ-ਵੱਖ ਰੂਪਾਂ ਨੂੰ ਉਘਾੜਦੀ ਫਿਲਮ ਹੈ, ਉਸ ਦੀ ਫਿਲਮ 'ਇਕੀਰੂ' ਮੌਤ ਦੀ ਦਾਰਸ਼ਨਿਕਤਾ ਦੇ ਇਰਦ-ਗਿਰਦ ਬੁਣੀ ਗਈ ਹੈ। ਇਸ ਫਿਲਮ ਦਾ ਮੁੱਖ ਕਿਰਦਾਰ ਮਿਸਟਰ ਵਟਨੇਵਲ ਮੌਤ ਦੇ ਇੰਤਜ਼ਾਰ ਵਿਚ ਹੈ। ਮੌਤ ਦੀ ਦਸਤਕ ਉਸ ਅੱਗੇ ਬਲਦਾ ਸਵਾਲ ਪੈਦਾ ਕਰ ਦਿੰਦੀ ਹੈ: ਕੀ ਉਸ ਦੀ ਹੁਣ ਤੱਕ ਦੀ ਜ਼ਿੰਦਗੀ ਵਿਚ ਉਹ ਅਸਲ ਵਿਚ ਜੀਅ ਰਿਹਾ ਸੀ ਜਾਂ ਮਹਿਜ਼ ਜਿਊਣ ਦੀ ਰੁਟੀਨ ਖਾਨਾਪੂਰਤੀ ਕਰ ਰਿਹਾ ਸੀ? ਅਚਾਨਕ ਪੈਦਾ ਹੋਏ ਇਸ ਸਵਾਲ ਸਾਹਮਣੇ ਉਹ ਡੌਰ-ਭੌਰ ਹੋ ਜਾਂਦਾ ਹੈ। ਇਸ ਫਿਲਮ ਨੂੰ ਸਮਝਣ ਲਈ ਅਲਵੇਅਰ ਕਾਮੂ ਦੀ ਲਿਖਤ 'ਦਿ ਮਿੱਥ ਆਫ ਸਿਸੀਪਸ' ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ।

ਬੰਦੇ ਦੇ ਹੋਣ ਦਾ ਕੀ ਅਰਥ ਹੈ? ਉਸ ਦੇ ਇਸ ਦੁਨੀਆ ਵਿਚ ਵਿਚਰਨ ਅਤੇ ਕਾਰ-ਵਿਹਾਰ ਦਾ ਅੰਤਿਮ ਉਦੇਸ਼ ਕੀ ਹੈ? ਜ਼ਿੰਦਗੀ ਵਿਚ ਜ਼ਿੰਦਗੀ ਵਰਗੀ ਕਿਹੜੀ ਚੀਜ਼ ਹੈ ਜਿਹੜੀ ਮੌਤ ਨੂੰ ਜ਼ਿੰਦਗੀ ਨਾਲੋਂ ਸਸਤਾ ਸਾਬਤ ਕਰਦੀ ਹੈ? ਜੇ ਅੰਤਿਮ ਪੜਾਅ ਮੌਤ ਹੀ ਹੈ ਤਾਂ ਫਿਰ ਜ਼ਿੰਦਗੀ ਭਰ ਬੰਦਾ ਕਿਸ ਸੱਚ ਜਾਂ ਅਮਰਤਾ ਦੀ ਤਲਾਸ਼ ਵਿਚ ਭਟਕਦਾ ਫਿਰਦਾ ਹੈ? ਅਕੀਰਾ ਦਾ ਕਿਰਦਾਰ ਮਿਸਟਰ ਵਟਨੇਵਲ ਖੁਦਕੁਸ਼ੀ ਨੂੰ ਠੁਕਰਾ ਚੁੱਕਾ ਹੈ ਪਰ ਉਸ ਵੱਲ ਮੌਤ ਵਾਹੋਦਾਹੀ ਭੱਜੀ ਆ ਰਹੀ ਹੈ। ਉਹ ਵੱਖ-ਵੱਖ ਤਰੀਕਿਆਂ ਨਾਲ ਮੌਤ ਦੇ ਵਿਚਾਰ ਨੂੰ ਆਪਣੇ 'ਤੇ ਹਾਵੀ ਹੋਣ ਤੋਂ ਰੋਕ ਰਿਹਾ ਹੈ ਤੇ ਇਸ ਵਿਚ ਨਾ-ਕਾਮਯਾਬ ਹੋ ਰਿਹਾ ਹੈ। ਇਸ ਸਾਰੀ ਹਾਲਤ ਵਿਚ ਉਦਾਸੀ ਅਤੇ ਇਕੱਲਤਾ ਉਸ ਉਪਰ ਲਗਾਤਾਰ ਹਾਵੀ ਹੋ ਰਹੀ ਹੈ ਪਰ ਉਹ ਇਸ ਅੱਗੇ ਹਾਰ ਮੰਨਣ ਤੋਂ ਇਨਕਾਰੀ ਹੈ।

ਫਿਲਮ ਵਿਚ ਮਿਸਟਰ ਵਟਨੇਵਲ ਉਚ ਅਹੁਦੇ ਤੋਂ ਰਿਟਾਇਰ ਹੋਇਆ ਹੈ ਅਤੇ ਉਸ ਨੂੰ ਫੇਫੜਿਆਂ ਦਾ ਕੈਂਸਰ ਹੈ। ਉਸ ਨੇ ਤੀਹ ਸਾਲ ਤੱਕ ਟੋਕੀਓ ਸਿਟੀ ਹਾਲ ਵਿਚ ਨੌਕਰੀ ਕੀਤੀ ਹੈ ਤੇ ਬਿਨਾਂ 'ਨੌਕਰੀ' ਤੋਂ ਕੁਝ ਵੀ ਨਹੀਂ ਕੀਤਾ। ਉਹ ਇੱਕ ਪੁਰਾਣੇ ਮੇਜ਼ ਉਪਰ ਸਾਲਾਂ ਬੱਧੀ ਫਾਈਲਾਂ ਦੀ ਅਜੀਬ ਗੰਧ ਨਾਲ ਭਰੇ ਦਫਤਰ ਵਿਚ ਨੌਕਰੀ ਕਰਦਾ ਰਿਹਾ ਹੈ ਜਿੱਥੇ ਪੂਰਾ ਦਿਨ ਫਾਈਲਾਂ ਦੀ ਆਵਾਜਾਈ ਅਤੇ ਉਨ੍ਹਾਂ ਤੇ ਲਿਖੀਆਂ ਨੋਟਿਗਾਂ ਤੇ ਰੁੱਕੇ ਪੜ੍ਹਨ ਤੇ ਉਨ੍ਹਾਂ ਨਾਲ ਸਬੰਧਿਤ ਕਾਗਜ਼ੀ ਕਾਰਵਾਈਆਂ ਪੂਰੀਆਂ ਕਰਨ ਵਿਚ ਗੁਜ਼ਰ ਜਾਂਦਾ ਹੈ। ਇਹ ਸਾਰਾ ਕੁਝ ਇੰਨਾ ਦੁਹਰਾਉ ਭਰਿਆ, ਨਿਰੰਤਰ ਤੇ ਕ੍ਰਮਬੱਧ ਹੈ ਕਿ ਦਫਤਰ ਵਿਚ ਕੰਮ ਕਰਦੇ ਬੰਦਿਆਂ ਦੀ ਆਪਣੀ ਇਨਸਾਨੀ ਪਛਾਣ ਹੀ ਇਨ੍ਹਾਂ ਅੰਦਰ ਗੁੰਮ ਜਾਂਦੀ ਹੈ। ਲੱਗਦਾ ਹੈ, ਜਿਵੇਂ ਉਨ੍ਹਾਂ ਦੇ ਦਿਲ-ਦਿਮਾਗ ਸੁੰਨ ਹਨ ਤੇ ਸਿਰਫ ਹੱਥਾਂ-ਪੈਰਾਂ ਤੇ ਮੂੰਹਾਂ ਰਾਹੀਂ ਫਾਈਲਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਤੋਂ ਉਨ੍ਹਾਂ ਦੇ ਜਿਊਂਦੇ ਹੋਣ ਦੀ ਨਿਸ਼ਾਨਦੇਹੀ ਹੁੰਦੀ ਹੈ।

ਇਸ ਦਫਤਰ ਵਿਚ ਮਿਸਟਰ ਵਟਨੇਵਲ ਦੀ ਡਿਊਟੀ ਹੋਰ ਵੀ ਦੁਖਦਾਇਕ ਹੈ। ਉਸ ਦਾ ਕੰਮ ਰਬੜ ਦੀ ਮੋਹਰ ਇਨ੍ਹਾਂ ਫਾਈਲਾਂ 'ਤੇ ਲਗਾਉਣਾ ਹੈ ਜਿਸ ਨਾਲ ਇਹ ਸਿੱਧ ਹੋ ਜਾਵੇ ਕਿ ਫਾਈਲ ਉਸ ਦੇ ਹੱਥਾਂ ਵਿਚੋਂ ਗੁਜ਼ਰ ਚੁੱਕੀ ਹੈ। ਪੂਰੇ ਤੀਹ ਸਾਲ ਉਹ ਰਬੜ ਦੀ ਮੋਹਰ ਵਾਂਗ ਰਬੜ ਦੀ ਉਸ ਮੋਹਰ ਦੀ ਰਾਖੀ ਕਰਦਾ ਹੈ। ਅੰਤ ਵਿਚ ਉਸ ਨੂੰ ਲੱਗਦਾ ਹੈ ਕਿ ਕੋਈ ਬੰਦਾ ਇਸ ਤਰ੍ਹਾਂ ਕਿਉਂ ਰਬੜ ਦੀ ਇੱਕ ਮੋਹਰ ਲਈ ਆਪਣੀ ਪੂਰੀ ਜ਼ਿੰਦਗੀ ਖਪਤ ਕਰ ਸਕਦਾ ਹੈ? ਇਹੀ ਇਸ ਫਿਲਮ ਦਾ ਕੇਂਦਰੀ ਨੁਕਤਾ ਹੈ।

ਇਸ ਫਿਲਮ ਦੇ ਹਰ ਦ੍ਰਿਸ਼ ਤੇ ਵਾਰ-ਵਾਰ ਮੌਤ ਨਾਲ ਦੋ-ਚਾਰ ਹੋ ਰਹੀ ਜ਼ਿੰਦਗੀ ਦਾ ਝਲਕਾਰਾ ਹਾਵੀ ਹੈ। ਫਿਲਮ ਦਾ ਸਭ ਤੋਂ ਦਿਲਚਸਪ ਦ੍ਰਿਸ਼ ਉਹ ਹੈ ਜਿਸ ਵਿਚ ਉਹ ਉਸ ਦੇ ਨਾਲ ਹੀ ਕੰਮ ਕਰਦੀ ਰਹੀ ਅਤੇ ਹੁਣ ਉਸ ਨਾਲ ਯਾਤਰਾ 'ਤੇ ਨਿਕਲੀ ਮੁਟਿਆਰ ਨੂੰ ਵਾਰ-ਵਾਰ ਪੁੱਛਦਾ ਹੈ ਕਿ ਉਹ ਇੰਨਾ ਖੁਸ਼ ਕਿਵੇਂ ਰਹਿੰਦੀ ਹੈ? ਉਹ ਉਦਾਸ ਅਤੇ ਦੁਖੀ ਕਿਉਂ ਨਹੀਂ ਹੁੰਦੀ? ਉਹ ਉਸ ਦੀ ਮਿੰਨਤ ਕਰਦਾ ਹੈ ਕਿ ਉਹ ਉਸ ਨੂੰ ਸਿਰਫ ਇੱਕ ਦਿਨ ਆਪਣੇ ਵਾਂਗ ਖੁਸ਼ੀ ਨਾਲ ਜਿਊਣ ਦੀ ਜਾਚ ਸਿਖਾ ਦੇਵੇ ਤਾਂ ਕਿ ਉਹ ਮਰਨ ਤੋਂ ਪਹਿਲਾਂ ਘੱਟੋ-ਘੱਟ ਇੱਕ ਦਿਨ ਤਾਂ ਅਸਲ ਵਿਚ ਜ਼ਿੰਦਾ ਮਹਿਸੂਸ ਕਰ ਸਕੇ। ਜਵਾਬ ਵਿਚ ਉਹ ਕੁੜੀ ਉਸ ਨੂੰ ਦੱਸਦੀ ਹੈ ਕਿ ਉਹ ਬੱਚਿਆਂ ਲਈ ਖਿਡਾਉਣੇ ਬਣਾਉਂਦੀ ਹੈ ਅਤੇ ਉਨ੍ਹਾਂ ਪਲਾਂ ਨੂੰ ਲਗਾਤਾਰ ਮਨ ਵਿਚ ਚਿਤਰਦੀ ਰਹਿੰਦੀ ਹੈ: ਜਦੋਂ ਛੋਟੇ-ਛੋਟੇ ਬੱਚੇ ਇਨ੍ਹਾਂ ਖਿਡੌਣਿਆਂ ਨਾਲ ਖੇਡਦਿਆਂ ਕਿਲਕਾਰੀਆਂ ਮਾਰਦੇ ਹਨ।

ਫਿਰ ਉਹ ਉਸ ਨੂੰ ਪੁੱਛਦੀ ਹੈ ਕਿ ਤੁਸੀ ਕਿਉਂ ਨਹੀਂ ਕੁਝ ਸਿਰਜਦੇ? ਇਹ ਗੱਲ ਸੁਣਦਿਆਂ ਹੀ ਮਿਸਟਰ ਵਟਨੇਵਲ ਨੂੰ ਆਪਣੇ ਦੁੱਖ ਦੀ ਸਮਝ ਆਉਣੀ ਸ਼ੁਰੂ ਆ ਜਾਂਦੀ ਹੈ। ਉਸ ਦੀ ਜ਼ਿੰਦਗੀ ਦਾ ਕੀ ਮੰਤਵ ਹੈ? ਉਸ ਨੇ ਹੁਣ ਤੱਕ ਅਜਿਹਾ ਕੀ ਕੀਤਾ ਹੈ ਜਿਸ ਕਾਰਨ ਲੋਕ ਉਸ ਨੂੰ ਆਪਣੀਆਂ ਯਾਦਾਂ ਵਿਚ ਸੰਭਾਲਣ? ਬਹੁਤ ਦੇਰ ਖੁਦ ਨਾਲ ਲੜਨ ਤੋਂ ਬਾਅਦ ਉਸ ਨੂੰ ਉਸ ਅਰਜ਼ੀ ਦਾ ਚੇਤਾ ਆਉਂਦਾ ਹੈ ਜੋ ਇੱਕ ਔਰਤ ਨੇ ਉਸ ਨੂੰ ਸ਼ਹਿਰ ਵਿਚ ਬੱਚਿਆਂ ਲਈ ਪਾਰਕ ਬਣਾਉਣ ਲਈ ਦਾਖਲ ਕੀਤੀ ਸੀ। ਉਹ ਉਸ ਅਰਜ਼ੀ ਦੀ ਤਲਾਸ਼ ਵਿਚ ਜੁਟ ਜਾਂਦਾ ਹੈ, ਤੇ ਫਿਰ ਉਸ ਪਾਰਕ ਦੀ ਉਸਾਰੀ ਨੂੰ ਆਪਣੀ ਜ਼ਿੰਦਗੀ ਦਾ ਮਿਸ਼ਨ ਬਣਾ ਲੈਂਦਾ ਹੈ। ਇੱਕ ਰਾਤ ਉਸੇ ਪਾਰਕ ਵਿਚ ਉਹ ਬਰਫਬਾਰੀ ਵਿਚ ਇੱਕ ਝੂਲੇ 'ਤੇ ਬੈਠਿਆਂ ਇਹ ਗਾਉਂਦਿਆ ਫੌਤ ਹੋ ਜਾਂਦਾ ਹੈ:

ਨਿੱਕੀ ਜਿਹੀ ਹੈ ਜ਼ਿੰਦਗੀ
ਇਸ ਨੂੰ ਪਿਆਰ ਤੋਂ ਕਰ ਦੇਵੇ ਕੁਰਬਾਨ
ਇਸ ਤੋਂ ਪਹਿਲਾਂ ਕਿ
ਸਭ ਕੁਝ ਧੁੰਦਲਾ ਜਾਵੇ
ਇਸ ਤੋਂ ਪਹਿਲਾਂ ਕਿ
ਦਿਲਾਂ ਵਿਚ ਬਲਦੀ ਅੱਗ
ਬੁਝ ਕੇ ਰਾਖ ਹੋ ਜਾਵੇ
ਕਿ ਅੱਜ ਜਿਹੜਾ
ਗੁਜ਼ਰ ਜਾਣਾ ਹੈ ਪਲਾਂ ਵਿਚ
ਇਸ ਨੇ ਨਹੀਂ ਮੁੜਨਾ ਕਦੇ ਵੀ।








*ਫਿਲਮਸਾਜ਼ ਅਕੀਰਾ ਕੁਰੋਸਾਵਾ ਅਤੇ (ਸੱਜੇ) ਫਿਲਮ 'ਇਕੀਰੂ' ਦਾ ਪੋਸਟਰ ਤੇ (ਐਨ ਸੱਜੇ) ਫਿਲਮ ਦਾ ਇਕ ਦ੍ਰਿਸ਼।*


# ਕਿਤਾਬਾਂ ਵਾਲੀ ਸੋਨਾਲੀ



ਅਦਾਕਾਰਾ ਸੋਨਾਲੀ ਬੇਂਦਰੇ ਨੇ ਨਵੇਂ ਸਾਲ ਦੀ ਸ਼ੁਰੂਆਤ ਨਵੀਂ ਕਿਤਾਬ ਪੜ੍ਹਨ ਨਾਲ ਕੀਤੀ ਹੈ। ਉਸ ਨੇ ਆਪਣੇ ਇੰਸਟਾਗ੍ਰਾਮ ਖਾਤੇ ਉਤੇ ਇਸ ਕਿਤਾਬ ਦਾ ਨਾਂ ਆਪਣੇ ਪ੍ਰਸ਼ੰਸਕਾਂ ਨਾਲ ਸਾਂਝਾ ਕੀਤਾ ਹੈ। ਸੋਨਾਲੀ ਜੋ ਸੋਸ਼ਲ ਮੀਡੀਆ 'ਤੇ 'ਸੋਨਾਲੀ'ਜ਼ ਬੁੱਕ ਕਲੱਬ' ਨਾਂ ਦਾ ਪੇਜ ਵੀ ਚਲਾਉਂਦੀ ਹੈ, ਨੇ ਲੇਖਕ ਕਲੇਅਰ ਪੂਲੀ ਦੀ ਕਿਤਾਬ 'ਦਿ ਔਥੈਂਟੀਸਿਟੀ ਪ੍ਰਾਜੈਕਟ' ਨੂੰ ਆਪਣੇ ਪ੍ਰਸ਼ੰਸਕਾਂ ਨਾਲ ਸਾਂਝਾ ਕਰਦਿਆਂ ਉਨ੍ਹਾਂ ਨੂੰ ਵੱਧ ਤੋਂ ਵੱਧ ਪੜ੍ਹਨ ਲਈ ਪ੍ਰੇਰਿਆ ਹੈ। ਉਸ ਨੇ ਕਿਹਾ ਕਿ 2020 ਵਾਲਾ ਸਾਲ ਬਹੁਤ ਉਤਰਾਅ-ਚੜ੍ਹਾਅ ਵਾਲਾ ਰਿਹਾ ਹੈ ਅਤੇ ਉਹ 2021 ਦੀ ਸ਼ੁਰੂਆਤ ਵਧੀਆ ਕਿਤਾਬ ਨਾਲ ਕਰਨਾ ਚਾਹੁੰਦੀ ਸੀ।

ਸੋਨਾਲੀ ਬੇਂਦਰੇ ਨੇ ਦੱਸਿਆ ਕਿ ਇਹ ਕਿਤਾਬ ਦੋਸਤੀ ਅਤੇ ਪਿਆਰ 'ਤੇ ਆਧਾਰਿਤ ਹੈ। ਚੇਤੇ ਰਹੇ ਕਿ ਸੋਨਾਲੀ ਬੇਂਦਰੇ ਨੂੰ 2018 ਵਿਚ ਕੈਂਸਰ ਹੋ ਗਿਆ ਸੀ। ਨਿਊ ਯਾਰਕ ਵਿਚ ਇਲਾਜ ਕਰਾਉਣ ਮਗਰੋਂ ਉਹ ਮੁੰਬਈ ਵਾਪਸ ਆ ਕੇ ਆਪਣੇ ਕਾਰਜ ਵਿਚ ਜੁਟ ਗਈ ਸੀ। ਹੁਣ ਵੀ ਉਹ ਆਪਣੇ ਕੰਮ ਵਿਚ ਮਸਤ ਰਹਿੰਦੀ ਹੈ ਅਤੇ ਲੋਕਾਂ ਨੂੰ ਇਹੀ ਸੁਨੇਹਾ ਦਿੰਦੀ ਹੈ ਕਿ ਸਦਾ ਪਾਜ਼ੇਟਿਵ ਸੋਚੋ ਅਤੇ ਅੱਗੇ ਵਧੋ।

# ਕਬੀਰ ਬੇਦੀ ਦੀ ਜੀਵਨ ਕਹਾਣੀ



ਅਦਾਕਾਰ ਕਬੀਰ ਬੇਦੀ ਦਾ ਕਹਿਣਾ ਹੈ ਕਿ ਉਸ ਦੀ ਆਉਣ ਵਾਲੀ ਸਵੈ-ਜੀਵਨੀ ਕਿਸੇ ਫਿਲਮੀ ਕਹਾਣੀ ਵਰਗੀ ਨਹੀਂ ਹੋਵੇਗੀ ਸਗੋਂ ਇਹ ਕਾਫੀ ਚੀਜ਼ਾਂ ਦਾ ਖੁਲਾਸਾ ਕਰੇਗੀ। ਯਾਦ ਰਹੇ ਕਿ ਕਬੀਰ ਬੇਦੀ ਦੀ ਇਹ ਕਿਤਾਬ ਇਸ ਸਾਲ ਗਰਮੀਆਂ ਵਿਚ ਰਿਲੀਜ਼ ਕੀਤੀ ਜਾ ਰਹੀ ਹੈ। ਅਸਲ ਵਿਚ ਕਬੀਰ ਬੇਦੀ ਨੇ ਆਪਣੀ ਜੀਵਨ ਯਾਤਰਾ, ਇਸ ਦੇ ਉਤਰਾਵਾਂ-ਚੜ੍ਹਾਵਾਂ, ਪ੍ਰਾਪਤੀਆਂ ਅਤੇ ਦੁਖਾਂਤਾਂ ਨੂੰ ਕਲਮਬੱਧ ਕਰਨ ਲਈ ਪਿਛਲੇ ਸਾਲ ਕਰੋਨਾ ਕਾਰਨ ਹੋਈ ਤਾਲਾਬੰਦੀ ਦਾ ਸਮਾਂ ਚੁਣਿਆ। ਉਸ ਨੇ ਦੱਸਿਆ, "ਮੈਂ ਕਈ ਸਾਲਾਂ ਤੋਂ ਇਹ ਕਿਤਾਬ ਲਿਖਣਾ ਚਾਹੁੰਦਾ ਸੀ ਜਿਸ ਦਾ ਸਬਬ ਤਾਲਾਬੰਦੀ ਦੌਰਾਨ ਬਣਿਆ। ਮੈਂ ਆਪਣੀ ਕਹਾਣੀ ਲੋਕਾਂ ਨੂੰ ਦੱਸਣ ਬਾਰੇ ਖਾਕਾ ਤਿਆਰ ਕੀਤਾ ਜੋ ਬਹੁਤ ਮਹੱਤਵਪੂਰਨ ਹੈ। ਕਿਤਾਬ ਲਿਖਣ ਵਿਚ ਕੁੱਲ ਚਾਰ ਮਹੀਨੇ ਲੱਗੇ ਅਤੇ ਅਗਲੇ ਦੋ ਮਹੀਨਿਆਂ ਵਿਚ ਇਸ ਨੂੰ ਸੋਧਿਆ।"

ਕਿਤਾਬ ਬਾਰੇ ਚਾਨਣਾ ਪਾਉਂਦਿਆਂ ਕਬੀਰ ਬੇਦੀ ਨੇ ਦੱਸਿਆ, "ਇਹ ਮੇਰੀ ਜ਼ਿੰਦਗੀ ਦੀ ਗਾਥਾ ਹੈ ਜੋ ਕਈ ਕਹਾਣੀਆਂ ਜ਼ਰੀਏ ਦੱਸੀ ਗਈ ਹੈ। ਮੈਨੂੰ ਲੱਗਦਾ ਹੈ ਕਿ ਇਹ ਕਿਤਾਬ ਪੜ੍ਹ ਕੇ ਪਾਠਕ ਮੇਰੀ ਸ਼ਖਸੀਅਤ, ਮੇਰੀਆਂ ਜਿੱਤਾਂ, ਦੁਖਾਂਤਾਂ ਅਤੇ ਗਲਤੀਆਂ ਬਾਰੇ ਚੰਗੀ ਤਰ੍ਹਾਂ ਸਮਝ ਸਕਣਗੇ।" ਉਸ ਨੇ ਕਿਹਾ ਕਿ ਉਸ ਨੇ ਇਹ ਕਿਤਾਬ ਬਹੁਤ ਇਮਾਨਦਾਰੀ ਨਾਲ ਲਿਖੀ ਹੈ।

ਯਾਦ ਰਹੇ ਕਿ ਦੁਨੀਆ ਭਰ ਵਿਚ ਕਬੀਰ ਬੇਦੀ ਦੇ ਬਹੁਤ ਸਾਰੇ ਦੋਸਤ ਅਤੇ ਪ੍ਰਸ਼ੰਸਕ ਹਨ। ਨ੍ਹਾਂ ਸਾਰਿਆਂ ਨੂੰ ਕਬੀਰ ਬੇਦੀ ਦੀ ਅਜਿਹੀ ਰਨਚਾ ਦੀ ਉਡੀਕ ਸੀ ਅਤੇ ਉਹ ਵਾਰ-ਵਾਰ ਉਸ ਨੂੰ ਇਸ ਬਾਰੇ ਕਹਿੰਦੇ ਵੀ ਰਹਿੰਦੇ ਸਨ। ਇਹ ਲੋਕ ਉਸ ਦੇ ਜੀਵਨ ਤੋਂ ਇਹ ਜਾਨਣ ਦੇ ਚਾਹਵਾਨ ਸਨ ਕਿ ਉਸ ਨੇ ਆਪਣੀ ਜ਼ਿੰਦਗੀ ਤੋਂ ਕੀ ਸਿੱਖਿਆ ਹੈ।

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com